**Reo-Bankowned Properties**

From San Jose to Sacramento

JASSI GILL *Broker/Owner*

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763



**Hardeep S. Rai**

ਇੰਮੀਗਰੇਸ਼ਨ ਵਕੀਲ

Attorney-at-Law

• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ • ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ • ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212



**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Twelfth Year in Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 51, December 17, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


# ਪੰਜਾਬ ਵਿਧਾਨ ਸਭਾ ਚੋਣਾਂ ਫਰਵਰੀ ਦੇ ਦੂਜੇ ਹਫਤੇ

## ਚੋਣ ਕਮਿਸ਼ਨ ਤੇ ਸਿਆਸੀ ਪਾਰਟੀਆਂ ਹੋਈਆਂ ਸਰਗਰਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ 13 ਫਰਵਰੀ ਨੂੰ ਹੋਣ ਦੀ ਚਰਚਾ ਤੋਂ ਬਾਅਦ ਜਿੱਥੇ ਸਿਆਸੀ ਅਖਾੜਾ ਪੂਰੀ ਤਰ੍ਹਾਂ ਭਖ਼ ਗਿਆ ਹੈ, ਉਥੇ ਚੋਣ ਕਮਿਸ਼ਨ ਨੇ ਵੀ ਸੱਤਾਧਾਰੀ ਪਾਰਟੀ ਦੀ ਨਕੇਲ ਕੱਸਣ ਦੇ ਨਾਲ-ਨਾਲ ਆਜ਼ਾਦ ਤੇ ਨਿਰਪੱਖ ਚੋਣਾਂ ਕਰਾਉਣ ਲਈ ਸਰਗਰਮੀ ਵਿੱਢ ਦਿੱਤੀ ਹੈ। ਪੰਜਾਬ 'ਚ ਇਸ ਵਾਰ ਵੀ ਪੋਲਿੰਗ ਦਾ ਕੰਮ ਇਕ ਪੜਾਅ ਵਿਚ ਹੀ ਮੁਕੰਮਲ ਕੀਤਾ ਜਾਵੇਗਾ।

ਸੂਤਰਾਂ ਮੁਤਾਬਕ ਚੋਣ ਕਮਿਸ਼ਨ ਨੇ ਪੰਜਾਬ ਦੀ 117 ਮੈਂਬਰੀ ਵਿਧਾਨ ਸਭਾ ਲਈ ਚੋਣਾਂ ਕਰਵਾਉਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਇਸ ਬਾਰੇ ਐਲਾਨ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਚਰਚਾ ਹੈ ਕਿ ਇਹ ਚੋਣਾਂ 13 ਫਰਵਰੀ ਨੂੰ ਇਕੋ ਪੜਾਅ ਵਿਚ ਹੋਣਗੀਆਂ ਜਦੋਂਕਿ ਪੰਜਾਬ ਦੀ ਚੋਣ ਕਮਿਸ਼ਨਰ ਕੁਸੁਮਜੀਤ ਸਿੱਧੂ ਦਾ ਕਹਿਣਾ ਹੈ ਕਿ ਅਜੇ ਤਾਰੀਖ਼ ਬਾਰੇ ਕੋਈ ਫ਼ੈਸਲਾ ਨਹੀਂ ਹੋਇਆ।

ਉਂਜ, ਇਸ ਚਰਚਾ ਤੋਂ ਬਾਅਦ ਸੱਤਾਧਾਰੀ ਅਕਾਲੀ ਭਾਜਪਾ ਨੇ 'ਲੋਕ ਲਭਾਊ' ਗੱਫਿਆਂ ਦੇ ਐਲਾਨਾਂ ਦੀ ਝੜੀ ਲਾ ਦਿੱਤੀ ਹੈ ਕਿਉਂਕਿ ਇਸ ਹਿਸਾਬ ਨਾਲ ਚੋਣ ਜ਼ਾਬਤਾ ਲੱਗਣ 'ਚ ਸਿਰਫ ਕੁਝ ਕੁ ਹੀ ਦਿਨ ਰਹਿ ਗਏ ਹਨ। ਸੱਤਾਧਾਰੀ ਧਿਰ ਦਾ ਮੰਨਣਾ ਹੈ ਕਿ ਦੋ-ਚਾਰ ਦਿਨ ਅੱਗੇ-ਪਿੱਛੇ ਭਾਵੇਂ ਹੋ ਜਾਵੇ ਪਰ ਚੋਣਾਂ ਫਰਵਰੀ ਦੇ ਅੱਧ 'ਚ ਹਰ ਹਾਲ 'ਚ ਹੋ ਜਾਣਗੀਆਂ।

ਕਾਂਗਰਸ ਸਮੇਤ ਹੋਰ ਸਿਆਸੀ ਪਾਰਟੀਆਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਸੀ ਕਿ ਚੋਣਾਂ ਇਕ ਹੀ ਪੜਾਅ ਵਿਚ ਕਰਵਾਈਆਂ ਜਾਣ ਤੇ ਚੋਣ ਕਮਿਸ਼ਨ ਵੀ ਪੰਜਾਬ 'ਚ ਇਕ ਪੜਾਅ 'ਚ ਹੀ ਚੋਣਾਂ ਦਾ ਕੰਮ ਨਿਬੇੜਨਾ ਚਾਹੁੰਦਾ ਹੈ। ਪੰਜਾਬ ਦੇ ਨਾਲ-ਨਾਲ ਉਤਰਾਖੰਡ, ਉਤਰ ਪ੍ਰਦੇਸ਼, ਮਨੀਪੁਰ ਤੇ ਗੋਆ ਵਿਚ ਵੀ ਅਗਲੇ ਸਾਲ ਦੇ ਸ਼ੁਰੂ ਵਿਚ ਹੀ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਜਿਨ੍ਹਾਂ ਬਾਰੇ ਚੋਣ ਕਮਿਸ਼ਨ ਵੱਲੋਂ ਛੇਤੀ ਹੀ ਐਲਾਨ ਕੀਤੇ ਜਾਣ ਦੀ ਆਸ ਹੈ।

ਇਸ ਵਾਰ ਪੰਜਾਬ ਵਿਚ ਦੋ ਮੁੱਖ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਤੋਂ ਇਲਾਵਾ ਸ. ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠਲਾ ਤੀਜਾ ਮੋਰਚਾ ਵੀ ਚੋਣ ਮੈਦਾਨ ਵਿਚ ਡਟ ਰਿਹਾ ਹੈ। ਅਕਾਲੀ ਦਲ ਤੇ ਕਾਂਗਰਸ ਵੱਲੋਂ ਭਾਵੇਂ ਕਿਹਾ ਜਾ ਰਿਹਾ ਹੈ ਕਿ ਮੁੱਖ ਮੁਕਾਬਲਾ ਇਨ੍ਹਾਂ ਦੋਵਾਂ ਪਾਰਟੀਆਂ ਵਿਚਾਲੇ ਹੀ ਹੋਵੇਗਾ ਪਰ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਤੀਜਾ ਮੋਰਚਾ ਪੰਜਾਬ 'ਚ ਦੋਵਾਂ ਵੱਡੀਆਂ ਪਾਰਟੀਆਂ ਦੀ ਹੋਣੀ ਤੈਅ ਕਰੇਗਾ।

ਉਧਰ, ਕੇਂਦਰੀ ਚੋਣ ਕਮਿਸ਼ਨ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਇਹ ਗੱਲ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਅਧਿਕਾਰੀਆਂ ਨੂੰ ਚੋਣ ਡਿਊਟੀ 'ਤੇ ਲਾਏ ਜਾਣ ਦੀ ਸੰਭਾਵਨਾ ਹੈ, ਉਨ੍ਹਾਂ ਦਾ ਆਪਣੇ ਜੱਦੀ ਜ਼ਿਲ੍ਹਿਆਂ 'ਚ ਤਬਾਦਲਾ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਜਿਨ੍ਹਾਂ ਅਧਿਕਾਰੀਆਂ ਨੇ ਪਿਛਲੇ ਚਾਰ ਸਾਲਾਂ ਦੌਰਾਨ ਇਕ ਜ਼ਿਲ੍ਹੇ ਵਿਚ ਤਿੰਨ ਸਾਲ ਪੂਰੇ ਕਰ ਲਏ ਹਨ ਜਾਂ 31 ਮਾਰਚ 2012 ਤੋਂ ਪਹਿਲਾਂ ਤਿੰਨ ਸਾਲ ਮੁਕੰਮਲ ਹੋ ਰਹੇ ਹਨ, ਉਨ੍ਹਾਂ ਦਾ ਤਬਾਦਲਾ ਤੁਰੰਤ ਕੀਤਾ ਜਾਣਾ ਚਾਹੀਦਾ ਹੈ।

ਚੋਣ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਨਾ ਸਿਰਫ ਜ਼ਿਲ੍ਹਾ ਰਿਟਰਨਿੰਗ ਅਫਸਰ, ਰਿਟਰਨਿੰਗ ਅਫਸਰ ਤੇ ਸਹਾਇਕ ਰਿਟਰਨਿੰਗ ਅਫਸਰ ਹੀ ਇਨ੍ਹਾਂ ਹਦਾਇਤਾਂ ਦੇ ਘੇਰੇ ਵਿਚ ਆਉਣਗੇ ਸਗੋਂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਡਿਪਟੀ ਕੁਲੈਕਟਰ, ਸਬ ਡਵੀਜ਼ਨਲ ਮੈਜਿਸਟਰੇਟ, ਤਹਿਸੀਲਦਾਰ, ਬਲਾਕ ਵਿਕਾਸ ਅਧਿਕਾਰੀ ਜਾਂ ਜਿਸ ਅਧਿਕਾਰੀ ਦੀ ਚੋਣਾਂ ਵਿਚ ਡਿਊਟੀ ਲਾਈ ਜਾਣੀ ਹੈ, ਵਰਗੇ ਅਧਿਕਾਰੀ ਵੀ ਇਸ ਦੇ ਘੇਰੇ ਹੇਠ ਆਉਣਗੇ।

ਉਨ੍ਹਾਂ ਕਿਹਾ ਕਿ ਆਈ. ਜੀ, ਡੀ.ਆਈ.ਜੀ, ਸਟੇਟ ਆਰਮਡ ਪੁਲਿਸ ਦੇ ਕਮਾਂਡੈਂਟ, ਜ਼ਿਲ੍ਹਾ ਪੁਲਿਸ ਮੁਖੀ, ਪੁਲਿਸ ਕਪਤਾਨ, ਵਧੀਕ ਪੁਲਿਸ ਕਪਤਾਨ, ਉਪ ਪੁਲਿਸ ਕਪਤਾਨ, ਇੰਸਪੈਕਟਰ, ਸਬ ਇੰਸਪੈਕਟਰ ਤੇ ਸਹਾਇਕ ਸਬ ਇੰਸਪੈਕਟਰ ਜਿਨ੍ਹਾਂ ਨੂੰ ਚੋਣ ਡਿਊਟੀ ਵਿਚ ਤਾਇਨਾਤ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਉਨ੍ਹਾਂ 'ਤੇ ਵੀ ਇਹ ਹਦਾਇਤਾਂ ਲਾਗੂ ਹੋਣਗੀਆਂ।

ਕਮਿਸ਼ਨ ਚਾਹੁੰਦਾ ਹੈ ਕਿ ਜਿਸ ਵੀ ਅਧਿਕਾਰੀ ਖ਼ਿਲਾਫ਼ ਕਿਸੇ ਅਦਾਲਤ ਵਿਚ ਕੇਸ ਚਲਦਾ ਹੋਵੇ, ਉਸ ਨੂੰ ਚੋਣ ਨਾਲ ਸਬੰਧਤ ਕਿਸੇ ਕੰਮ 'ਤੇ ਨਾ ਲਾਇਆ ਜਾਵੇ। ਮੌਜੂਦਾ ਅਧਿਕਾਰੀਆਂ ਦੀ ਥਾਂ ਨਵੇਂ ਨਿਯੁਕਤ ਕੀਤੇ ਜਾਣ ਵਾਲੇ ਅਧਿਕਾਰੀਆਂ ਬਾਰੇ ਚੋਣ ਕਮਿਸ਼ਨ ਦੀ ਨੀਤੀ ਮੁਤਾਬਕ ਮੁੱਖ ਚੋਣ ਅਧਿਕਾਰੀ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

# ਅਮਰਿੰਦਰ ਸਿੰਘ ਬਾਦਲ ਨਾਲੋਂ ਵਧੀਆ ਸਿੱਖ:ਹਵਾਰਾ

## ਪੇਸ਼ੀ ਮੌਕੇ ਅਦਾਲਤ 'ਚ ਖਾਲਿਸਤਾਨੀ ਨਾਅਰੇ

**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਖਾੜਕੂ ਜਗਤਾਰ ਸਿੰਘ ਹਵਾਰਾ ਨੇ ਕਿਹਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲੋਂ 100 ਗੁਣਾ ਵਧੀਆ ਸਿੱਖ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਦੇ ਤਾਂ ਵਿਰੁਧ ਹਨ ਪਰ ਨਿੱਜੀ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਹਨ।



ਭਾਈ ਜਗਤਾਰ ਸਿੰਘ ਹਵਾਰਾ



ਕੈਪਟਨ ਅਮਰਿੰਦਰ ਸਿੰਘ

ਭਾਈ ਹਵਾਰਾ ਨੇ ਕਿਹਾ ਕਿ ਪਹਿਲਾਂ ਜਦ ਉਹ ਚੰਡੀਗੜ੍ਹ ਜੇਲ੍ਹ ਵਿਚ ਨਜ਼ਰਬੰਦ ਸਨ ਤਾਂ ਉਨ੍ਹਾਂ 'ਤੇ ਇਸ ਲਈ ਸਖ਼ਤੀ ਕੀਤੀ ਗਈ ਸੀ ਕਿ ਇਕ ਵਾਰ ਅਖ਼ਬਾਰਾਂ ਵਿਚ ਉਨ੍ਹਾਂ ਦਾ ਕੈਪਟਨ ਦੇ ਹੱਕ ਵਿਚ ਬਿਆਨ ਛਪ ਗਿਆ ਸੀ। ਉਨ੍ਹਾਂ ਦੱਸਿਆ ਕਿ ਤਿਹਾੜ ਜੇਲ੍ਹ ਵਿਚ ਹਾਲਾਤ ਚੰਡੀਗੜ੍ਹ ਨਾਲੋਂ ਬਿਹਤਰ ਹਨ। ਉਨ੍ਹਾਂ ਕੋਲ ਨਾ ਚੰਡੀਗੜ੍ਹ ਜੇਲ੍ਹ ਵਿਚ ਵਿਹਲ ਸੀ ਅਤੇ ਨਾ ਹੀ ਹੁਣ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਵਿਹਲ ਹੈ। ਉਹ ਹਰ ਸਮੇਂ ਕਿਸੇ ਨਾ ਕਿਸੇ ਕੰਮ ਲੱਗੇ ਰਹਿੰਦੇ ਸਨ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚ ਨਜ਼ਰਬੰਦ ਸਿੰਘ, ਉਨ੍ਹਾਂ ਨੂੰ ਚਿੱਠੀਆ ਲਿਖਦੇ ਹਨ ਤੇ ਉਹ ਇਨ੍ਹਾਂ ਚਿੱਠੀਆਂ ਦਾ ਜਵਾਬ ਵੀ ਦਿੰਦੇ ਹਨ।

*(ਬਾਕੀ ਸਫਾ 6 'ਤੇ)*


**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

- Low Interest Rate
- 3.5% Down Payment
- Free Credit Report
- Free Pre-Approval

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL

Broker / Associate

Century 21 M&M and Associates

209.918.6464

ahundal@c21mm.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

**Raja SWEETS & CATERING**

AUTHORIZED CATERER FOR MAJOR 5-STAR HOTELS

follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



Law Offices Of

**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office

2161 Shattuck Ave. #304, Berkeley
Ph. 510-841-4582, Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

*Now Serving Sacramento, Stockton and Modesto*

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*


## Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

*Modesto 704 I Street Suite B*
***Ph:209-475-6001***
**www.pacificcoastlawfirm.com**

**(209) 475-6001**
2351 W. March Lane Suite A,
Stockton, CA 95207

---





# ਉਤਰੀ ਕੈਲੀਫੋਰਨੀਆ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ


**ਸਟਾਕਟਨ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਕਲ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਨਹੀਂ ਸੀ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। *-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।*



ਮੈਨੂੰ ਸੰਨ 2007 ਤੋਂ ਲੱਕ ਦਰਦ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣੀ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। *-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।*



ਇਸ ਡਾਕਟਰ ਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ, ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

**209-464-7738, 916-564-5551**

### *ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*

***Northern California*** ਕਲੀਨਿਕ 2531 N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

ਨੋਟ (1):ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਨੋਟ (2): ਜੇ ਤੁਸੀਂ ਅਪੁਆਇੰਟਮੈਂਟ 23 ਦਸੰਬਰ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਹੋਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸ ਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

# ਫਰੀਮਾਂਟ ਗੁਰੂ ਘਰ ਦੇ ਦੋ ਮੁੱਖ ਧੜੇ ਸਿਲੈਕਸ਼ਨ ਸਿਸਟਮ ਵੱਲ ਤੁਰੇ



**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਲਈ ਸੁਪਰੀਮ ਕੌਂਸਲ ਦੀਆਂ ਚੋਣਾਂ ਦੇ ਮੌਜੂਦਾ ਪ੍ਰਬੰਧ ਦੀ ਥਾਂ ਆਮ ਸਹਿਮਤੀ ਨਾਲ ਸਿਲੈਕਸ਼ਨ ਕੀਤੇ ਜਾਣ ਦੇ ਆਸਾਰ ਵੱਧ ਗਏ ਹਨ। ਸਿੱਖ ਰਾਜਨੀਤੀ ਦੇ ਪੱਖੋਂ ਨਾ ਸਿਰਫ ਕੈਲੀਫੋਰਨੀਆ ਹੀ ਸਗੋਂ ਅਮਰੀਕਾ ਭਰ ਵਿਚ ਸਭ ਤੋਂ ਅਹਿਮ ਮੰਨੇ ਜਾਂਦੇ ਇਸ ਗੁਰੂ ਘਰ ਦੇ ਦੋ ਵੱਡੇ ਗਰੁਪਾਂ ਨੇ ਸਿਲੈਕਸ਼ਨ ਸਿਸਟਮ ਉਭਾਰਨ ਲਈ ਨਵੇਂ ਸਿਰਿਓਂ ਉਪਰਾਲਾ ਸ਼ੁਰੂ ਕਰ ਦਿੱਤਾ ਹੈ।

ਦੋਹਾਂ ਗਰੁਪਾਂ ਦੀ ਸਹਿਮਤੀ ਨਾਲ ਬਣਾਈ ਗਈ ਇਕ 13 ਮੈਂਬਰੀ ਕਮੇਟੀ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਕੁਝ ਕਾਰਨਾਂ ਕਰਕੇ ਚੋਣਾਂ ਦੀ ਜ਼ਰੂਰਤ ਬਣ ਗਈ ਸੀ ਪਰ ਚੋਣਾਂ ਨੇ ਵੀ ਸਿੱਖ ਭਾਈਚਾਰੇ ਵਿਚ ਪਾੜਾ ਹੀ ਵਧਾਇਆ ਹੈ ਅਤੇ ਹਰ ਦੋ ਸਾਲ ਬਾਅਦ ਗੁਰੂਘਰ ਦਾ ਚੋਖਾ ਪੈਸਾ ਚੋਣਾਂ 'ਤੇ ਅਜਾਈਂ ਜਾਂਦਾ ਹੈ। ਕਾਨੂੰਨੀ ਲੜਾਈ ਨੂੰ ਵੀ ਠੱਲ੍ਹ ਨਹੀਂ ਪਾਈ ਜਾ ਸਕੀ। ਜੇ ਸੰਗਤ ਦਾ ਕੋਈ ਵੀ ਮੈਂਬਰ ਗੁਰੂਘਰ ਦੇ ਪ੍ਰਬੰਧ ਵਿਚ ਸੇਵਾ ਕਰਨਾ ਚਾਹੁੰਦਾ ਸੀ ਤਾਂ ਉਸ ਨੂੰ ਵੱਡੇ ਗਰੁਪਾਂ ਦੇ ਰਾਹੀਂ ਹੀ ਸੇਵਾ ਮਿਲ ਸਕਦੀ ਸੀ। ਇਨ੍ਹਾਂ ਸਾਰੇ ਕਾਰਨਾਂ ਨੂੰ ਸਾਹਮਣੇ ਰੱਖਦੇ ਹੋਏ ਸੁਪਰੀਮ ਕੌਂਸਲ ਦੇ ਮੈਂਬਰਾਂ ਦੀ ਚੋਣ ਲਈ ਸਿਲੈਕਸ਼ਨ ਸਿਸਟਮ ਪ੍ਰਤੀ ਸਹਿਮਤੀ ਬਣ ਗਈ ਹੈ।

ਬਿਆਨ ਅਨੁਸਾਰ ਦੋਹਾਂ ਹੀ ਗਰੁਪਾਂ ਵਲੋਂ ਅਹਿਦ ਕੀਤਾ ਗਿਆ ਹੈ ਕਿ ਭਵਿਖ ਵਿਚ ਗੁਰੂਘਰ ਦੇ ਪ੍ਰਬੰਧਕੀ ਫੈਸਲੇ ਆਪਸੀ ਸਹਿਯੋਗ ਅਤੇ ਮਿਲਵਰਤਣ ਨਾਲ ਲਏ ਜਾਣਗੇ। ਬਣਾਈ ਗਈ ਇਸ 13 ਮੈਂਬਰੀ ਕਮੇਟੀ ਨੇ ਬਹੁਤ ਹੀ ਅਹਿਮ ਫੈਸਲਾ ਲੈਂਦਿਆਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਹੈ ਕਿ ਸਿਲੈਕਸ਼ਨ ਸਿਸਟਮ ਵਿਚ ਗੁਰੂ ਘਰ ਦਾ ਕੋਈ ਵੀ ਮੈਂਬਰ ਜਿਹੜਾ ਸੁਪਰੀਮ ਕੌਂਸਲ ਮੈਂਬਰ ਬਣਨ ਲਈ ਸੰਵਿਧਾਨਕ ਸ਼ਰਤਾਂ ਪੂਰੀਆਂ ਕਰਦਾ ਹੋਵੇ, ਅਰਜੀ ਦੇ ਸਕਦਾ ਹੈ ਬਸ਼ਰਤੇ ਕਿ ਉਹ ਕਿਸੇ ਵੀ ਰਵਾਇਤੀ ਪੰਥ-ਵਿਰੋਧੀ ਸੰਪਰਦਾ ਦਾ ਮੈਂਬਰ ਨਾ ਹੋਵੇ। ਇਸ ਗੱਲ 'ਤੇ ਵੀ ਸਹਿਮਤੀ ਹੋਈ ਹੈ ਕਿ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੁੱਚੇ ਸਿੱਖ ਭਾਈਚਾਰੇ ਵਿਚੋਂ ਪਤਵੰਤਿਆਂ ਦੀ ਇਕ ਸਿੱਖ ਪੰਚਾਇਤ ਦਾ ਗਠਨ ਕੀਤਾ ਜਾਵੇ, ਜੋ ਪ੍ਰਬੰਧਕੀ ਢਾਂਚੇ ਲਈ ਮਾਰਗ ਦਰਸ਼ਕ ਬਣ ਸਕੇ। ਇਸ ਗੱਲ 'ਤੇ ਵੀ ਰਜਾਮੰਦੀ ਹੋਈ ਹੈ ਕਿ ਇਕ ਸਰਬ-ਸਾਂਝਾ ਸਿਲੈਕਸ਼ਨ ਕਮਿਸ਼ਨ ਬਣਾਇਆ ਜਾਵੇ ਜੋ ਸਿਲੈਕਸ਼ਨ ਸਿਸਟਮ ਨੂੰ ਨਿਰਪਖਤਾ ਤੇ ਸੂਝ-ਬੂਝ ਨਾਲ ਨੇਪਰੇ ਚਾੜ੍ਹੇ। ਇਕ ਹੋਰ ਅਹਿਮ ਫੈਸਲਾ ਇਹ ਲਿਆ ਗਿਆ ਹੈ ਕਿ ਮੌਜੂਦਾ ਬਾਈਲਾਅਜ਼ ਨਾਲ ਛੇੜ-ਛਾੜ ਕੀਤੇ ਬਗੈਰ ਸਿਲੈਕਸ਼ਨ ਪ੍ਰਣਾਲੀ ਦਾ ਇਕ ਅਜਿਹਾ ਮਾਡਲ ਵਿਕਸਤ ਕੀਤਾ ਜਾਵੇ ਜੋ ਪੰਥਕ ਧਿਰਾਂ ਲਈ ਸਰਬ ਪ੍ਰਵਾਨਤ ਹੋਵੇ। ਇਹ ਮਾਡਲ ਕੁਝ ਸਮੇਂ ਲਈ ਤਜਰਬੇ ਦੇ ਤੌਰ 'ਤੇ ਲਾਗੂ ਕਰਕੇ ਵੇਖਿਆ ਜਾਵੇ। ਅਗਰ ਸਿਲੈਕਸ਼ਨ ਸਿਸਟਮ ਸੰਗਤ ਵਿਚ ਭਾਈਚਾਰਕ ਇਕਮੁਠਤਾ, ਆਪਸੀ ਪਿਆਰ-ਇਤਫਾਕ ਅਤੇ ਸਦਭਾਵਨਾ ਦਾ ਜਾਮਨ ਬਣੇ ਤਾਂ ਹੀ ਇਸ ਨੂੰ ਸੰਵਿਧਾਨਕ ਸੋਧ ਲਈ ਰਖਿਆ ਜਾਵੇ। ਇਸ ਗੱਲ 'ਤੇ ਵੀ ਰਜਾਮੰਦੀ ਹੋਈ ਹੈ ਕਿ ਇਲੈਕਸ਼ਨ ਸਿਸਟਮ ਨੂੰ ਸਿਰਫ ਤੇ ਸਿਰਫ ਆਖਰੀ ਹਥਿਆਰ ਦੇ ਤੌਰ 'ਤੇ ਹੀ ਵਰਤਿਆ ਜਾਵੇ।

ਗੁਰੂ ਘਰ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ, ਸਾਬਕਾ ਮੈਂਬਰ ਭਾਈ ਰਾਮ ਸਿੰਘ, ਬੀਬੀ ਗੁਰਬਖਸ਼ ਕੌਰ ਕਾਹਲੋਂ ਤੇ ਭਾਈ ਗੁਰਚਰਨ ਸਿੰਘ ਮਾਨ, ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ, ਗੁਰੂ ਘਰ ਦੇ ਪ੍ਰਬੰਧ ਨਾਲ ਜੁੜੇ ਰਹੇ ਭਾਈ ਐਸ ਪੀ ਸਿੰਘ, ਭਾਈ ਜਸਦੀਪ ਸਿੰਘ, ਭਾਈ ਕੁਲਵੰਤ ਸਿੰਘ ਖਹਿਰਾ, ਭਾਈ ਜਸਜੀਤ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ, ਭਾਈ ਪ੍ਰੀਤਮ ਸਿੰਘ ਚੀਮਾ, ਡਾ. ਪ੍ਰਿਤਪਾਲ ਸਿੰਘ ਅਤੇ ਭਾਈ ਰਵਿੰਦਰ ਸਿੰਘ ਵਲੋਂ ਸਾਂਝੇ ਤੌਰ 'ਤੇ ਜਾਰੀ ਇਸ ਬਿਆਨ ਵਿਚ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਨਵੇਂ ਸਿਸਟਮ ਲਈ ਆਪਣੇ ਕੀਮਤੀ ਸੁਝਾਅ ਜਰੂਰ ਦਿਤੇ ਜਾਣ ਤਾਂ ਕਿ ਇੱਕ ਅਜਿਹਾ ਸਿਸਟਮ ਸਿਰਜਿਆ ਜਾ ਸਕੇ ਜਿਸ ਰਾਹੀਂ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨੂੰ ਅਜਿਹਾ ਬਣਾਇਆ ਜਾ ਸਕੇ ਜਿਸ ਨਾਲ ਸੰਗਤ ਵਿਚ ਸਦਭਾਵਨਾ, ਪ੍ਰੇਮ ਪਿਆਰ, ਆਪਸੀ ਮਿਲਵਰਤਣ ਅਤੇ ਪ੍ਰਬੰਧਕੀ ਪਾਰਦਰਸ਼ਤਾ ਵਧੇ।

## ਗੁਰਦੁਆਰਾ ਸੈਨ ਹੋਜ਼ੇ 'ਚ ਸਾਹਿਬਜ਼ਾਦਿਆਂ ਦੀ ਯਾਦ 'ਚ ਸ਼ਹੀਦੀ ਮੇਲਾ 23 ਤੋਂ

**ਸੈਨ ਹੋਜ਼ੇ (ਬਿਊਰੋ):** ਕੈਲੀਫੋਰਨੀਆ ਦੇ ਬੇਏਰੀਏ ਵਿਚ ਵਸਦੀਆਂ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਸਮਾਗਮ ਗੁਰਦੁਆਰਾ ਸੈਨ ਹੋਜ਼ੇ ਵਿਖੇ ਇਕ ਸ਼ਹੀਦੀ ਜੋੜ ਮੇਲੇ ਦੇ ਰੂਪ ਵਿਚ 23 ਦਸੰਬਰ ਤੋਂ 25 ਦਸੰਬਰ ਤੱਕ ਮਨਾਇਆ ਜਾਵੇਗਾ।

ਭਾਈ ਸੁਖਵਿੰਦਰ ਸਿੰਘ ਗੋਗੀ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸੰਗਤਾਂ ਦੀ ਇਕ ਮੀਟਿੰਗ ਵਿਚ ਸਿੱਖ ਕੌਮ ਦੀ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਕਰਾਉਣ ਲਈ ਮਹਾਨ ਕੀਰਤਨੀ ਤੇ ਢਾਡੀ ਜਥੇ, ਕਥਾਵਾਚਕ ਅਤੇ ਪੰਥਕ ਬੁਲਾਰੇ ਬੁਲਾਉਣ ਬਾਰੇ ਵਿਚਾਰ ਕੀਤੀ ਗਈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣਕਾਰੀ ਭਰਿਆ ਸਾਹਿਤ ਵੰਡਣ ਬਾਰੇ ਵੀ ਵਿਚਾਰ ਹੋਈ। ਉਨ੍ਹਾਂ ਦੱਸਿਆ ਕਿ ਸ਼ਹੀਦੀ ਸਮਾਗਮ ਸਬੰਧੀ ਅਖੰਡ ਪਾਠ ਦਾ ਅਰੰਭ ਸ਼ੁਕਰਵਾਰ 23 ਦਸੰਬਰ ਨੂੰ ਹੋਵੇਗਾ ਜਦੋਂਕਿ ਭੋਗ 25 ਦਸੰਬਰ ਨੂੰ ਪਾਇਆ ਜਾਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ ਤੇ ਢਾਡੀ ਜਥੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਹੋਰ ਜਾਣਕਾਰੀ ਲਈ ਸੁਖਵਿੰਦਰ ਸਿੰਘ ਗੋਗੀ ਨਾਲ ਫੋਨ 408-648-6774 ਜਾਂ ਬਲਵਿੰਦਰ ਸਿੰਘ ਫੋਨ 408-513-7441 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਘਰ ਨੂੰ ਅੱਗ ਲਾਉਣ ਦੇ ਮਾਮਲੇ 'ਚ ਚੌਥੇ ਮੁਲਜ਼ਿਮ ਨੂੰ ਵੀ ਸਜ਼ਾ

**ਯੂਬਾ ਸਿਟੀ (ਬਿਊਰੋ):** ਬਲਾਤਕਾਰ ਦਾ ਸ਼ਿਕਾਰ ਹੋਈ ਇਕ ਲੜਕੀ ਦੇ ਮਾਪਿਆਂ ਦੇ ਘਰ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ ਚੌਥੇ ਮੁਲਜ਼ਿਮ ਵੀਹ ਸਾਲਾ ਜਸਦੀਪ ਸਿੰਘ ਨੂੰ ਸਟਰ ਕਾਉਂਟੀ ਸੁਪੀਰੀਅਰ ਕੋਰਟ ਵਲੋਂ 5 ਸਾਲ ਦੀ ਪ੍ਰੋਬੇਸ਼ਨ ਅਤੇ ਮਜ਼ਲੂਮ ਪਰਿਵਾਰ ਨੂੰ 22,922 ਡਾਲਰ ਦਾ ਹਰਜਾਨਾ ਅਦਾ ਕਰਨ ਦੀ ਸਜ਼ਾ ਸੁਣਾਈ ਗਈ ਹੈ। ਜਸਦੀਪ ਸਿੰਘ ਨੇ ਅਕਤੂਬਰ ਮਹੀਨੇ ਘਰ ਨੂੰ ਅੱਗ ਲਾਉਣ ਅਤੇ ਭੰਨ-ਤੋੜ ਕਰਨ ਦੇ ਦੋਸ਼ਾਂ ਦਾ ਇਕਬਾਲ ਕਰ ਲਿਆ ਸੀ। ਜੱਜ ਪੈਰੀ ਪਾਰਕਰ ਨੇ ਸੁਣਾਏ ਗਏ ਆਪਣੇ ਹੁਕਮ ਵਿਚ 16 ਮਾਰਚ 2010 ਨੂੰ ਘਰ ਨੂੰ ਅੱਗ ਲਾਏ ਜਾਣ ਨੂੰ ਨੀਚਤਾ ਭਰਿਆ ਜੁਰਮ ਕਰਾਰ ਦਿੰਦਿਆਂ ਕਿਹਾ ਕਿ ਮੁਲਜ਼ਿਮ ਨੂੰ ਆਪਣੇ ਕੀਤੇ ਕਾਰੇ ਉਪਰ ਕੋਈ ਪਛੋਤਾਵਾ ਨਹੀਂ ਹੈ। ਜੱਜ ਨੇ ਉਂਜ ਮੁਲਜ਼ਿਮ ਵਲੋਂ ਜੇਲ੍ਹ ਵਿਚ ਬਿਤਾਏ 854 ਦਿਨ ਪ੍ਰੋਬੇਸ਼ਨ ਵਿਚੋਂ ਘਟਾ ਦਿੱਤੇ।

ਸਟਰ ਕਾਉਂਟੀ ਦੇ ਡਿਪਟੀ ਡਿਸਟ੍ਰਿਕਟ ਅਟਾਰਨੀ ਸ੍ਰੀ ਕੈਮਰੂਨ ਕਿੰਗ ਨੇ ਜੱਜ ਦੇ ਫੈਸਲੇ ਉਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਇਸ ਹਮਲੇ ਪਿਛੇ ਮਨੋਰਥ ਬੇਹਦ ਪ੍ਰੇਸ਼ਾਨ ਕਰਨ ਵਾਲਾ ਹੈ। ਅਜਿਹੇ ਜੁਰਮ ਨਹੀਂ ਹੋਣੇ ਚਾਹੀਦੇ। ਜ਼ਿਕਰਯੋਗ ਹੈ ਕਿ ਜਸਦੀਪ ਸਿੰਘ ਉਨ੍ਹਾਂ 4 ਵਿਅਕਤੀਆਂ ਵਿਚ ਸ਼ਾਮਲ ਸੀ ਜਿਨ੍ਹਾਂ ਬਾਰੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦਸੰਬਰ 2009 ਵਿਚ ਬਲਾਤਕਾਰ ਦਾ ਸ਼ਿਕਾਰ ਹੋਈ ਇਕ ਲੜਕੀ ਵਲੋਂ ਇਸ ਅਪਰਾਧ ਦੀ ਰਿਪੋਰਟ ਦਰਜ ਕਰਾਏ ਜਾਣ ਦਾ ਬਦਲਾ ਲੈਣ ਲਈ ਲੜਕੀ ਦੇ ਮਾਪਿਆਂ ਦਾ ਘਰ ਜਲਾਉਣ ਦੀ ਕੋਸ਼ਿਸ਼ ਕੀਤੀ। 15 ਸਾਲ ਦੀਆਂ ਦੋ ਲੜਕੀਆਂ ਉਪਰ ਬਲਾਤਕਾਰੀ ਹਮਲੇ ਦੇ ਦੋਸ਼ ਵਿਚ ਕੁਲਜੀਤ ਸਿੰਘ ਅਤੇ ਹਰਦੇਵ ਸਿੰਘ ਨੂੰ ਪਹਿਲਾਂ ਹੀ ਸਜ਼ਾ ਹੋ ਚੁਕੀ ਹੈ। ਪੁਲਿਸ ਅਨੁਸਾਰ ਕੁਲਜੀਤ ਸਿੰਘ, ਹਰਦੇਵ ਸਿੰਘ, ਜਸਦੀਪ ਸਿੰਘ ਅਤੇ ਚਰਨਵੀਰ ਸਿੰਘ ਇਥੇ 1600 ਓਲੀਐਂਡਰ ਡਰਾਈਵ 'ਤੇ ਸਥਿਤ ਘਰ ਗਏ ਅਤੇ ਇਸ ਨੂੰ ਗੈਸੋਲੀਨ ਪਾ ਕੇ ਅੱਗ ਲਾ ਦਿੱਤੀ। ਇਸ ਘਟਨਾ ਵਿਚ ਕੋਈ ਵੀ ਜ਼ਖਮੀ ਨਹੀਂ ਸੀ ਹੋਇਆ। ਇਸ ਤੋਂ ਥੋੜ੍ਹੀ ਹੀ ਦੇਰ ਬਾਅਦ ਇਕ ਗੈਸ ਸਟੇਸ਼ਨ ਦੇ ਕੈਸ਼ੀਅਰ ਨੂੰ ਕੁਲਜੀਤ ਸਿੰਘ ਨੇ ਕੁਟਾਪਾ ਚਾੜ੍ਹਿਆ ਅਤੇ ਉਸ ਉਤੇ ਗੋਲੀ ਵੀ ਚਲਾਈ ਪਰ ਗੋਲੀ ਨਿਸ਼ਾਨਾ ਖੁੰਝ ਗਈ।

ਅਟਾਰਨੀ ਕਿੰਗ ਨੇ ਕਿਹਾ ਕਿ ਇਹ ਹਮਲੇ ਬੇਹੂਦਾ ਸਨ ਅਤੇ ਹਮਲਾਵਰ ਇਕ ਹੋਰ ਘਰ ਨੂੰ ਅੱਗ ਲਾਉਣ ਤੁਰ ਪਏ ਸਨ ਕਿ ਪੁਲਿਸ ਨੇ ਰਾਹ ਵਿਚ ਹੀ ਰੋਕ ਲਏ। ਸ੍ਰੀ ਕਿੰਗ ਅਨੁਸਾਰ ਬਲਾਤਕਾਰ ਦੇ ਦੋਸ਼ਾਂ ਲਈ ਕੁਲਜੀਤ ਸਿੰਘ ਨੂੰ ਚਾਰ ਸਾਲ ਅਤੇ ਹਰਦੇਵ ਸਿੰਘ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁਕੀ ਹੈ। ਚਰਨਵੀਰ ਸਿੰਘ ਨੂੰ ਵੀ ਇਨ੍ਹਾਂ ਹੀ ਦੋਸ਼ਾਂ ਅਧੀਨ ਪ੍ਰੋਬੇਸ਼ਨ ਦੀ ਸਜ਼ਾ ਹੋ ਚੁਕੀ ਹੈ। ਜਸਦੀਪ ਸਿੰਘ ਨੇ ਮੰਨਿਆ ਕਿ ਉਹ ਅੱਗ ਲਾਉਣ ਵਾਲੀ ਰਾਤ ਮੁੰਡਿਆਂ ਨੂੰ ਲੈ ਕੇ ਜਾ ਰਹੀ ਗੱਡੀ ਚਲਾ ਰਿਹਾ ਸੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਹ ਅੱਗ ਲਾਉਣ ਜਾ ਰਹੇ ਹਨ। ਉਸ ਦਾ ਦਾਅਵਾ ਹੈ ਕਿ ਉਸ ਨੇ ਤਾਂ ਸਿਰਫ ਰਾਈਡ ਦਿੱਤੀ ਸੀ ਪਰ ਅਦਾਲਤ ਨੇ ਆਪਣੇ ਹੁਕਮਾਂ ਵਿਚ ਇਹ ਸਪਸ਼ਟ ਲਿਖਿਆ ਹੈ ਕਿ ਜਸਦੀਪ ਨੂੰ ਸਭ ਪਤਾ ਸੀ ਕਿ ਕੀ ਹੋਣ ਜਾ ਰਿਹਾ ਹੈ ਅਤੇ ਅੱਗ ਕੁਲਜੀਤ ਸਿੰਘ ਤੇ ਹਰਦੇਵ ਸਿੰਘ ਵਿਰੁਧ ਲਾਏ ਗਏ ਬਲਾਤਕਾਰ ਦੇ ਦੋਸ਼ਾਂ ਦਾ ਬਦਲਾ ਲੈਣ ਲਈ ਲਾਈ ਜਾ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਸ਼ਹਿਰ ਵਿਚ ਇਹ ਚਰਚਾ ਜ਼ੋਰਾਂ 'ਤੇ ਰਹੀ ਹੈ ਕਿ ਕੁਝ ਕੁਕਰਮੀ ਮੁੰਡਿਆਂ ਨੇ ਜਿਨ੍ਹਾਂ ਵਿਚ ਉਪਰੋਕਤ ਮੁਲਜ਼ਿਮ ਵੀ ਸ਼ਾਮਲ ਹਨ, ਕੁਝ ਕੁੜੀਆਂ ਨੂੰ ਕਈ ਦਿਨ ਬੰਦੀ ਬਣਾਈ ਰੱਖਿਆ ਸੀ। ਕੁੜੀਆਂ ਨੂੰ ਪਹਿਲਾਂ ਸ਼ਹਿਰ ਦੇ ਇਕ ਹੋਟਲ ਵਿਚ ਅਤੇ ਫਿਰ ਇਕ ਸਥਾਨਕ ਗੁਰੂ ਘਰ ਦੀ ਇਮਾਰਤ ਵਿਚ ਰੱਖਿਆ ਗਿਆ। ਇਹ ਇਮਾਰਤ ਸਬੰਧਤ ਗੁਰੂ ਘਰ ਦੇ ਮੁੱਖ ਕੰਪਲੈਕਸ ਤੋਂ ਬਾਹਰ ਸੜਕ ਦੇ ਦੂਜੇ ਪਾਸੇ ਹੈ। ਸ਼ਹਿਰ ਵਿਚ ਇਹ ਵੀ ਚਰਚਾ ਹੈ ਕਿ ਗੁਰੂ ਘਰਾਂ ਦੀ ਧੜੇਬੰਦੀ ਇਨ੍ਹਾਂ ਖਰੂਦੀ ਮੁੰਡਿਆਂ ਨੂੰ ਸ਼ਹਿ ਦੇ ਰਹੀ ਸੀ। ਲੋਕ ਮਹਿਸੂਸ ਕਰਦੇ ਹਨ ਕਿ ਬੇਸ਼ਕ ਅਦਾਲਤ ਵਲੋਂ ਇਹ ਮੁੰਡੇ ਦੋਸ਼ੀ ਠਹਿਰਾਏ ਜਾ ਚੁਕੇ ਹਨ, ਪਰ ਉਨ੍ਹਾਂ ਨੂੰ ਦਿੱਤੀ ਗਈ ਸਜ਼ਾ ਜੁਰਮ ਦੇ ਮੁਕਾਬਲੇ ਕਿਤੇ ਘੱਟ ਹੈ। ਸ਼ਾਇਦ ਇਸ ਦੀ ਵਜ੍ਹਾ ਇਹ ਹੈ ਕਿ ਪੰਜਾਬੀ ਸਭਿਆਚਾਰ ਦੀਆਂ ਸੀਮਾਵਾਂ ਕਰਕੇ ਲੜਕੀਆਂ ਦੇ ਮਾਪੇ ਦੋਸ਼ੀਆਂ ਵਿਰੁਧ ਪੂਰੇ ਜ਼ੋਰ ਨਾਲ ਨਹੀਂ ਭੁਗਤੇ ਹੋਣਗੇ।

ਯੂਬਾ ਸਿਟੀ ਸਟਰ ਇਲਾਕੇ ਦੀ ਇਕ ਕਾਨੂੰਨੀ ਮਾਹਿਰ ਸੁਖਨ ਧੰਜਲ ਦਾ ਕਹਿਣਾ ਹੈ ਕਿ ਉਸ ਨੂੰ ਅਦਾਲਤ ਦੇ ਨਿਆਂ ਵਿਚ ਪੂਰਾ ਵਿਸ਼ਵਾਸ ਹੈ ਪਰ ਸਜ਼ਾ ਵਿਚ ਨਰਮੀ ਦਾ ਸਭ ਤੋਂ ਵੱਡਾ ਕਾਰਨ ਪੀੜਤ ਪਰਿਵਾਰਾਂ ਵਲੋਂ ਕੇਸ ਵਿਚ ਅਪਨਾਇਆ ਗਿਆ ਨਰਮ ਰੁਖ ਹੈ। ਪੀੜਤ ਪਰਿਵਾਰ ਕਈ ਤਰ੍ਹਾਂ ਦੇ ਸਮਾਜਿਕ ਦਬਾਅ ਅਤੇ ਭਾਈਚਾਰਕ ਸੰਗ ਸ਼ਰਮ ਕਾਰਨ ਸ਼ਾਇਦ ਪੂਰੀ ਸ਼ਿੱਦਤ ਨਾਲ ਕੇਸ ਨਹੀਂ ਲੜ ਸਕੇ। ਪੀੜਤ ਪਰਿਵਾਰਾਂ ਲਈ ਸਮਾਜਿਕ ਸ਼ਰਮ ਕਰਕੇ ਸਭ ਤੋਂ ਵੱਡੀ ਸਮੱਸਿਆ ਬੱਚੀਆਂ ਦੀ ਸ਼ਨਾਖਤ ਛੁਪਾਈ ਰੱਖਣ ਦੀ ਹੋਵੇਗੀ। ਦੋਸ਼ੀਆਂ ਉਤੇ ਅੱਗਾਂ ਲਾਉਣ ਤੋਂ ਲੈ ਕੇ ਧਮਕੀਆਂ ਦੇਣ ਅਤੇ ਬੱਚੀਆਂ ਦਾ ਸੋਸ਼ਣ ਕਰਨ ਵਰਗੇ ਦੋਸ਼ ਸਨ। ਸ਼ਾਇਦ ਬੱਚੀਆਂ ਦੀ ਸ਼ਨਾਖਤ ਛੁਪਾਉਣ ਖਾਤਰ ਕੇਸ ਅੱਗਾਂ ਲਾਉਣ ਤੱਕ ਹੀ ਸੀਮਤ ਰਿਹਾ। ਇਹ ਵੀ ਹੋ ਸਕਦਾ ਹੈ ਕਿ ਪੀੜਤ ਪਰਿਵਾਰ ਦੋਸ਼ੀ ਮੁੰਡਿਆਂ ਦੇ ਪਰਿਵਾਰਾਂ ਅਤੇ ਆਪਣੀ ਤੇ ਭਾਈਚਾਰੇ ਦੀ ਭਲਾਈ ਇਸੇ 'ਚ ਹੀ ਸਮਝਦੇ ਹੋਣ ਕਿ ਕੇਸ ਵਿਚ ਨਰਮ ਵਤੀਰਾ ਬਣਾਈ ਰੱਖਿਆ ਜਾਵੇ। ਬੀਬੀ ਧੰਜਲ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕੁਝ ਮਗਰਮੱਛ ਇਸ ਕੇਸ ਵਿਚ ਬਚ ਨਿਕਲੇ ਹਨ ਤਾਂ ਉਹ ਲੰਮੇ ਸਮੇਂ ਤੱਕ ਕਾਨੂੰਨ ਤੋਂ ਦੌੜ ਨਹੀਂ ਸਕਦੇ ਕਿਉਂਕਿ ਜੋ ਲੋਕ ਗਲਤ ਕੰਮ ਕਰਦੇ ਹੋਣ, ਉਹ ਇਕ ਨਾ ਇਕ ਦਿਨ ਕਾਨੂੰਨ ਦੇ ਸ਼ਿਕੰਜੇ ਵਿਚ ਆ ਹੀ ਜਾਂਦੇ ਹਨ।




## ਜੱਸੀ ਬੰਗਾ ਨੂੰ ਸਦਮਾ, ਸਹੁਰਾ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਕੌਮਾਂਤਰੀ ਸ਼ੋਅ ਪ੍ਰੋਮੋਟਰ ਜੱਸੀ ਬੰਗਾ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਾ ਜਦੋਂ ਉਨ੍ਹਾਂ ਦੇ ਸਹੁਰਾ ਸਾਹਿਬ ਜੀਤ ਸਿੰਘ ਸੌਂਧ ਬੀਤੀ 9 ਦਸੰਬਰ ਨੂੰ ਪਰਲੋਕ ਸਿਧਾਰ ਗਏ। ਉਹ 64 ਵਰ੍ਹਿਆਂ ਦੇ ਸਨ



ਅਤੇ ਭਾਰਤੀ ਫੌਜ ਤੇ ਪੁਲਿਸ ਤੋਂ ਰਿਟਾਇਰ ਹੋਣ ਪਿਛੋਂ ਫਿਲੌਰ ਇਲਾਕੇ ਵਿਚ ਲੋਕ ਸੇਵਾ ਕਰਦੇ ਸਨ। ਉਹ ਆਪਣੇ ਪਿਛੇ ਪਤਨੀ ਗੁਰਬਖ਼ਸ਼ ਕੌਰ, ਪੁਤਰ ਭੁਪਿੰਦਰ ਸਿੰਘ, ਮਹਿੰਦਰ ਸਿੰਘ, ਧੀਆਂ ਪ੍ਰਦੀਪ ਕੌਰ ਤੇ ਗੁਰਦੀਪ ਕੌਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸ੍ਰੀ ਜੀਤ ਸਿੰਘ ਸੌਂਧ ਨਮਿੱਤ ਅੰਤਿਮ ਅਰਦਾਸ 18 ਦਸੰਬਰ ਨੂੰ ਸਵੇਰੇ 11:30 ਵਜੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਮੇਨ ਬਾਜ਼ਾਰ ਫਿਲੌਰ (ਜਲੰਧਰ) ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 91-81466-71793 ਜਾਂ ਸ੍ਰੀ ਜੱਸੀ ਬੰਗਾ ਫੋਨ 916-796-5003 ਰਾਹੀਂ ਕੀਤਾ ਜਾ ਸਕਦਾ ਹੈ।

## ਇੰਡਸ ਵੈਲੀ ਚੈਂਬਰ ਨੇ ਕੀਤੀ ਨਵੇਂ ਸਾਲ ਦੀ ਪਾਰਟੀ

**ਸੈਕਰਾਮੈਂਟੋ (ਬਿਊਰੋ):** ਇੰਡਸ ਵੈਲੀ ਅਮਰੀਕਨ ਚੈਂਬਰ ਆਫ ਕਾਮਰਸ ਵਲੋਂ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਦੀ ਡਿਨਰ ਪਾਰਟੀ ਦਿੱਤੀ ਗਈ ਜਿਸ ਵਿਚ ਮੁੱਖ ਮਹਿਮਾਨ ਵਜੋਂ



ਯੂਬਾ ਸਿਟੀ ਦੇ ਸਾਬਕਾ ਮੇਅਰ ਸ੍ਰੀ ਕੈਸ਼ ਗਿੱਲ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਕੈਲੀਫੋਰਨੀਆ ਦੇ ਅਸੈਂਬਲੀਮੈਨ ਡਿਕ ਰੋਜ਼ਰ ਵੀ ਪਹੁੰਚੇ।

ਗੀਤ-ਸੰਗੀਤ ਦੀ ਮਹਿਫਿਲ ਤੋਂ ਪਹਿਲਾਂ ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਸੰਸਥਾ ਦੀ ਸਾਲਾਨਾ ਰਿਪੋਰਟ ਪੜ੍ਹੀ ਜਦੋਂ ਕਿ ਸੰਸਥਾ ਦੇ ਪ੍ਰਧਾਨ ਇਕਬਾਲ ਬਡਵਾਲ ਨੇ ਆਏ ਸਮੂਹ ਸੱਜਣਾਂ ਨੂੰ ਜੀ ਆਇਆਂ ਆਖਿਆ। ਇਨ੍ਹਾਂ ਦੋਹਾਂ ਸ਼ਖਸੀਅਤਾਂ ਦੀ ਜਾਣ-ਪਛਾਣ ਟੀ ਜੇ ਥਿਆੜਾ ਅਤੇ ਪਾਲ ਬਿੰਦਰਾ ਨੇ ਕਰਵਾਈ। ਇਸ ਪਾਰਟੀ ਵਿਚ ਸੈਕਰਾਮੈਂਟੋ ਏਰੀਏ ਦੇ ਬਹੁਤ ਸਾਰੇ ਬਿਜਨਸ ਗਰੁਪਾਂ, ਬੈਂਕਾਂ, ਸਿਆਸੀ ਪਾਰਟੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ।

ਚੈਂਬਰ ਵਲੋਂ ਇਸ ਮੌਕੇ ਪੰਜ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਐਵਾਰਡ ਦਿੱਤੇ ਗਏ ਜੋ ਅਟਾਰਨੀ ਅਮਰ ਸ਼ੇਰਗਿੱਲ ਅਤੇ ਹਰਜਿੰਦਰ ਮੱਟੂ ਨੇ ਪ੍ਰਦਾਨ ਕੀਤੇ। ਪਰਮਿੰਦਰ ਸੁੱਖ ਨੇ ਚੈਂਬਰ ਦੇ ਬੋਰਡ ਮੈਂਬਰਾਂ ਅਤੇ ਸਪਾਂਸਰਾਂ ਦੀ ਜਾਣ-ਪਛਾਣ ਕਰਵਾਈ। ਸ਼ਹਿਰ ਦੀਆਂ ਕੁਝ ਸ਼ਖਸੀਅਤਾਂ-ਸੁਰਿੰਦਰ ਬਿੰਦਰਾ, ਨਰਿੰਦਰਪਾਲ ਸਿੰਘ ਹੁੰਦਲ, ਜਗਦੇਵ ਸਿੰਘ ਭੰਡਾਲ ਅਤੇ ਕਮਲ ਬੰਗਾ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਕੈਸ਼ ਗਿੱਲ ਨੇ ਸਭਨਾਂ ਨੂੰ ਨਵੇਂ ਸਾਲ ਦੀ ਮੁਬਾਰਕ ਪੇਸ਼ ਕੀਤੀ।

ਮਨੋਰੰਜਨ ਦੇ ਦੌਰ ਦਾ ਅਰੰਭ ਚੀਨੀ ਨ੍ਰਿਤ ਨਾਲ ਹੋਇਆ, ਫਿਰ ਪੰਮੀ ਮਾਨ ਅਤੇ ਪੂਨਮ ਮਲਹੋਤਰਾ ਨੇ ਇਕ ਇਕ ਗੀਤ ਗਾਇਆ। ਕੂੰਜ ਡਾਂਸ ਗਰੁਪ ਨੇ ਈਸਟ ਅਤੇ ਵੈਸਟ ਦੇ ਰੰਗ ਆਪਣੀ ਕਲਾ ਰਾਹੀਂ ਦਿਖਾਏ। ਅੰਦਾਜ਼ ਗਰੁਪ ਨੇ ਗਰੁਪ ਡਾਂਸ ਅਤੇ "ਮਲਕੀ ਭਰਦੀ ਪਈ ਸੀ ਖੂਹ ਤੋਂ ਪਾਣੀ" ਸਕਿੱਟ ਪੇਸ਼ ਕਰਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਮਾਈਕਸੈਨਵਾਨ ਨੇ ਚੌਦਵੀਂ ਦਾ ਚੰਦ ਗੀਤ ਪੇਸ਼ ਕਰਕੇ ਭਰਪੂਰ ਵਾਹ ਵਾਹ ਖੱਟੀ। ਵੈਸਟ ਸਾਈਡ ਪੰਜਾਬੀ ਲੇਡੀਜ਼ ਗਰੁਪ ਨੇ ਨ੍ਰਿਤ ਪੇਸ਼ ਕਰਕੇ ਬੱਲੇ ਬੱਲੇ ਕਰਵਾਈ। ਕਲਾਕਾਰਾਂ ਨੂੰ ਇਨਾਮ ਪਰਗਣ ਸਿੰਘ ਬੈਂਸ, ਡਾ. ਲਖਬੀਰ ਸਿੰਘ, ਜੈਕ ਰਾਮ, ਡਾ. ਜਗਜੀਤ ਸਿੰਘ, ਕਰਮਦੀਪ ਸਿੰਘ ਬੈਂਸ ਅਤੇ ਡਾ. ਗੈਰੀ ਸਿੱਧੂ ਨੇ ਤਕਸੀਮ ਕੀਤੇ। ਪ੍ਰੋਗਰਾਮ ਦੀ ਵੀਡੀਓ ਚਾਹਲ ਵੀਡੀਓ ਨੇ ਬਣਾਈ ਅਤੇ ਖਾਣੇ ਦਾ ਪ੍ਰਬੰਧ ਕਰੀ ਲੀਫ ਰੈਸਟੋਰੈਂਟ ਵਲੋਂ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰਿੱਕੀ, ਨਵਦੀਪ ਸਿੱਧੂ, ਕੇਵਲ ਬੋਲੀਨਾ, ਬਿੰਦਰ ਪੁਰੇਵਾਲ, ਪਾਲੀ ਬੰਗਾ, ਮਨਜੀਤ ਗਿੱਲ, ਬਲਵਿੰਦਰ ਬੰਕਾ, ਰਾਕੇਸ਼, ਕਾਕਾ ਗੀਤਕਾਰ, ਸੁਰਿੰਦਰ ਸਿੰਘ ਅਤੇ ਜੋਤੀ ਸਿੰਘ ਰੌਣਕ ਵਧਾਉਣ ਵਾਲਿਆਂ 'ਚ ਸ਼ਾਮਲ ਸਨ।

## ਫੇਅਰਫੀਲਡ 'ਚ ਦਸਵਾਂ ਕਬੱਡੀ ਮੇਲਾ 13 ਮਈ ਨੂੰ

**ਫੇਅਰਫੀਲਡ, ਕੈਲੀਫੋਰਨੀਆ (ਬਿਊਰੋ):** ਸਪੋਰਟਸ ਕਲੱਬ ਆਫ ਸੋਲਾਨੋ ਕਾਊਂਟੀ ਵਲੋਂ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਦੇ ਸਹਿਯੋਗ ਨਾਲ ਦਸਵਾਂ ਕਬੱਡੀ ਕੱਪ ਟੂਰਨਾਮੈਂਟ ਅਗਲੇ ਸਾਲ 13 ਮਈ ਐਤਵਾਰ ਨੂੰ ਗੁਰਦੁਆਰਾ ਫੇਅਰਫੀਲਡ ਦੇ ਖੇਡ ਮੈਦਾਨ ਵਿਚ ਕਰਵਾਇਆ ਜਾਏਗਾ। ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਖੇਡ ਮੇਲੇ ਦੌਰਾਨ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤਾਂ ਦੀ ਵਰਤੋਂ 'ਤੇ ਪੂਰੀ ਮਨਾਹੀ ਹੋਵੇਗੀ ਅਤੇ ਸਕਿਉਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ।

ਮੇਲਾ ਕਰਵਾ ਰਹੀ ਪ੍ਰਬੰਧਕ ਕਮੇਟੀ ਵਿਚ ਪਵਿੱਤਰ ਸਿੰਘ ਅਟਵਾਲ, ਦਵਿੰਦਰ ਸਿੰਘ ਮਾਹਲ, ਜੋਗਿੰਦਰ ਸਿੰਘ ਬਸਰਾ, ਇਕਬਾਲ ਸਿੰਘ ਨੰਨੜ, ਕੁਲਦੀਪ ਸਿੰਘ ਗਰੇਵਾਲ, ਹੁਸ਼ਿਆਰ ਸਿੰਘ ਡਡਵਾਲ, ਸਤਿੰਦਰਪਾਲ ਸਿੰਘ ਹੇਅਰ, ਦਿਲਬਾਗ ਸਿੰਘ ਸੰਧੂ, ਦੇਵ ਸਿੰਘ ਤੱਖਰ, ਗੁਰਮੀਤ ਸਿੰਘ ਢਾਂਡੀ, ਰਾਜਿੰਦਰ ਸਿੰਘ ਸੁਪਰਾਏ, ਬਲਜਿੰਦਰ ਸਿੰਘ ਚਾਹਲ, ਅਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਧਾਮੀ, ਪਰਮਜੀਤ ਸਿੰਘ ਦੋਸਾਂਝ, ਕੁਲਵੰਤ ਬੈਂਸ ਅਤੇ ਗੁਰੂ ਨਾਨਕ ਸਿੱਖ ਟੈਂਪਲ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਪੁਰੇਵਾਲ (ਪ੍ਰਧਾਨ), ਜਸਵੰਤ ਸਿੰਘ ਹਾਂਸ (ਮੀਤ ਪ੍ਰਧਾਨ), ਕੇਵਲ ਸਿੰਘ (ਸਕੱਤਰ), ਸੁਰਜੀਤ ਸਿੰਘ (ਸਹਾਇਕ ਸਕੱਤਰ), ਮਨਜੀਤ ਸਿੰਘ ਮਿਨਹਾਸ (ਖਜ਼ਾਨਚੀ), ਹਰਭਜਨ ਸਿੰਘ ਸੰਧੂ (ਸਹਾਇਕ ਖਜ਼ਾਨਚੀ), ਸਿਕੰਦਰ ਸਿੰਘ ਗਰੇਵਾਲ, ਹਰਵਿੰਦਰ ਸਿੰਘ ਦਿਓਲ, ਰੈਂਡੀ ਸਿੰਘ ਬੈਂਸ, ਹਰਭਜਨ ਸਿੰਘ ਸਿੱਧੂ, ਦਲਬੀਰ ਸਿੰਘ ਪਾਹਲ ਅਤੇ ਰਣਬੀਰ ਸਿੰਘ ਜੌਹਲ ਸ਼ਾਮਲ ਹਨ। ਹੋਰ ਜਾਣਕਾਰੀ ਲਈ ਸੁਰਜੀਤ ਸਿੰਘ ਰੱਤੂ ਫੋਨ 510-375-3285, ਭਿੰਦਰ ਸਿੰਘ ਸੰਧੂ ਫੋਨ 707-334-7820 ਜਾਂ ਬਲਦੇਵ ਸਿੰਘ ਬਸਰਾ ਫੋਨ 707-592-1965 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



Bhupinder Gill
Attorney at Law
(Admitted in CA)

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

***Law Offices Of Jaspreet Singh***

*4491 W. Shaw Ave., Suite 300 B (Near Costco) Fresno, CA 93722*
*Ph: 559-271-5511*

*44790 S. Grimmer Blvd. #204 Fremont CA-94538*
*Ph:510-657-6444*
*Fax: 510-657-6443*

*2945 W. Capitol Ave, Sacramento CA-95691*
*Ph: 916-372-4448*
*Fax: 916-372-4440*



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.




**FREE** CREDIT CARD TERMINAL!

Call SAGAR HANDA at: **773-416-8526**
or 773-935-VISA, SagarATM@yahoo.com

**www.GoldCoastATM.com**



**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

## ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਲੋਡਾਈ ਗੁਰੂ ਘਰ 'ਚ 23 ਤੋਂ

**ਲੋਡਾਈ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਲੋਡਾਈ ਵਿਖੇ ਚਲ ਰਹੇ ਦਸਮੇਸ਼ ਦਰਬਾਰ ਖਾਲਸਾ ਸਕੂਲ ਦੇ ਬੱਚਿਆਂ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ ਅਖੰਡ ਪਾਠ ਦਾ ਆਰੰਭ 23 ਦਸੰਬਰ ਨੂੰ ਸਵੇਰੇ ਹੋਵੇਗਾ ਅਤੇ ਭੋਗ 25 ਦਸੰਬਰ ਨੂੰ ਸਵੇਰੇ ਪਾਇਆ ਜਾਵੇਗਾ। ਉਪਰੰਤ ਦੀਵਾਨ ਸਜੇਗਾ। ਭਾਵੇਂ ਇਸ ਦੌਰਾਨ 23 ਅਤੇ 24 ਦਸੰਬਰ ਸ਼ਾਮ ਨੂੰ ਬੱਚਿਆਂ ਦੁਆਰਾ ਸ਼ਬਦ ਕੀਰਤਨ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਅਖੰਡ ਪਾਠ ਦੀ ਸੇਵਾ ਹੈਡ ਗ੍ਰੰਥੀ ਭਾਈ ਗੁਰਚਰਨ ਸਿੰਘ ਦੀ ਦੇਖ-ਰੇਖ ਵਿਚ ਹੋਵੇਗੀ ਪ੍ਰੰਤੂ ਅਰੰਭ, ਮੱਧ ਅਤੇ ਭੋਗ ਦੀ ਅਰਦਾਸ, ਹੁਕਮ ਨਾਮਾ ਸਾਹਿਬ ਲੈਣ ਅਤੇ ਹੋਰ ਸੇਵਾਵਾਂ ਬੱਚਿਆਂ ਵਲੋਂ ਹੀ ਨਿਭਾਈਆਂ ਜਾਣਗੀਆਂ। ਗੁਰੂ ਘਰ ਦੇ ਕੀਰਤਨੀਏ ਭਾਈ ਭੁਪਿੰਦਰ ਸਿੰਘ ਕੀਰਤਨ ਕਰਨਗੇ। ਬੱਚਿਆਂ ਦਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਵੀ ਹੋਣਗੀਆਂ। ਸਮਾਗਮ ਵਿਚ ਦਸਮੇਸ਼ ਦਰਬਾਰ ਖਾਲਸਾ ਸਕੂਲ ਦੇ ਬੱਚਿਆਂ ਤੋਂ ਇਲਾਵਾ ਹੋਰ ਬੱਚੇ ਅਤੇ ਨੌਜਵਾਨ ਵੀ ਹਿੱਸਾ ਲੈ ਸਕਦੇ ਹਨ। ਹੋਰ ਜਾਣਕਾਰੀ ਲਈ ਬਲਬੀਰ ਢਿੱਲੋਂ 209-327-4682, ਬਲ ਬਹਾਦਰ ਸਿੰਘ ਪਾਲ 209-629-5415 ਅਤੇ ਮਨਜੀਤ ਸਿੰਘ 209-470-2053 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜੈਕਸਨ ਦੇ ਡਾ. ਮੱਰੇ ਨੂੰ ਕੈਦ

**ਲਾਸ ਏਂਜਲਸ:** ਪੌਪ ਦੇ ਬੇਤਾਜ ਬਾਦਸ਼ਾਹ ਮਾਈਕਲ ਜੈਕਸਨ ਦੀ ਮੌਤ ਦੇ ਦੋਸ਼ ਵਿਚ ਉਸ ਦੇ ਨਿੱਜੀ ਡਾਕਟਰ ਕਾਨਰਡ ਮੱਰੇ ਨੂੰ ਚਾਰ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਲਾਸ ਏਂਜਲਸ ਕਾਊਂਟੀ ਸੁਪੀਰੀਅਰ ਕੋਰਟ ਦੇ ਜੱਜ ਮਾਈਕਲ ਪਾਸਟਰ ਨੇ ਕਿਹਾ ਕਿ ਸਬੂਤਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਝੂਠ ਤੇ ਫਰੇਬ ਦਾ ਸਿਲਸਿਲਾ ਚਲਦਾ ਰਿਹਾ ਹੈ।

# ਇਲੀਨਾਏ ਦੇ ਸਾਬਕਾ ਗਵਰਨਰ ਨੂੰ 14 ਸਾਲ ਦੀ ਕੈਦ

**ਸਪਰਿੰਗਫੀਲਡ, ਇਲੀਨਾਏ:** ਫੈਡਰਲ ਅਦਾਲਤ ਨੇ ਇਲੀਨਾਏ ਦੇ ਸਾਬਕਾ ਗਵਰਨਰ ਰਾਡ ਬਲਾਇਗੋਵਿਚ ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ ਤਿੰਨ ਸਾਲ ਪਹਿਲਾਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਉਪਰ 18 ਦੋਸ਼ ਲੱਗੇ ਸਨ। ਬਲਾਇਗੋਵਿਚ ਨੇ ਅਦਾਲਤ ਵਿਚ ਆਪਣਾ ਅਪਰਾਧ ਸਵੀਕਾਰ ਕਰਦਿਆਂ ਨਰਮੀ ਦੀ ਮੰਗ ਕੀਤੀ ਪਰ ਜੱਜ ਨੇ ਦੋ-ਟੂੱਕ ਫੈਸਲਾ ਸੁਣਾਉਂਦਿਆਂ ਕਿਹਾ ਕਿ ਜਿਊਰੀ ਅਤੇ ਖੁਦ ਉਸ (ਜੱਜ) ਨੂੰ ਉਸ ਉਤੇ ਉਕਾ ਹੀ ਵਿਸ਼ਵਾਸ ਨਹੀਂ ਹੈ।

ਰਾਡ ਬਲਾਇਗੋਵਿਚ ਨੇ ਜ਼ਿਲ੍ਹਾ ਜੱਜ ਜੇਮਸ ਜ਼ੈਗਲ ਦੀ ਅਦਾਲਤ ਵਿਚ ਆਪਣੀਆਂ ਘੋਰ ਗਲਤੀਆਂ ਲਈ ਅਫਸੋਸ ਜ਼ਾਹਿਰ ਕੀਤਾ ਅਤੇ ਮੰਗ ਕੀਤੀ ਕਿ ਸਜ਼ਾ ਸੁਣਾਉਣ ਵੇਲੇ ਨਰਮੀ ਵਰਤੀ ਜਾਵੇ। ਅਦਾਲਤ ਨੂੰ ਆਪਣੀ ਗੱਲ ਜਚਾਉਣ ਦਾ ਇਹ ਉਸ ਕੋਲ ਆਖਰੀ ਮੌਕਾ ਸੀ ਪਰ ਫੈਡਰਲ ਪ੍ਰਾਸੀਕਿਊਟਰ ਰੀਡ ਸ਼ਾਰ ਦੀ ਦਲੀਲ ਸੀ ਕਿ ਉਸ ਨੇ ਇਲੀਨਾਏ ਦੇ ਲੋਕਾਂ ਦਾ ਹੀ ਨਹੀਂ, ਸਰਕਾਰ ਅਤੇ ਸਰਕਾਰੀ ਮੁਲਾਜ਼ਮਾਂ ਦਾ ਵਿਸ਼ਵਾਸ ਵੀ ਤੋੜਿਆ ਹੈ। ਵਕੀਲ ਮੁਤਾਬਕ ਉਸ ਨੂੰ ਸਾਰੇ ਮਾਮਲਿਆਂ ਬਾਰੇ ਖਬਰ ਸੀ ਅਤੇ ਉਹ ਭ੍ਰਿਸ਼ਟਾਚਾਰ ਰੋਕਣ ਲਈ ਇਲੀਨਾਏ ਦੇ ਲੋਕਾਂ ਦੀ ਇਮਦਾਦ ਕਰ ਸਕਦਾ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਉਸ ਨੇ ਬਰਾਕ ਓਬਾਮਾ



ਰਾਡ ਬਲਾਇਗੋਵਿਚ

ਵਾਲੀ ਖਾਲੀ ਹੋਈ ਸੈਨੇਟ ਦੀ ਸੀਟ ਭਰਨ ਦੇ ਮਾਮਲੇ ਵਿਚ ਸੌਦੇਬਾਜ਼ੀ ਕੀਤੀ ਅਤੇ ਸਿਰਫ ਆਪਣੇ ਹਿੱਤਾਂ, ਡਾਲਰਾਂ ਅਤੇ ਨੌਕਰੀਆਂ ਦਾ ਹੀ ਖਿਆਲ ਕੀਤਾ। ਇਨ੍ਹਾਂ ਹਿੱਤਾਂ ਖਾਤਰ ਹੀ ਉਸ ਨੇ ਲਗਾਤਾਰ ਝੂਠ ਬੋਲਿਆ। ਉਸ ਨੇ ਇਹ ਸਾਰਾ ਕੁਝ ਜਾਣਦਿਆਂ-ਬੁੱਝਦਿਆਂ ਕੀਤਾ। ਗਵਰਨਰ ਵਿਰੁਧ ਭ੍ਰਿਸ਼ਟਾਚਾਰ ਦੇ ਇਨ੍ਹਾਂ ਦੋਸ਼ਾਂ ਵਿਚ ਭਾਰਤੀ ਮੂਲ ਦੇ ਕੁਝ ਵਿਅਕਤੀਆਂ ਦਾ ਵੀ ਨਾਂ ਬੋਲਦਾ ਹੈ।

ਇਸ ਤੋਂ ਪਹਿਲਾਂ ਗਵਰਨਰ ਬਲਾਇਗੋਵਿਚ ਦੇ ਵਕੀਲਾਂ ਨੇ ਸਵੀਕਾਰ ਕਰ ਲਿਆ ਸੀ ਕਿ ਗਵਰਨਰ ਬਲਾਇਗੋਵਿਚ ਵੱਲੋਂ ਬਰਾਕ ਓਬਾਮਾ ਦੀ ਖਾਲੀ ਹੋਈ ਸੈਨੇਟ ਦੀ ਸੀਟ ਭਰਨ ਬਦਲੇ ਵਾਸ਼ਿੰਗਟਨ ਵਿਚ ਕੋਈ ਵੱਡਾ ਅਹੁਦਾ ਮੰਗਣਾ ਕਾਨੂੰਨ ਦੇ ਖਿਲਾਫ ਸੀ। ਵਕੀਲਾਂ ਨੇ ਕੇਸ ਵਿਚ ਨਰਮੀ ਲਈ ਗਵਰਨਰ ਬਲਾਇਗੋਵਿਚ ਦੀ ਪਤਨੀ ਅਤੇ ਧੀ ਦੀਆਂ ਚਿੱਠੀਆਂ ਵੀ ਅਦਾਲਤ ਵਿਚ ਪੜ੍ਹੀਆਂ। ਉਹਦੀ ਪਤਨੀ ਪੈਟੀ ਨੇ ਧੀ ਦਾ ਵਾਸਤਾ ਪਾਉਂਦਿਆਂ ਕਿਹਾ ਸੀ ਕਿ ਜੇ ਉਸ ਨੂੰ ਕੈਦ ਹੋ ਗਈ ਤਾਂ ਉਨ੍ਹਾਂ ਦੀ ਧੀ ਆਪਣੇ ਪਿਤਾ ਦੇ ਪਿਆਰ ਤੋਂ ਵਾਂਝੀ ਹੋ ਜਾਵੇਗੀ ਅਤੇ ਪਿਤਾ ਵਧ-ਫੁੱਲ ਰਹੀ ਆਪਣੀ ਧੀ ਨੂੰ ਦੇਖ ਨਹੀਂ ਸਕੇਗਾ।

ਜ਼ਿਕਰਯੋਗ ਹੈ ਕਿ ਇਹ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਐਫ.ਬੀ.ਆਈ. 2005 ਤੋਂ ਗਵਰਨਰ ਬਲਾਇਗੋਵਿਚ 'ਤੇ ਨਜ਼ਰ ਰੱਖ ਰਹੀ ਸੀ। ਫਿਰ ਇਲੀਨਾਏ ਦੀ ਸੈਨੇਟ ਨੇ 2009 ਵਿਚ ਉਸ ਉਤੇ ਮਹਾਂਦੋਸ਼ ਲਾ ਕੇ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਸੀ। ਇਹ ਭਾਣਾ ਬਰਾਕ ਓਬਾਮਾ ਦੇ ਰਾਸ਼ਟਰਪਤੀ ਵਜੋਂ ਹਲਫ ਲੈਣ ਤੋਂ ਕੁਝ ਹੀ ਦਿਨਾਂ ਬਾਅਦ ਵਾਪਰ ਗਿਆ ਸੀ।

ਯਾਦ ਰਹੇ ਕਿ 1970 ਤੋਂ ਲੈ ਕੇ ਹੁਣ ਤੱਕ ਇਲੀਨਾਏ ਦੇ 3 ਸਾਬਕਾ ਗਵਰਨਰ ਸੀਖਾਂ ਪਿੱਛੇ ਜਾ ਚੁੱਕੇ ਹਨ। ਰਿਪਬਲੀਕਨ ਜਾਰਜ ਰਾਇਨ ਜੋ 1999 ਤੋਂ 2003 ਤੱਕ ਗਵਰਨਰ ਰਹੇ, ਲਾਇਸੈਂਸ ਗੈਰ-ਕਾਨੂੰਨੀ ਢੰਗ ਨਾਲ ਵੇਚਣ ਦੇ ਦੋਸ਼ ਵਿਚ ਜੇਲ੍ਹ ਵਿਚ ਹਨ। ਉਸ ਨੂੰ ਇਹ ਸਜ਼ਾ 2006 ਵਿਚ ਮਿਲੀ ਸੀ। 1961 ਤੋਂ 1968 ਤੱਕ ਗਵਰਨਰ ਰਹੇ ਡੈਮੋਕਰੈਟ ਓਟੋ ਕਰਨਰ ਜੂਨੀਅਰ ਨੂੰ 1973 ਵਿਚ ਰਿਸ਼ਵਤ ਲੈਣ, ਸਾਜ਼ਿਸ਼ ਰਚਣ ਅਤੇ ਝੂਠ ਬੋਲਣ ਦੇ 17 ਮਾਮਲਿਆਂ ਵਿਚ ਸਜ਼ਾ ਹੋਈ ਸੀ। ਡੈਮੋਕਰੈਟ ਡੈਨ ਵਾਕਰ ਜੋ 1973 ਤੋਂ 1977 ਤੱਕ ਗਵਰਨਰ ਰਹੇ, ਨੇ 1987 ਵਿਚ ਬੈਂਕ ਨਾਲ ਫਰਾਡ ਕਰਨ ਦਾ ਦੋਸ਼ ਮੰਨ ਲਿਆ ਸੀ। ਉਸ ਨੂੰ 7 ਸਾਲ ਦੀ ਸਜ਼ਾ ਹੋਈ ਸੀ।

## ਨੌਕਰੀ ਲਈ ਸੰਘਰਸ਼ ਕਰਦੇ ਨੌਜਵਾਨ ਦੀ ਮੌਤ

**ਫ਼ਰੀਦਕੋਟ:** ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਕੀਤੇ ਜਾ ਰਹੇ ਦਾਅਵਿਆਂ ਦੀ ਅਸਲੀਅਤ ਉਸ ਵੇਲੇ ਸਾਹਮਣੇ ਆਈ ਜਦੋਂ ਨੌਕਰੀ ਲਈ ਸੰਘਰਸ਼ ਕਰਦੇ ਇਕ ਨੌਜਵਾਨ ਦੀ ਮੌਤ ਹੋ ਗਈ। ਜਿਲ੍ਹਾ ਸਿੰਘ ਨਾਂ ਦਾ ਇਹ ਨੌਜਵਾਨ ਈ.ਜੀ.ਐਸ. ਵਲੰਟੀਅਰ ਯੂਨੀਅਨ ਵੱਲੋਂ ਸਰਕਾਰ ਵਿਰੁੱਧ ਅਰੰਭੇ ਸੰਘਰਸ਼ ਦੌਰਾਨ ਭੁੱਖ ਹੜਤਾਲ ਕਰਕੇ ਪਿਛਲੇ ਕਈ ਮਹੀਨਿਆਂ ਤੋਂ ਬਿਮਾਰ ਚਲਿਆ ਆ ਰਿਹਾ ਸੀ ਤੇ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਜਿਥੇ ਡਾਕਟਰਾਂ ਨੇ ਉਸ ਨੂੰ ਆਈ.ਸੀ.ਯੂ. ਯੂਨਿਟ ਵਿਚ ਰੱਖਿਆ ਹੋਇਆ ਸੀ।

ਪੰਜਾਬ ਸਰਕਾਰ ਤੇ ਯੂਨੀਅਨ ਦਰਮਿਆਨ ਜਿਲ੍ਹਾ ਸਿੰਘ ਦੀ ਨਾਜ਼ੁਕ ਹਾਲਤ ਨੂੰ ਲੈ ਕੇ ਇਕ ਸਮਝੌਤਾ ਹੋਇਆ ਜਿਸ ਤਹਿਤ ਪੰਜਾਬ ਸਰਕਾਰ ਨੂੰ ਜਿਲ੍ਹਾ ਸਿੰਘ ਦੇ ਪਰਿਵਾਰ ਦੀ ਸਹਾਇਤ ਲਈ 5 ਲੱਖ ਰੁਪਏ ਦਿੱਤੇ ਸਨ ਤੇ ਇਸ ਦੇ ਨਾਲ ਹੀ ਇਹ ਵਾਅਦਾ ਕੀਤਾ ਸੀ ਕਿ ਜਿਲ੍ਹਾ ਸਿੰਘ ਦੀ ਜੇਕਰ ਮੌਤ ਹੋ ਜਾਂਦੀ ਹੈ ਤਾਂ ਸਰਕਾਰ ਦੇ ਨਿਯਮਾਂ ਮੁਤਾਬਕ ਉਸ ਦੇ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

## ਬੇਕਰਜਫੀਲਡ ਵਿਚ ਸ਼ਹੀਦੀ ਸਮਾਗਮ 23 ਤੋਂ 25 ਦਸੰਬਰ ਤੱਕ

**ਬੇਕਰਜਫੀਲਡ (ਬਲਬੀਰ ਸਿੰਘ):** ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਸ਼ਹੀਦੀ ਸਮਾਗਮ ਇਥੋਂ ਦੇ ਸਮੂਹ ਗੁਰੂ ਘਰਾਂ ਵਿਚ 23, 24 ਅਤੇ 25 ਦਸੰਬਰ ਨੂੰ ਕਰਵਾਏ ਜਾ ਰਹੇ ਹਨ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 23 ਦਸੰਬਰ ਨੂੰ ਹੋਵੇਗਾ ਅਤੇ ਭੋਗ 25 ਦਸੰਬਰ ਨੂੰ ਪਾਏ ਜਾਣਗੇ। ਉਪਰੰਤ ਭਾਰੀ ਦੀਵਾਨ ਸਜਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੁਆਰਾ ਸਿੱਖ ਸੈਂਟਰ, ਪਲਾਂਜ ਰੋਡ ਵਿਖੇ 24 ਦਸੰਬਰ ਨੂੰ ਸ਼ਾਮ 6 ਵਜੇ ਤੋਂ 9 ਵਜੇ ਤੱਕ ਪੰਥ ਪ੍ਰਸਿਧ ਢਾਡੀ ਸ਼ਹੀਦੀ ਵਾਰਾਂ ਗਾ ਕੇ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਨਗੇ। ਗੁਰਦੁਆਰਾ ਦਸ਼ਮੇਸ਼ ਦਰਬਾਰ, ਵਾਈਬਲ ਰੋਡ, ਸਿੱਖ ਟੈਂਪਲ ਵਿਲਸਨ ਰੋਡ ਅਤੇ ਗੁਰੂ ਨਾਨਕ ਮਿਸ਼ਨ, ਸਾਊਥ ਐਚ ਸਟਰੀਟ ਵਿਖੇ ਐਤਵਾਰ 25 ਦਸੰਬਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਣਗੇ। ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਐਚ ਸਟਰੀਟ ਵਿਖੇ 25 ਦਸੰਬਰ ਨੂੰ ਭਾਈ ਸੁਖਵਿੰਦਰ ਸਿੰਘ ਗਰੇਵਾਲ ਦੇ ਜਥੇ ਵਲੋਂ ਸਵੇਰੇ 11:30 ਤੋਂ 12:30 ਵਜੇ ਤੱਕ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਏਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।





Amardeep Singh
Ph:916-712-2735
DRE#01357217

**Buy a Home With Zero Cash! No Money Down!**

For FREE list of properties and pre-recorded information on how "NO MONEY DOWN" Program Work.
Govt. Loans, USDA, VA, Down Assistance Program and many more. Call Toll Free:1-888-450-6603 ID#4074



**$151,000**
**Antelope - $576 Payment**
Great School. Ready to move. Clean. Family Home. Safe Neighborhood. Trees line street. FREE INFO:
**1-888-450-6603,** ID # 4251




**$165,000**
**Natomas – $630 Payment.**
Open floor plan. First time homebuyer. Bank Owned. Clean. Less than Rent. Beautiful FREE INFO:
**1-888-450-6603,** ID # 4252



**$139,900**
**Vintage – $529 Payment**
Great deal for home buyer. Walking distance to park, Desirable location. Family Home. FREE INFO:
**1-888-450-6603,** ID # 4253



**$179,900**
**Vintage – $566 Payment**
Beds. 3 Car garage. Quite Street. Pvt. backyard. Eat in Kitchen. Near school. Bright rooms. FREE INFO:
**1-888-450-6603,** ID # 4254



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*




**$189,000**
**Sacramento – $765 Payment**
2 story. Separate family living room. Desirable location. Beautiful. Tree lined streets. Great Area. FREE INFO:
**1-888-450-6603,** ID #4256



**$159,000**
**Elk Grove – $607 Payment**
Clean. Family room. Desirable location. Comfortable. Pvt. back yard. Beautiful Neighbourhood. FREE INFO:
**1-888-450-6603,** ID # 4257



**$175,000**
**Natomas - $668 Payment**
Preferable area. Quite Street. Open lay out. Good neighborhood. Family home. Lively. Walk to Park. FREE INFO:
**1-888-450-6603,** ID # 4258



**$245,000**
**Elk Grove – $935 Payment**
Preferable location. Tree lined street. Hardwood Floors. Formal Dining. Granite Counters. FREE INFO:
**1-888-450-6603,** ID # 4259

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕਪਾਲ ਬਾਰੇ ਸਰਕਾਰ ਦੀ ਮੁਕੰਮਲ ਘੇਰਾਬੰਦੀ

### > ਅੰਨਾ ਹਜ਼ਾਰੇ ਵੱਲੋਂ ਫਿਰ ਭੁੱਖ ਹੜਤਾਲ ਦੀ ਧਮਕੀ
### > ਵਿਰੋਧੀ ਧਿਰ ਆਪਣੇ ਪੈਂਤੜੇ 'ਤੇ ਦ੍ਰਿੜ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ, ਸੀ.ਬੀ.ਆਈ. ਦੇ ਭ੍ਰਿਸ਼ਟਾਚਾਰ ਵਿਰੋਧੀ ਵਿੰਗ ਅਤੇ ਗਰੁੱਪ 'ਸੀ' ਤੇ 'ਡੀ' ਦੇ ਨੂੰ ਲੋਕਪਾਲ ਦੇ ਘੇਰੇ ਵਿਚ ਲਿਆਉਣ ਲਈ ਵਿਰੋਧੀ ਸਿਆਸੀ ਪਾਰਟੀਆਂ ਨੇ ਸਰਕਾਰ ਦੀ ਮੁਕੰਮਲ ਘੇਰਾਬੰਦੀ ਕਰ ਲਈ ਹੈ ਅਤੇ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਸਰਕਾਰ ਵੀ ਇਸ ਮਾਮਲੇ ਵਿਚ ਆਪਣੀ ਅੜੀ ਛੱਡਣ ਦੇ ਰਾਹ ਨਿਕਲ ਤੁਰੀ ਹੈ। ਦੂਜੇ ਬੰਨ੍ਹੇ, ਭ੍ਰਿਸ਼ਟਾਚਾਰ ਅੰਦੋਲਨ ਦੇ ਅਹਿਮ ਆਗੂ ਬਣ ਚੁੱਕੇ ਅੰਨਾ ਹਜ਼ਾਰੇ ਨੇ ਸਰਕਾਰ ਵੱਲੋਂ ਅੜੀ ਨਾ ਛੱਡਣ ਦੀ ਸੂਰਤ ਵਿਚ 27 ਦਸੰਬਰ ਤੋਂ ਮੁੜ ਭੁੱਖ ਹੜਤਾਲ 'ਤੇ ਬੈਠਣ ਦੀ ਧਮਕੀ ਦਿੱਤੀ ਹੈ। ਨਾਲ ਹੀ, ਗਾਂਧੀ ਪਰਿਵਾਰ ਉੱਤੇ ਤਿੱਖਾ ਹਮਲਾ ਕਰਦਿਆਂ ਕਮਜ਼ੋਰ ਲੋਕਪਾਲ ਬਿਲ ਲਿਆਉਣ ਲਈ ਰਾਹੁਲ ਗਾਂਧੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਇਸੇ ਦੌਰਾਨ, ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ਦੀ ਅਗਵਾਈ ਵਾਲੀ 30 ਮੈਂਬਰੀ ਸੰਸਦ ਦੀ ਸਥਾਈ ਕਮੇਟੀ ਨੇ ਲੋਕਪਾਲ ਬਿਲ-2011 ਬਾਰੇ ਰਿਪੋਰਟ ਸੰਸਦ ਵਿਚ ਪੇਸ਼ ਕਰ ਦਿੱਤੀ। ਇਸ ਰਿਪੋਰਟ ਵਿਚ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਦਾਇਰੇ ਵਿਚ ਰੱਖਣ ਦਾ ਫੈਸਲਾ ਸੰਸਦ 'ਤੇ ਛੱਡ ਦਿੱਤਾ ਗਿਆ ਹੈ।

ਭਾਜਪਾ, ਖੱਬੀਆਂ ਪਾਰਟੀਆਂ ਅਤੇ ਬਸਪਾ ਨੇ ਲੋਕਪਾਲ ਬਾਰੇ ਆਪਣਾ ਸਟੈਂਡ ਸਪਸ਼ਟ ਕਰ ਦਿੱਤਾ ਗਿਆ ਹੈ। ਵਿਰੋਧੀ ਧਿਰ ਦੇ ਇਸ ਪੈਂਤੜੇ ਬਾਰੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਤੇ ਕਾਂਗਰਸ ਦੇ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਬਸਪਾ ਆਗੂ ਤੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਤਾਂ ਕਾਂਗਰਸ ਵੱਲੋਂ ਦੋਸ਼ ਲਾ ਦਿੱਤਾ ਕਿ ਇਹ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਨਰਮ ਰੁਖ਼ ਅਪਣਾ ਰਹੀ ਹੈ। ਉਨ੍ਹਾਂ ਰਾਸ਼ਟਰਮੰਡਲ ਖੇਡਾਂ, 2ਜੀ ਅਤੇ ਆਦਰਸ਼ ਸੁਸਾਇਟੀ ਜਿਹੇ ਘੁਟਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਰੁਖ਼ ਨਹੀਂ ਅਪਣਾਉਣਾ ਚਾਹੁੰਦੀ ਕਿਉਂਕਿ ਇਸ ਦੇ ਜ਼ਿਆਦਾਤਰ ਆਗੂ ਤੇ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।



*ਅੰਨਾ ਹਜ਼ਾਰੇ*

ਸੀ.ਪੀ.ਐਮ. ਦੇ ਸੀਨੀਅਰ ਆਗੂ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਤੇ ਸੀ.ਬੀ.ਆਈ. ਨੂੰ ਲੋਕਪਾਲ ਦੇ ਘੇਰੇ ਵਿਚ ਨਹੀਂ ਲਿਆਂਦਾ ਜਾਂਦਾ ਤਾਂ ਬਿੱਲ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਲੋਕਪਾਲ ਨੂੰ ਸੰਵਿਧਾਨਕ ਦਰਜਾ ਦੇਣ ਜਾਂ ਨਾ ਦੇਣ ਨਾਲ ਕੋਈ ਫਰਕ ਨਹੀਂ ਪੈਂਦਾ, ਸਗੋਂ ਮੁੱਖ ਗੱਲ ਇਹ ਹੈ ਕਿ ਇਸ ਨੂੰ ਕੀ ਅਧਿਕਾਰ ਦਿੱਤੇ ਜਾਂਦੇ ਹਨ।

ਉਧਰ, ਸ੍ਰੀ ਹਜ਼ਾਰੇ ਨੇ ਐਲਾਨ ਕਰ ਦਿੱਤਾ ਕਿ ਜੇ ਸੰਸਦ ਦੇ ਚਾਲੂ ਸੈਸ਼ਨ ਦੌਰਾਨ ਤਾਕਤਵਰ ਲੋਕਪਾਲ ਬਿੱਲ ਨਾ ਲਿਆਂਦਾ ਗਿਆ ਤਾਂ ਉਹ 27 ਦਸੰਬਰ ਤੋਂ ਫਿਰ ਭੁੱਖ ਹੜਤਾਲ ਸ਼ੁਰੂ ਕਰ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਜਿਸ ਤਰੀਕੇ ਨਾਲ ਕੰਮ ਕਰ ਰਹੀ ਹੈ, ਉਸ ਨਾਲ ਦੇਸ਼ ਦਾ ਵਿਕਾਸ ਕਦੇ ਨਹੀਂ ਹੋਵੇਗਾ। ਉਨ੍ਹਾਂ ਕਿਹਾ ਹੈ ਕਿ ਕੇਂਦਰ ਸਰਕਾਰ ਵਿਚ ਪ੍ਰਧਾਨ ਮੰਤਰੀ ਤੋਂ ਵੀ ਵੱਡਾ ਇਕ ਆਦਮੀ ਹੈ ਜਿਸ ਦਾ ਨਾਂ ਰਾਹੁਲ ਗਾਂਧੀ ਹੈ। ਇਸ ਦੇ ਇਸ਼ਾਰੇ 'ਤੇ ਸੰਸਦ ਦੀ ਸਥਾਈ ਕਮੇਟੀ ਨੇ ਲੋਕਪਾਲ ਬਿੱਲ ਬਾਰੇ ਰਿਪੋਰਟ ਤਿਆਰ ਕੀਤੀ ਹੈ। ਇਸ ਨੇ ਹੀ ਲੋਕਪਾਲ ਬਿਲ ਨੂੰ ਕਮਜ਼ੋਰ ਕਰਨ ਲਈ ਤਰਕੀਬਾਂ ਘੜੀਆਂ ਹਨ।

ਟੀਮ ਅੰਨਾ ਮੈਂਬਰ ਕਿਰਨ ਬੇਦੀ ਨੇ ਕਿਹਾ ਕਿ ਕੋਈ ਕੀ ਕਹਿੰਦਾ ਹੈ, ਇਸ 'ਤੇ ਉਨ੍ਹਾਂ ਦਾ ਧਿਆਨ ਨਹੀਂ। ਉਨ੍ਹਾਂ ਦਾ ਸਾਰਾ ਧਿਆਨ ਸਿਰਫ ਲੋਕਪਾਲ ਬਿੱਲ 'ਤੇ ਕੇਂਦਰਤ ਹੈ।

ਇਸ ਘੜਮੱਸ ਦੇ ਦੌਰਾਨ ਹੀ ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ਦੀ ਅਗਵਾਈ ਵਾਲੀ 30 ਮੈਂਬਰੀ ਸੰਸਦ ਦੀ ਸਥਾਈ ਕਮੇਟੀ ਵੱਲੋਂ ਲੋਕਪਾਲ ਬਿੱਲ 2011 ਬਾਰੇ ਰਿਪੋਰਟ ਸੰਸਦ ਵਿਚ ਪੇਸ਼ ਕਰ ਦਿੱਤੀ ਗਈ। ਬਿੱਲ ਬਾਰੇ 286 ਸਫ਼ਿਆਂ ਦੀ ਰਿਪੋਰਟ ਪੇਸ਼ ਕਰਨ ਤੋਂ ਬਾਅਦ ਸ੍ਰੀ ਸਿੰਘਵੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਬਾਰੇ ਰਿਪੋਰਟ ਵਿਚ 3 ਬਦਲ ਦਿੱਤੇ ਗਏ ਹਨ। ਇਨ੍ਹਾਂ ਵਿਚੋਂ ਕਿਹੜਾ ਸਹੀ ਹੈ, ਇਸ ਬਾਰੇ ਫੈਸਲਾ ਸੰਸਦ ਕਰੇਗੀ। ਸੰਸਦ ਮੈਂਬਰਾਂ ਨੂੰ ਲੋਕਪਾਲ ਦੇ ਦਾਇਰੇ ਵਿਚ ਰੱਖਣ ਬਾਰੇ ਸਿੰਘਵੀ ਨੇ ਕਿਹਾ ਕਿ ਸੰਸਦ ਮੈਂਬਰਾਂ ਨੂੰ ਸੰਵਿਧਾਨ ਦੇ ਆਰਟੀਕਲ 105 ਤਹਿਤ ਬਹੁਤ ਹੀ 'ਮੁਕੱਦਸ ਅਤੇ ਸਮੇਂ ਦੀ ਪਰਖ ਕਰਨ ਵਾਲੇ' ਦੱਸਿਆ ਗਿਆ ਹੈ ਅਤੇ ਸੰਵਿਧਾਨ ਦੀਆਂ ਵਿਵਸਥਾਵਾਂ ਵਿਚ ਦਖ਼ਲ ਦੇਣ ਦੀ ਫਿਲਹਾਲ ਕੋਈ ਗੁੰਜਾਇਸ਼ ਨਹੀਂ ਹੈ। ਕਮੇਟੀ ਵੱਲੋਂ ਗਰੁੱਪ 'ਸੀ' ਅਤੇ 'ਡੀ' ਦੇ ਸਾਰੇ ਕਰਮਚਾਰੀਆਂ ਨੂੰ 'ਸੈਂਟਰਲ ਵਿਜੀਲੈਂਸ ਕਮਿਸ਼ਨ' ਦੇ ਅਧਿਕਾਰ ਖੇਤਰ 'ਚ ਲਿਆਉਣ ਦੀ ਸਿਫਾਰਿਸ਼ ਕੀਤੀ ਗਈ ਹੈ।

# ਅਮਰੀਕਾ ਨੇ ਪਾਕਿ ਨੂੰ 70 ਕਰੋੜ ਡਾਲਰ ਦੀ ਮਦਦ ਰੋਕੀ

**ਵਾਸ਼ਿੰਗਟਨ:** ਅਮਰੀਕੀ ਸੰਸਦ ਵੱਲੋਂ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 70 ਕਰੋੜ ਡਾਲਰ ਦੀ ਮਦਦ ਰੋਕੇ ਜਾਣ ਦੀ ਤਿਆਰੀ ਹੈ ਤੇ ਮਦਦ ਉਦੋਂ ਤਕ ਬਹਾਲ ਨਹੀਂ ਹੋਵੇਗੀ, ਜਦੋਂ ਤਕ ਪਾਕਿਸਤਾਨ, ਅਫ਼ਗਾਨਿਸਤਾਨ ਵਿਚ ਵਿਛੀਆਂ ਬਾਰੂਦੀ ਸੁਰੰਗਾਂ ਨੂੰ ਹਟਾਉਣ ਬਾਰੇ ਠੋਸ ਨੀਤੀ ਤਿਆਰ ਨਹੀਂ ਕਰਦਾ। ਇਸੇ ਦੌਰਾਨ ਅਮਰੀਕੀ ਰੱਖਿਆ ਮੰਤਰੀ ਲਿਓਨ ਪਨੇਟਾ ਨੇ ਕਿਹਾ ਹੈ ਕਿ ਅਮਰੀਕਾ ਤੇ ਪਾਕਿ ਆਪਣੇ ਮਤਭੇਦ ਦੂਰ ਕਰ ਸਕਦੇ ਹਨ। ਦੋਵਾਂ ਦੇ ਸਬੰਧ ਅਫ਼ਗਾਨਿਸਤਾਨ ਲਈ ਅਹਿਮ ਹਨ।

ਅਮਰੀਕਾ ਦੇ ਪ੍ਰਤੀਨਿਧ ਸਦਨ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 70 ਕਰੋੜ ਡਾਲਰ ਦੀ ਸਹਾਇਤਾ ਰੋਕਣ ਲਈ ਸਹਿਮਤੀ ਦਿੰਦਿਆਂ ਕਿਹਾ ਹੈ ਕਿ ਜਦੋਂ ਤਕ ਪਾਕਿਸਤਾਨ ਆਪਣੇ ਦੇਸ਼ ਅੰਦਰ ਦੇਸੀ ਬੰਬਾਂ ਦੇ ਪਸਾਰ ਨੂੰ ਰੋਕਣ ਲਈ ਰਣਨੀਤੀ ਨਹੀਂ ਬਣਾਉਂਦਾ, ਉਸ ਨੂੰ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ। ਅਮਰੀਕਾ ਦੇ ਇਸ ਕਦਮ ਨਾਲ ਦੋਵਾਂ ਦੇਸ਼ਾਂ ਵਿਚਕਾਰ ਸੰਕਟ ਹੋਰ ਡੂੰਘਾ ਹੋਣ ਦੇ ਆਸਾਰ ਹਨ।

ਦੋਵਾਂ ਧਿਰਾਂ ਰਿਪਬਲੀਕਨ ਤੇ ਡੈਮੋਕਰੇਟਿਕ ਨੇ ਸਖ਼ਤ ਰੁਖ਼ ਵਿਖਾਉਂਦਿਆਂ ਪ੍ਰਤੀਨਿਧ ਸਦਨ ਤੇ ਸੈਨੇਟ ਦੀ ਸਮਝੌਤਾ ਕਮੇਟੀ ਸਾਲ 2012 ਲਈ 662 ਅਰਬ ਡਾਲਰ ਦੇ ਰੱਖਿਆ ਬਿੱਲ ਲਈ ਸਹਿਮਤ ਦੇ ਦਿੱਤੀ। ਕਮੇਟੀ ਦੀ ਰੱਖਿਆ ਬਿੱਲ 'ਤੇ ਸਹਿਮਤੀ ਕਾਰਨ ਪਾਕਿਸਤਾਨ ਨੂੰ 70 ਕਰੋੜ ਡਾਲਰ ਦੀ ਦਿੱਤੀ ਜਾਣ ਵਾਲੀ ਸਹਾਇਤਾ ਰੋਕਣ ਲਈ ਰਾਹ ਸਾਫ ਹੋ ਗਿਆ ਹੈ ਕਿਉਂਕਿ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਅਮਰੀਕੀ ਰੱਖਿਆ ਬਿੱਲ ਦਾ ਹੀ ਹਿੱਸਾ ਹੈ।

ਪਾਕਿਸਤਾਨ ਦੀ ਸਹਾਇਤਾ 'ਚ ਕਟੌਤੀ ਕਰਨ ਤੋਂ ਇਲਾਵਾ ਸੈਨਿਕ ਰੱਖਿਆ ਬਿੱਲ ਵਿਚ ਈਰਾਨ ਦੀ ਕੇਂਦਰੀ ਬੈਂਕ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਤੇ ਅਲਕਾਇਦਾ ਲੜਾਕਿਆਂ ਲਈ ਬਣਾਈ ਗੁਟਾਂਤਨਾਮੋ ਬੇਅ ਜੇਲ੍ਹ ਬੰਦ ਕਰਨ ਲਈ ਨਵੀਆਂ ਸ਼ਰਤਾਂ ਰੱਖ ਦਿੱਤੀਆਂ ਹਨ। ਇਸ ਬਿੱਲ ਨੂੰ ਇਸੇ ਹਫਤੇ ਦੋਵਾਂ ਸਦਨਾਂ 'ਚ ਪੇਸ਼ ਕੀਤਾ ਜਾਵੇਗਾ ਤੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਨੂੰ ਨਿਸ਼ਾਨਾ ਬਣਾਉਣ ਵਾਲੇ ਸ਼ੱਕੀ ਅਤਿਵਾਦੀਆਂ ਦੀ ਸੈਨਿਕ ਹਿਰਾਸਤ ਵਿਰੁੱਧ ਕਿਸੇ ਵੀ ਬਿੱਲ ਨੂੰ ਉਹ ਵੀਟੋ ਕਰ ਦੇਣਗੇ।

ਪਾਕਿਸਤਾਨ ਸਭ ਤੋਂ ਵੱਧ ਵਿਦੇਸ਼ੀ ਸਹਾਇਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਵਿਚ ਸ਼ਾਮਲ ਹੈ ਤੇ ਰੋਕੀ ਜਾਣ ਵਾਲੀ ਸਹਾਇਤਾ ਪਾਕਿਸਤਾਨ ਵੱਲੋਂ ਹਰੇਕ ਸਾਲ ਸੈਨਿਕ ਤੇ ਗੈਰ ਫ਼ੌਜੀ ਪ੍ਰਾਪਤ ਕੀਤੀ ਜਾਂਦੀ ਸਹਾਇਤਾ ਦਾ ਛੋਟਾ ਜਿਹਾ ਹੀ ਹਿੱਸਾ ਹੈ ਪਰ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਸਹਾਇਤਾ 'ਤੇ ਹੋਰ ਵੱਡੀ ਕਟੌਤੀ ਲੱਗ ਸਕਦੀ ਹੈ ਕਿਉਂਕਿ ਅਮਰੀਕਾ ਵਿਚ ਇਹ ਮੰਗ ਵਧ ਰਹੀ ਹੈ ਕਿ ਪਾਕਿਸਤਾਨ ਦੀ ਭੂਮੀ 'ਤੇ ਸਰਗਰਮ ਅਤਿਵਾਦੀਆਂ ਜਿਹੜੇ ਅਫਗਾਨਿਸਤਾਨ ਵਿਚ ਅਮਰੀਕੀ ਸੈਨਿਕਾਂ ਨੂੰ ਮਾਰਦੇ ਹਨ, ਖਿਲਾਫ ਕਾਰਵਾਈ ਨਾ ਕਰਨ ਬਦਲੇ ਪਾਕਿਸਤਾਨ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

# ਅਮਰਿੰਦਰ ਸਿੰਘ ਮੁੱਖ ਮੰਤਰੀ ਬਾਦਲ ਨਾਲੋਂ ਵਧੀਆ ਸਿੱਖ:ਹਵਾਰਾ

*(ਸਫਾ ਇਕ ਦੀ ਬਾਕੀ)*

ਫਾਂਸੀ ਦੀ ਸਜ਼ਾ ਦੇ ਸੈਸ਼ਨ ਕੋਰਟ ਦੇ ਫ਼ੈਸਲੇ ਨੂੰ ਬਹਾਲ ਕਰਨ ਲਈ ਸੀ.ਬੀ.ਆਈ. ਵੱਲੋਂ ਸੁਪਰੀਮ ਕੋਰਟ ਵਿਚ ਪਾਈ ਗਈ ਅਪੀਲ ਬਾਰੇ ਭਾਈ ਹਵਾਰਾ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਵਿਚ ਇਨਸਾਫ਼ ਲਈ ਲੜਾਈ ਜਾਰੀ ਰੱਖਣਗੇ। ਇਸ ਤੋਂ ਬਾਅਦ ਉਹ ਹੋਰ ਕਿਸੇ ਤੋਂ ਵੀ ਇਨਸਾਫ਼ ਨਹੀਂ ਮੰਗਣਗੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਿਚ ਕੇਸ ਲੜਨ ਲਈ ਵਕੀਲਾਂ ਦੀ ਟੀਮ ਬਣਾਉਣ ਲਈ ਉਹ ਆਪਣੇ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ।

ਇਸੇ ਦੌਰਾਨ ਭਾਈ ਹਵਾਰਾ ਤੇ ਭਾਈ ਭਿਓਰਾ ਨੂੰ ਬੁੜੈਲ ਜੇਲ੍ਹ ਤੋੜ ਕੇ ਫਰਾਰ ਹੋਣ ਦੇ ਕੇਸ ਵਿਚ 12 ਦਸੰਬਰ ਨੂੰ ਚੰਡੀਗੜ੍ਹ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਜੇ.ਐਸ. ਸਿੱਧੂ ਅੱਗੇ ਪੇਸ਼ ਕੀਤਾ ਗਿਆ। ਇਹ ਦੋਵੇਂ ਸਿੰਘ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹਨ ਤੇ ਇਨ੍ਹਾਂ ਨੂੰ ਤਿੰਨ ਰਾਜਾਂ ਦੀ ਪੁਲਿਸ ਸੁਰੱਖਿਆ ਹੇਠ ਇੱਥੇ ਲਿਆਂਦਾ ਗਿਆ। ਚੰਡੀਗੜ੍ਹ ਪੁਲਿਸ ਵੱਲੋਂ ਜ਼ਿਲ੍ਹਾ ਕਚਹਿਰੀਆਂ ਦੇ ਅੰਦਰ ਤੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਪੁਲਿਸ ਵੱਲੋਂ ਜਦੋਂ ਹਵਾਰਾ ਤੇ ਭਿਓਰਾ ਨੂੰ ਜਿਪਸੀ ਵਿਚ ਅਦਾਲਤ ਕੰਪਲੈਕਸ ਅੰਦਰ ਲਿਆਂਦਾ ਗਿਆ ਤਾਂ ਉਥੇ ਖੜ੍ਹੇ ਉਨ੍ਹਾਂ ਦੇ ਹਮਾਇਤੀ ਨਾਅਰੇ ਲਾਉਣ ਲੱਗ ਪਏ। ਹਮਾਇਤੀਆਂ ਵੱਲੋਂ ਖਾਲਿਸਤਾਨ, ਭਾਈ ਹਵਾਰਾ, ਭਾਈ ਭਿਓਰਾ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪੱਖ ਵਿਚ ਨਾਅਰੇ ਲਾਏ ਗਏ।

ਪੁਲਿਸ ਨੇ ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ। ਗ੍ਰਿਫ਼ਤਾਰ ਕੀਤੇ ਬੰਦਿਆਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ, ਜਸਵੰਤ ਸਿੰਘ ਸੰਗਰੂਰ, ਕਮਲਜੀਤ ਸਿੰਘ ਫਤਿਹਗੜ੍ਹ, ਕੁਲਦੀਪ ਸਿੰਘ ਦੁਬਾਲੀ ਤੇ ਰਣਦੇਵ ਸਿੰਘ ਦੇਬੀ ਸ਼ਾਮਲ ਹਨ।

ਦੂਜੇ ਪਾਸੇ ਭਾਈ ਹਵਾਰਾ ਤੇ ਭਿਓਰਾ ਨੂੰ ਇੱਥੇ ਲਿਆਉਣ ਤੋਂ ਕੁਝ ਸਮਾਂ ਪਹਿਲਾਂ ਤੱਕ ਕਈ ਹਿੰਦੂ ਸੰਗਠਨਾਂ ਦੇ ਕਾਰਕੁਨ ਵੀ ਅਦਾਲਤੀ ਕੰਪਲੈਕਸ ਵਿਚ ਮੌਜੂਦ ਸਨ। ਉਂਜ, ਪੁਲਿਸ ਨੇ ਇਨ੍ਹਾਂ ਨੂੰ ਪਹਿਲਾਂ ਹੀ ਖਿੰਡਾ ਦਿੱਤਾ।

ਕੇਸ ਦੀ ਸੁਣਵਾਈ ਮੌਕੇ ਚੰਡੀਗੜ੍ਹ ਪੁਲਿਸ ਦੇ ਇੰਸਪੈਕਟਰ ਦੀਵਾਨ ਸਿੰਘ ਦੇ ਬਿਆਨ ਲਏ ਗਏ। ਦੀਵਾਨ ਸਿੰਘ ਨੂੰ ਬੁੜੈਲ ਜੇਲ੍ਹ ਤੋੜਨ ਦੇ ਕੇਸ ਬਾਰੇ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਸੁਣਵਾਈ ਦੌਰਾਨ ਕੇਸ ਦੀ ਸਮੱਗਰੀ ਵੀ ਅਦਾਲਤ ਵਿਚ ਪੇਸ਼ ਕੀਤੀ ਗਈ ਜਿਸ ਦੇ ਦਰੁਸਤ ਹੋਣ ਦੀ ਦੀਵਾਨ ਸਿੰਘ ਵੱਲੋਂ ਪੁਸ਼ਟੀ ਕੀਤੀ ਗਈ ਹੈ। ਇਸ ਸਮੱਗਰੀ ਵਿਚ ਜੇਲ੍ਹ ਦੀ ਬਿਜਲੀ ਗੁੱਲ ਕਰਨ ਲਈ ਵਰਤੇ ਗਏ ਸੰਗਲ ਵੀ ਸ਼ਾਮਲ ਸਨ।

ਬਚਾਅ ਪੱਖ ਦੇ ਵਕੀਲਾਂ ਅਰਵਿੰਦ ਠਾਕੁਰ ਅਤੇ ਅਮਰ ਸਿੰਘ ਚਾਹਲ ਨੇ ਅਦਾਲਤ ਨੂੰ ਅਰਜ਼ੀ ਦੇ ਕੇ ਤਿਹਾੜ ਜੇਲ੍ਹ ਵੱਲੋਂ ਜਗਤਾਰ ਸਿੰਘ ਹਵਾਰਾ ਨੂੰ ਢੁੱਕਵੀਂ ਮੈਡੀਕਲ ਸਹੂਲਤ ਨਾ ਦੇਣ ਦੀ ਸ਼ਿਕਾਇਤ ਕੀਤੀ। ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਅਗਲੀ ਪੇਸ਼ੀ ਮੌਕੇ ਹਵਾਰਾ ਦਾ ਮੈਡੀਕਲ ਰਿਕਾਰਡ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਕੇਸ ਦੀ ਅਗਲੀ ਸੁਣਵਾਈ 9 ਫਰਵਰੀ ਮੁਕਰਰ ਕੀਤੀ ਗਈ ਹੈ।

ਅਦਾਲਤ ਵੱਲੋਂ ਭਾਈ ਹਵਾਰਾ ਤੇ ਭਿਓਰਾ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਅਦਾਲਤ ਦੇ ਕਮਰੇ ਵਿਚ ਹੀ ਮਿਲਣ ਦੀ ਇਜਾਜ਼ਤ ਦਿੱਤੀ ਗਈ। ਮਿਲਣ ਵਾਲਿਆਂ ਵਿਚ ਭਾਈ ਹਵਾਰਾ ਦੀ ਮਾਂ ਅਤੇ ਤਾਇਆ ਦੇਵਾ ਸਿੰਘ ਵੀ ਸ਼ਾਮਲ ਸਨ।

## ਹਵਾਰਾ 'ਤੇ ਹਮਲਾ ਕਰਨ ਵਾਲੇ ਦਾ ਪੁਲਿਸ ਰਿਮਾਂਡ

**ਚੰਡੀਗੜ੍ਹ:** ਜਗਤਾਰ ਸਿੰਘ ਹਵਾਰਾ 'ਤੇ 11 ਨਵੰਬਰ ਨੂੰ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਹਮਲਾ ਕਰਨ ਵਾਲੇ ਹਿੰਦੂ ਸੁਰੱਖਿਆ ਸਮਿਤੀ ਦੇ ਕਾਰਕੁਨ ਅਤੇ ਧੋਖਾਧੜੀ ਦੇ ਵੱਖ-ਵੱਖ ਮਾਮਲਿਆਂ ਵਿਚ ਲੋੜੀਂਦੇ ਨਿਸ਼ਾਂਤ ਕੁਮਾਰ ਸ਼ਰਮਾ ਨੂੰ ਚੰਡੀਗੜ੍ਹ ਪੁਲਿਸ ਤੋਂ ਪ੍ਰੋਟੈਕਸ਼ਨ ਵਰੰਟ 'ਤੇ ਲਿਆ ਕੇ ਖਰੜ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਪੁਲਿਸ ਅਨੁਸਾਰ ਨਿਸ਼ਾਂਤ ਕੁਮਾਰ ਖਿਲਾਫ਼ ਲੁਧਿਆਣਾ ਦੇ ਵਸਨੀਕ ਮੋਹਣਬੀਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੇ ਕਾਰ ਲੈਣ ਲਈ ਸ਼ਰਮਾ ਨੂੰ ਸਾਢੇ ਤਿੰਨ ਲੱਖ ਰੁਪਏ ਨਕਦ ਮੰਡੀ ਖਰੜ ਦਫ਼ਤਰ ਵਿਚ ਦਿੱਤੇ ਸਨ ਤੇ ਬਾਅਦ ਵਿਚ ਜਦੋਂ ਉਹ ਕਾਰ ਲੈਣ ਗਿਆ ਤਾਂ ਉਸ ਨੇ ਨਾ ਤਾਂ ਉਸ ਨੂੰ ਕਾਰ ਹੀ ਦਿੱਤੀ ਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ। ਇਸ ਸਬੰਧੀ ਪੁਲਿਸ ਨੇ ਨਿਸ਼ਾਂਤ ਕੁਮਾਰ ਸ਼ਰਮਾ ਖਿਲਾਫ਼ 21-7-2011 ਨੂੰ ਧਾਰਾ 420, 120 ਬੀ, ਆਈ. ਪੀ. ਸੀ. ਅਧੀਨ ਮਾਮਲਾ ਦਰਜ ਕੀਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਤਖ਼ਤ ਪਟਨਾ ਸਾਹਿਬ ਦੇ ਦੂਰਲੱਭ ਖਰੜਿਆਂ ਦੀ ਡਿਜੀਟਲਾਈਜ਼ੇਸ਼ਨ

**ਚੰਡੀਗੜ੍ਹ:** ਸਿੱਖ ਇਤਿਹਾਸ ਦੇ ਖੋਜੀਆਂ ਤੇ ਜਗਿਆਸੂਆਂ ਲਈ ਖੁਸ਼ਖ਼ਬਰੀ ਹੈ ਕਿ ਪੰਜਾਬ ਡਿਜੀਟਲ ਲਾਇਬਰੇਰੀ (ਪੀ.ਡੀ.ਐਲ.) ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪਏ ਦੂਰਲੱਭ ਖਰੜਿਆਂ ਨੂੰ ਡਿਜੀਟਲ ਰੂਪ ਦੇਣ ਦਾ ਕਾਰਜ ਸ਼ੁਰੂ ਕਰ ਦਿੱਤਾ ਹੈ। ਇਸ ਪ੍ਰਾਜੈਕਟ ਨਾਲ ਨੇੜਿਓਂ ਜੁੜੇ ਸਿੱਖ ਇਤਿਹਾਸ ਖੋਜ ਬੋਰਡ ਦੇ ਇੰਚਾਰਜ ਸੁਖਦੇਵ ਸਿੰਘ ਨੇ ਇਸ ਕਾਰਜ ਨੂੰ ਸਿੱਖ ਭਾਈਚਾਰੇ ਦੇ ਵਿਰਸੇ ਦੀ ਸਾਂਭ-ਸੰਭਾਲ ਦਾ ਵੱਡਾ ਕਦਮ ਕਰਾਰ ਦਿੰਦਿਆਂ ਕਿਹਾ ਕਿ ਉਥੇ ਗੁਰੂ ਕਾਲ ਤੇ ਉਸ ਤੋਂ ਤੁਰੰਤ ਮਗਰੋਂ ਦੇ ਸਮੇਂ ਨਾਲ ਸਬੰਧਤ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ 50 ਖਰੜੇ ਮੌਜੂਦ ਹਨ।

ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੇ ਸਮਕਾਲੀਨ ਖਰੜਿਆਂ 'ਤੇ ਉਨ੍ਹਾਂ ਦੇ ਹਸਤਾਖਰ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਸ਼ੁਰੂ ਹੋਏ ਇਸ ਪ੍ਰਾਜੈਕਟ ਦਾ ਸਵਾਗਤ ਕਰਦਿਆਂ ਵਿਦਵਾਨ ਅਨੁਰਾਗ ਸਿੰਘ ਨੇ ਕਿਹਾ ਕਿ ਇਹ ਸਿੱਖ ਵਿਰਸੇ ਦੀ ਡਿਜੀਟਲ ਸੰਭਾਲ ਵੱਲ ਅਹਿਮ ਕਦਮ ਹੈ। ਹੁਣ ਇਹ ਸਮੱਗਰੀ ਖੋਜੀ ਵਿਦਵਾਨਾਂ ਦੀ ਕੰਪਿਊਟਰ ਸਕਰੀਨ 'ਤੇ ਮੁਹੱਈਆ ਹੋਵੇਗੀ ਜਿਸ ਨਾਲ ਉਨ੍ਹਾਂ ਦਾ ਬਹੁਤ ਸਾਰਾ ਸਮਾਂ ਤੇ ਊਰਜਾ ਬਚੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਪੀ.ਡੀ.ਐਲ. ਵੱਲੋਂ ਦੂਰ-ਦਰਾਜ਼ ਦੇ ਖੇਤਰਾਂ 'ਚ ਵਿਅਕਤੀਗਤ ਤੇ ਸੰਸਥਾਈ ਰੂਪ 'ਚ ਰੱਖੀ ਬਹੁਮੁੱਲੀ ਵਿਰਾਸਤੀ ਸਮੱਗਰੀ ਨੂੰ ਸੰਭਾਲਣ ਦੇ ਯਤਨ ਕੀਤੇ ਜਾ ਰਹੇ ਹਨ। ਸਮੇਂ ਸਿਰ ਪਹਿਲਕਦਮੀ ਨਾ ਲਏ ਜਾਣ ਕਰਕੇ ਬਹੁਤ ਸਾਰੀ ਮੁੱਲਵਾਨ ਵਿਰਾਸਤੀ ਸਮੱਗਰੀ ਗਵਾ ਬੈਠੇ ਹਾਂ ਪਰ ਭਵਿੱਖੀ ਨੁਕਸਾਨ ਤੋਂ ਬਚਾਅ ਲਈ ਚੁੱਕਿਆ ਕਦਮ ਕਦੇ ਵੀ ਪਛੇਤਾ ਨਹੀਂ ਆਖਿਆ ਜਾਂਦਾ।

## ਵਿਜੀਲੈਂਸ ਦੀਆਂ ਸ਼ਕਤੀਆਂ 'ਚ ਕਟੌਤੀ ਖ਼ਿਲਾਫ਼ ਪਟੀਸ਼ਨ ਦਾਇਰ

**ਚੰਡੀਗੜ੍ਹ:** ਵਿਜੀਲੈਂਸ ਵਿਭਾਗ ਦੀਆਂ ਸ਼ਕਤੀਆਂ ਵਿਚ ਕਟੌਤੀ ਕਰਨ ਵਾਲੇ ਪੰਜਾਬ ਸਰਕਾਰ ਦੇ 6 ਮਾਰਚ, 2000 ਨੂੰ ਜਾਰੀ ਪੱਤਰ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਸੂਰਿਆ ਕਾਂਤ ਉਤੇ ਅਧਾਰਤ ਬੈਂਚ ਨੇ ਸਵੀਕਾਰ ਕਰ ਲਈ ਹੈ। ਇਸ ਦੀ ਸੁਣਵਾਈ ਹਰਿਆਣਾ ਸਰਕਾਰ ਵਿਰੁੱਧ ਦਾਖਲ ਅਜਿਹੀ ਹੀ ਪਟੀਸ਼ਨ ਦੇ ਨਾਲ 19 ਜਨਵਰੀ 2012 ਨੂੰ ਹੋਵੇਗੀ।

# ਝਿੜੀ ਵਿਚ 11 ਮੋਰ ਤੇ ਸੈਂਕੜੇ ਕਾਂਵਾਂ ਦੀ ਮੌਤ

**ਪਾਇਲ:** ਇਥੋਂ ਥੋੜ੍ਹੀ ਦੂਰ ਲਸਾੜਾ ਦੇ ਉਦਾਸੀਨ ਡੇਰੇ ਬਾਬਾ ਗਾਜੀਦਾਸ (ਬਾਬੇਆਣਾ) ਅਸਥਾਨ ਦੇ ਪਿਛਲੇ ਪਾਸੇ ਦਰਖਤਾਂ ਦੀ ਝਿੜੀ 'ਚ ਸੈਂਕੜੇ ਪੰਛੀਆਂ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ। ਡੇਰੇ ਦੇ ਪਿਛਲੇ ਪਾਸੇ ਸੰਘਣੀ ਝਿੜੀ ਅੰਦਰ 11 ਮੋਰ ਤੇ 150 ਤੋਂ ਵੱਧ ਕਾਂ ਮਰੇ ਪਏ ਸਨ ਜਿਨ੍ਹਾਂ ਬਾਰੇ ਸ਼ੱਕ ਹੈ ਕਿ ਜ਼ਹਿਰੀਲੀ ਖੁਰਾਕ ਖਾਣ ਨਾਲ ਉਨ੍ਹਾਂ ਦਾ ਮੌਤ ਹੋਈ ਹੈ।

ਇਸ ਦੀ ਖ਼ਬਰ ਮਿਲਿਦਿਆਂ ਹੀ ਡਾਕਟਰਾਂ ਨੇ ਤੁਰੰਤ ਪੰਛੀਆਂ ਦਾ ਇਲਾਜ ਕਰਨਾ ਸ਼ੁਰੂ ਕੀਤਾ। ਜ਼ਹਿਰੀਲੀ ਖੁਰਾਕ ਖਾਣ ਪਿੱਛੋਂ ਪੰਛੀ ਬੇਹੋਸ਼ ਹੋ ਕੇ ਖੇਤਾਂ ਵਿਚ ਡਿੱਗ ਪਏ। ਪਿੰਡ ਦੇ ਨੌਜਵਾਨਾਂ ਵੱਲੋਂ ਉਨ੍ਹਾਂ ਨੂੰ ਡਾਕਟਰਾਂ ਕੋਲ ਇਲਾਜ ਲਈ ਲਿਆਂਦਾ ਗਿਆ। ਇਸ ਕਾਰਨ ਕਈ ਪੰਛੀ ਮਰਨ ਤੋਂ ਬਚ ਗਏ। ਡਾਕਟਰੀ ਟੀਮ ਨੇ ਮਰੇ ਹੋਏ ਪੰਛੀਆਂ ਦਾ ਪੋਸਟਮਾਰਟਮ ਕਰਨ ਪਿੱਛੋਂ ਦੱਸਿਆ ਕਿ ਇਨ੍ਹਾਂ ਪੰਛੀਆਂ ਨੂੰ ਕਿਸੇ ਅਨਸਰ ਨੇ ਕਣਕ ਦੇ ਦਾਣਿਆਂ ਤੇ ਚੌਲਾਂ ਵਿਚ ਜ਼ਹਿਰੀਲੀ ਦਵਾਈ ਮਿਲਾ ਕੇ ਖਾਣ ਲਈ ਪਾਇਆ ਗਿਆ ਜੋ ਚੁੱਗਣ ਪਿੱਛੋਂ ਬੇਹੋਸ਼ ਹੋ ਕੇ ਮਰਨ ਲੱਗੇ।

ਡੇਰੇ ਦੇ ਮੁਖੀ ਬਾਬਾ ਬਲਵੰਤ ਦਾਸ, ਜਥੇਦਾਰ ਮੰਗਤ ਰਾਇ ਸਿੰਘ ਲਸਾੜਾ, ਪ੍ਰੀਤਮ ਸਿੰਘ ਗਿੱਲ ਤੇ ਪ੍ਰਧਾਨ ਰੂਪ ਸਿੰਘ ਗਿੱਲ ਨੇ ਦੱਸਿਆ ਕਿ ਸਵੇਰੇ ਜਦੋਂ ਪੰਛੀਆਂ ਨੂੰ ਕੁੱਤਿਆਂ ਵੱਲੋਂ ਆਪਣਾ ਸ਼ਿਕਾਰ ਬਣਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਸੀ ਤਾਂ ਉਨ੍ਹਾਂ ਝਿੜੀ ਵਿਚ ਜਾ ਕੇ ਵੇਖਿਆ ਤਾਂ ਕਈ ਪੰਛੀ ਮਰੇ ਪਏ ਸਨ ਤੇ ਬਹੁਤ ਸਾਰੇ ਤੜਫ਼ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਅਜਿਹੀ ਹਰਕਤ ਕਰਨ ਵਾਲੇ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਵੱਲੋਂ ਇਸ ਘਟਨਾ ਦੀ ਸੂਚਨਾ ਜੰਗਲਾਤ ਵਿਭਾਗ ਤੇ ਥਾਣਾ ਪਾਇਲ ਨੂੰ ਦਿੱਤੀ ਗਈ। ਡੇਰੇ ਦੇ ਸੰਚਾਲਕ ਬਾਬਾ ਬਲਵੰਤ ਦਾਸ, ਸੰਤ ਸੇਵਾਗਿਰ ਤੇ ਪਿੰਡ ਵਾਸੀਆਂ ਵੱਲੋਂ ਪੰਛੀਆਂ ਦਾ ਅੰਤਿਮ ਸੰਸਕਾਰ ਪੂਰੀਆਂ ਰਸਮਾਂ ਨਾਲ ਕੀਤਾ ਗਿਆ।




Short Sale Specialist

We Can Sell Your Home in Short Sale at No Cost to You

For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624

Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਅਮਿਤਾਬ ਬੱਚਨ ਦਾ ਬੇਕਸੂਰ ਹੋਣ ਦਾ ਦਾਅਵਾ ਰੱਦ ਕੀਤਾ ਜਾਵੇ:ਪੰਥਕ ਜਥੇਬੰਦੀਆਂ

**ਸੈਨ ਹੋਜ਼ੇ (ਬਿਊਰੋ):** ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਆਪਣੀ ਕੋਈ ਭੂਮਿਕਾ ਨਾ ਹੋਣ ਸਬੰਧੀ ਫਿਲਮ ਅਦਾਕਾਰ ਅਮਿਤਾਬ ਬੱਚਨ ਵਲੋਂ ਸ੍ਰੀ ਅਕਾਲ ਤਖਤ ਨੂੰ ਲਿਖੇ ਗਏ ਪੱਤਰ ਉਤੇ ਪ੍ਰਤੀਕ੍ਰਿਆ ਜਾਹਰ ਕਰਦਿਆਂ ਵਖ ਵਖ ਪੰਥਕ ਜਥੇਬੰਦੀਆਂ ਨੇ ਕਿਹਾ ਹੈ ਕਿ ਉਸ ਦਾ ਇਹ ਦਾਅਵਾ ਝੂਠਾ ਹੈ ਅਤੇ ਬੇਕਸੂਰ ਹੋਣ ਦੇ ਉਸ ਦੇ ਦਾਅਵੇ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਕਰਵਾਈ ਗਈ ਇਕ ਮੀਟਿੰਗ ਵਿਚ ਸ਼ਾਮਲ ਸਿੱਖ ਜਥੇਬੰਦੀਆਂ-ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਅਕਾਲੀ ਦਲ (ਮਾਨ), ਗੁਰਮਤਿ ਚੇਤਨਾ ਲਹਿਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਦੋਸ਼ ਲਾਇਆ ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ 31 ਅਕਤੂਬਰ 1984 ਨੂੰ ਅਮਿਤਾਬ ਬੱਚਨ ਨੇ ਨਾਅਰੇ ਲਾਏ ਸਨ, 'ਖੂਨ ਕਾ ਬਦਲਾ ਖੂਨ ਸੇ ਲੇਂਗੇ' ਅਤੇ 'ਖੂਨ ਕੇ ਛੀਂਟੇ ਸਿਖੋਂ ਕੇ ਘਰੋਂ ਤਕ ਪਹੁੰਚਨੇ ਚਾਹੀਏ' ਅਤੇ ਇਨ੍ਹਾਂ ਨਾਅਰਿਆਂ ਨੂੰ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ 'ਤੇ ਸਮੁੱਚੇ ਭਾਰਤ ਵਿਚ ਪ੍ਰਸਾਰਿਤ ਕੀਤਾ ਗਿਆ ਸੀ।

ਸਿੱਖਸ ਫਾਰ ਜਸਟਿਸ ਦੇ ਪ੍ਰਮੁੱਖ ਕੋਆਰਡੀਨੇਟਰ ਸੁਖਵਿੰਦਰ ਸਿੰਘ ਠਾਣਾ ਨੇ ਕਿਹਾ ਕਿ ਨਵੰਬਰ 1984 ਵਿਚ ਉਹ ਅਮਿਤਾਬ ਬੱਚਨ ਹੀ ਸੀ ਜਿਸ ਨੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਨੂੰ ਕਤਲ ਕਰਨ ਲਈ ਲੋਕਾਂ ਨੂੰ ਭੜਕਾਇਆ ਸੀ ਜਿਸ ਦੇ ਨਤੀਜੇ ਵਜੋਂ ਹਜ਼ਾਰਾਂ ਬੇਕਸੂਰ ਲੋਕਾਂ ਦਾ ਕਤਲ ਕੀਤਾ ਗਿਆ ਸੀ। ਹੁਣ 27 ਸਾਲਾਂ ਬਾਅਦ ਉਹ ਆਪਣੇ ਆਪ ਨੂੰ ਬੇਕਸੂਰ ਦਸ ਰਿਹਾ ਹੈ ਜਿਸ ਨੂੰ ਅਕਾਲ ਤਖਤ ਸਾਹਿਬ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ।

ਨਵੰਬਰ 1984 ਸਿੱਖ ਨਸਲਕੁਸ਼ੀ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਦੇ ਮੁੱਖ ਗਵਾਹ ਜਸਬੀਰ ਸਿੰਘ ਦਿੱਲੀ ਨੇ ਕਿਹਾ ਕਿ ਅਮਿਤਾਬ ਨੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਮੈਡੀਕਲ ਚੌਕ ਵਿਚ ਭੀੜ ਨੂੰ ਭੜਕਾਉਣ ਵਾਲਾ ਭਾਸ਼ਣ ਦਿੱਤਾ ਸੀ ਜਿਸ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ ਸੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਸਵੰਤ ਸਿੰਘ ਹੋਠੀ ਨੇ ਕਿਹਾ ਕਿ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ ਸਪਸ਼ਟ ਸਬੂਤ ਹੋਣ ਦੇ ਬਾਵਜੂਦ ਅਜੇ ਤਕ ਕਿਸੇ ਨੂੰ ਸਜ਼ਾ ਨਹੀਂ ਮਿਲੀ ਤੇ ਅਮਿਤਾਬ ਵਿਰੁਧ ਤਾਂ ਕਿਸੇ ਨੇ ਜਾਂਚ ਤਕ ਨਹੀਂ ਕੀਤੀ ਕਿਉਂਕਿ ਉਹ ਗਾਂਧੀ ਪਰਿਵਾਰ ਦੇ ਬਹੁਤ ਨੇੜੇ ਸੀ ਜਿਸ ਕਾਰਨ ਹੁਣ ਤਕ ਬਚਦਾ ਆਇਆ ਹੈ ਤੇ ਹੁਣ ਜਦੋਂ ਸਿਖਸ ਫਾਰ ਜਸਟਿਸ ਵਲੋਂ ਉਸ ਖਿਲਾਫ ਆਸਟਰੇਲੀਆ ਵਿਚ ਕੇਸ ਪਾਇਆ ਹੈ ਤਾਂ ਉਹ ਆਪਣੇ ਆਪ ਨੂੰ ਬੇਕਸੂਰ ਹੋਣ ਦਾ ਦਾਅਵਾ 27 ਸਾਲ ਬਾਅਦ ਕਰ ਰਿਹਾ ਹੈ। ਉਨ੍ਹਾਂ ਨੇ ਅਕਾਲ ਤਖਤ ਨੂੰ ਅਪੀਲ ਕੀਤੀ ਹੈ ਕਿ ਅਮਿਤਾਬ ਨੂੰ ਮੁਆਫ ਨਾ ਕੀਤਾ ਜਾਵੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਜੇਕਰ ਅਕਾਲ ਤਖਤ ਸਾਹਿਬ ਮੁਆਫ ਕਰ ਦਿੰਦਾ ਹੈ ਤਾਂ ਵੀ ਸਿੱਖ ਭਾਈਚਾਰਾ ਅਮਿਤਾਬ ਨੂੰ ਕਦੀ ਮੁਆਫ ਨਹੀਂ ਕਰੇਗਾ। ਉਨ੍ਹਾਂ ਨੇ ਉਦਾਹਰਣ ਦਿੰਦਿਆਂ ਕਿਹਾ ਕਿ ਜਨਰਲ ਡਾਇਰ ਨੂੰ ਅਕਾਲ ਤਖਤ ਸਾਹਿਬ ਨੇ ਮੁਆਫ ਕਰ ਦਿੱਤਾ ਸੀ ਪਰ ਸਿੱਖ ਭਾਈਚਾਰੇ ਨੇ ਉਸ ਨੂੰ ਕਦੀ ਮੁਆਫ ਨਹੀਂ ਕੀਤਾ ਸੀ।

ਅਕਾਲੀ ਦਲ (ਮਾਨ) ਦੇ ਆਗੂ ਦਰਸ਼ਨ ਸਿੰਘ ਸੰਧੂ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਅਮਿਤਾਬ ਬੱਚਨ ਦੀਆਂ ਫਿਲਮਾਂ ਦਾ ਬਾਈਕਾਟ ਕਰਨ। ਅਕਾਲੀ ਦਲ (ਮਾਨ) ਜ਼ਿਲਾ ਗੁਰਦਾਸਪੁਰ ਦੇ ਪ੍ਰਧਾਨ ਸੁਖਜੀਤ ਸਿੰਘ ਕਾਲਾ ਅਫਗਾਨਾ ਨੇ ਜ਼ੋਰ ਦੇ ਕੇ ਕਿਹਾ ਕਿ ਅਮਿਤਾਬ ਨੂੰ ਉਸ ਦੇ ਕੀਤੇ ਦੀ ਸਜਾ ਦਿੱਤੀ ਜਾਣੀ ਚਾਹੀਦੀ ਹੈ। ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਜਸਵਿੰਦਰ ਸਿੰਘ ਜੰਡੀ ਨੇ ਅਕਾਲ ਤਖਤ ਨੂੰ ਅਪੀਲ ਕੀਤੀ ਕਿ ਅਮਿਤਾਬ ਨੂੰ ਕਿਸੇ ਵੀ ਹਾਲਤ ਵਿਚ ਮੁਆਫ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਉਹ ਅਪਰਾਧੀ ਹੈ। ਗੁਰਦੁਆਰਾ ਐਲ ਸਬਰਾਂਟੇ ਤੋਂ ਰਵਿੰਦਰ ਸਿੰਘ ਨੇ ਕਿਹਾ ਕਿ ਅਮਿਤਾਬ ਸਿੱਖ ਭਾਈਚਾਰੇ ਦਾ ਦੋਸ਼ੀ ਹੈ ਉਸ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਗੁਰਮਤਿ ਚੇਤਨਾ ਲਹਿਰ ਦੇ ਕਰਨੈਲ ਸਿੰਘ ਖਾਲਸਾ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਨੂੰ ਇਸ ਤਰ੍ਹਾਂ ਦੇ ਕੇਸਾਂ ਵਿਚ ਸ਼ਾਮਿਲ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਕਾਨੂੰਨੀ ਮਾਮਲਾ ਹੈ।


ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸਿੱਖਾਂ ਨੇ ਅਕਾਲ ਤਖਤ ਨੂੰ ਦਿੱਤੇ ਜਾਣ ਵਾਲੇ ਉਸ ਮੰਗ ਪੱਤਰ 'ਤੇ ਦਸਤਖਤ ਕੀਤੇ ਜਿਸ ਵਿਚ ਅਕਾਲ ਤਖਤ ਸਾਹਿਬ ਨੂੰ ਅਪੀਲ ਕੀਤੀ ਗਈ ਹੈ ਕਿ ਅਮਿਤਾਬ ਦੇ ਬੇਕਸੂਰ ਹੋਣ ਦੇ ਦਾਅਵੇ ਨੂੰ ਰੱਦ ਕੀਤਾ ਜਾਵੇ।

ਜ਼ਿਕਰਯੋਗ ਹੈ ਸ਼੍ਰੋਮਣੀ ਕਮੇਟੀ ਦੇ ਇਕ ਮੈਂਬਰ ਰਾਹੀਂ ਅਕਾਲ ਤਖਤ ਨੂੰ ਲਿਖੇ ਅਮਿਤਾਬ ਦੇ ਪੱਤਰ ਬਾਰੇ ਅਕਾਲ ਤਖਤ ਨੇ 22 ਦਸੰਬਰ ਨੂੰ ਮੀਟਿੰਗ ਰੱਖੀ ਹੈ।



# ਸਿੱਖ ਕਤਲੇਆਮ ਦੇ 21 ਮਾਮਲੇ ਅਣਸੁਲਝੇ ਕਰਾਰ

## ਸੱਜਣ ਕੁਮਾਰ ਵਿਰੁਧ ਕੇਸ ਮੁੜ ਸ਼ੁਰੂ



ਸੱਜਣ ਕੁਮਾਰ

ਨਵੀਂ ਦਿੱਲੀ: ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਨਾਲ ਸਬੰਧਤ 21 ਮਾਮਲੇ ਦਿੱਲੀ ਪੁਲਿਸ ਨੇ ਅਣਸੁਲਝੇ ਕਰਾਰ ਦੇ ਦਿੱਤੇ ਹਨ। ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਪੀੜਤਾਂ ਦੀ ਪੀੜ 'ਚ ਹੁਣ ਫਿਰ ਮਣਾਂ ਮੂੰਹੀ ਵਾਧਾ ਹੋ ਗਿਆ ਹੈ। ਦੂਜੇ ਪਾਸੇ, ਦਿੱਲੀ ਦੀ ਅਦਾਲਤ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਚੱਲ ਰਹੇ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਵਿਚ ਇਕ ਸਾਬਕਾ ਪੁਲਿਸ ਇੰਸਪੈਕਟਰ ਨੂੰ ਬਚਾਅ ਪੱਖ ਦੇ ਗਵਾਹ ਵਜੋਂ ਅਦਾਲਤ 'ਚ ਤਲਬ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਪੁਲਿਸ ਵੱਲੋਂ 1984 ਦੇ ਸਿੱਖ ਕਤਲੇਆਮ ਸਬੰਧੀ 56 ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ 21 ਦਾ ਕੋਈ ਨਿਬੇੜਾ ਨਹੀਂ ਹੋ ਸਕਿਆ। ਪੁਲਿਸ ਨੇ ਇਨ੍ਹਾਂ ਕੇਸਾਂ ਨੂੰ ਅਣਸੁਲਝੇ ਕਰਾਰ ਦਿੱਤਾ ਹੈ। ਹਾਸਲ ਜਾਣਕਾਰੀ ਅਨੁਸਾਰ ਦੱਖਣ-ਪੂਰਬੀ ਦਿੱਲੀ ਦੇ ਪੰਜ ਪੁਲਿਸ ਥਾਣਿਆਂ ਵਿਚ 225 ਵਿਅਕਤੀਆਂ ਖ਼ਿਲਾਫ਼ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ 56 ਕੇਸ ਦਰਜ ਕੀਤੇ ਗਏ ਸਨ।

ਇਨ੍ਹਾਂ ਵਿਚੋਂ ਸਿਰਫ ਤਿੰਨ ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ। ਦੋ ਹਾਲੇ ਵੀ ਸੁਣਵਾਈ ਤਹਿਤ ਹਨ ਤੇ 30 ਕੇਸਾਂ ਵਿਚ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ। ਪੁਲਿਸ ਦਾ ਦਾਅਵਾ ਹੈ ਕਿ ਬਾਕੀ 21 ਕੇਸਾਂ ਦੇ ਪੀੜਤਾਂ ਜਾਂ ਮੁਲਜ਼ਮਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ। ਭੀੜ ਨੂੰ ਹਿੰਸਾ ਕਰਨ ਤੇ ਲੋਕਾਂ ਨੂੰ ਮਾਰਨ ਲਈ ਉਕਸਾਉਣ ਦੇ ਦੋਸ਼ਾਂ ਤਹਿਤ ਇਹ ਕੇਸ ਨਜਫ਼ਗੜ੍ਹ, ਡਾਬਰੀ, ਨਰਾਇਣਾ, ਇੰਦਰਪੁਰੀ ਤੇ ਦਿੱਲੀ ਛਾਉਣੀ ਪੁਲਿਸ ਸਟੇਸ਼ਨਾਂ ਵਿਚ ਦਰਜ ਕੀਤੇ ਗਏ ਸਨ।

ਸਰਕਾਰ ਵੱਲੋਂ ਇਸ ਕਤਲੇਆਮ ਸਬੰਧੀ ਜਾਂਚ ਕਰਨ ਲਈ ਜਸਟਿਸ ਜੀ.ਟੀ. ਨਾਨਾਵਟੀ ਦੀ ਅਗਵਾਈ ਹੇਠ ਬਣਾਏ ਗਏ ਕਮਿਸ਼ਨ ਨੇ ਕੁਝ ਸੀਨੀਅਰ ਸਿਆਸੀ ਆਗੂਆਂ ਨੂੰ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ ਸੀ ਪਰ ਸਭ ਇਨ੍ਹਾਂ ਦੋਸ਼ਾਂ ਵਿਚ ਬਰੀ ਹੁੰਦੇ ਜਾ ਰਹੇ ਹਨ। ਐਡਵੋਕੇਟ ਵਿਵੇਕ ਗਰਗ ਨੇ ਦਿੱਲੀ ਪੁਲਿਸ ਤੋਂ ਸੂਚਨਾ ਅਧਿਕਾਰ ਤਹਿਤ ਸਿੱਖ ਕਤਲੇਆਮ ਦੇ ਕੇਸਾਂ ਦੀ ਜਾਣਕਾਰੀ ਮੰਗੀ ਸੀ। ਸ੍ਰੀ ਗਰਗ ਅਨੁਸਾਰ ਦਿੱਲੀ ਪੁਲਿਸ ਨੇ ਪੀੜਤਾਂ ਬਾਰੇ ਵੀ ਪਹਿਲੀ ਨਵੰਬਰ 1984 ਨੂੰ ਨਰਾਇਣਾ ਪੁਲਿਸ ਥਾਣੇ ਵਿਚ ਦਰਜ ਕੇਸ ਅਨੁਸਾਰ ਤਿੰਨ ਅਣਪਛਾਤੇ ਵਿਅਕਤੀ ਜਿਊਂਦੇ ਸਾੜ ਦਿੱਤੇ ਗਏ ਸਨ ਪਰ 10 ਮਾਰਚ 1985 ਨੂੰ ਇਸ ਮਾਮਲੇ ਨੂੰ ਅਣਸੁਲਝਿਆ ਐਲਾਨ ਦਿੱਤਾ ਗਿਆ।

ਉਧਰ, ਦਿੱਲੀ ਦੀ ਅਦਾਲਤ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਚੱਲ ਰਹੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕੇਸ ਵਿਚ ਸਾਬਕਾ ਪੁਲਿਸ ਇੰਸਪੈਕਟਰ ਨੂੰ ਬਚਾਅ ਪੱਖ ਦੇ ਗਵਾਹ ਵਜੋਂ ਅਦਾਲਤ 'ਚ ਤਲਬ ਕੀਤਾ ਹੈ। ਸੱਜਣ ਕੁਮਾਰ 'ਤੇ ਦੋਸ਼ ਹੈ ਕਿ ਉਸ ਨੇ ਦੰਗਿਆਂ ਦੌਰਾਨ ਭੀੜ ਨੂੰ ਸਿੱਖਾਂ ਦੀ ਹੱਤਿਆ ਲਈ ਭੜਕਾਇਆ ਸੀ। ਕੜਕੜਡੂੰਮਾ ਅਦਾਲਤ ਵਿਚ ਸਬੰਧਤ ਜੱਜ ਦਾ ਤਬਾਦਲਾ ਹੋ ਜਾਣ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਇਹ ਕੇਸ ਬੰਦ ਪਿਆ ਸੀ।


ਹੁਣ ਨਵੇਂ ਜ਼ਿਲ੍ਹਾ ਜੱਜ-ਕਮ-ਵਧੀਕ ਸੈਸ਼ਨ ਜੱਜ ਜੇ.ਆਰ. ਆਰੀਅਨ ਨੇ ਕੇਸ ਦੀ ਕਾਰਵਾਈ ਮੁੜ ਸ਼ੁਰੂ ਕਰਦਿਆਂ ਸਾਬਕਾ ਪੁਲਿਸ ਇੰਸਪੈਕਟਰ ਮਾਨ ਚੰਦ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਹੈ ਤੇ ਅਦਾਲਤ ਦੀ ਕਾਰਵਾਈ 3 ਜਨਵਰੀ ਤਕ ਮੁਲਤਵੀ ਕਰ ਦਿੱਤੀ ਹੈ। ਇਹ ਫੈਸਲਾ ਅਦਾਲਤ ਨੇ ਸੱਜਣ ਕੁਮਾਰ ਦੀ ਅਰਜ਼ੀ 'ਤੇ ਦਿੱਤਾ ਹੈ ਜਦਕਿ ਸੀ.ਬੀ.ਆਈ. ਵੱਲੋਂ ਸੱਜਣ ਕੁਮਾਰ ਦੀ ਇਸ ਬੇਨਤੀ ਦਾ ਵਿਰੋਧ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਬਚਾਅ ਪੱਖ ਦੇ 18 ਗਵਾਹਾਂ ਦੇ ਬਿਆਨ ਅਜੇ ਤਕ ਲਏ ਜਾਣੇ ਹਨ। ਸੱਜਣ ਕੁਮਾਰ ਸਮੇਤ ਬਲਵਨ ਖੋਖਰ, ਕਿਸ਼ਨ ਖੋਖਰ, ਮਹੇਂਦਰ ਯਾਦਵ, ਗਿਰਧਾਰੀ ਲਾਲ ਤੇ ਕੈਪਟਨ ਭਾਗਮੱਲ ਖ਼ਿਲਾਫ਼ ਸਿੱਖ ਕਤਲੇਆਮ ਲਈ ਭੀੜ ਨੂੰ ਉਕਸਾ ਕੇ ਛੇ ਵਿਅਕਤੀਆਂ ਦੀ ਹੱਤਿਆ ਕਰਵਾਉਣ ਦੇ ਦੋਸ਼ 'ਚ ਇਹ ਕੇਸ ਚੱਲ ਰਿਹਾ ਹੈ।

# ਭਾਈ ਮਰੇ ਤੇ ਭੱਜਦੀਆਂ ਬਾਹਾਂ...

**ਸੈਕਰਾਮੈਂਟੋ (ਭੌਰਾ):** ਕਲੀਆਂ ਦੇ ਬਾਦਸ਼ਾਹ ਅਤੇ ਯੁੱਗ ਗਾਇਕ ਕੁਲਦੀਪ ਮਾਣਕ ਦੀ ਬੇਵਕਤੀ ਮੌਤ ਦੀ ਖਬਰ ਜਦੋਂ ਅਮਰੀਕਾ ਪਹੁੰਚੀ ਤਾਂ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਮਾਹਿਲ ਗਹਿਲਾਂ ਦਾ ਸਰਬਜੀਤ ਲਗਾਤਾਰ 72 ਘੰਟੇ ਉਹਦੇ ਗੀਤਾਂ ਨਾਲ ਇਕ-ਮਿਕ ਹੋ ਕੇ ਭੁੱਬੀਂ ਰੋਂਦਾ ਰਿਹਾ। ਉਹਨੇ ਕਿਹਾ ਕਿ 'ਮੈਂ ਜਦੋਂ ਤੀਕਰ ਜਿਉਂਦਾ ਹਾਂ, ਮਾਣਕ ਦਾ ਵਿਛੋੜਾ ਨਹੀਂ ਭੁੱਲਾਂਗਾ।' ਉਹਨੇ ਆਪਣੀ 46 ਵਰ੍ਹਿਆਂ ਦੀ ਜ਼ਿੰਦਗੀ ਵਿਚ ਆਪਣੇ ਪਿੰਡ ਵਿਚ ਮਾਣਕ ਦੇ ਛੇ ਅਖਾੜੇ ਲਗਵਾਏ ਤੇ ਮਾਣਕ ਨੇ ਕਦੀ ਵੀ ਉਸ ਤੋਂ ਪੈਸੈ ਨਹੀਂ ਮੰਗੇ ਸਨ। ਉਹ ਦਰਅਸਲ ਪੈਸੇ ਦਾ ਨਹੀਂ, ਪਿਆਰ ਦਾ ਲਾਲਚੀ ਸੀ।

ਇਥੇ ਜ਼ਿਕਰਯੋਗ ਹੈ ਕਿ ਸਰਬਜੀਤ ਮਾਹਿਲ ਕੋਲ ਆਡੀਓ ਤੇ ਵੀਡੀਓ ਰੂਪ ਵਿਚ ਮਾਣਕ ਦਾ ਬਿੰਦ ਬਿੰਦ ਸੰਭਾਲਿਆ ਪਿਆ ਹੈ। ਇਸ ਰਿਕਾਰਡ ਨੂੰ ਹੁਣ ਉਹ ਦਸਤਾਵੇਜ਼ੀ ਰੂਪ ਦੇਵੇਗਾ। ਮਾਣਕ ਨੂੰ ਸਭ ਤੋਂ ਵੱਧ ਰਿਕਾਰਡ ਕਰਨ ਵਾਲੀ ਕੰਪਨੀ ਐਚ.ਐਮ.ਵੀ ਦੇ ਸਾਰੇ ਕਾਲੇ ਤਵੇ, ਢਾਈ ਸੌ ਤੋਂ ਵੱਧ ਕੈਸਟਾਂ ਅਤੇ ਸੀ.ਡੀਆਂ ਉਸ ਕੋਲ ਪਈਆਂ ਹਨ। ਉਹ ਪਿਛਲੇ ਇਕ ਹਫਤੇ ਤੋਂ ਗਮ ਵਿਚ ਹੈ ਅਤੇ ਆਖ ਰਿਹੈ ਕਿ 'ਅਸੀਂ ਭਾਵੇਂ ਇਕ ਮਾਂ ਦੇ ਪੇਟੋਂ ਨਹੀਂ ਜੰਮੇ, ਪਰ ਮੇਰੀਆਂ ਤੇ ਮੇਰੇ ਭਰਾ ਜਸਬੀਰ ਮਾਹਿਲ ਦੀਆਂ ਬਾਹਾਂ ਭੱਜ ਗਈਆਂ ਹਨ।'



# ਵਿਰੋਧ ਦੇ ਬਾਵਜੂਦ ਪੂਤਿਨ ਦੀ ਪਾਰਟੀ ਜੇਤੂ ਕਰਾਰ

**ਮਾਸਕੋ:** ਸਖ਼ਤ ਵਿਰੋਧ ਦੇ ਬਾਵਜੂਦ ਰੂਸ ਦੇ ਚੋਣ ਕਮਿਸ਼ਨ ਨੇ ਹਾਲ 'ਚ ਹੀ ਹੋਈਆਂ ਸੰਸਦੀ ਚੋਣਾਂ 'ਚ ਪ੍ਰਧਾਨ ਮੰਤਰੀ ਵਲਾਦੀਮੀਰ ਪੂਤਿਨ ਦੀ ਸੱਤਾਧਾਰੀ ਯੂਨਾਈਟਿਡ ਰਸ਼ੀਆ ਪਾਰਟੀ ਨੂੰ ਜੇਤੂ ਕਰਾਰ ਦਿੱਤਾ ਹੈ। ਚੋਣ ਕਮਿਸ਼ਨ ਦੇ ਚੇਅਰਮੈਨ ਵਲਾਦੀਮੀਰ ਚੁਰੋਵ ਨੇ ਸਰਕਾਰੀ ਅੰਕੜੇ ਦਾ ਐਲਾਨ ਕਰਦਿਆਂ ਕਿਹਾ ਕਿ ਯੂਨਾਈਟਿਡ ਰਸ਼ੀਆ ਪਾਰਟੀ ਨੇ 450 ਮੈਂਬਰੀ ਸੰਸਦ (ਡੂਮਾ) 'ਚੋਂ 238 ਸੀਟਾਂ ਹਾਸਲ ਕੀਤੀਆਂ ਹਨ। ਹਾਲਾਂਕਿ ਸਰਕਾਰ ਵਿਰੋਧੀ ਲਹਿਰ ਦੇ ਚਲਦਿਆਂ ਇਹ ਪਾਰਟੀ ਸਪੱਸ਼ਟ ਬਹੁਮਤ ਤੋਂ 77 ਸੀਟਾਂ ਪਿੱਛੇ ਰਹਿ ਗਈ। ਇਸ ਤੋਂ ਇਲਾਵਾ ਕਮਿਊਨਿਸਟ ਪਾਰਟੀ ਨੂੰ 92, ਏ. ਜਸਟ ਰਸ਼ੀਆ ਨੂੰ 64 ਤੇ ਲਿਬਰਲ ਡੈਮੋਕਰੇਟਿਕ ਪਾਰਟੀ ਨੂੰ 56 ਸੀਟਾਂ ਮਿਲਿਆ।

ਆਪਣੇ ਤਰਾਸ਼ੇ ਗਏ ਅਕਸ ਦੇ ਬਾਵਜੂਦ ਪੂਤਿਨ ਦੀ ਯੂਨਾਇਟਿਡ ਰਸ਼ੀਆ ਪਾਰਟੀ ਨੂੰ ਪਹਿਲਾਂ ਨਾਲੋਂ ਬਹੁਤ ਘੱਟ ਬਹੁਗਿਣਤੀ ਨਾਲ ਮੁੜ ਸੱਤਾ ਮਿਲੀ ਹੈ। 450 ਸੀਟਾਂ ਵਾਲੀ ਡੂਮਾ 'ਚ ਉਸ ਨੂੰ ਕੇਵਲ 238 ਸੀਟਾਂ ਮਿਲੀਆਂ ਹਨ। ਪੂਤਿਨ ਤੇ ਦਮਿੱਤਰੀ ਮੇਦਵੇਦੇਵ ਲਈ ਇਹ ਵੱਡਾ ਝਟਕਾ ਹੈ।

ਉਧਰ ਪੂਤਿਨ ਖ਼ਿਲਾਫ਼ ਦੇਸ਼ ਭਰ ਵਿਚ ਜ਼ਬਰਦਸਤ ਵਿਰੋਧ ਦੀ ਲਹਿਰ ਪੈਦਾ ਹੋ ਗਈ ਹੈ ਤੇ ਇਸ ਦਾ ਸਬੂਤ ਰਾਜਧਾਨੀ ਵਿਚ ਹੋਏ ਪ੍ਰਦਰਸ਼ਨ ਤੋਂ ਮਿਲਦਾ ਹੈ। ਪੁਲਿਸ ਇਸ ਪ੍ਰਦਰਸ਼ਨ ਵਿਚ 15000 ਲੋਕਾਂ ਦੀ ਸ਼ਮੂਲੀਅਤ ਦੱਸ ਰਹੀ ਹੈ ਜਦਕਿ ਪ੍ਰਦਰਸ਼ਨਕਾਰੀ ਇਸ ਨੂੰ ਡੇਢ ਲੱਖ ਲੋਕਾਂ ਦਾ ਇਕੱਠ ਕਰਾਰ ਦੇ ਰਹੇ ਹਨ। ਪਿਛਲੇ ਕਈ ਸਾਲਾਂ ਬਾਅਦ ਰੂਸ ਵਿਚ ਵਿਰੋਧੀ ਧਿਰ ਨੇ ਪਹਿਲੀ ਵਾਰ ਐਨਾ ਵੱਡਾ ਪ੍ਰਦਰਸ਼ਨ ਕੀਤਾ ਹੈ।

ਲੋਕਾਂ ਦਾ ਰੋਸ ਦੇਖਦਿਆਂ ਪ੍ਰਧਾਨ ਮੰਤਰੀ ਨੇ ਪੁਲਿਸ ਨੂੰ ਆਖ ਦਿੱਤਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਸਖ਼ਤੀ ਵਰਤਣ ਤੋਂ ਗੁਰੇਜ਼ ਕਰੇ ਤੇ ਸ਼ਹਿਰੀ ਪ੍ਰਸ਼ਾਸਨ ਪ੍ਰਦਰਸ਼ਨ ਹੋਣ ਤੋਂ ਨਾ ਰੋਕੇ। ਲੋਕ ਸੰਸਦੀ ਚੋਣਾਂ ਵਿਚ ਹੋਈਆਂ ਧਾਂਦਲੀਆਂ ਖ਼ਿਲਾਫ਼ ਰੋਸ ਪ੍ਰਗਟਾ ਰਹੇ ਹਨ ਤੇ ਉਹ ਪੂਤਿਨ ਨੂੰ ਸੱਤਾ ਛੱਡਣ ਲਈ ਆਖ ਰਹੇ ਹਨ। ਮੁਜਾਹਰਾਕਾਰੀਆਂ ਨੇ 24 ਦਸੰਬਰ ਨੂੰ ਮੁੜ ਰੋਸ ਪ੍ਰਗਟਾਉਣ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।

## ਕਾਲੇ ਧਨ ਦੇ 30 ਹਜ਼ਾਰ ਕੇਸਾਂ ਦੀ ਜਾਂਚ ਜਾਰੀ

**ਨਵੀਂ ਦਿੱਲੀ:** ਭਾਰਤ ਵਿਚ ਕਾਲੇ ਧਨ ਬਾਰੇ ਜਾਣਕਾਰੀ ਦੇ 30 ਹਜ਼ਾਰ ਮਾਮਲੇ ਆਮਦਨ ਕਰ ਵਿਭਾਗ ਨੂੰ ਮਿਲੇ ਹਨ ਜਿਨ੍ਹਾਂ ਦੀ ਪੁਣ-ਛਾਣ ਕੀਤੀ ਜਾ ਰਹੀ ਹੈ। ਇਹ ਗੱਲ ਫਾਇਨੈਂਸ਼ੀਅਲ ਇੰਟੈਲੀਜੈਂਸ ਯੂਨਿਟ ਨੇ ਹਾਲ ਹੀ 'ਚ ਹੋਈ ਓ.ਈ.ਸੀ.ਡੀ. ਕਾਨਫਰੰਸ ਵਿਚ ਦੱਸੀ ਹੈ। ਵਿੱਤ ਮੰਤਰਾਲੇ ਤਹਿਤ ਆਉਂਦੀ ਐਫ.ਆਈ.ਯੂ. ਨੇ ਸ਼ੱਕੀ ਕਿਸਮ ਦੇ ਲੈਣ-ਦੇਣ ਬਾਰੇ ਬਹੁਤ ਸਾਰੇ ਅੰਕੜੇ ਇਕੱਠੇ ਕੀਤੇ ਹਨ।

ਦੋਹਰੇ ਕਰਾਂ ਤੋਂ ਬਚਾਓ ਬਾਰੇ ਸੰਧੀ ਤਹਿਤ ਸਰਕਾਰ ਨੂੰ ਵੱਖ-ਵੱਖ ਦੇਸ਼ਾਂ ਤੋਂ ਗੁਪਤ ਜਾਣਕਾਰੀ ਮਿਲਣ ਮਗਰੋਂ ਕਾਲੇ ਧਨ ਕੁਬੇਰਾਂ ਨੇ ਆਮਦਨ ਕਰ ਵਿਭਾਗ ਕੋਲ 430 ਕਰੋੜ ਰੁਪਏ ਦੀ ਬੇਹਿਸਾਬੀ ਕਮਾਈ ਦਾ ਖੁਲਾਸਾ ਕੀਤਾ ਹੈ। ਆਮਦਨ ਕਰ ਵਿਭਾਗ ਦੇ ਦਿੱਲੀ ਸਥਿਤ ਡਾਇਰੈਕਟਰ ਜਨਰਲ (ਪੜਤਾਲ) ਕੇ.ਵੀ. ਚੌਧਰੀ ਨੇ ਕਾਨਫਰੰਸ ਵਿਚ ਅੰਕੜਿਆਂ ਦੇ ਆਧਾਰ 'ਤੇ ਜਾਣਕਾਰੀ ਦਿੱਤੀ ਕਿ ਦੇਸ਼ ਅੰਦਰ ਸ਼ੱਕੀ ਕਿਸਮ ਦੇ ਲੈਣ-ਦੇਣ ਦੀ ਜਾਣਕਾਰੀ ਦੇ 30765 ਮਾਮਲੇ ਐਫ.ਆਈ.ਯੂ. ਦੇ ਧਿਆਨ ਵਿਚ ਆਏ ਹਨ ਜਿਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੀ.ਟੀ.ਏ.ਏ. ਤਹਿਤ ਭਾਰਤ ਨੂੰ ਜਾਣਕਾਰੀ ਮਿਲੀ ਸੀ ਕਿ ਕੁਝ ਭਾਰਤੀਆਂ ਦੇ ਵਿਦੇਸ਼ ਵਿਚ ਬੈਂਕ ਖਾਤੇ ਹਨ। ਵਿਭਾਗ ਨੇ 80 ਮਾਮਲਿਆਂ ਵਿਚ 438 ਕਰੋੜ ਰੁਪਏ ਦੀ ਬੇਹਿਸਾਬੀ ਕਮਾਈ ਦਾ ਪਤਾ ਲਾਇਆ ਤੇ ਹੁਣ ਤੱਕ 135 ਕਰੋੜ ਰੁਪਏ ਦੇ ਟੈਕਸਾਂ ਦੀ ਵਸੂਲੀ ਕੀਤੀ ਹੈ।

**MRP TRAVEL**

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133

*CST: 2097308-40*

*Passport & Visa services also available*



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES

*India Vacation tour package also available.*

*BUS tickets also available from Delhi to Punjab with lowest fare.*

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

**Mobal Trucking, Inc.**

12 Aspen Ridge Ct., St Peters, MO 63376
**Ph:636-294-0770 or 314-267-4288**

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

ਰੀਫਰ ਰੈਂਟ ਅਤੇ ਲੀਜ਼ 'ਤੇ ਉਪਲਬਧ ਹਨ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA To East Coast & Back
MO To East Coast & Back



ਪੇਪਰ ਸਹੀ ਮਿਲਣ 'ਤੇ ਪੈਸੇ ਤੁਰੰਤ
ਡਿਸਪੈਚ 24 ਘੰਟੇ, ਸੱਤੇ ਦਿਨ ਉਪਲਬਧ

ਫਿਊਲ ਐਡਵਾਂਸ

e-mail: mal3855@charter.net




**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

**Sukhpreet Kaur Indiana**
**Ph:317-884-3557**
**Sharanjeet Kaur**
**Ph:317-332-1387**

*spkaurus@yahoo.co.in - www.shopherbalife.com/skaur*

# ਕਿਸਾਨਾਂ ਨੇ ਲੋਕਾਂ ਨੂੰ ਮੁਫ਼ਤ ਆਲੂ ਵੰਡਿਆ

**ਜਲੰਧਰ:** ਆਲੂ ਕਾਸ਼ਤਕਾਰਾਂ ਨੇ ਸਰਕਾਰ ਵੱਲੋਂ ਸਬਸਿਡੀ ਦੀ ਕੀਤੀ ਪੇਸ਼ਕਸ਼ ਨੂੰ ਰੱਦ ਕਰਦਿਆਂ ਜਲੰਧਰ ਦੀਆਂ ਸੜਕਾਂ 'ਤੇ ਆਲੂ ਸੁੱਟਿਆ ਤੇ ਨਾਲ ਹੀ ਲੋਕਾਂ ਨੂੰ ਵੀ ਮੁਫਤ ਆਲੂ ਵੰਡਿਆ। ਜਲੰਧਰ ਪਟੈਟੋ ਗਰੋਅਰ ਐਸੋਸੀਏਸ਼ਨ ਦੇ ਪ੍ਰਧਾਨ ਰਘਬੀਰ ਸਿੰਘ ਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਸੰਘਾ, ਪੌਸਕੌਨ ਦੇ ਸਕੱਤਰ ਜਨਰਲ ਜੇ.ਬੀ.ਐਸ. ਸੰਘਾ ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਨੇ ਕਿਹਾ ਕਿ ਆਲੂ ਕਾਸ਼ਤਕਾਰਾਂ ਕੋਲ ਹੁਣ ਕੋਲਡ ਸਟੋਰਾਂ 'ਚ ਪਏ ਆਪਣੇ 20 ਲੱਖ ਕੁਇੰਟਲ ਆਲੂਆਂ ਨੂੰ ਸੜਕਾਂ 'ਤੇ ਸੁੱਟਣ ਤੋਂ ਸਿਵਾਏ ਕੋਈ ਰਾਹ ਨਹੀਂ ਬਚਿਆ।

ਇਸੇ ਦੌਰਾਨ ਜਸਵਿੰਦਰ ਸਿੰਘ ਸੰਘਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ 2 ਰੁਪਏ ਕਿਲੋ ਦੇ ਹਿਸਾਬ ਨਾਲ ਸਬਸਿਡੀ ਦੇਵੇ। ਆਗੂਆਂ ਨੇ ਕਿਹਾ ਕਿ ਇਹ ਆਲੂ ਉਤਪਾਦਕਾਂ ਨਾਲ ਸਰਕਾਰ ਨੇ ਕੋਝਾ ਮਜ਼ਾਕ ਕੀਤਾ ਹੈ। ਰਘਬੀਰ ਸਿੰਘ ਨੇ ਦੱਸਿਆ ਕਿ ਜਦੋਂ ਪੱਛਮੀ ਬੰਗਾਲ 'ਚ ਆਲੂਆਂ ਦੀ ਬੰਪਰ ਫਸਲ ਹੋ ਗਈ ਸੀ ਤਾਂ ਕੇਂਦਰ ਨੇ ਆਲੂ ਉਤਪਾਦਕਾਂ ਨੂੰ 85 ਕਰੋੜ ਰੁਪਏ ਦਿੱਤੇ ਸਨ ਪਰ ਹੁਣ ਜਦੋਂ ਪੰਜਾਬ 'ਚ ਆਲੂਆਂ ਦੀ ਬੰਪਰ ਫਸਲ ਹੋਈ ਤਾਂ ਸਰਕਾਰ ਅਜਿਹਾ ਨਹੀਂ ਕਰ ਰਹੀ।

**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

**ਰੇਡੀਓ ਚੜ੍ਹਦੀ ਕਲਾ ਸੁਣੋ**

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

- > Royal Bazar, San Jose
- > Preet Fabric, Fremont
- > Sidhartha International, Fremont
- > Roshni, Union City
- > Kash Fabrics, Hayward
- > Maya Fashion, Newark
- > LA Merchandise, Yuba City

ਰੇਡੀਓ ਤੁਸੀਂ ਫੋਨ 832-551-5038 'ਤੇ ਵੀ ਸੁਣ ਸਕਦੇ ਹੋ

ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**

FARMERS INSURANCE GROUP Symbol of Superior Service

**FARMERS**®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## Matrimonials

**ਵਰ ਦੀ ਲੋੜ ਹੈ**

Wanted Sikh Saini US/Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Wanted US/Canadian/UK/Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

**ਕੰਨਿਆ ਦੀ ਲੋੜ ਹੈ**

Wanted US/Canadian citizen girl for B.D.S. (dentist) Gursikh boy, 26, 6'-0" in India. Contact Ph. +91-98153-67728.

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 27 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

*To Advertise with us*
*Call: 847-359-0746*
*Fax:847-705-9388*

*e-mial: punjabtimes1@sbcglobal.net*

*Visit us on the web: punjabtimesusa.com*

# ਦੂਜੇ ਕਬੱਡੀ ਵਿਸ਼ਵ ਕੱਪ ਦਾ ਲੇਖਾ ਜੋਖਾ

**ਪ੍ਰਿੰ. ਸਰਵਣ ਸਿੰਘ**

ਕਬੱਡੀ ਵੀ ਕ੍ਰਿਕਟ ਵਾਂਗ ਅੰਕੜਿਆਂ ਦੀ ਖੇਡ ਹੈ ਪਰ ਕਬੱਡੀ ਦੇ ਅੰਕੜੇ ਓਨੇ ਪਰਚਾਰੇ ਨਹੀਂ ਜਾ ਰਹੇ। ਅੰਕੜਿਆਂ ਦਾ ਵੇਰਵਾ ਕਬੱਡੀ ਨੂੰ ਹੋਰ ਰੋਚਿਕ ਬਣਾ ਸਕਦੈ। ਦੂਜੇ ਕਬੱਡੀ ਵਿਸ਼ਵ ਕੱਪ ਦੇ ਅੰਕੜੇ ਕਾਫੀ ਦਿਲਚਸਪ ਹਨ। ਇਹ ਕੱਪ ਮਰਦਾਂ ਦੀਆਂ 14 ਤੇ ਔਰਤਾਂ ਦੀਆਂ 4 ਟੀਮਾਂ ਵਿਚਕਾਰ ਖੇਡਿਆ ਗਿਆ। ਮਰਦਾਂ ਦੀਆਂ 14 ਟੀਮਾਂ-ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਨੇਪਾਲ, ਸ੍ਰੀਲੰਕਾ, ਕੈਨੇਡਾ, ਅਮਰੀਕਾ, ਅਰਜਨਟੀਨਾ, ਆਸਟ੍ਰੇਲੀਆ, ਯੂ. ਕੇ., ਇਟਲੀ, ਨਾਰਵੇ, ਜਰਮਨੀ ਤੇ ਸਪੇਨ ਦੀਆਂ ਸਨ। ਔਰਤਾਂ ਦੀਆਂ ਟੀਮਾਂ ਭਾਰਤ, ਅਮਰੀਕਾ, ਯੂ. ਕੇ. ਤੇ ਤੁਰਕਮੇਨਿਸਤਾਨ ਦੀਆਂ ਸਨ। ਮਰਦਾਂ ਦੇ ਕੁਲ 44 ਮੈਚ ਹੋਏ ਜਿਨ੍ਹਾਂ ਵਿਚ 3687 ਕਬੱਡੀਆਂ ਪਈਆਂ। 40 ਮਿੰਟਾਂ ਦੇ ਇਕ ਮੈਚ ਵਿਚ ਔਸਤਨ 84 ਕਬੱਡੀਆਂ ਪਈਆਂ। ਘੱਟ ਤੋਂ ਘੱਟ ਕਬੱਡੀਆਂ ਭਾਰਤ ਤੇ ਅਫਗਾਨਿਸਤਾਨ ਦੇ ਮੈਚ ਵਿਚ ਪਈਆਂ ਜਿਨ੍ਹਾਂ ਦੀ ਗਿਣਤੀ 67 ਸੀ। ਸਭ ਤੋਂ ਵੱਧ ਕਬੱਡੀਆਂ ਅਰਜਨਟੀਨਾ ਤੇ ਸ੍ਰੀਲੰਕਾ ਦੇ ਮੈਚ ਵਿਚ ਪਈਆਂ ਜੋ 102 ਸਨ। ਚੰਗਾ ਹੋਵੇ ਜੇ ਹਰੇਕ ਮੈਚ ਦੀਆਂ ਕਬੱਡੀਆਂ ਹੀ 40-40 ਕਰ ਦਿੱਤੀਆਂ ਜਾਣ। ਇੰਜ ਕਰਨਾ ਵਧੇਰੇ ਤਰਕ ਸੰਗਤ ਹੋਵੇਗਾ।

2010 ਵਿਚ ਹੋਏ ਪਹਿਲੇ ਕਬੱਡੀ ਵਿਸ਼ਵ ਕੱਪ ਵਿਚ 9 ਟੀਮਾਂ ਨੇ ਭਾਗ ਲਿਆ ਸੀ ਤੇ 20 ਮੈਚ ਖੇਡੇ ਗਏ ਸਨ। ਉਦੋਂ ਕੁਲ 1729 ਕਬੱਡੀਆਂ ਪਈਆਂ ਸਨ ਜਿਨ੍ਹਾਂ ਵਿਚ 447 ਜੱਫੇ ਲੱਗੇ ਸਨ। ਇਕ ਮੈਚ ਦੀ ਕਬੱਡੀਆਂ ਦੀ ਔਸਤ 86-87 ਸੀ ਤੇ ਜੱਫਿਆਂ ਦੀ 22-23 ਸੀ। ਦੂਜੇ ਵਿਸ਼ਵ ਕੱਪ ਵਿਚ 1098 ਜੱਫੇ ਲੱਗੇ ਹਨ ਜਿਨ੍ਹਾਂ ਦੀ ਔਸਤ 25 ਬਣਦੀ ਹੈ। ਕਿਸੇ ਵੀ ਮੈਚ ਵਿਚ 20 ਤੋਂ ਵੱਧ ਜੱਫੇ ਲੱਗ ਜਾਣ ਤਾਂ ਮੈਚ ਨੂੰ ਦਿਲਚਸਪ ਬਣਾ ਦਿੰਦੇ ਹਨ। ਹਾਕੀ ਤੇ ਫੁਟਬਾਲ ਗੋਲਾਂ ਨਾਲ ਦਿਲਚਸਪ ਖੇਡਾਂ ਬਣਦੀਆਂ ਹਨ, ਕ੍ਰਿਕਟ ਚੌਕੇ-ਛਿੱਕਿਆਂ ਨਾਲ ਤੇ ਕਬੱਡੀ ਜੱਫਿਆਂ ਨਾਲ।

ਭਾਰਤ ਦੇ ਏਕਮ ਹਠੂਰ ਨੇ 8 ਮੈਚਾਂ ਵਿਚ 73 ਫੜਾਈਆਂ ਕੀਤੀਆਂ ਜਿਨ੍ਹਾਂ ਵਿਚ 48 ਜੱਫੇ ਲੱਗੇ ਜੋ ਸਭ ਤੋਂ ਵੱਧ ਹਨ। ਪਾਕਿਸਤਾਨ ਦੇ ਮੁਹੰਮਦ ਕਾਸਿਮ ਨੇ 62 ਫੜਾਈਆਂ ਵਿਚ 38 ਜੱਫੇ ਲਾਏ। ਪਾਕਿਸਤਾਨ ਦਾ ਹੀ ਮਨਸ਼ਾ ਗੁੱਜਰ 80 ਫੜਾਈਆਂ ਵਿਚ 37 ਜੱਫੇ ਲਾ ਸਕਿਆ। ਭਾਰਤ ਦੇ ਮੰਗੀ ਨੇ 53 ਕੋਸ਼ਿਸ਼ਾਂ ਵਿਚ 33 ਜੱਫੇ ਲਾਏ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਪਹਿਲੇ ਕਬੱਡੀ ਵਿਸ਼ਵ ਕੱਪ ਦੀ ਜੇਤੂ ਟੀਮ ਦਾ ਕਪਤਾਨ ਤੇ ਸਵਰਾਜ ਟ੍ਰੈਕਟਰ ਜਿੱਤਣ ਵਾਲਾ ਬੈਸਟ ਜਾਫੀ ਮੰਗਤ ਸਿੰਘ ਮੰਗੀ ਦੂਜੇ ਕੱਪ ਲਈ ਭਾਰਤੀ ਟੀਮ ਦੀ ਚੋਣ ਵੇਲੇ ਮੁਢਲੇ ਟਰਾਇਲਾਂ ਵਿਚ ਫੇਲ੍ਹ ਹੋ ਗਿਆ ਸੀ। ਪਰ ਉਹਦੀ ਅਪੀਲ 'ਤੇ ਉਹਨੂੰ ਫਾਈਨਲ ਟਰਾਇਲਾਂ ਦਾ ਮੌਕਾ ਦਿੱਤਾ ਗਿਆ ਤਾਂ ਉਸ ਨੇ ਚੰਗੀ ਕਾਰਗੁਜ਼ਾਰੀ ਵਿਖਾਈ ਤੇ ਉਹ ਟੀਮ ਵਿਚ ਚੁਣਿਆ ਗਿਆ।

ਇਹ ਇਤਫਾਕ ਹੈ ਕਿ ਟੀਮ 'ਚੋਂ ਬਾਹਰ ਨਿਕਲਦਾ ਮੰਗੀ ਦੂਜੇ ਵਿਸ਼ਵ ਕੱਪ ਵਿਚ ਵੀ ਬੈਸਟ ਜਾਫੀ ਬਣ ਕੇ ਦੂਜਾ ਟ੍ਰੈਕਟਰ ਜਿੱਤ ਗਿਆ। ਉਸ ਨੇ ਫਾਈਨਲ ਮੈਚ ਵਿਚ 11 ਫੜਾਈਆਂ ਕੀਤੀਆਂ ਜਿਨ੍ਹਾਂ ਵਿਚ 10 ਅੰਕ ਲਏ ਜੋ ਕਿਸੇ ਵੀ ਫਾਈਨਲ ਮੈਚ ਦਾ ਰਿਕਾਰਡ ਹੈ। ਪਹਿਲੇ ਵਿਸ਼ਵ ਕੱਪ ਵਿਚ ਮੰਗੀ ਨੇ 44 ਫੜਾਈਆਂ ਵਿਚ 25 ਜੱਫੇ ਲਾਏ ਸਨ ਤੇ ਸੁੱਖੇ ਭੰਡਾਲ ਨੇ 44 ਕੋਸ਼ਿਸ਼ਾਂ ਵਿਚ 24 ਜੱਫੇ। ਦੂਜੇ ਕੱਪ ਵਿਚ ਭਾਰਤ ਦੇ ਗੁਰਵਿੰਦਰ ਕਾਹਲਵਾਂ ਨੇ 65 ਫੜਾਈਆਂ ਵਿਚ 32, ਨਾਰਵੇ ਦੇ ਕੁਲਦੀਪ ਪੱਡਾ ਨੇ 82-29, ਪਾਕਿਸਤਾਨ ਦੇ ਰਾਸ਼ਿਦ ਨੇ 62-28, ਅਮਰੀਕਾ ਦੇ ਐਰੋ ਨੇ 42-27, ਭਾਰਤ ਦੇ ਬਿੱਟੂ ਦੁਗਾਲ ਨੇ 44-27 ਤੇ ਪਾਕਿਸਤਾਨ ਦੇ ਆਸਦ ਮੌਲਾ ਨੇ 46-27 ਜੱਫੇ ਲਾਏ।

ਸੰਦੀਪ ਦਿੜ੍ਹਬਾ ਨੇ 78 ਕਬੱਡੀਆਂ ਪਾ ਕੇ 73 ਅੰਕ ਲਏ, ਜੱਸਾ ਸਿਧਵਾਂ 69-63, ਕਿੰਦਾ ਕੈਨੇਡਾ 81-61, ਗੱਗੀ ਖੀਰਾਂਵਾਲੀ 63-60, ਸਦੀਕ ਬੱਟ 66-59, ਸੁਖਬੀਰ ਸਰਾਵਾਂ 63-56, ਪਾਲੀ ਖੋਜੇਵਾਲੀਆ 61-54, ਯੂਰੀ ਮਾਇਰ 75-54, ਮਨਜਿੰਦਰ 74-54 ਤੇ ਸੁਖਜਿੰਦਰ ਸਪੇਨ ਨੇ 64-52 ਅੰਕ ਲਏ। ਪਹਿਲੇ ਵਿਸ਼ਵ ਕੱਪ ਵਿਚ ਕੁਲਜੀਤ ਕੈਨੇਡਾ ਨੇ 69-65, ਸੁਖਬੀਰ ਸਰਾਵਾਂ ਨੇ 67-65, ਚੰਨਾ ਖੀਰਾਂਵਾਲੀ 70-61, ਕਾਲਾ ਮੀਆਂਵਿੰਡ 68-60, ਸੰਦੀਪ 52-48 ਕੀਪਾ ਬੱਧਨੀ 55-47, ਗੁਲਜ਼ਾਰੀ ਮੂਣਕ 46-41, ਜੌਨ੍ਹੀ ਗਿੱਲ 47-41, ਬਾਬਰ ਗੁੱਜਰ 41-36, ਦਲਜੀਤ ਡੱਫਰ 41-36 ਤੇ ਦੁੱਲਾ ਸੁਰਖਪੁਰੀਆ ਨੇ 34-33 ਅੰਕ ਲਏ। ਉਦੋਂ ਸੰਦੀਪ ਨੰਗਲ ਅੰਬੀਆਂ ਨੇ 40-23, ਬਿੱਟੂ ਦੁਗਾਲ 38-18, ਮੀਕ 40-17, ਸੰਦੀਪ ਗੁਰਦਾਸਪੁਰੀਆ 26-15, ਮਨਸਾ 32-15, ਅਮਨ ਜੌਹਲ 27-14, ਸੋਨੀ ਸੁਨੇਤ 35-13 ਤੇ ਹਰਦੀਪ ਡਿੱਲੋਂ ਨੇ 16-13 ਜੱਫੇ ਲਾਏ ਸਨ।

ਪਹਿਲੇ ਵਿਸ਼ਵ ਕੱਪ ਵਿਚ ਸੈਮੀ ਫਾਈਨਲ, ਫਾਈਨਲ ਤੇ ਤੀਜੇ ਚੌਥੇ ਸਥਾਨ ਲਈ ਹੋਏ ਚਾਰ ਮੈਚਾਂ ਵਿਚੋਂ ਬੈਸਟ ਜਾਫੀ ਤੇ ਧਾਵੀ ਕੱਢੇ ਗਏ ਸਨ। ਦੂਜੇ ਵਿਸ਼ਵ ਕੱਪ ਵਿਚ ਸਿਰਫ਼ ਫਾਈਨਲ ਮੈਚ ਦੇ ਅੰਕਾਂ ਨੂੰ ਮੁੱਖ ਰੱਖਦਿਆਂ ਵਧੀਆ ਜਾਫੀ ਤੇ ਵਧੀਆ ਧਾਵੀ ਐਲਾਨੇ ਗਏ। ਗੱਗੀ ਖੀਰਾਂਵਾਲੀ 13 ਕਬੱਡੀਆਂ ਨਾਲ 13 ਅੰਕ ਲੈ ਕੇ ਬੈਸਟ ਧਾਵੀ ਬਣਿਆ ਤੇ ਉਸ ਨੂੰ ਪ੍ਰੀਤ ਟ੍ਰੈਕਟਰ ਦਾ ਇਨਾਮ ਦਿੱਤਾ ਗਿਆ। ਸੰਦੀਪ ਦਿੜ੍ਹਬਾ ਨੇ 13 ਕਬੱਡੀਆਂ ਨਾਲ 12 ਅੰਕ ਤੇ ਕਿੰਦਾ ਬਿਹਾਰੀਪੁਰ ਨੇ 19 ਕਬੱਡੀਆਂ ਨਾਲ 13 ਅੰਕ ਲਏ। ਮੰਗੀ ਬੱਗਾ 11 ਫੜਾਈਆਂ ਵਿਚ 10 ਜੱਫੇ ਲਾ ਕੇ ਬੈਸਟ ਜਾਫੀ ਬਣਿਆ। ਅਗਲੇ ਵਿਸ਼ਵ ਕੱਪ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਮੁੱਖ ਰੱਖ ਕੇ ਬੈਸਟ ਜਾਫੀ ਤੇ ਧਾਵੀ ਚੁਣਨ ਲਈ ਲਿਖਤੀ ਨਿਯਮ ਬਣਾਉਣੇ ਚਾਹੀਦੇ ਹਨ।

ਪਹਿਲਾ ਕਬੱਡੀ ਵਿਸ਼ਵ ਕੱਪ ਸੱਤ ਕਰੋੜ ਵਿਚ ਪਿਆ ਸੀ। ਦੂਜਾ ਕੱਪ ਸਤਾਰਾਂ ਕਰੋੜ ਵਿਚ ਪਿਆ ਹੈ। ਦੂਜੇ ਕੱਪ ਵਿਚ ਇਨਾਮ ਦੁੱਗਣੇ ਕਰ ਦਿੱਤੇ ਤੇ ਲੜਕੀਆਂ ਦਾ ਕੱਪ ਵੀ ਸ਼ਾਮਲ ਕਰ ਦਿੱਤਾ। ਪਹਿਲਾ ਕੱਪ 9 ਟੀਮਾਂ ਵਿਚਕਾਰ ਸੀ ਜਿਸ ਦੇ 20 ਮੈਚ 8 ਥਾਂਵਾਂ ਉਤੇ ਖੇਡੇ ਗਏ। ਦੂਜਾ ਕੱਪ ਮਰਦਾਂ ਦੀਆਂ 14 ਤੇ ਔਰਤਾਂ ਦੀਆਂ 4 ਟੀਮਾਂ ਵਿਚਕਾਰ ਸੀ ਜਿਸ ਦੇ 51 ਮੈਚ 16 ਸਟੇਡੀਅਮਾਂ ਵਿਚ ਖੇਡੇ ਗਏ। ਪਹਿਲਾ ਕੱਪ 3 ਅਪਰੈਲ ਤੋਂ 12 ਅਪਰੈਲ ਤਕ 10 ਦਿਨ ਚੱਲਿਆ, ਦੂਜਾ ਕੱਪ 1 ਨਵੰਬਰ ਤੋਂ 20 ਨਵੰਬਰ ਤਕ 20 ਦਿਨ ਚੱਲਿਆ। ਮੌਸਮ ਦੇ ਲਿਹਾਜ ਨਾਲ ਪਹਿਲਾ ਕੱਪ ਇਕ ਮਹੀਨਾ ਪਛੜ ਕੇ ਹੋਇਆ ਤੇ ਦੂਜਾ ਕੱਪ ਇਕ ਮਹੀਨਾ ਅਗੇਤਾ ਹੋ ਗਿਆ ਹੈ। ਪੰਜਾਬ ਵਿਚ ਕਬੱਡੀ ਦੇ ਟੂਰਨਾਮੈਂਟਾਂ ਦੀ ਅਸਲ ਰੁੱਤ ਅੱਧ ਦਸੰਬਰ ਤੋਂ ਅੱਧ ਮਾਰਚ ਤਕ ਹੈ। ਇਹ ਚਾਰ ਮਹੀਨੇ ਪੰਜਾਬੀ ਪਰਵਾਸੀਆਂ ਦੇ ਪੰਜਾਬ ਫੇਰਾ ਮਾਰਨ ਦੇ ਮਹੀਨੇ ਹੁੰਦੇ ਹਨ ਤੇ ਮੌਸਮ ਵੀ ਧੁੱਪ ਸੇਕਣ ਵਾਲਾ ਹੁੰਦੈ।

ਪਹਿਲੇ ਕਬੱਡੀ ਵਿਸ਼ਵ ਕੱਪ ਦੌਰਾਨ 9 ਖਿਡਾਰੀ ਡੋਪ ਟੈਸਟਾਂ ਵਿਚ ਕਾਣੇ ਨਿਕਲੇ ਸਨ ਜਦ ਕਿ ਦੂਜੇ ਕੱਪ ਦੌਰਾਨ 52 ਖਿਡਾਰੀ ਘਾਤਕ ਦਵਾਈਆਂ ਲੈਂਦੇ ਸਾਬਤ ਹੋਏ ਹਨ। ਉਨ੍ਹਾਂ ਤੇ ਉਨ੍ਹਾਂ ਦੀਆਂ ਟੀਮਾਂ ਨੂੰ ਲਗਭਗ ਸਵਾ ਕਰੋੜ ਰੁਪਏ ਦਾ ਜੁਰਮਾਨਾ ਲੱਗਾ ਹੈ। ਇਹ ਰਕਮ ਉਨ੍ਹਾਂ ਦੀਆਂ ਇਨਾਮ ਰਾਸ਼ੀਆਂ 'ਚੋਂ ਕੱਟੀ ਗਈ ਹੈ। ਖਿਡਾਰੀਆਂ ਦੇ ਕੁਲ ਇਨਾਮ ਸਵਾ ਪੰਜ ਕਰੋੜ ਰੁਪਏ ਦੇ ਸਨ ਜਿਨ੍ਹਾਂ ਵਿਚੋਂ ਚਾਰ ਕਰੋੜ ਰੁਪਏ ਹੀ ਦੇਣੇ ਪਏ ਹਨ। ਇਹ ਕਬੱਡੀ ਕੱਪ ਡੋਪ ਟੈਸਟਾਂ ਵਾਲਾ ਕੱਪ ਕਰਕੇ ਜਾਣਿਆਂ ਜਾਵੇਗਾ। ਇਸ ਕੱਪ ਦਾ ਸਿਰਲੇਖ 'ਡੋਪ ਦਾ ਡੰਗਿਆ' ਜਾਂ 'ਡੋਪ ਵਿਚ ਡੁੱਬਾ ਕੱਪ' ਕੱਪ ਰੱਖਿਆ ਜਾ ਸਕਦੈ।

2006 'ਚ ਮੈਂ ਆਪਣੀ ਪੁਸਤਕ 'ਕਬੱਡੀ ਕਬੱਡੀ ਕਬੱਡੀ' ਵਿਚ ਇਕ ਲੇਖ ਲਿਖਿਆ ਸੀ 'ਕਬੱਡੀ ਨੂੰ ਡਰੱਗ ਦਾ ਜੱਫਾ'। ਵਿਨੀਪੈੱਗ ਤੋਂ ਟੋਰਾਂਟੋ ਨੂੰ ਆਉਂਦਿਆਂ ਜਹਾਜ਼ ਵਿਚ ਦਾਰੂ ਪੀਂਦੇ ਕੁਝ ਕਬੱਡੀ ਖਿਡਾਰੀਆਂ ਨੇ ਮੈਨੂੰ ਡੋਪਿੰਗ ਕਰਦੇ ਖਿਡਾਰੀਆਂ ਬਾਰੇ ਦੱਸ ਕੇ ਕਿਹਾ ਸੀ ਕਿ ਇਸ ਬਾਰੇ ਜ਼ਰੂਰ ਲਿਖੋ ਪਰ ਸਾਡਾ ਨਾਂ ਨਾ ਲਿਖਿਓ। ਮੈਂ ਉਵੇਂ ਹੀ ਕੀਤਾ। ਮੇਰੇ ਲਿਖੇ ਦਾ ਕਬੱਡੀ ਫੈਡਰੇਸ਼ਨਾਂ ਨੇ ਨੋਟਿਸ ਲੈ ਲਿਆ ਤੇ ਡੋਪ ਟੈਸਟ ਕਰਾਉਣੇ ਸ਼ੁਰੂ ਕਰ ਦਿੱਤੇ। ਕੁਝ ਖਿਡਾਰੀ ਤਾਂ ਸੁਧਰ ਗਏ ਪਰ ਡੋਪ ਟੈਸਟਾਂ ਦੀ ਢਿੱਲ ਮੱਠ ਕਾਰਨ ਕਈ ਮੁੜ ਡਰੱਗਾਂ ਉਤੇ ਲੱਗ ਗਏ। ਪਹਿਲੇ ਵਿਸ਼ਵ ਕੱਪ ਵਿਚ ਟਰਾਇਲਾਂ ਸਮੇਂ 18 ਖਿਡਾਰੀ ਡੋਪ ਦੇ ਦੋਸ਼ੀ ਨਿਕਲੇ ਸਨ ਤੇ 5 ਬਿਨਾਂ ਡੋਪ ਟੈਸਟ ਕਰਾਏ ਭੱਜ ਗਏ ਸਨ। ਕੱਪ ਦੌਰਾਨ ਛੇ ਟੀਮਾਂ ਦੇ 9 ਖਿਡਾਰੀ ਡੋਪ ਦੇ ਦੋਸ਼ੀ ਨਿਕਲੇ ਸਨ ਪਰ ਨਾ ਉਨ੍ਹਾਂ ਦਾ ਪ੍ਰਚਾਰ ਹੋਇਆ ਤੇ ਨਾ ਹੀ ਕੋਈ ਜੁਰਮਾਨਾ ਜਾਂ ਸਜ਼ਾ ਹੋਈ। ਇਸ ਕੁਤਾਹੀ ਨੇ ਡੋਪ ਲੈਣ ਵਾਲੇ ਖਿਡਾਰੀਆਂ ਦਾ ਹੌਸਲਾ ਵਧਾ ਦਿੱਤਾ। ਡੋਪਗ੍ਰਸਤ ਖਿਡਾਰੀਆਂ ਨੂੰ ਕੁਝ ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਨੇ ਖਿਡਾ ਕੇ ਕਬੱਡੀ ਦੀ ਖੇਡ ਹੋਰ ਚੌੜ ਚਪੱਟ ਕਰ ਦਿੱਤੀ।

ਕੱਪ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਪੰਜਾਬ ਦੇ ਖੇਡ ਵਿਭਾਗ ਨੇ ਸਾਰੀਆਂ ਟੀਮਾਂ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ ਕਿ ਆਪੋ ਆਪਣੇ ਖਿਡਾਰੀਆਂ ਦਾ ਡੋਪ ਟੈਸਟ ਕਰਵਾ ਕੇ ਟੀਮਾਂ ਵਿਸ਼ਵ ਕੱਪ ਲਈ ਲਿਆਉਣ। ਪਰ ਉਨ੍ਹਾਂ ਨੇ ਟਾਈਮ ਦੀ ਤੰਗੀ ਤੇ ਕੁਝ ਹੋਰ ਕਾਰਨਾਂ ਕਰਕੇ ਅਜਿਹਾ ਨਾ ਕੀਤਾ। ਨਤੀਜਾ ਉਹੀ ਨਿਕਲਿਆ ਜਿਸ ਦਾ ਡਰ ਸੀ। ਕੱਪ ਦੌਰਾਨ ਹਰ ਰੋਜ਼ ਹੀ ਤਿੰਨਾਂ ਚਹੁੰ ਖਿਡਾਰੀਆਂ ਦੇ ਡੋਪਗ੍ਰਸਤ ਹੋਣ ਦੀਆਂ ਖ਼ਬਰਾਂ ਮਿਲਣ ਲੱਗੀਆਂ। ਡੋਪਿੰਗ ਦਾ ਮਤਲਬ ਹੈ ਸਰੀਰ ਨੂੰ ਕੰਡੇ 'ਚ ਕਰਨ ਲਈ ਨਸ਼ਾਵਰ ਤੇ ਘਾਤਕ ਦਵਾਈਆਂ ਟੀਕੇ ਜਾਂ ਕੈਪਸੂਲਾਂ ਰਾਹੀਂ ਲੈਣਾ। ਅਜਿਹੀਆਂ ਦਵਾਈਆਂ ਖਿਡਾਰੀਆਂ ਨੂੰ ਚੰਦਰੀਆਂ



ਬਿਮਾਰੀਆਂ ਲਾ ਸਕਦੀਆਂ ਤੇ ਨਮਰਦ ਵੀ ਬਣਾ ਸਕਦੀਆਂ ਹਨ। ਓਲੰਪਿਕ ਖੇਡਾਂ ਦੇ ਮੈਡੀਕਲ ਕਮਿਸ਼ਨ ਨੇ ਉਨ੍ਹਾਂ ਦਵਾਈਆਂ ਦੀ ਸੂਚੀ ਬਣਾਈ ਹੈ ਅਤੇ ਵਾਡਾ ਤੇ ਨਾਡਾ ਡੋਪ ਟੈਸਟਾਂ ਰਾਹੀਂ ਉਨ੍ਹਾਂ ਦੀ ਪਰਖ ਕਰਦੀਆਂ ਹਨ।

ਡੋਪਿੰਗ ਸ਼ਬਦ ਦੀ ਵਰਤੋਂ ਪਹਿਲੀ ਵਾਰ 1889 ਵਿਚ ਹੋਈ ਸੀ। ਉਦੋਂ ਘੋੜ ਦੌੜ ਲਈ ਘੋੜਿਆਂ ਨੂੰ ਜੋ ਨਾਰਕੋਟਿਕਸ ਦਾ ਮਿਸ਼ਰਣ ਦਿੱਤਾ ਜਾਂਦਾ ਸੀ ਉਸ ਨੂੰ ਡੋਪਿੰਗ ਕਿਹਾ ਜਾਣ ਲੱਗਾ। ਡੋਪ ਦੱਖਣੀ ਯੂਰਪ ਦੇ ਇਕ ਕਬੀਲੇ ਦੀ ਤਿੱਖੀ ਰੂੜੀ ਮਾਰਕਾ ਸ਼ਰਾਬ ਦਾ ਨਾਂ ਸੀ। ਦੂਜੇ ਕਬੱਡੀ ਵਿਸ਼ਵ ਕੱਪ ਦੌਰਾਨ ਏਨੇ ਖਿਡਾਰੀ ਡੋਪ ਦੇ ਦੋਸ਼ੀ ਨਿਕਲੇ ਕਿ ਇਹ ਹੁਣ ਤਕ ਦੀਆਂ ਖੇਡਾਂ ਦਾ ਵਿਸ਼ਵ ਰਿਕਾਰਡ ਹੈ। ਜੇਕਰ ਏਨੇ ਖਿਡਾਰੀ ਓਲੰਪਿਕ ਖੇਡਾਂ ਵਿਚ ਡੋਪਗ੍ਰਸਤ ਨਿਕਲ ਆਉਂਦੇ ਤਾਂ ਖੇਡ ਜਗਤ ਵਿਚ ਭੁਚਾਲ ਆ ਜਾਣਾ ਸੀ।

ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ ਜਿਨ੍ਹਾਂ ਉਤੇ 47 ਲੱਖ ਰੁਪਏ ਦਾ ਖਰਚਾ ਆਇਆ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਡੋਪਿੰਗ ਦੇ ਦੋਸ਼ੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ 8, ਅਮਰੀਕਾ 8, ਸਪੇਨ 7, ਆਸਟ੍ਰੇਲੀਆ 6, ਇਟਲੀ 6, ਨਾਰਵੇ 3, ਭਾਰਤ 1, ਪਾਕਿਸਤਾਨ 1, ਜਰਮਨੀ 1 ਤੇ ਅਰਜਨਟੀਨਾ ਦਾ 1 ਖਿਡਾਰੀ ਹੈ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ। ਕਬੱਡੀ ਕਲੱਬਾਂ, ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਜਿੰਨੇ ਸਮੇਂ ਲਈ ਡੋਪੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਲੱਗੇ, ਓਨਾ ਸਮਾਂ ਉਨ੍ਹਾਂ ਨੂੰ ਨਾ ਖਿਡਾਇਆ ਜਾਵੇ ਸਗੋਂ ਸੁਧਰਨ ਦਾ ਮੌਕਾ ਦਿੱਤਾ ਜਾਵੇ।

ਇਹ ਪਹਿਲੀ ਵਾਰ ਹੋਇਆ ਕਿ ਲੜਕੀਆਂ ਦੀ ਕਬੱਡੀ ਨੂੰ ਵੀ ਅਹਿਮੀਅਤ ਮਿਲੀ। ਕਬੱਡੀ ਨੈਸ਼ਨਲ ਸਟਾਈਲ ਤਾਂ ਲੜਕੀਆਂ ਕਾਫੀ ਦੇਰ ਤੋਂ ਖੇਡਦੀਆਂ ਸਨ ਪਰ ਦਾਇਰੇ ਵਾਲੀ ਕਬੱਡੀ ਥੋੜੇ ਸਾਲਾਂ ਤੋਂ ਹੀ ਖੇਡਣ ਲੱਗੀਆਂ ਹਨ। ਆਮ ਤੌਰ 'ਤੇ ਕਬੱਡੀ ਟੂਰਨਾਮੈਂਟਾਂ ਵਿਚ ਲੜਕੀਆਂ ਦੇ ਇਕਾ-ਦੁੱਕਾ ਸ਼ੋਅ ਮੈਚ ਹੁੰਦੇ ਰਹੇ ਹਨ। ਦੂਜੇ ਕਬੱਡੀ ਵਿਸ਼ਵ ਕੱਪ ਸਮੇਂ ਚਾਰ ਮੁਲਕਾਂ ਦੀਆਂ ਮਹਿਲਾ ਕਬੱਡੀ ਟੀਮਾਂ ਵੀ ਟੂਰਨਾਮੈਂਟ ਵਿਚ ਸ਼ਾਮਲ ਕੀਤੀਆਂ ਗਈਆਂ ਜਿਨ੍ਹਾਂ ਨੇ ਕੱਪ ਦੀ ਰੌਣਕ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਦੀਆਂ ਕਬੱਡੀਆਂ ਨੇ ਦਰਸ਼ਕਾਂ ਦਾ ਸੋਹਣਾ ਮਨੋਰੰਜਨ ਕੀਤਾ। ਉਨ੍ਹਾਂ ਨੇ ਮਰਦਾਂ ਦੀਆਂ ਟੀਮਾਂ ਦੇ ਜੱਫਿਆਂ ਨਾਲੋਂ ਜੱਫੇ ਵੀ ਵੱਧ ਲਾਏ। ਕੁਝ ਲੜਕੀਆਂ ਨੇ ਤਾਂ ਜੱਫਿਆਂ ਦੇ ਅੰਕ ਲੈਣ ਵਿਚ ਕਮਾਲ ਹੀ ਕਰ ਦਿੱਤੀ। ਮਸਲਨ ਭਾਰਤ ਦੀ ਜਤਿੰਦਰ ਕੌਰ ਨੇ 33 ਕੋਸ਼ਿਸ਼ਾਂ ਵਿਚ 27 ਜੱਫੇ ਲਾਏ ਤੇ ਅਨੂ ਰਾਣੀ 17 ਫੜਾਈਆਂ ਕਰਦਿਆਂ 15 ਅੰਕ ਲੈਣ ਵਿਚ ਕਾਮਯਾਬ ਰਹੀ।

ਲੜਕੀਆਂ ਦੇ ਕਬੱਡੀ ਮੈਚ ਕੱਪ ਦੌਰਾਨ ਟ੍ਰੇਲਰ ਵਜੋਂ ਹੀ ਖਿਡਾਏ ਗਏ। ਉਨ੍ਹਾਂ ਦੇ ਮੈਚਾਂ ਦਾ ਸਮਾਂ ਤੀਹ-ਤੀਹ ਮਿੰਟ ਸੀ। ਭਾਰਤ ਤੋਂ ਬਿਨਾਂ ਯੂ. ਕੇ., ਅਮਰੀਕਾ ਤੇ ਤੁਰਕਮੇਨਿਸਤਾਨ ਦੀਆਂ ਕੁਲ ਚਾਰ ਟੀਮਾਂ ਸਨ। ਤੁਰਕਮੇਨਿਸਤਾਨ ਵਿਚ ਹਾਲੇ ਉਂਗਲਾਂ 'ਤੇ ਗਿਣੀਆਂ ਜਾਣ ਜੋਗੀਆਂ ਕੁੜੀਆਂ ਨੂੰ ਹੀ ਕਬੱਡੀ ਖੇਡਣੀ ਸਿਖਾਈ ਗਈ ਹੈ। ਉਨ੍ਹਾਂ ਦੀ ਟੀਮ ਟੂਰਨਾਮੈਂਟ ਵਿਚ ਫਾਡੀ ਰਹੀ। ਅਮਰੀਕਾ ਵਿਚ ਯੋਗੀ ਹਰਭਜਨ ਸਿੰਘ ਦੀਆਂ ਅਨੁਯਾਈ ਕੁਝ ਕੁੜੀਆਂ ਕਬੱਡੀ ਖੇਡਦੀਆਂ ਹਨ। ਆਮ ਪੰਜਾਬਣਾਂ ਹਾਲੇ ਕਬੱਡੀ ਖੇਡਣ ਨਹੀਂ ਲੱਗੀਆਂ। ਉਨ੍ਹਾਂ ਦੀ ਟੀਮ ਨੂੰ ਨਿਊ ਯਾਰਕ ਦੇ ਮਹਿੰਦਰ ਸਿੰਘ ਸਿੱਧੂ ਟੂਰਨਾਮੈਂਟ ਵਿਚ ਲਿਆਏ ਤੇ ਉਹ ਟੀਮ ਤੀਜੇ ਸਥਾਨ 'ਤੇ ਰਹੀ। ਯੂ. ਕੇ. ਵਿਚੋਂ ਅਸ਼ੋਕ ਕੁਮਾਰ ਤੇ ਕਰਨੈਲ ਸਿੰਘ ਖਹਿਰਾ ਫੌਜ ਤੇ ਪੁਲਿਸ ਵਿਚ ਕੰਮ ਕਰਦੀਆਂ ਮੇਮਾਂ ਦੀ ਟੀਮ ਲਿਆਏ। ਉਨ੍ਹਾਂ ਨੇ ਕਬੱਡੀ ਦੇ ਨਜ਼ਾਰੇ ਬੰਨ੍ਹ ਦਿੱਤੇ। ਉਹ ਬੜੀਆਂ ਨਿਝੱਕ ਸਨ ਜੋ ਮੁੰਡਿਆਂ ਵਾਂਗ ਥਾਪੀ ਮਾਰ ਕੇ ਅੱਗੇ ਵਧਦੀਆਂ ਤੇ ਅੰਕ ਲੈ ਕੇ ਕੁਦਾੜੇ ਮਾਰਦੀਆਂ। ਫਾਈਨਲ ਮੈਚ ਭਾਵੇਂ ਉਹ ਭਾਰਤ ਦੀਆਂ ਕੁੜੀਆਂ ਤੋਂ ਹਾਰ ਗਈਆਂ ਪਰ ਸਟੇਡੀਅਮ ਦੇ ਗੇੜੇ ਉਨ੍ਹਾਂ ਨੇ ਜੇਤੂ ਟੀਮ ਵਾਂਗ ਦਿੱਤੇ। ਮਸਤੀਆਂ ਹੋਈਆਂ ਉਹ ਮੈਦਾਨ ਵਿਚ ਲਿਟਦੀਆਂ ਰਹੀਆਂ। ਲੱਗਦੈ ਅਗਲੇ ਕੱਪ ਵਿਚ ਉਹ ਭਾਰਤ ਦੀ ਟੀਮ ਨੂੰ ਤਕੜਾ ਮੁਕਾਬਲਾ ਦੇਣਗੀਆਂ।

ਕੁੜੀਆਂ ਦੀ ਕਬੱਡੀ ਵਿਚ ਸਭ ਤੋਂ ਵੱਧ ਰੇਡਾਂ ਦੇ ਅੰਕ ਭਾਰਤੀ ਟੀਮ ਦੀ ਕਪਤਾਨ ਪ੍ਰਿਅੰਕਾ ਦੇਵੀ ਨੇ ਲਏ। ਉਸ ਨੇ 33 ਰੇਡਾਂ ਵਿਚ 30 ਅੰਕ, ਰਾਜਵੀਰ ਕੌਰ 28-26, ਅਮਰੀਕਾ ਦੀ ਗੁਰ ਅੰਮ੍ਰਿਤ ਕੌਰ ਖਾਲਸਾ 23-19, ਇੰਗਲੈਂਡ ਦੀ ਲੂਸੀ ਮਿਨਿਸ 32-18, ਸੁਖਵਿੰਦਰ ਕੌਰ 17-16, ਤੁਰਕਮੇਨਿਸਤਾਨ ਦੀ ਨਰਗੁਲ 24-11, ਸੁਮਨ ਲਤਾ 10-9, ਮਨਦੀਪ ਕੌਰ 12-9, ਇੰਗਲੈਂਡ ਦੀਆਂ ਲੌਰਾ ਮਾਰਸ਼ 18-10 ਤੇ ਥਰੇਸਾ ਬੁਰੋਜ਼ 18-9 ਅਤੇ ਅਮਰੀਕਾ ਦੀ ਲਿਆਨੇ ਹੂਅ ਨੇ 14 ਰੇਡਾਂ ਪਾ ਕੇ 8 ਅੰਕ ਹਾਸਲ ਕੀਤੇ।

ਜੱਫੇ ਲਾਉਣ ਵਿਚ ਭਾਰਤ ਦੀ ਜਤਿੰਦਰ ਕੌਰ ਸਰਬੋਤਮ ਰਹੀ ਪਰ ਉਸ ਨੂੰ ਮੁੰਡਿਆਂ ਵਾਂਗ ਕੋਈ ਵਿਸ਼ੇਸ਼ ਇਨਾਮ ਨਹੀਂ ਦਿੱਤਾ ਗਿਆ। ਉਸ ਨੇ 33 ਪਕੜਾਂ ਵਿਚ 27 ਜੱਫੇ, ਅਨੂ ਰਾਣੀ ਨੇ 17-15, ਜਸਵੀਰ ਕੌਰ 21-17, ਮਨਦੀਪ ਕੌਰ 11-8, ਸਿਮਰਨਜੀਤ ਕੌਰ 8-6, ਮਨਪ੍ਰੀਤ ਕੌਰ 16-11, ਰਿਤੂ ਰਾਣੀ 18-13, ਅਮਰੀਕਾ ਦੀਆਂ ਸਰਬ ਸ਼ਕਤੀ ਖਾਲਸਾ 23-10, ਗੁਰੂ ਸੂਰੀਆ ਖਾਲਸਾ 27-10 ਤੇ ਵਾਹਿਗੁਰੂ ਕੌਰ ਨੇ 37-12 ਅੰਕ ਲਏ। ਟੂਰਨਾਮੈਂਟ ਦੌਰਾਨ ਮੁੰਡਿਆਂ ਦੇ ਡੋਪ ਟੈਸਟਾਂ ਵਿਚੋਂ 52 ਖਿਡਾਰੀ ਪਾਜ਼ੇਟਿਵ ਭਾਵ ਡਰੱਗੀ ਨਿਕਲੇ ਜਦ ਕਿ ਕੁੜੀਆਂ ਦੀਆਂ ਚਾਰਾਂ ਟੀਮਾਂ ਵਿਚੋਂ ਕੋਈ ਖਿਡਾਰਨ ਪਾਜ਼ੇਟਿਵ ਨਹੀਂ ਪਾਈ ਗਈ।

ਹੁਣ ਜਦੋਂ ਦੂਜੇ ਕਬੱਡੀ ਵਿਸ਼ਵ ਕੱਪ ਦੀ ਧੂੜ ਬੈਠ ਚੁੱਕੀ ਹੈ ਤਾਂ ਕਬੱਡੀ ਨਾਲ ਜੁੜੇ ਸੱਜਣਾਂ ਨੂੰ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਦਾਇਰੇ ਵਾਲੀ ਕਬੱਡੀ ਦਾ ਅਗਲੇਰਾ ਵਿਕਾਸ ਕਿਵੇਂ ਕੀਤਾ ਜਾਵੇ? ਪੰਜਾਬ ਸਰਕਾਰ ਨੇ ਆਪਣੇ ਖੇਡ ਵਿਭਾਗ ਰਾਹੀਂ ਦੋ ਵਿਸ਼ਵ ਕੱਪ ਕਰਵਾ ਕੇ, ਕਬੱਡੀ ਦੁਨੀਆਂ ਭਰ ਵਿਚ ਚਰਚਿਤ ਖੇਡ ਬਣਾ ਦਿੱਤੀ ਹੈ। ਚੋਟੀ ਦੇ ਮੁਲਕਾਂ ਦੀਆਂ ਟੀਮਾਂ ਦਾ ਵਿਸ਼ਵ ਕੱਪ ਕਰਾਉਣਾ ਤੇ ਕਰੋੜਾਂ ਦੇ ਇਨਾਮ ਦੇਣੇ ਬੜੀ ਵੱਡੀ ਛਾਲ ਹੈ। ਪਰ ਕੀ ਉਨ੍ਹਾਂ ਚੋਟੀ ਦੇ ਮੁਲਕਾਂ ਵਿਚ ਦਾਇਰੇ ਵਾਲੀ ਕਬੱਡੀ ਪਾਪੂਲਰ ਖੇਡ ਬਣ ਰਹੀ ਹੈ? ਕੀ ਕਬੱਡੀ ਉਥੋਂ ਦੇ ਸਕੂਲਾਂ, ਕਾਲਜਾਂ, ਕਲੱਬਾਂ ਤੇ ਖੇਡ ਅਦਾਰਿਆਂ ਵਿਚ ਪ੍ਰਵੇਸ਼ ਕਰ ਰਹੀ ਹੈ?

ਅਸਲੀਅਤ ਇਹ ਹੈ ਕਿ ਹਾਲੇ ਵੀ ਕਬੱਡੀ ਪੰਜਾਬੀ ਮੂਲ ਦੇ ਖਿਡਾਰੀਆਂ ਦੀ ਹੀ ਖੇਡ ਹੈ। ਪੰਜਾਬੀ ਜਿਨ੍ਹਾਂ ਮੁਲਕਾਂ ਵਿਚ ਗਏ ਹਨ ਉਹੀ ਇਹ ਖੇਡ, ਖੇਡ ਰਹੇ ਹਨ। ਮਰਦਾਂ ਦੀਆਂ ਜਿਹੜੀਆਂ ਚਾਰ ਟੀਮਾਂ ਸੈਮੀ ਫਾਈਨਲ ਖੇਡੀਆਂ ਉਨ੍ਹਾਂ ਵਿਚ ਇਕ ਵੀ ਖਿਡਾਰੀ ਗ਼ੈਰ ਪੰਜਾਬੀ ਨਹੀਂ ਸੀ। ਪਹਿਲੇ ਨੰਬਰ ਤੇ ਆਉਣ ਵਾਲੀ ਭਾਰਤੀ ਟੀਮ ਵਿਚ ਸਾਰੇ ਖਿਡਾਰੀ ਪੰਜਾਬ ਦੇ ਸਨ ਤੇ ਇਕ ਵੀ ਹਰਿਆਣੇ ਜਾਂ ਕਿਸੇ ਹੋਰ ਪ੍ਰਾਂਤ ਦਾ ਨਹੀਂ ਸੀ। ਪਾਕਿਸਤਾਨ ਦੀ ਟੀਮ ਜੋ ਤੀਜੇ ਨੰਬਰ ਤੇ' ਆਈ ਉਹਦੇ ਵੀ ਸਾਰੇ ਖਿਡਾਰੀ ਲਹਿੰਦੇ ਪੰਜਾਬ ਦੇ ਸਨ। ਦੂਜੇ ਤੇ ਚੌਥੇ ਨੰਬਰ 'ਤੇ ਆਉਣ ਵਾਲੀਆਂ ਕੈਨੇਡਾ ਤੇ ਇਟਲੀ ਦੀਆਂ ਟੀਮਾਂ ਵਿਚ ਵੀ ਕੋਈ ਖਿਡਾਰੀ ਗ਼ੈਰ ਪੰਜਾਬੀ ਨਹੀਂ ਸੀ। ਅਫਗਾਨਿਸਤਾਨ, ਨੇਪਾਲ, ਸ੍ਰੀਲੰਕਾ ਤੇ ਅਰਜਨਟੀਨਾ ਦੀਆਂ ਟੀਮਾਂ ਜ਼ਰੂਰ ਗ਼ੈਰ ਪੰਜਾਬੀ ਖਿਡਾਰੀਆਂ ਦੀਆਂ ਸਨ ਪਰ ਉਨ੍ਹਾਂ ਦੀ ਖੇਡ ਦਾ ਮਿਆਰ ਬੜਾ ਥੱਲੇ ਸੀ ਜਿਸ ਕਰਕੇ ਉਹ ਫਾਡੀ ਰਹੀਆਂ। ਹੁਣ ਲੋੜ ਹੈ ਕਬੱਡੀ ਦੀ ਵਿਸ਼ਵ ਲੀਗ ਸ਼ੁਰੂ ਕੀਤੀ ਜਾਵੇ ਜਿਸ ਵਿਚ ਮੁਕਾਬਲੇ ਦੀਆਂ ਟੀਮਾਂ ਬਣਾਈਆਂ ਜਾਣ। ਲੀਗ ਦੇ ਮੈਚ ਵਿਸ਼ਵ ਕੱਪ ਨਾਲੋਂ ਵਧੇਰੇ ਦਿਲਚਸਪ ਹੋਣਗੇ।

# ਬਟਾਲਾ ਸੀਟ ਅਕਾਲੀ ਦਲ ਲਈ ਛੱਡਣ ਦੀ ਚਰਚਾ ਤੋਂ ਭਾਜਪਾ ਆਗੂ ਔਖੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲਈ ਸੀਟਾਂ ਵੰਡਣ ਦੇ ਮਾਮਲੇ 'ਤੇ ਐਤਕੀਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਚੋਖਾ ਰੱਫੜ ਪਿਆ ਹੋਇਆ ਹੈ। ਇਸ ਖਿੱਚ-ਧੂਹ ਕਾਰਨ ਭਾਜਪਾ ਦੀ ਅੰਦਰੂਨੀ ਵੀ ਲੜਾਈ ਬਾਹਰ ਆ ਗਈ ਹੈ। ਇੱਥੋਂ ਪਾਰਟੀ ਦੇ ਸੂਬਾਈ ਦਫ਼ਤਰ ਵਿਚ ਇਸ ਮਾਮਲੇ 'ਤੇ ਵਾਹਵਾ ਸਿਆਸਤ ਹੋ ਰਹੀ ਹੈ।

ਪਾਰਟੀ ਦੀ ਕੌਮੀ ਕਾਰਜਕਰਨੀ ਦੀ ਮੀਟਿੰਗ ਜੋ 23 ਦਸੰਬਰ ਨੂੰ ਜਲੰਧਰ ਵਿਚ ਹੋ ਰਹੀ ਹੈ, ਦੀਆਂ ਤਿਆਰੀਆਂ ਲਈ ਸੱਦੀ ਇਸ ਮੀਟਿੰਗ ਮੌਕੇ ਬਟਾਲਾ ਦੇ ਭਾਜਪਾ ਆਗੂਆਂ ਨੇ ਸੀਟ ਬਦਲਣ ਬਾਰੇ ਪਾਰਟੀ ਦੇ ਕੌਮੀ ਆਗੂ ਸ਼ਾਂਤਾ ਕੁਮਾਰ ਕੋਲ ਰੋਸ ਪ੍ਰਗਟਾਇਆ। ਭਾਜਪਾ ਦੀ ਬਟਾਲਾ ਇਕਾਈ ਦੇ ਆਗੂ ਅਸ਼ੋਕ ਮੋਦਗਿਲ ਦੀ ਅਗਵਾਈ ਵਿਚ ਆਏ ਆਗੂਆਂ ਨੇ ਬਟਾਲਾ ਦੀ ਸੀਟ ਰਾਜਸੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਣ ਦਾ ਅਸਿੱਧੇ ਤੌਰ 'ਤੇ ਵਿਰੋਧ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਬਟਾਲਾ ਤੋਂ 5 ਵਾਰੀ ਜਿੱਤ ਹਾਸਲ ਕਰ ਚੁੱਕੀ ਹੈ ਤੇ ਮਿਊਂਸਪਲ ਕਮੇਟੀ ਦੀਆਂ ਚੋਣਾਂ ਵੀ ਪਾਰਟੀ ਧੜੱਲੇ ਨਾਲ ਜਿੱਤਦੀ ਹੈ।


ਭਾਜਪਾ ਆਗੂਆਂ ਨੇ ਸਪਸ਼ਟ ਕਿਹਾ ਕਿ ਬਟਾਲਾ ਸੀਟ ਸ਼੍ਰੋਮਣੀ ਅਕਾਲੀ ਦਲ ਨੂੰ ਨਹੀਂ ਛੱਡੀ ਜਾ ਸਕਦੀ। ਪਾਰਟੀ ਦੇ ਸੰਭਾਵੀ ਫੈਸਲੇ ਦਾ ਵਿਰੋਧ ਕਰ ਰਹੇ ਆਗੂਆਂ ਨੇ ਕਿਹਾ ਕਿ ਜੇ ਪਾਰਟੀ ਨੇ ਅਜਿਹਾ ਕੀਤਾ ਤਾਂ ਇਸ ਦਾ ਅਸਰ ਸਿਰਫ਼ ਬਟਾਲਾ ਵਿਚ ਹੀ ਨਹੀਂ, ਪੂਰੇ ਪੰਜਾਬ ਵਿਚ ਪਵੇਗਾ। ਆਗੂਆਂ ਨੇ ਕਿਹਾ ਕਿ ਕਿਸੇ ਇਕ ਆਗੂ ਨਾਲ ਪਾਰਟੀ ਦੀ ਨਰਾਜ਼ਗੀ ਹੋ ਸਕਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਦਾ ਖਮਿਆਜ਼ਾ ਸਾਰੀ ਪਾਰਟੀ ਭੁਗਤੇ। ਬਟਾਲਾ 'ਚ ਭਾਜਪਾ ਦੇ 20 ਕੌਂਸਲਰ ਹਨ ਤੇ ਪਾਰਟੀ ਪੂਰੀ ਤਰ੍ਹਾਂ ਮਜ਼ਬੂਤ ਹੈ।

ਬਟਾਲਾ ਦੀ ਸੀਟ ਅਕਾਲੀਆਂ ਨੂੰ ਛੱਡਣ ਦਾ ਵਿਰੋਧ ਕਰ ਰਹੇ ਭਾਜਪਾ ਆਗੂਆਂ ਨੇ ਇਹ ਵੀ ਕਿਹਾ ਕਿ ਇਸ ਹਲਕੇ ਤੋਂ ਪਾਰਟੀ ਜਿਹੜੇ ਮਰਜ਼ੀ ਵਿਅਕਤੀ ਨੂੰ ਟਿਕਟ ਦੇਵੇ, ਪਰ ਸ਼੍ਰੋਮਣੀ ਅਕਾਲੀ ਦਲ ਨੂੰ ਨਾ ਛੱਡੀ ਜਾਵੇ। ਭਾਰਤੀ ਜਨਤਾ ਪਾਰਟੀ ਵੱਲੋਂ ਸਾਲ 1997 ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਭਾਈਵਾਲੀ ਤਹਿਤ 23 ਵਿਧਾਨ ਸਭਾ ਹਲਕਿਆਂ 'ਤੇ ਚੋਣਾਂ ਲੜੀਆਂ ਜਾਂਦੀਆਂ ਹਨ।

# ਬਦਲਵੀਆ ਸ਼ਿਫਟਾਂ 'ਚ ਕੰਮ ਕਰਨ ਵਾਲੇ ਸ਼ੂਗਰ ਦਾ ਸ਼ਿਕਾਰ

**ਲੰਡਨ:** ਦਿਨ ਤੇ ਰਾਤ ਦੀ ਸ਼ਿਫਟ ਰਲਾ ਕੇ ਕੰਮ ਕਰਨ ਵਾਲੇ ਖਾਸ ਕਰ ਔਰਤਾਂ ਨੂੰ ਦੂਜੀ ਟਾਈਪ ਦੀ ਡਾਇਬਟੀਜ਼ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ। ਹਾਵਰਡ 'ਚ ਕੀਤੇ ਨਵੇਂ ਅਧਿਐਨ ਤੋਂ ਇਹ ਤੱਥ ਸਾਹਮਣੇ ਆਏ ਹਨ। ਇਸ ਅਨੁਸਾਰ ਕੁਝ ਕੁ ਸਾਲ ਹੀ ਸ਼ਿਫਟਾਂ ਦੇ ਚੱਕਰ 'ਚ ਨੌਕਰੀਆਂ ਕਰਨ ਵਾਲੇ ਲੋਕਾਂ ਦੇ ਖਾਣ-ਪੀਣ ਦੇ ਢੰਗ ਤਰੀਕਿਆਂ ਵਿਚ ਫੇਰਬਦਲ ਆਉਣ 'ਤੇ ਨੀਂਦ ਦੀ ਕਮੀ ਕਾਰਨ ਉਨ੍ਹਾਂ ਦਾ ਭਾਰ ਵਧ ਜਾਂਦਾ ਹੈ ਤੇ ਉਹ ਡਾਇਬੈਟਿਕ ਹੋ ਜਾਂਦੇ ਹਨ।

ਖੋਜੀ ਟੀਮ ਅਨੁਸਾਰ ਟਾਈਪ-2 ਡਾਇਬਟੀਜ਼ ਕਾਰਨ ਹਿਰਦੇ ਰੋਗ, ਗੁਰਦੇ ਫੇਲ੍ਹ ਹੋਣ ਤੇ ਅੰਨ੍ਹੇਪਣ ਦਾ ਡਰ ਰਹਿੰਦਾ ਹੈ। ਇਸ ਤੋਂ ਇਲਾਵਾ ਸਰੀਰ ਨੂੰ ਹੋਰ ਵੀ ਰੋਗ ਛੇਤੀ ਚਿੰਬੜਨ ਲੱਗਦੇ ਹਨ। ਹਾਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਇਸ ਅਧਿਐਨ ਦੀ ਅਗਵਾਈ ਕਰਨ ਵਾਲੇ ਡਾ. ਫਰੈਂਕ ਹੂ ਦੇ ਹਵਾਲੇ ਨਾਲ ਡੇਲੀ ਮੇਲ 'ਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹਖਤਰਾ ਬਹੁਤਾ ਵੱਡਾ ਨਹੀਂ ਹੈ ਪਰ ਇਹ ਕਾਫੀ ਮਹੱਤਤਾ




ਰੱਖਦਾ ਹੈ ਤੇ ਜੇਕਰ 1/5 ਕਾਮੇ ਵੀ ਕਿਸੇ ਤਰ੍ਹਾਂ ਦੀ ਚੱਕਰਵਾਤੀ ਰਾਤ ਦੀ ਸ਼ਿਫਟ 'ਚ ਕੰਮ ਕਰਦੇ ਹੋਣ ਤਾਂ ਜਨਤਕ ਸਿਹਤ 'ਤੇ ਇਹ ਦਾ ਕਾਫੀ ਅਸਰ ਪੈ ਸਕਦਾ ਹੈ।

ਡਾ. ਹੂ ਅਨੁਸਾਰ ਏਨਿਯਮੇ ਘੰਟਿਆਂ ਦੌਰਾਨ ਕੰਮ ਕਰਨਾ, ਸਰੀਰ ਦੇ ਆਪਣੇ ਨੇਮ ਨੂੰ ਤੋੜਦਾ ਹੈ ਜੋ ਖ਼ੂਨ 'ਚ ਸ਼ੱਕਰ ਦੇ ਸਿਹਤਮੰਦ ਢੰਗ ਨਾਲ ਵਰਤੇ ਜਾਣ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਅਧਿਐਨ ਦੀ ਰਿਪੋਰਟ ਪੀ.ਐਲ.ਓਜ਼ ਮੈਡੀਸਨ 'ਚ ਛਪੀ ਹੈ ਤੇ 42 ਤੋਂ 67 ਸਾਲ ਦੀਆਂ 177,184 ਔਰਤਾਂ 'ਤੇ ਅਧਾਰਤ ਹੈ। ਨਰਸਿਜ਼ ਹੈਲਥ ਸਟੱਡੀ ਤਹਿਤ ਇਨ੍ਹਾਂ 42-67 ਸਾਲ ਦੀਆਂ ਔਰਤਾਂ 'ਤੇ ਦੋ ਦਹਾਕਿਆਂ ਲਈ ਕੀਤੇ ਗਏ ਅਧਿਐਨ ਤੋਂ ਇਹ ਖ਼ੁਲਾਸੇ ਹੁੰਦੇ ਹਨ ਕਿ ਜਦੋਂ ਇਨ੍ਹਾਂ ਔਰਤਾਂ ਨੇ ਮਹੀਨੇ 'ਚ ਦਿਨ ਤੇ ਸ਼ਾਮ ਦੀ ਵਧੀਕ ਡਿਊਟੀ ਦੇ ਨਾਲ ਮਹੀਨੇ 'ਚ ਘੱਟੋ-ਘੱਟ ਤਿੰਨ ਰਾਤਾਂ ਵੀ ਡਿਊਟੀ ਕੀਤੀ ਹੋਵੇ, ਉਨ੍ਹਾਂ ਨੂੰ ਬਦਲਵੀਂ ਨਾਈਟ ਸ਼ਿਫਟ ਵਾਲੀਆਂ ਕਿਹਾ ਗਿਆ ਸੀ।

ਇਹ ਪਤਾ ਲੱਗਿਆ ਕਿ ਰਾਤ ਦੀ ਸ਼ਿਫਟ 'ਚ ਇਕ ਦੋ ਸਾਲ ਕੰਮ ਕਰਨ ਵਾਲੀਆਂ ਨਰਸਾਂ ਨੂੰ 5 ਫ਼ੀਸਦੀ ਤੇ ਇਹ ਨੌਕਰੀ ਘੱਟੋ-ਘੱਟ 20 ਸਾਲ ਤੋਂ ਕਰ ਰਹੀਆਂ ਨਰਸਾਂ ਨੂੰ ਇਹ ਬਿਮਾਰੀ ਤਕਰੀਬਨ 58 ਫ਼ੀਸਦੀ ਤੱਕ ਹੋ ਸਕਦੀ ਹੈ। ਇਸ ਲੱਭਤ ਨੂੰ ਪਿਛਲੀ ਖੋਜ ਦੇ ਇਹ ਸਿੱਟੇ ਵੀ ਬਲ ਬਖ਼ਸ਼ਦੇ ਹਨ ਕਿ ਨੀਂਦ ਦੀ ਕਮੀ ਸਰੀਰ 'ਚ ਇੰਸੂਲਿਨ ਬਣਨ ਨੂੰ ਰੋਕਦੀ ਹੈ ਜਿਸ ਨਾਲ ਖ਼ੂਨ 'ਚ ਸ਼ੱਕਰ ਦੀ ਮਾਤਰਾ ਵਧ ਜਾਂਦੀ ਹੈ।

ਟਰੱਕ ਸਟਾਪ ਲਈ
ਕੈਸ਼ੀਅਰ ਚਾਹੀਦੇ ਹਨ
ਸੈਂਟਰਲ ਕੈਲੀਫੋਰਨੀਆ ਦੀ ਟੁਲਹਿਰੀ ਕਾਊਂਟੀ ਦੇ
ਸ਼ਹਿਰ ਅਰਲੀ ਮਾਰਟ ਵਿਚ
*ਅੰਗਰੇਜ਼ੀ ਬੋਲਣੀ ਆਉਣੀ ਜ਼ਰੂਰੀ*
ਚੰਗੀ ਤਨਖਾਹ ਤੇ ਸਹੂਲਤਾਂ
ਸੰਪਰਕ ਕਰੋ:559-380-8888

Indian Oven
11000, I-40 East, Amarillo Texas, 79118 (Exit 77, Right Hand Side)
Ph:1-806-335-3600



Breakfast, Lunch & Dinner (Buffet 11 to 3, Every Day)
ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂੰ ਤੇ ਗੈਰ ਵੈਸ਼ਨੂੰ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ
*ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ*
Easy Truck Parking, Special Deals For Truckers
ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

Are You Tired Of All Treatments?
Try
Homeopathic Natural Medicines [HNM]
Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.
EX Member:
☑ *The California Homeopathic Society*
☑ *National Center For Homeopathy- USA*




Natural Medicines Medical Supply
☎ (510) 870 - 5045
(408) 729 – 6691
Fax: (408)292-6200
Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

Desi Cuts Yuba City
440 N. Palora Ave., Yuba City, CA 95991 (Near LA Merchandise)
Grand Opening
For Men & Children
ਫੋਨ:530-673-1455
ਬੇਏਰੀਆ, ਕੈਲੀਫੋਰਨੀਆ ਤੋਂ ਬਾਅਦ
ਹੁਣ ਯੂਬਾ ਸਿਟੀ ਵਿਚ



*Tony*

*Hair cut *Beard Perm
*Hair styler *Color
ਵਾਜਿਬ ਰੇਟ
ਵਧੀਆ ਸਰਵਿਸ



ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Monday to Friday 9:00-7:30 (Tuesday Closed)
Saturday 9:00-7:00, Sunday 10:00-6:00

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ
If you want to sell your house in shortsale, first call 209-815-1869
*We are certified Home Afordable Fore-closure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

# ਥੱਪੜ ਕਾਂਡ ਬਣਿਆ ਬਾਦਲਾਂ ਲਈ ਮੁਸੀਬਤ

**ਗਿੱਦੜਬਾਹਾ:** ਥੱਪੜ ਕਾਂਡ ਨੇ ਪਿੰਡ ਸੁਖਨਾ ਅਬਲੂ ਨੂੰ ਸਿਆਸੀ ਅਖਾੜਾ ਬਣਾ ਦਿੱਤਾ ਹੈ ਤੇ ਆਏ ਦਿਨ ਥੱਪੜ ਕਾਂਡ ਦੀ ਸ਼ਿਕਾਰ ਲੜਕੀ ਦੇ ਪਰਿਵਾਰ ਨੂੰ ਹੌਸਲਾ ਦੇਣ ਲਈ ਸਿਆਸੀ

### ਪਿੰਡ ਸੁਖਨਾ ਅਬਲੂ 'ਚ ਸਿਆਸੀ ਅਖਾੜਾ

ਆਗੂ ਚੱਕਰ ਮਾਰ ਰਹੇ ਹਨ। ਮੀਡੀਆ 'ਚ ਇਸ ਮਾਮਲੇ ਦੀ ਵਿਆਪਕ ਚਰਚਾ ਨੇ ਬਾਦਲ ਸਰਕਾਰ ਨੂੰ ਨਵੀਂ ਮੁਸੀਬਤ 'ਚ ਪਾ ਦਿੱਤਾ ਹੈ।

ਪਹਿਲਾਂ ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਮਾਲਤੀ ਥਾਪਰ, ਫਿਰ ਰਣਇੰਦਰ ਸਿੰਘ, ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਬਾਦਲ, ਵੀਨੂੰ ਬਾਦਲ ਪੀੜਤ ਲੜਕੀ ਦੇ ਪਰਿਵਾਰ ਨੂੰ ਹੌਸਲਾ ਦੇਣ ਪਿੰਡ ਪੁੱਜੇ ਤੇ ਇਸ ਤੋਂ ਬਾਅਦ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਤੇ ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ ਪਿੰਡ ਸੁਖਨਾ ਵਿਖੇ ਲੜਕੀ ਦੇ ਪਰਿਵਾਰ ਨਾਲ ਗੱਲਬਾਤ ਕਰਨ ਪੁੱਜੇ।

ਇਸ ਮੌਕੇ ਜਗਮੀਤ ਬਰਾੜ ਨੇ ਕਿਹਾ ਕਿ



ਅਕਾਲੀ ਸਰਪੰਚ ਵੱਲੋਂ ਬਰਿੰਦਰਪਾਲ ਕੌਰ ਨੂੰ ਮਾਰਿਆ ਥੱਪੜ ਪੰਜਾਬ ਦੀ ਅਣਖ ਨੂੰ ਮਾਰਿਆ ਗਿਆ ਹੈ ਤੇ ਇਸ ਥੱਪੜ ਦੀ ਗੂੰਜ ਦੂਰ ਤੱਕ ਗਈ ਹੈ। ਪੰਜਾਬ ਦੇ ਲੋਕ ਇਸ ਲਈ ਅਕਾਲੀ ਦਲ ਨੂੰ ਕਦੇ ਵੀ ਮਾਫ ਨਹੀਂ ਕਰਨਗੇ। ਪਿਛਲੇ ਪੰਜ ਸਾਲਾਂ ਦੌਰਾਨ ਗਿੱਦੜਬਾਹਾ ਤੇ ਲੰਬੀ ਦੇ ਅਕਾਲੀਆਂ ਨੇ ਅਕਾਲੀ ਸਰਕਾਰ ਦੀ ਸ਼ਹਿ 'ਤੇ ਸਿਆਸਤ ਕੀਤੀ ਹੈ ਤੇ ਕਾਂਗਰਸੀ ਵਰਕਰਾਂ 'ਤੇ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਗਿਆ ਤੇ ਹੁਣ ਇਨ੍ਹਾਂ ਨੇ ਆਮ ਆਦਮੀ ਨੂੰ ਵੀ ਤਸ਼ੱਦਦ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਸ੍ਰੀ ਬਰਾੜ ਨੇ ਕਿਹਾ ਕਿ ਅਕਾਲੀ ਦਲ ਆਪਣੀ ਹਾਰ ਵੇਖ ਕੇ ਬੌਖਲਾ ਗਿਆ ਹੈ। ਪਹਿਲਾਂ ਈ.ਜੀ.ਐਸ. ਅਧਿਆਪਕਾਂ ਨੂੰ ਮਿਲਣ ਦਾ ਸਮਾਂ ਦੇ ਕੇ ਫਿਰ ਉਸ ਨੂੰ ਟਾਲ ਦੇਣਾ ਸਰਕਾਰ ਦੀ ਨੀਅਤ 'ਤੇ ਸ਼ੱਕ ਜ਼ਾਹਰ ਕਰਦਾ ਹੈ। ਹਰਸਿਮਰਤ ਕੌਰ ਬਾਦਲ ਬਾਰੇ ਸ. ਬਰਾੜ ਨੇ ਕਿਹਾ ਕਿ ਸੰਸਦ ਵਿਚ ਲੰਬੇ ਚੌੜੇ ਭਾਸ਼ਣ ਦੇ ਕੇ ਆਪਣਾ ਪ੍ਰਭਾਵ ਛੱਡਣ ਵਾਲੀ ਹਰਸਿਮਰਤ ਨੇ ਥੱਪੜ ਕਾਂਡ ਤੋਂ ਬਾਅਦ ਆਪਣਾ ਪ੍ਰਭਾਵ ਖਤਮ ਕਰ ਲਿਆ ਹੈ ਤੇ ਅਕਾਲੀ ਦਲ ਨੂੰ ਹੁਣ ਇਨ੍ਹਾਂ ਘਟਨਾਵਾਂ ਵਿਚੋਂ ਨਿਕਲਣ ਦਾ ਰਾਹ ਨਹੀਂ ਮਿਲ ਰਿਹਾ। ਉਹ ਇਸ ਮਾਮਲੇ ਦੀ ਸਾਰੀ ਜਾਣਕਾਰੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਦੇਣਗੇ।

## ਪਰਵਾਸੀ ਪੰਜਾਬੀਆਂ ਨੂੰ ਮਾਰਨ ਦੇ ਦੋਸ਼ ਵਿਚ 26 ਸਾਲ ਕੈਦ

ਲੰਡਨ: ਯੂ.ਕੇ. 'ਚ ਭਾਰਤੀ ਮੂਲ ਦੇ ਕਾਰੋਬਾਰੀ ਤੇ ਉਸ ਦੇ ਭਤੀਜੇ ਨੂੰ 2003 ਵਿਚ ਪਾਰਕਿੰਗ ਨੂੰ ਲੈ ਕੇ ਹੋਏ ਝਗੜੇ 'ਚ ਕਤਲ ਕਰਕੇ ਆਪਣੇ ਦੇਸ਼ ਭੱਜ ਜਾਣ ਵਾਲੇ ਬੰਗਲਾਦੇਸ਼ੀ ਨੂੰ ਅਦਾਲਤ ਨੇ 26 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਨਸ਼ਾ ਤਸਕਰ ਅਯੂਬ ਖਾਨ ਨੇ ਅਗਸਤ 2003 ਵਿਚ ਅਮਰਜੀਤ ਸਿੰਘ ਟਿਵਾਣਾ (52) ਤੇ ਉਸ ਦੇ ਭਤੀਜੇ ਰਜਿੰਦਰ ਸਿੰਘ ਟਿਵਾਣਾ (25) ਨੂੰ ਪੱਛਮੀ ਲੰਡਨ 'ਚ ਮਾਮੂਲੀ ਝਗੜੇ ਦੌਰਾਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

# *ਸਿੰਘ ਸਾਹਿਬਾਨ ਵੱਲੋਂ ਸ਼ਹੀਦੀ ਸਭਾਵਾਂ ਮੌਕੇ ਦੂਸ਼ਣਬਾਜ਼ੀ ਤੋਂ ਪਰਹੇਜ਼ ਦੀ ਹਦਾਇਤ*

**ਅੰਮ੍ਰਿਤਸਰ:** ਸ੍ਰੀ ਤਖ਼ਤ ਸਾਹਿਬਾਨ ਦੇ ਮੌਜੂਦਾ ਤੇ ਸਾਬਕਾ ਸਿੰਘ ਸਾਹਿਬਾਨ ਨੇ ਇਸ ਵਾਰ ਫਿਰ ਕਿਹਾ ਹੈ ਕਿ ਫਤਿਹਗੜ੍ਹ ਸਾਹਿਬ ਵਿਖੇ 26 ਦਸੰਬਰ ਨੂੰ ਮਨਾਏ ਜਾ ਰਹੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਸਿਆਸੀ ਕਾਨਫਰੰਸਾਂ ਦੌਰਾਨ ਆਪਸੀ ਦੂਸ਼ਣਬਾਜੀ ਨਾ ਕਰਕੇ ਸਿਰਫ ਇਤਿਹਾਸ ਦੀ ਗੱਲ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਤੇ ਫੁੱਲ ਭੇਟ ਕੀਤੇ ਜਾਣ। ਸਿੰਘ ਸਹਿਬਾਨ ਨੇ ਪਿਛਲੇ ਵਰ੍ਹੇ ਵੀ ਅਜਿਹੀਆਂ ਹਦਾਇਤਾਂ ਕੀਤੀਆਂ ਸਨ ਪਰ ਸਿਆਸੀ ਧਿਰਾਂ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ ਸੀ।

ਉਂਜ ਸਿੰਘ ਸਹਿਬਾਨ ਦੀ ਦੀ ਇਸ ਪਹਿਲਕਦਮੀ ਦੀ ਚਫੇਰਿਓਂ ਪ੍ਰਸ਼ੰਸਾ ਹੋਈ ਸੀ ਤੇ ਇਸ ਬਾਰੇ ਸਿਆਸੀ ਧਿਰਾਂ ਨੇ ਵੀ ਆਪਣੇ ਆਪ ਨੂੰ ਜ਼ਾਬਤੇ 'ਚ ਰੱਖਣ ਦਾ ਵਾਅਦਾ ਕੀਤਾ ਸੀ। ਸਿਆਸੀ ਪਾਰਟੀਆਂ ਵੱਲੋਂ ਸ਼ਹੀਦੀ ਸਭਾਵਾਂ ਮੌਕੇ ਸਿਆਸੀ ਕਾਨਫਰੰਸਾਂ ਕਰਨ ਦਾ ਰੁਝਾਨ ਕਾਫੀ ਪੁਰਾਣਾ ਹੈ। ਅਜਿਹੀਆਂ ਕਾਨਫਰੰਸਾਂ ਵਿਚ ਸਿਆਸੀ ਧਿਰਾਂ ਆਪਸੀ ਜ਼ੋਰ ਅਜਮਾਈ ਕਰਦਿਆਂ ਇਕ ਦੂਜੇ ਖ਼ਿਲਾਫ਼ ਰੱਜ ਕੇ ਦੂਸ਼ਣਬਾਜ਼ੀ ਕਰਦਿਆਂ ਦਿਨ ਤਿਓਹਾਰ ਦੀ ਭਾਵਨਾ ਨੂੰ ਹੀ ਖ਼ਤਮ ਕਰ ਦਿੰਦੀਆਂ ਹਨ।

ਖਾਸ ਕਰਕੇ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਜਦੋਂ ਹਰ ਅੱਖ ਨਮ ਹੋ ਕੇ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਹੁੰਦੀ ਹੈ ਤਾਂ ਸਿਆਸੀ ਪਾਰਟੀਆਂ ਵੱਲੋਂ ਇਕ ਦੂਜੇ ਖਿਲਾਫ਼ ਦੂਸ਼ਣਬਾਜ਼ੀ ਕਰਦਿਆਂ ਨਾ ਸਿਰਫ ਸ਼ਹੀਦਾਂ ਨੂੰ ਵਿਸਾਰ ਦਿੱਤਾ ਜਾਂਦਾ ਹੈ, ਸਗੋਂ ਇਸ ਦਿਵਸ ਦੀ ਭਾਵਨਾ ਹੀ ਖ਼ਤਮ ਕਰ ਦਿੱਤੀ ਜਾਂਦੀ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਿਛਲੇ ਵਰ੍ਹੇ ਹੁਕਮ ਜਾਰੀ ਕੀਤਾ ਗਿਆ ਸੀ ਕਿ ਇਸ ਦਿਹਾੜੇ ਮੌਕੇ ਸਿਰਫ ਇਤਿਹਾਸ ਦੀ ਗੱਲ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਜਾਵੇ। ਹੁਣ ਮੁੜ ਸਾਬਕਾ ਤੇ ਮੌਜੂਦਾ ਸਿੰਘ ਸਾਹਿਬਾਨ ਨੇ ਇਸੇ ਗੱਲ 'ਤੇ ਜ਼ੋਰ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਨੂੰ ਹੁਣ ਜੋੜ ਮੇਲਾ ਬਣਾ ਦਿੱਤਾ ਗਿਆ ਜਦੋਂਕਿ ਬੀਤੇ ਸਮਿਆਂ 'ਚ ਇਸ ਜ਼ਿਲ੍ਹੇ ਦੇ ਲੋਕ ਇਨ੍ਹਾਂ ਦਿਨਾਂ ਵਿਚ ਸਿਰਫ ਦਾਲ ਪ੍ਰਸ਼ਾਦਾ ਬਣਾਉਂਦੇ ਸਨ ਤੇ ਜ਼ਮੀਨ 'ਤੇ ਬਿਸਤਰੇ ਲਾ ਕੇ ਸੌਂਦੇ ਸਨ। ਇਹ ਉਸ ਵੇਲੇ ਅਫਸੋਸ ਦਾ ਪ੍ਰਗਟਾਵਾ ਹੁੰਦਾ ਸੀ ਪਰ ਹੁਣ ਇਸ ਨੂੰ ਜੋੜ ਮੇਲੇ ਦਾ ਨਾਂ ਦੇ ਕੇ ਦਿਵਸ ਦੀ ਭਾਵਨਾ ਨੂੰ ਹੀ ਖ਼ਤਮ ਕਰ ਦਿੱਤਾ ਗਿਆ ਹੈ। ਅੱਜ ਕੱਲ੍ਹ ਇਥੇ ਵੱਖ-ਵੱਖ ਤਰ੍ਹਾਂ ਦੇ ਪਕਵਾਨ ਬਣਦੇ ਹਨ, ਪੰਡਾਲ ਲੱਗਦੇ ਹਨ, ਜਿਸ ਨਾਲ ਲੋਕ ਸ਼ਹੀਦੀ ਦਿਵਸ ਦਾ ਇਤਿਹਾਸ ਹੀ ਭੁੱਲ ਗਏ ਹਨ। ਸਿਆਸੀ ਜਥੇਬੰਦੀਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਿਆਸੀ ਧਿਰਾਂ ਵੱਖ ਵੱਖ ਪੰਡਾਲ ਲਾ ਕੇ ਸਿਰਫ ਆਪਣਾ ਮੁਫਾਦ ਪੂਰਾ ਕਰਦੀਆਂ ਹਨ ਤੇ ਇਕ ਦੂਜੇ ਖਿਲਾਫ ਦੂਸ਼ਣਬਾਜ਼ੀ ਕੀਤੀ ਜਾਂਦੀ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ 'ਤੇ ਸਿਆਸੀ ਪਾਰਟੀਆਂ ਨੂੰ ਪਹਿਰਾ ਦੇਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਵਰਤਾਰੇ ਬਾਰੇ ਨੋਟਿਸ ਲੈਣਾ ਚਾਹੀਦਾ ਹੈ ਤੇ ਖਾਸ ਕਰਕੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹਾ ਕਰਨ ਤੋਂ ਵਰਜਨਾ ਚਾਹੀਦਾ ਹੈ।

## ਪ੍ਰੇਮਿਕਾ ਨੇ ਕਰਵਾਈ ਸਿੱਖ ਨੌਜਵਾਨ ਦੀ ਹੱਤਿਆ

**ਲੰਡਨ:** ਪ੍ਰੇਮ ਤਿਕੋਣ ਵਿਚ ਫਸੀ ਪਰਵਾਸੀ ਭਾਰਤੀ ਮੈਡੀਕਲ ਵਿਦਿਆਰਥਣ ਨੇ ਬਲਾਤਕਾਰ ਦੀ ਕੋਸ਼ਿਸ਼ ਦਾ ਬਦਲਾ ਲੈਣ ਲਈ ਆਪਣੇ ਪ੍ਰੇਮੀ ਦੀ ਹੱਤਿਆ ਕਰਵਾ ਦਿੱਤੀ। ਸਰਕਾਰੀ ਵਕੀਲ ਨੇ ਓਲਡ ਬੇਲੀ ਅਦਾਲਤ ਨੂੰ ਦੱਸਿਆ ਕਿ ਮੁੰਡਿਲ ਮਹਿਲ (20 ਸਾਲ) ਨੇ ਕਰੋੜਪਤੀ ਪ੍ਰੇਮੀ ਗਗਨਦੀਪ ਸਿੰਘ ਨੂੰ ਘਰ ਸੱਦਿਆ ਤੇ ਜਦੋਂ ਉਹ ਉੱਥੇ ਪੁੱਜਿਆ ਤਾਂ ਮਹਿਲ ਨੇ ਆਪਣੇ ਦੂਜੇ ਪ੍ਰੇਮੀ ਹਰਵਿੰਦਰ ਸ਼ੌਕਰ ਤੇ ਇਕ ਹੋਰ ਵਿਅਕਤੀ ਨਾਲ ਉਸ ਨੂੰ ਕੁਟਾਪਾ ਚੜ੍ਹਵਾਇਆ। ਬਾਅਦ ਵਿਚ ਜਿਸ ਮਰਸਡੀਜ਼ ਵਿਚ ਗਗਨਦੀਪ ਆਇਆ ਸੀ, ਉਸ ਵਿਚ ਉਸ ਨੂੰ ਪਾ ਕੇ ਕਾਰ ਨੂੰ ਅੱਗ ਲਾ ਦਿੱਤੀ। ਮਹਿਲ ਤੇ ਗਗਨਦੀਪ ਦੇ ਸਬੰਧ 2010 ਵਿਚ ਉਦੋਂ ਖ਼ਰਾਬ ਹੋ ਗਏ ਸਨ, ਜਦੋਂ ਗਗਨਦੀਪ ਨੇ ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਸੀ।

# *ਵਿਸ਼ਵ ਮੰਦੀ ਨੇ ਭਾਰਤ ਨੂੰ ਵੀ ਲਪੇਟਿਆ ਸਨਅਤੀ ਪੈਦਾਵਾਰ 'ਚ ਵੱਡੀ ਗਿਰਾਵਟ*

**ਨਵੀਂ ਦਿੱਲੀ:** ਵਿਸ਼ਵ ਮੰਦੀ ਨੇ ਭਾਰਤ ਨੂੰ ਵੀ ਲਪੇਟ ਲਿਆ ਹੈ ਤੇ ਸਨਅਤੀ ਪੈਦਾਵਾਰ 'ਚ ਵੱਡੀ ਗਿਰਾਵਟ ਆਈ ਹੈ। ਭਾਰਤ ਦੀ ਸਨਅਤੀ ਪੈਦਾਵਾਰ ਅਕਤੂਬਰ 'ਚ ਘਟ ਕੇ 5.1 ਫੀਸਦ 'ਤੇ ਆ ਗਈ। ਪਿਛਲੇ ਸਾਲ ਅਕਤੂਬਰ 'ਚ ਸਨਅਤੀ ਪੈਦਾਵਾਰ ਸੂਚਕ ਅੰਕ ਦਾ ਪੈਮਾਨਾ ਮੰਨੀ ਜਾਂਦੀ ਫੈਕਟਰੀ ਪੈਦਾਵਾਰ 11.3% ਸੀ।

ਸਰਕਾਰੀ ਅੰਕੜਿਆਂ ਅਨੁਸਾਰ ਇਸ ਚਾਲੂ ਮਾਲੀ ਸਾਲ 'ਚ ਅਪਰੈਲ ਤੋਂ ਅਕਤੂਬਰ ਤੱਕ ਸਨਅਤੀ ਪੈਦਾਵਾਰ 'ਚ 3.5% ਵਾਧਾ ਹੋਇਆ ਜੋ ਪਿਛਲੇ ਸਾਲ ਇਸੇ ਅਰਸੇ 'ਚ 8.7% ਸੀ। ਨਿਰਮਾਣ ਸੈਕਟਰ ਜਿਸ ਦਾ ਸੂਚਕ ਅੰਕ 'ਚ 75 ਫੀਸਦ ਹਿੱਸਾ ਹੈ, ਦੀ ਪੈਦਾਵਾਰ ਅਕਤੂਬਰ 'ਚ 6% ਸੀ ਜਦਕਿ 2010 ਦੇ ਇਸੇ ਮਹੀਨੇ ਵਿਚ 12.3 ਫੀਸਦ ਸੀ। ਇਸ ਤੋਂ ਇਲਾਵਾ ਖਣਨ ਪੈਦਾਵਾਰ 'ਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 7.2% ਕਮੀ ਆਈ ਹੈ। ਪਿਛਲੇ ਸਾਲ ਇਹ ਵਾਧਾ 6.1% ਸੀ।

ਹੰਢਣਸਾਰ ਵਸਤਾਂ ਦੀ ਪੈਦਾਵਾਰ ਵਿਚ ਵੀ ਇਸ ਮਹੀਨੇ 25.5% ਕਮੀ ਆਈ ਹੈ। ਸਾਲ 2010 ਦੇ ਇਸ ਮਹੀਨੇ ਇਹ ਵਾਧਾ 21.1% ਸੀ। ਖਪਤਕਾਰੀ ਵਸਤਾਂ ਦੀ ਪੈਦਾਵਾਰ ਜੋ ਪਿਛਲੇ ਸਾਲ ਅਕਤੂਬਰ 'ਚ 9.3% ਸੀ, 0.8% ਘਟੀ।

ਹੰਢਣਸਾਰ ਖਪਤਕਾਰੀ ਵਸਤਾਂ ਦੀ ਪੈਦਾਵਾਰ ਵਿਚ 0.3% ਕਮੀ ਆਈ ਹੈ ਜੋ ਪਿਛਲੇ ਸਾਲ ਅਕਤੂਬਰ 'ਚ 14.2% ਸੀ। ਖਪਤਕਾਰ ਗੈਰ-ਹੰਢਣਸਾਰ ਵਸਤਾਂ ਦੀ ਪੈਦਾਵਾਰ ਜੋ ਪਿਛਲੇ ਸਾਲ ਅਕਤੂਬਰ 'ਚ 5% ਵਧ ਰਹੀ ਸੀ, ਵਿਚ 1.3% ਕਮੀ ਆਈ ਹੈ। ਬੁਨਿਆਦੀ ਵਸਤਾਂ ਦੀ ਪੈਦਾਵਾਰ 0.1% ਘਟੀ ਹੈ ਜੋ ਪਿਛਲੇ ਸਾਲ 9.8% ਦੀ ਦਰ ਨਾਲ ਵਧ ਰਹੀ ਸੀ। ਉਂਜ ਬਿਜਲੀ ਪੈਦਾਵਾਰ 5.6% ਦੀ ਦਰ ਨਾਲ ਵਧੀ ਹੈ ਜੋ ਪਿਛਲੇ ਸਾਲ ਅਕਤੂਬਰ ਵਿਚ 8.8% ਸੀ।

ਇਸ ਦੌਰਾਨ ਸਤੰਬਰ ਵਿਚ ਸਨਅਤੀ ਪੈਦਾਵਾਰ ਬਾਰੇ ਪਹਿਲਾਂ ਐਲਾਨੇ 1.9% ਦੇ ਵਾਧੇ ਦੇ ਆਰਜ਼ੀ ਅਨੁਮਾਨਾਂ ਵਿਚ 2% ਵਾਧਾ ਦਰਸਾਇਆ ਗਿਆ ਹੈ। ਮਾਹਿਰਾਂ ਮੁਤਾਬਕ ਸਨਅਤੀ ਪੈਦਾਵਾਰ 'ਚ ਕਮੀ ਦੇ ਇਹ ਅੰਕੜੇ ਭਾਰਤੀ ਅਰਥਚਾਰੇ ਵਿਚ ਮੰਦੀ ਦੇ ਭਾਰੂ ਹੋਣ ਦਾ ਸੰਕੇਤ ਹਨ। ਪਿਛਲੇ ਹਫਤੇ ਸਰਕਾਰ ਨੇ ਆਰਥਿਕ ਵਿਕਾਸ ਦੀ ਪਹਿਲਾਂ ਅਨੁਮਾਨੀ 9% ਦੀ ਦਰ ਸੋਧ ਕੇ 7.5% ਕਰ ਦਿੱਤੀ ਸੀ। ਜੁਲਾਈ-ਸਤੰਬਰ ਦੌਰਾਨ ਆਰਥਿਕ ਵਿਕਾਸ ਦਰ 6.9% ਦਰਜ ਕੀਤੀ ਗਈ। ਭਾਰਤੀ ਕਾਰਪੋਰੇਟ ਖੇਤਰ ਨੇ ਵਾਧੇ ਦੀ ਦਰ ਘਟਣ ਲਈ ਵਿਆਜ ਦਰਾਂ 'ਚ ਕੀਤੇ ਵਾਧੇ ਨੂੰ ਕਸੂਰਵਾਰ ਕਰਾਰ ਦਿੱਤਾ। ਭਾਰਤੀ ਰਿਜ਼ਰਵ ਬੈਂਕ ਨੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਮਾਰਚ 2010 ਤੋਂ ਲੈ ਕੇ 13 ਵਾਰ ਵਿਆਜ ਦਰਾਂ ਵਧਾਈਆਂ ਹਨ।

ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ 52.26 ਰੁਪਏ ਫੀ ਡਾਲਰ 'ਤੇ ਪੁੱਜ ਗਈ। ਹਾਲਾਂਕਿ ਵਿਦੇਸ਼ੀ ਮੰਡੀਆਂ 'ਚ ਡਾਲਰ ਦੀ ਹਾਲਤ ਕਮਜ਼ੋਰ ਬਣੀ ਹੋਈ ਹੈ ਪਰ ਬੈਂਕਾਂ ਤੇ ਦਰਾਮਦਕਾਰਾਂ ਵੱਲੋਂ ਡਾਲਰ ਦੀ ਮੰਗ ਵਧਣ ਕਾਰਨ ਭਾਰਤੀ ਰੁਪਿਆ ਖਿਸਕਦਾ ਜਾ ਰਿਹਾ ਹੈ। ਪਿਛਲੇ ਹਫਤੇ ਇੰਟਰਬੈਂਕ ਫਾਰੇਨ ਐਕਸਚੇਂਜ ਵਿੱਚ ਰੁਪਏ ਦੀ ਕੀਮਤ ਫੀ ਡਾਲਰ 52.03/04 ਰੁਪਏ ਸੀ।

## ਪੰਜਾਬ ਤੇ ਬਲੋਚਿਸਤਾਨ ਸੂਬਿਆਂ ਵੱਲੋਂ ਨਾਟੋ ਖ਼ਿਲਾਫ਼ ਮਤੇ ਪਾਸ

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਪੰਜਾਬ ਤੇ ਬਲੋਚਿਸਤਾਨ ਦੀਆਂ ਵਿਧਾਨ ਸਭਾਵਾਂ ਨੇ ਨਾਟੋ ਵੱਲੋਂ 24 ਪਾਕਿਸਤਾਨੀ ਫੌਜੀਆਂ ਨੂੰ ਮਾਰਨ ਖ਼ਿਲਾਫ਼ ਸਰਬਸੰਮਤੀ ਨਾਲ ਮਤੇ ਪਾਸ ਕਰ ਦਿੱਤੇ। ਇਨ੍ਹਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚਾਲੇ ਸੱਤਾਧਾਰੀ ਤੇ ਵਿਰੋਧੀ ਧਿਰਾਂ ਨੇ ਇਸ ਮਤੇ ਦੇ ਹੱਕ ਵਿਚ ਸਹਿਮਤੀ ਪ੍ਰਗਟਾਈ।

ਮਤਿਆਂ 'ਚ ਕਿਹਾ ਗਿਆ ਕਿ ਨਾਟੋ ਨੇ ਬਗੈਰ ਕਿਸੇ ਕਾਰਨ ਦੇਸ਼ ਦੀ ਪ੍ਰਭੂਸੱਤਾ ਤੇ ਆਜ਼ਾਦੀ 'ਤੇ ਹਮਲਾ ਕੀਤਾ ਹੈ। ਮਤਿਆਂ 'ਚ ਸ਼ਹੀਦ ਹੋਏ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਦੌਰਾਨ ਸੰਘੀ ਸਰਕਾਰ ਵੱਲੋਂ ਨਾਟੋ ਦੀ ਸਪਲਾਈ ਲਾਈਨ ਬੰਦ ਕਰਨ, ਸ਼ਮਸੀ ਹਵਾਈ ਅੱਡਾ ਅਮਰੀਕਾ ਤੋਂ ਖਾਲੀ ਕਰਾਉਣ ਤੇ ਬੌਨ ਕਾਨਫਰੰਸ ਦਾ ਬਾਈਕਾਟ ਕਰਨ ਦੇ ਲਏ ਫੈਸਲਿਆਂ ਨੂੰ ਸਹੀ ਕਰਾਰ ਦਿੱਤਾ।

# ਬਾਦਲ ਦੀ ਫੋਟੋ ਵਾਲਾ ਸਾਈਕਲ ਨਾ ਲੈਣ ਵਾਲੀ ਵਿਦਿਆਰਥਣ ਨੂੰ ਸਕੂਟਰ ਭੇਟ

**ਹੁਸ਼ਿਆਰਪੁਰ:** ਪਿੰਡ ਚੱਕੋਵਾਲ ਸ਼ੇਖਾ ਦੇ ਭਾਈ ਗੁਲਵਿੰਦਰ ਸਿੰਘ ਦੀ ਧੀ ਮਨਜੀਤ ਕੌਰ ਵੱਲੋਂ ਪਿਛਲੇ ਦਿਨੀਂ ਬਾਦਲ ਦੀ ਫੋਟੋ ਵਾਲਾ ਸਾਈਕਲ ਲੈਣ ਤੋਂ ਇਨਕਾਰ ਕਰਨ ਤੋਂ ਬਾਅਦ ਅਕਾਲੀ ਦਲ ਪੰਚ ਪ੍ਰਧਾਨੀ ਦੇ ਕੌਮੀ ਪੰਚ ਤੇ ਹਲਕਾ ਫਿਲੌਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕੁਲਵੀਰ ਸਿੰਘ ਬੜਾ ਪਿੰਡ ਨੇ ਇਨਾਮ ਵਜੋਂ ਪਰਿਵਾਰ, ਪਿੰਡ ਵਾਸੀਆਂ ਤੇ ਪਾਰਟੀ ਵਰਕਰਾਂ ਦੀ ਹਾਜ਼ਰੀ ਵਿਚ 'ਹਾਂਡਾ ਪਲਈਅਰ' ਸਕੂਟਰ ਭੇਟ ਕੀਤਾ।

ਉਨ੍ਹਾਂ ਦੱਸਿਆ ਕਿ ਇਹ ਸਕੂਟਰ ਕੈਨੇਡਾ ਵਾਸੀ ਬਾਬਾ ਰਣਜੀਤ ਸਿੰਘ ਖ਼ਾਲਸਾ, ਸਰੀ (ਕੈਨੇਡਾ) ਨੇ ਸਮੁੱਚੇ ਪੰਥ ਵਲੋਂ ਪੰਥ ਦੀ ਇਸ ਧੀ ਤੇ ਮਾਈ ਭਾਗੋ ਦੀ ਅਸਲ ਵਾਰਸ ਨੂੰ ਭੇਜਿਆ ਹੈ ਤੇ ਇਸ ਸਕੂਟਰ ਨਾਲ ਇਸ 'ਚ ਤੇਲ ਦੇ ਖਰਚੇ ਵਜੋਂ 20000 ਰੁਪਏ ਨਗਦ ਵੀ ਭੇਟ ਕੀਤੇ ਜਾ ਰਹੇ ਹਨ ਤੇ ਇਹ ਵਾਅਦਾ ਵੀ ਹੈ ਕਿ ਇਹ ਬੱਚੀ ਆਪਣੀ ਵਿਦਿਅਕ ਯੋਗਤਾ ਦੇ ਅਧਾਰ 'ਤੇ ਜਿੱਥੇ ਵੀ ਉੱਚ ਵਿੱਦਿਆ ਲਈ ਦਾਖਲਾ ਲੈਣਾ ਚਾਹੇਗੀ, ਉਸ ਦਾ ਸਾਰਾ ਪ੍ਰਬੰਧ ਵੀ ਕੀਤਾ ਜਾਵੇਗਾ।



*ਮਨਜੀਤ ਕੌਰ ਨੂੰ ਸਕੂਟਰ ਦੀਆਂ ਚਾਬੀਆਂ ਸੌਂਪਦੇ ਹੋਏ ਕੁਲਬੀਰ ਸਿੰਘ ਬੜਾ ਪਿੰਡ*

ਇਸ ਮੌਕੇ ਜਥੇਦਾਰ ਬੜਾਪਿੰਡ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੀ ਫੋਟੋ ਲਾ ਕੇ ਦਿੱਤਾ ਜਾ ਰਿਹਾ ਸਾਈਕਲ ਲੈਣ ਤੋਂ ਇਨਕਾਰ ਕਰਕੇ ਇਸ ਬੱਚੀ ਨੇ ਸਿੱਖ ਭਾਵਨਾਵਾਂ ਦੀ ਸਹੀ ਤਰਜ਼ਮਾਨੀ ਕੀਤੀ ਹੈ ਕਿਉਂਕਿ ਬਾਦਲ ਨੇ 1984 ਤੋਂ ਲੈ ਕੇ ਹੁਣ ਤੱਕ ਦੇਹਧਾਰੀ ਪਖੰਡੀਆਂ ਨੂੰ ਸ਼ਹਿ ਦੇਣ ਵਾਲਿਆਂ ਵਿਚ ਸਦਾ ਮੋਹਰੀ ਰੋਲ ਅਦਾ ਕੀਤਾ ਹੈ ਤੇ ਪੰਥ ਤੇ ਗੁਰੂ ਗ੍ਰੰਥ ਸਾਹਿਬ ਨੂੰ ਹਮੇਸ਼ਾ ਪਿੱਠ ਦਿਖਾਈ ਹੈ।

ਜ਼ਿਲ੍ਹੇ ਦੇ ਪਿੰਡ ਚੱਕੋਵਾਲ ਸ਼ੇਖਾਂ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਮਨਜੀਤ ਕੌਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਵਾਲਾ ਸਾਈਕਲ ਲੈਣ ਤੋਂ ਇਨਕਾਰ ਕਰ ਕੇ ਸਿੱਖ ਜਗਤ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਵਿਦਿਆਰਥਣ ਨੇ ਦੋਸ਼ ਲਾਇਆ ਹੈ ਕਿ ਉਹ ਸ. ਬਾਦਲ ਨੂੰ ਵੀ 1984 'ਚ ਹੋਏ ਸਿੱਖਾਂ ਦੇ ਨੁਕਸਾਨ ਲਈ ਜ਼ਿੰਮੇਵਾਰ ਮੰਨਦੀ ਹੈ। ਇਸ ਲਈ ਉਨ੍ਹਾਂ ਵੱਲੋਂ ਦਿੱਤਾ ਸਾਈਕਲ ਨਹੀਂ ਲੈ ਸਕਦੀ।

ਵਿਦਿਆਰਥਣ ਨੇ ਸਰਕਾਰ ਉਤੇ ਮਾਈ ਭਾਗੋ ਦਾ ਅਨਾਦਰ ਕਰਨ ਦਾ ਵੀ ਦੋਸ਼ ਲਾਇਆ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅ) ਨੇ ਵਿਦਿਆਰਥਣ ਨੂੰ ਨਵਾਂ ਸਾਈਕਲ ਲੈ ਕੇ ਦੇਣ ਦੀ ਪੇਸ਼ਕਸ਼ ਕੀਤੀ ਹੈ ਤੇ ਯੂਥ ਅਕਾਲੀ ਦਲ (ਦਿੱਲੀ) ਨੇ ਉਸ ਨੂੰ 'ਫ਼ਖਰੇ-ਏ-ਕੌਮ' ਐਵਾਰਡ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮਨਜੀਤ ਕੌਰ ਨੇ ਪ੍ਰਿੰਸੀਪਲ ਨੂੰ ਲਿਖੀ ਅਰਜ਼ੀ ਵਿਚ ਦੱਸਿਆ ਸੀ ਕਿ ਉਹ ਇਹ ਸਾਈਕਲ ਨਹੀਂ ਲੈਣਾ ਚਾਹੁੰਦੀ ਕਿਉਂਕਿ ਇਕ ਸਿਆਸੀ ਸ਼ਖ਼ਸੀਅਤ ਦੀ ਤਸਵੀਰ ਤਾਂ ਸਾਈਕਲ ਦੇ ਅੱਗੇ ਲਾਈ ਗਈ ਹੈ ਪਰ ਮਾਈ ਭਾਗੋ ਦਾ ਨਾਂ ਚੇਨ ਕਵਰ ਦੇ ਹੇਠਾਂ ਲਿਖਿਆ ਗਿਆ ਹੈ। ਮਨਜੀਤ ਕੌਰ ਦੀ ਮਾਤਾ ਕਰਮਜੀਤ ਕੌਰ ਤੇ ਪਿਤਾ ਗੁਲਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਧੀ ਦੇ ਫ਼ੈਸਲੇ 'ਤੇ ਮਾਣ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਭੁਪਿੰਦਰ ਸਿੰਘ ਨੇ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਖੁਦ ਮਨਜੀਤ ਕੌਰ ਨੂੰ ਸਾਈਕਲ ਭੇਟ ਕਰਨਗੇ। ਦੂਜੇ ਪਾਸੇ ਯੂਥ ਅਕਾਲੀ ਦਲ (ਦਿੱਲੀ) ਦੀ ਸੂਬਾ ਇਕਾਈ ਨੇ ਮਨਜੀਤ ਕੌਰ ਨੂੰ 'ਫ਼ਖਰੇ-ਏ-ਕੌਮ' ਦਾ ਖਿਤਾਬ ਦੇਣ ਦਾ ਐਲਾਨ ਕੀਤਾ ਹੈ। ਦਲ ਖਾਲਸਾ ਆਗੂ ਗੁਰਦੀਪ ਸਿੰਘ ਕਾਲਕਟ ਨੇ ਕਿਹਾ ਕਿ ਸਹੂਲਤਾਂ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਪਰ ਵਿਦਿਆਰਥੀਆਂ ਨੂੰ ਸਿਆਸੀ ਸ਼ੋਹਰਤ ਹਾਸਲ ਕਰਨ ਦਾ ਸਾਧਨ ਨਹੀਂ ਬਣਾਉਣਾ ਚਾਹੀਦਾ।

# ਵੀ.ਸੀ. ਆਹਲੂਵਾਲੀਆ ਦੀ ਨਿਯੁਕਤੀ ਨੂੰ ਹਾਈ ਕੋਰਟ ‘ਚ ਚੁਣੌਤੀ

**ਫਤਿਹਗੜ੍ਹ ਸਾਹਿਬ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਵੀਰ ਸਿੰਘ ਆਹਲੂਵਾਲੀਆ ਦੀ ਨਿਯੁਕਤੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ‘ਚ ਚੁਣੌਤੀ ਦਿੱਤੀ ਗਈ ਹੈ। ਹਾਈ ਕੋਰਟ ਨੇ ਸ. ਆਹਲੂਵਾਲੀਆ ਦੀ ਨਿਯੁਕਤੀ ਖ਼ਿਲਾਫ਼ ਦਾਇਰ ਲੋਕ ਹਿੱਤ ਪਟੀਸ਼ਨ ਦੇ ਆਧਾਰ ‘ਤੇ ਪੰਜਾਬ ਸਰਕਾਰ ਨੂੰ ਤੇ ਯੂਨੀਵਰਸਿਟੀ ਦੇ ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਫੋਰਥ ਸੈਂਚਰੀ ਟਰਸਟ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੋਂ ਇਲਾਵਾ ਸ. ਆਹਲੂਵਾਲੀਆ ਨੂੰ ਨੋਟਿਸ ਜਾਰੀ ਕਰ ਦਿੱਤਾ। ਇਸ ਨੋਟਿਸ ਦਾ ਜਵਾਬ 12 ਫਰਵਰੀ ਤੱਕ ਦੇਣ ਦੇ ਹੁਕਮ ਦਿੱਤੇ ਗਏ ਹਨ।

ਹਾਈ ਕਰੋਟ ਵਿਚ ਪਟੀਸ਼ਨ ਦਾਇਰ ਕਰਨ ਵਾਲੇ ਤੇ ਕਿਸਾਨ ਖੇਤ ਮਜ਼ਦੂਰ ਕਾਂਗਰਸ ਦੇ ਸੂਬਾ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਵੀ.ਸੀ. ਡਾ. ਆਹਲੂਵਾਲੀਆ ਦੀ ਨਿਯੁਕਤੀ ਯੂ.ਜੀ.ਸੀ. ਦੇ ਨਿਯਮਾਂ ਦੇ ਉਲਟ ਹੋਈ ਹੈ ਤੇ ਯੂ.ਜੀ.ਸੀ. ਦੀਆਂ ਸ਼ਰਤਾਂ ਮੁਤਾਬਕ ਕਿਸੇ ਵੀ ਯੂਨੀਵਰਸਿਟੀ ਵੀ.ਸੀ. ਦੀ ਨਿਯੁਕਤੀ ਲਈ ਸਕਰੀਨਿੰਗ ਕਮੇਟੀ ਤੇ ਫਿਰ ਇੰਟਰਵਿਊ ਕਮੇਟੀ ਗਠਿਤ ਕੀਤੀ ਜਾਂਦੀ ਹੈ ਤੇ ਵੀ.ਸੀ. ਦੀ ਉਮਰ 70 ਸਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡਾ. ਆਹਲੂਵਾਲੀਆ ਦੀ ਨਿਯੁਕਤੀ ਮੌਕੇ ਯੂ.ਜੀ.ਸੀ. ਦੇ ਨਿਯਮਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਉਨ੍ਹਾਂ ਦੀ ਜਨਮ ਤਾਰੀਖ ਫਰਵਰੀ, 1935 ਮੁਤਾਬਕ ਉਨ੍ਹਾਂ ਦੀ ਉਮਰ 77 ਸਾਲ ਬਣਦੀ ਹੈ। ਡਾ. ਆਹਲੂਵਾਲੀਆ ਕਈ ਤਰ੍ਹਾਂ ਦੇ ਵਿਵਾਦਾਂ ਤੇ ਦੋਸ਼ਾਂ ਵਿਚ ਵੀ ਘਿਰਦੇ ਆ ਰਹੇ ਹਨ ਜਿਸ ਕਾਰਨ ਕਿਸੇ ਅਜਿਹੇ ਵਿਅਕਤੀ ਨੂੰ ਇਸ ਅਹੁਦੇ ਉਤੇ ਨਿਯੁਕਤ ਕਰਨ ਨਾਲ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਦੀ ਹੈ ਤੇ ਇਸ ਕਾਰਨ ਕਈ ਵਾਰ ਸਿੱਖ ਜਥੇਬੰਦੀਆਂ ਇਸ ਦਾ ਵਿਰੋਧ ਵੀ ਕਰ ਚੁੱਕੀਆਂ ਹਨ ਪਰ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਡਾ. ਆਹਲੂਵਾਲੀਆ ਨੂੰ ਮੁੜ ਵੀ.ਸੀ. ਦਾ ਚਾਰਜ ਦੇਣ ਲਈ ਬਜ਼ਿੱਦ ਹਨ।

ਉਨ੍ਹਾਂ ਖ਼ਦਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਡਾ. ਆਹਲੂਵਾਲੀਆਂ ਦੀ ਨਿਯੁਕਤੀ ਤੇ ਸ਼੍ਰੋਮਣੀ ਕਮੇਟੀ ਵਲੋਂ ਯੂ.ਜੀ.ਸੀ. ਦੀਆਂ ਸ਼ਰਤਾਂ ਦੀ ਕੀਤੀ ਗਈ ਘੋਰ ਉਲੰਘਣਾ ਪਿੱਛੇ ਪਤਾ ਨਹੀਂ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਹੈ? ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਯੂਨੀਵਰਸਿਟੀ ਦੇ ਚਾਂਸਲਰ ਅਵਤਾਰ ਸਿੰਘ ਨੇ ਕਿਹਾ ਕਿ ਡਾ. ਆਹਲੂਵਾਲੀਆ ਬਾਨੀ ਵੀ ਸੀ ਹਨ ਤੇ ਉਨ੍ਹਾਂ ਉਤੇ ਕੋਈ ਉਮਰ ਹੱਦ ਲਾਗੂ ਨਹੀਂ ਹੁੰਦੀ।


# Child care/ Kindergarten/School Opportunity Available

**Sikh Gurdwara San Jose, California will like to lease up to 10 rooms to an interested party to operate a child care/ kindergarten/school in the Sikh Gurdwara premises at 3636 Murillo Avenue, San Jose, CA 95148. The rooms are available from Monday through Friday from morning until 6:00 PM. The tenant will be responsible for obtaining the necessary licenses and permits to operate the child care/ kindergarten/school. Restrictions do apply.**

**For more details on the property, terms & conditions and to arrange a visit, pl. contact:**

**Bob Dhillon (408-568-0034) or bobdhillon@bobdhillon.com**

## ਚਾਈਲਡ ਕੇਅਰ/ਕਿੰਡਰਗਾਰਟਨ/ਸਕੂਲ ਉਪਲਬਧ ਹੈ

ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ ਵਲੋਂ ਚਾਈਲਡ ਕੇਅਰ/ਕਿੰਡਰਗਾਰਟਨ/ਸਕੂਲ ਚਲਾਉਣ ਲਈ 10 ਕਮਰੇ ਗੁਰੂ ਘਰ ਅੰਦਰ (3636 ਮੁਰਿਲੋ ਐਵਨਿਊ, ਸੈਨ ਹੋਜ਼ੇ) ਉਪਲਬਧ ਹਨ। ਇਹ ਕਮਰੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰ ਸਮੇਂ ਤੋਂ ਸ਼ਾਮ 6 ਵਜੇ ਤੱਕ ਉਪਲਬਧ ਹੋਣਗੇ। ਚਾਈਲਡ ਕੇਅਰ/ਕਿੰਡਰਗਾਰਟਨ/ਸਕੂਲ ਚਲਾਉਣ ਲਈ ਲਾਇਸੈਂਸ ਅਤੇ ਪਰਮਿਟ ਲੈਣ ਦੀ ਜ਼ਿੰਮੇਵਾਰ ਕਿਰਾਏਦਾਰ ਦੀ ਹੋਵੇਗੀ। ਕੁਝ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਭੁਪਿੰਦਰ (ਬਾਬ) ਸਿੰਘ ਢਿੱਲੋਂ, ਫੋਨ:408-568-0034**

bobdhillon@bobdhillon.com





**ਧਰਮ ਭਾਅ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ**

**AMANTEL.COM**

**$5 ’ਚ 1000 ਮਿੰਟ** *16.5 ਘੰਟੇ*

**ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ**

*24/7 Custmore Service Available*

**ਟੋਲ ਫਰੀ ਨੰਬਰ 1-888-652-6268**

**732-983-4332/4333**



**24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ**

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

**ਪੰਜਾਬੀ ਰੇਡੀਓ ਯੂਐਸਏ**

**Punjabi RADIO USA**

ਛੋਟੇ ਰੇਡੀਓ ਦੀ ਕੀਮਤ $25 • ਵੱਡੇ ਰੇਡੀਓ ਦੀ ਕੀਮਤ $35 • ਇੰਟਰਨੈਟ ਰੇਡੀਓ ~~$140~~ ਵਾਲਾ ਹੁਣ $99 ਨੂੰ

**PUNJABI RADIO USA**

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ **I-Phone ਤੇ Android Application** ਤੁਸੀਂ ਕਿਸੇ ਸਮੇਂ ਵੀ **ਮੁਫ਼ਤ ਡਾਊਨਲੋਡ** ਕਰ ਸਕਦੇ ਹੋ।

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉ', ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ੁੱਕਰਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੌਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ੁੱਕਰਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅੰਜੂ ਨਾਰੰਗ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪਰਮਿੰਦਰ ਟਿਵਾਣਾ)
- ਬੁੱਧਵਾਰ ਨੂੰ ਖਿਆਲ ਆਪੋ ਆਪਣਾ (ਅਮਰਜੀਤ ਸਿੰਘ ਬੱਲ)
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- ਸ਼ੁੱਕਰਵਾਰ ਨੂੰ Repeat ਜੌਬ ਐਂਡ ਬਿਜਨਸ ਸ਼ੋਅ • ਸ਼ਨੀਵਾਰ : ਕਵੀ ਦਰਬਾਰ
- 3 ਵਜੇ ਤੋਂ 5 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ'
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 5 ਵਜੇ ਤੋਂ 7.30 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

**ਪੰਜਾਬੀ ਰੇਡੀਓ ਦੇ ਪ੍ਰੋਗਰਾਮ**

ਪੰਜਾਬ ਵਿਧਾਨ ਸਭਾ **ਚੋਣਾਂ 2012**

ਪੰਜਾਬ ਤੋਂ ਚੋਣਾਂ ਦੀ ਸਪੈਸ਼ਲ ਕਵਰੇਜ ਹਰ ਰੋਜ਼ 2 ਵਜੇ ਸ਼ਾਮ ਨੂੰ ਅਤੇ 10 ਵਜੇ ਰਾਤ ਨੂੰ ਸੁਸ਼ੀਲ ਦੋਸਾਂਝ ਦੇ ਨਾਲ

**ਖ਼ਬਰਾਂ ਤਾਜ਼ੀਆਂ** (ਚਾਰ ਵਾਰ ਹਰ ਰੋਜ਼)

09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ

**ਬਾਬਾ ਬੰਦਾ ਸਿੰਘ ਬਹਾਦਰ** (ਡਰਾਮਾ)

ਸ਼ਨਿੱਚਰਵਾਰ : 10:30 ਤੋਂ 11:00 ਵਜੇ ਸਵੇਰੇ
ਮੰਗਲਵਾਰ : 9:30 ਵਜੇ ਤੋਂ 10:00 ਵਜੇ ਰਾਤ

**ਰਾਤ 8 ਤੋਂ 9 ਵਜੇ ਤੱਕ :**

ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਜੌਬ ਐਂਡ ਬਿਜਨਸ ਸ਼ੋਅ
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ, ਸੋਨੀਆ ਸ਼ੇਰਗਿੱਲ) • ਸ਼ਨੀਵਾਰ : ਝਿਲਮਿਲ ਤਾਰੇ-ਬੱਚਿਆਂ ਲਈ ਪ੍ਰੋਗਰਾਮ • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ, ਪਰਵੀਨ ਮੱਲ੍ਹੀ)

**ਰਾਤ 9 ਤੋਂ 10 ਵਜੇ ਤੱਕ :**

ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਖਬਰਸਾਰ-ਜਸਵਿੰਦਰ ਸਿੰਘ ਬਿੰਟਾ • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ
• ਸ਼ਨੀਵਾਰ : ਇਕ ਖ਼ਾਸ ਮੁਲਾਕਾਤ • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਡਾ. ਮੀਤਪਾਲ ਸਿੰਘ ਤੇ ਦਿਲਪ੍ਰੀਤ ਸਿੰਘ ਖ਼ਾਲਸਾ)

**ਰਾਤ 10 ਤੋਂ 11 ਵਜੇ ਤੱਕ (ਸੋਮਵਾਰ-ਐਤਵਾਰ) :** Repeat ਪ੍ਰੋਗਰਾਮ, ਸੰਗੀਤ

ਹੋਰ ਜਾਣਕਾਰੀ ਲਈ **408.722.7698** Listen LIVE www.punjabiradiousa.com Email: info@punjabiradiousa.com 3750 McKee Road, # B, San Jose CA 95127

**ਫੋਨ ’ਤੇ ਸੁਣਨ ਲਈ ਕਾਲ ਕਰੋ • 1-(832) 551.5029**

ਪੰਜਾਬ ਟਾਈਮਜ਼

*ਸਨਿਚਰਵਾਰ, 17 ਦਸੰਬਰ 2011*

## ਜਾਗ ਪੰਜਾਬ ਜਾਗ

ਤੇਈ ਸਾਲਾਂ ਦੇ ਨੌਜਵਾਨ ਜਿਲ੍ਹਾ ਸਿੰਘ ਦੀ ਮੌਤ ਦੀ ਵਾਰਤਾ ਬਹੁਤ ਦਰਦਨਾਕ ਹੈ। ਇਹ ਮੁੰਡਾ ਮਜ਼ਦੂਰ ਟੱਬਰ ਵਿਚ ਜੰਮਿਆ-ਪਲਿਆ ਸੀ ਅਤੇ ਆਪ ਤੇ ਆਪਣੇ ਸਾਥੀਆਂ ਲਈ ਰੁਜ਼ਗਾਰ ਹਾਸਲ ਕਰਨ ਲਈ 57 ਦਿਨ ਮਰਨ ਵਰਤ 'ਤੇ ਬੈਠਾ ਰਿਹਾ ਸੀ। ਉਹ ਅਤੇ ਉਹਦੀ ਜਥੇਬੰਦੀ ਆਲਟਰਨੇਟਿਵ ਇਨੋਵੇਟਿਵ ਐਜੂਕੇਸ਼ਨ ਵਾਲੰਟੀਅਰ ਯੂਨੀਅਨ ਲੰਮੇ ਅਤੇ ਜਥੇਬੰਦਕ ਘੋਲ ਤੋਂ ਬਾਅਦ ਆਪਣਾ ਰੁਜ਼ਗਾਰ ਹਾਸਲ ਕਰਨ ਵਿਚ ਤਾਂ ਕਾਮਯਾਬ ਹੋ ਗਏ ਸਨ ਪਰ ਜਿਲ੍ਹਾ ਸਿੰਘ ਦਾ ਸਰੀਰ ਕਮਜ਼ੋਰ ਹੋਣ ਕਾਰਨ ਭੁੱਖ ਨਾਲ ਉਸ ਦੀਆਂ ਪਹਿਲਾਂ ਹੀ ਕਮਜ਼ੋਰ ਆਂਦਰਾਂ, ਅੰਦਰੋਂ ਹੋਰ ਟੁੱਕੀਆਂ ਗਈਆਂ। ਇਸ ਦਾ ਅਸਰ ਉਸ ਦੇ ਗੁਰਦਿਆਂ, ਦਿਮਾਗ ਅਤੇ ਹੋਰ ਅੰਗਾਂ ਉਤੇ ਪੈ ਗਿਆ ਤੇ ਉਹ ਹਸਪਤਾਲ ਦੇ ਬੈਡ 'ਤੇ ਖਾਮੋਸ਼ ਤੇ ਬੇਹੋਸ਼ ਪਿਆ ਪਿਆ ਆਖਰਕਾਰ ਮੌਤ ਦੀ ਬੁੱਕਲ ਵਿਚ ਸਮਾ ਗਿਆ। ਸਿਤਮ ਦੀ ਗੱਲ ਇਹ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਫਰੀਦਕੋਟ ਦੇ ਡੀ.ਸੀ. ਨੇ ਇਸ ਮੁੰਡੇ ਦੇ ਪਰਿਵਾਰ ਕੋਲ ਜਾ ਕੇ 5 ਲੱਖ ਰੁਪਏ ਦੇਣ ਦੀ ਗੱਲ ਆਖੀ ਪਰ ਨਾਲ ਹੀ ਇਹ ਸ਼ਰਤ ਵੀ ਰੱਖੀ ਕਿ ਮੁੰਡੇ ਦੇ ਸਾਥੀ ਹੁਣ ਘੋਲ ਤਿਆਗ ਦੇਣ। ਇਹ ਇਕੱਲੇ ਜਿਲ੍ਹਾ ਸਿੰਘ ਅਤੇ ਗੁਰਬਤ ਕਾਰਨ ਕੋਡੇ ਹੋ ਗਏ ਉਸ ਦੇ ਪਰਿਵਾਰ ਦੀ ਦਰਦ ਕਹਾਣੀ ਨਹੀਂ ਹੈ, ਅੱਜ ਪੰਜਾਬ ਦਾ ਹਰ ਬਾਸ਼ਿੰਦਾ ਖਾਸ ਕਰਕੇ ਨੌਜਵਾਨ, ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਡਾਵੇ ਵਕਤਾਂ ਦੀ ਮਾਰ ਸਹਿ ਰਿਹਾ ਹੈ ਅਤੇ ਇਸ ਅਤਿ-ਆਧੁਨਿਕ ਸਦੀ ਵਿਚ ਰੁਜ਼ਗਾਰ ਦੀ ਲੜਾਈ ਲੜਦਾ ਲਗਾਤਾਰ ਹਾਰ ਰਿਹਾ ਹੈ।

ਅਸੀਂ ਸਾਰੇ ਅਕਸਰ ਨੌਜਵਾਨਾਂ ਨੂੰ ਇਹ ਉਲਾਂਭਾ ਤਾਂ ਦਿੰਦੇ ਹਾਂ ਕਿ ਇਹ 'ਵਿਹਲੜ' ਕੁਝ ਨਹੀਂ ਕਰਦੇ, ਤੇ ਨਾ ਇਹ ਕੰਮ ਕਰਕੇ ਰਾਜ਼ੀ ਹਨ ਪਰ ਜਿਹੜੇ ਨੌਜਵਾਨ ਪੜ੍ਹ-ਲਿਖ ਕੇ ਅਤੇ ਹੋਰ ਕੰਮ-ਧੰਦੇ ਸਿੱਖ ਕੇ ਰੁਜ਼ਗਾਰ ਦੀ ਭਾਲ ਵਿਚ ਮਾਰੇ ਮਾਰੇ ਫਿਰ ਰਹੇ ਹਨ, ਉਨ੍ਹਾਂ ਦੀ ਬਾਂਹ ਕਿਸੇ ਨੇ ਕਦੋਂ ਫੜੀ ਹੈ ਭਲਾ? ਇਹ ਵੱਡਾ ਸਵਾਲ ਇਕੱਲੇ ਹਾਕਮਾਂ ਲਈ ਨਹੀਂ, ਸਾਡੇ ਸਾਰਿਆਂ ਲਈ ਹੈ। ਵਕਤ ਅਤੇ ਹਾਕਮ ਤਾਂ ਹੁਣ ਇੰਨੇ ਡਾਢੇ ਹੋ ਚੁੱਕੇ ਹਨ ਕਿ ਇਨ੍ਹਾਂ ਨੌਜਵਾਨਾਂ ਦੀ ਚਰਚਾ ਉਦੋਂ ਹੀ ਹੁੰਦੀ ਹੈ ਜਦੋਂ ਕੋਈ ਵੱਡੀ ਦੁਰਘਟਨਾ ਵਾਪਰਦੀ ਹੈ। ਪੱਕੇ ਰੁਜ਼ਗਾਰ ਅਤੇ ਪੂਰੀ ਤਨਖਾਹ ਲਈ ਘੋਲ ਕਰ ਰਹੇ ਨੌਜਵਾਨਾਂ ਦੀ ਉਦੋਂ ਹੀ ਸੁਣੀ ਗਈ ਜਦੋਂ ਅਕਾਲੀ ਸਰਪੰਚ ਨੇ ਬੁਰਛਾਗਰਦੀ 'ਤੇ ਉਤਰਦਿਆਂ ਅਧਿਆਪਕਾ ਵਰਿੰਦਰਪਾਲ ਕੌਰ ਦੇ ਥੱਪੜ ਮਾਰ ਘੱਤਿਆ। ਇਸ ਤੋਂ ਪਹਿਲਾਂ ਕਪੂਰਥਲਾ ਵਿਚ ਇਕ ਬੇਰੁਜ਼ਗਾਰ ਅਧਿਆਪਕਾ ਨੇ ਪਾਣੀ ਵਾਲੀ ਟੈਂਕੀ ਉਤੇ ਚੜ੍ਹ ਕੇ ਆਤਮਦਾਹ ਕਰ ਲਿਆ ਸੀ। ਉਦੋਂ ਵੀ ਮੀਡੀਆ ਅਤੇ ਆਮ ਲੋਕਾਂ ਵਿਚ ਕੁਝ ਕੁ ਦਿਨ ਇਨ੍ਹਾਂ ਕਿੱਸਿਆਂ ਦੀ ਕਹਾਣੀ ਚੱਲੀ ਸੀ, ਮੁੜ ਕੇ ਫਿਰ ਪਹਿਲਾਂ ਵਾਂਗ ਗੱਲ ਆਈ-ਗਈ ਹੋ ਗਈ। ਸੂਬੇ ਦੇ ਨੌਜਵਾਨ ਰੁਜ਼ਗਾਰ ਮੰਗਦੇ ਸੜ ਰਹੇ ਹਨ, ਮਰ ਰਹੇ ਹਨ। ਕਰਜ਼ੇ ਦੀ ਦਲ-ਦਲ ਵਿਚ ਫਸੇ ਸੂਬੇ ਦੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਲਏ ਹੋਏ ਹਨ। ਇਹ ਗੱਲਾਂ, ਇਹ ਕਹਾਣੀਆਂ ਮੁੱਕ ਨਹੀਂ ਰਹੀਆਂ ਅਤੇ ਨਾ ਹੀ ਕਿਸੇ ਤਣ-ਪੱਤਣ ਲੱਗ ਰਹੀਆਂ ਹਨ, ਕਿਉਂਕਿ ਸਰਕਾਰ ਨੇ ਇਸ ਦਾ ਹੱਲ ਕੱਢਣ ਲਈ ਕੋਈ ਹੀਲਾ-ਵਸੀਲਾ ਕਰਨ ਦਾ ਤਰੱਦਦ ਤੱਕ ਨਹੀਂ ਕੀਤਾ ਹੈ। ਬੰਦੇ ਦੀ ਕੀਮਤ ਵੋਟ ਤੋਂ ਵੀ ਨਿਗੂਣੀ ਹੋ ਕੇ ਰਹਿ ਗਈ ਹੈ। ਹਾਂ, ਹਰ ਰੰਗ ਦੀਆਂ ਸਿਆਸੀ ਜਥੇਬੰਦੀਆਂ ਇਨ੍ਹਾਂ ਮਾਮਲਿਆਂ 'ਤੇ ਸਿਆਸਤ ਕਰਨ ਵਿਚ ਜ਼ਰੂਰ ਮਸਰੂਫ ਹਨ, ਸਗੋਂ ਪਹਿਲਾਂ ਨਾਲੋਂ ਵੀ ਵੱਧ 'ਸੰਜੀਦਗੀ' ਨਾਲ ਇਸ ਪਾਸੇ 'ਕੰਮ' ਲੱਗੀਆਂ ਹੋਈਆਂ ਹਨ।

ਦਰਅਸਲ ਮੁਸੀਬਤਾਂ ਅਤੇ ਮੁਸ਼ਕਿਲਾਂ ਝੱਲ ਰਿਹਾ ਪੰਜਾਬ ਦਾ ਇਹ ਤਬਕਾ ਕਿਸੇ ਧਿਰ ਦੇ ਵੀ ਏਜੰਡੇ ਉਤੇ ਨਹੀਂ ਹੈ। ਸਿਆਸੀ ਪਾਰਟੀਆਂ ਦਾ ਮੁੱਖ ਏਜੰਡਾ ਕਿਸੇ ਨਾ ਕਿਸੇ ਤਰ੍ਹਾਂ ਸੱਤਾ ਹਾਸਲ ਕਰਨ ਹੈ। ਬਾਕੀ ਸਭ ਪਾਸੇ ਪੈਸੇ ਦਾ ਪ੍ਰਤਾਪ ਹੈ। ਪੰਜਾਬ ਵਿਚ ਨਸ਼ਿਆਂ ਦੀ ਬਹੁਤ ਵੱਡੇ ਪੱਧਰ 'ਤੇ ਹੋ ਰਹੀ ਆਮਦ ਇਸ ਪੈਸੇ ਦਾ ਹੀ ਪ੍ਰਤਾਪ ਹੈ। ਸਭਿਆਚਾਰਕ ਪ੍ਰਦੂਸ਼ਣ ਨੇ ਨਵੀਂ ਪੀੜ੍ਹੀ ਨੂੰ ਭ੍ਰਿਸ਼ਟ ਕਰ ਸੁੱਟਿਆ ਹੈ। ਰਹਿੰਦੀ-ਖੂੰਹਦੀ ਕਸਰ ਹਰ ਮਹਿਕਮੇ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਕੱਢ ਦਿੱਤੀ ਹੈ। ਸੂਬੇ ਵਿਚ ਸਿਹਤ ਸੇਵਾਵਾਂ ਦਾ ਜੋ ਹਾਲ ਹੈ, ਉਸ ਬਾਰੇ ਖਿਆਲ ਕਰਦਿਆਂ ਵੀ ਕੰਬਣੀ ਛਿੜਦੀ ਹੈ। ਇਕੀਵੀਂ ਸਦੀ ਦਾ ਵੀ ਇਕ ਦਹਾਕਾ ਮੁੱਕ ਗਿਆ ਹੈ, ਪਰ ਅਜੇ ਵੀ ਸਾਡੇ ਖੁਸ਼ਹਾਲ ਸੂਬੇ ਦੇ ਲੋਕ ਇਲਾਜ ਖੁਣੋਂ ਦਮ ਤੋੜ ਰਹੇ ਹਨ। ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ, ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਕਰਵਾਉਣਾ ਆਮ ਲੋਕਾਂ ਦੇ ਵੱਸ ਤੋਂ ਬਾਹਰ ਹੋ ਰਿਹਾ ਹੈ। ਹੋਰ ਤਾਂ ਹੋਰ, ਆਪਣੇ ਪੰਜਾਬ ਵਿਚ ਪਾਣੀ ਹੀ ਵੱਡੀ ਸਮੱਸਿਆ ਬਣ ਕੇ ਟੱਕਰਿਆ ਹੈ। ਪਾਣੀ ਹੁਣ ਐਨਾ ਪਲੀਤ ਹੋ ਗਿਆ ਹੈ ਕਿ ਪੀਣ ਦੇ ਲਾਇਕ ਹੀ ਨਹੀਂ ਰਿਹਾ। ਫਿਰ ਵੀ ਲੋਕਾਂ ਨੂੰ ਉਹੀ ਪਾਣੀ ਪੀਣਾ ਪੈ ਰਿਹਾ ਹੈ, ਨਤੀਜਨ ਬਿਮਾਰੀਆਂ ਦੀ ਜਕੜ ਵਧ ਰਹੀ ਹੈ। ਮਾਹਿਰ ਅੰਦਾਜ਼ੇ ਲਾ ਰਹੇ ਹਨ ਕਿ ਹੋਰ 15 ਕੁ ਸਾਲਾਂ ਨੂੰ ਪੰਜਾਬ ਪਾਣੀ ਖੁਣੋਂ ਬੰਜਰ ਬਣ ਜਾਵੇਗਾ। ਪਾਣੀ ਦੇ ਨਾਲ ਹੀ ਸੂਬੇ ਦੀ ਪੌਣ (ਹਵਾ) ਵੀ ਪਲੀਤ ਹੋ ਚੁੱਕੀ ਹੈ। ਪੱਛਮ ਦਾ ਖੇਤੀ ਮਾਡਲ ਅਪਨਾ ਕੇ ਅਸੀਂ ਕਈ ਦਹਾਕੇ ਪਹਿਲਾਂ ਆਪਣੀ ਜ਼ਰਖੇਜ਼ ਜ਼ਮੀਨ ਦਾ ਸੱਤਿਆਨਾਸ ਕਰ ਹੀ ਚੁੱਕੇ ਹਾਂ। ਕੁਦਰਤ ਦੇ ਬਖਸ਼ਿਸ਼ ਕੀਤੇ ਜੀਵ-ਜੰਤੂ, ਪੰਛੀ, ਜਾਨਵਰ ਖ਼ਤਮ ਹੋ ਰਹੇ ਹਨ। ਓ ਲੋਕੋ! ਇਹ ਉਹ ਪੰਜਾਬ ਤਾਂ ਨਹੀਂ 'ਜਿਹੜਾ ਗੁਰਾਂ ਦੇ ਨਾਂ 'ਤੇ ਵਸਦਾ' ਹੈ? ਹੁਣ ਚੋਣਾਂ ਸਿਰ ਉਤੇ ਹਨ। ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣੇ ਏਜੰਡੇ ਉਤੇ ਧਿਆਨ ਲਾ ਰਹੀਆਂ ਹਨ। ਪੰਜਾਬ ਦੇ ਹਰ ਸੰਜੀਦਾ ਸ਼ਖਸ ਨੂੰ ਵੀ ਹੁਣ ਪੰਜਾਬ ਦੇ ਅਸਲ ਏਜੰਡੇ ਵੱਲ ਧਿਆਨ ਖਿੱਚਣ ਲਈ ਟਿੱਲ ਲਾ ਦੇਣਾ ਚਾਹੀਦਾ ਹੈ। ਇਸ ਮਾਮਲੇ ਵਿਚ ਕਿਸਾਨਾਂ ਵੱਲੋਂ ਲਾਇਆ ਜਾਮ ਰਾਹ ਦਸੇਰੇ ਦਾ ਕੰਮ ਕਰ ਸਕਦਾ ਹੈ। ਇਹ ਅਸਲ ਵਿਚ ਕਿਸਾਨਾਂ ਦੇ ਜਥੇਬੰਦਕ ਏਕੇ ਦੀ ਜਿੱਤ ਦਾ ਜਸ਼ਨ ਸੀ। ਕਿਸਾਨ ਧਰਨੇ ਤੋਂ ਉਦੋਂ ਹੀ ਉਠੇ, ਜਦੋਂ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ। ਇਸ ਤਰ੍ਹਾਂ ਦਾ ਹਠ ਹੀ ਪੰਜਾਬ ਲਈ ਕੋਈ ਰਾਹ ਖੋਲ੍ਹ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਖੂੰਡਿਆਂ ਦੀ ਰਾਜਨੀਤੀ!*

ਚੜ੍ਹਦੇ ਸੂਰਜ ਕੋਈ ਛੱਡ ਕੇ ਨਵਾਂ ਸ਼ੋਸ਼ਾ, ਭੜਥੂ ਵਿਚ ਪੰਜਾਬ ਦੇ ਪਾਈ ਜਾਂਦੇ।<br>
ਭਾਂਤ-ਭਾਂਤ ਦੇ ਡੇਰਿਆਂ ਵਿਚ ਜਾ ਕੇ, ਵੋਟਾਂ ਲੈਣ ਲਈ ਮੱਥੇ ਰਗੜਾਈ ਜਾਂਦੇ।<br>
ਥਾਂ-ਥਾਂ ਰੈਲੀਆਂ, ਲੋਕਾਂ ਦੇ 'ਕੱਠ ਕਰ ਕੇ, ਮੋਢੇ ਫੀਤੀਆਂ ਆਪਣੇ ਲਾਈ ਜਾਂਦੇ।<br>
ਨੇਤਾ ਨਹੀਂ ਇਹ ਰੁਡਿਆਂ ਵਾਂਗ, ਜਿਹੜੇ ਆਪੋ ਵਿਚੀਂ ਹੀ ਸਿੰਙ ਫਸਾਈ ਜਾਂਦੇ।<br>
ਜਿਵੇਂ 'ਮਿਕਸੀ' ਨੇ ਲੋੜ ਨਾ ਰਹਿਣ ਦਿੱਤੀ, ਚੁੱਲ੍ਹੇ-ਚੌਂਕੇ ਵਿਚ ਘੋਟਣੇ ਕੂੰਡਿਆਂ ਦੀ।<br>
ਇਵੇਂ ਚੋਣਾਂ 'ਚੋਂ ਮੁੱਦੇ ਨੇ ਗਾਇਬ ਹੋਏ, ਰਾਜਨੀਤੀ ਹੁਣ ਗਾਲ੍ਹਾਂ ਤੇ ਖੂੰਡਿਆਂ ਦੀ!

# ਮੁੱਦਿਆਂ ਬਿਨਾਂ ਹੀ ਭਖ ਗਿਆ ਚੋਣ ਪਿੜ

*ਪੰਜਾਬ ਵਿਧਾਨ ਸਭਾ ਚੋਣਾਂ ਨੂੰ ਭਾਵੇਂ ਅਜੇ ਕਈ ਮਹੀਨੇ ਰਹਿੰਦੇ ਹਨ ਪਰ ਸਿਆਸੀ ਪਾਰਟੀਆਂ ਨੇ ਜਿਸ ਤੇਜ਼ੀ ਨਾਲ ਚੋਣ ਪ੍ਰਚਾਰ ਆਰੰਭ ਹੋਇਆ ਹੈ, ਉਸ ਤੋਂ ਤਾਂ ਇੰਜ ਜਾਪਦਾ ਹੈ ਜਿਵੇਂ ਇਸ ਵਾਰ ਪੰਜਾਬ ਦੀ ਚੋਣ ਸਭ ਤੋਂ ਮਹਿੰਗੀ ਹੋਵੇਗੀ। ਭੀੜ ਇਕੱਠੀ ਕਰਨ ਅਤੇ ਇਸ਼ਤਿਹਾਰਬਾਜ਼ੀ ਉੱਤੇ ਦਿਲ ਖੋਲ੍ਹ ਕੇ ਖਰਚ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਚੋਣ ਪ੍ਰਚਾਰ ਦਾ ਇਕ ਹੋਰ ਘਾਤਕ ਪਹਿਲੂ ਇਹ ਹੈ ਕਿ ਇਹ ਪ੍ਰਚਾਰ ਮੁੱਦਾ ਆਧਾਰਿਤ ਹੋਣ ਦੀ ਥਾਂ ਭੰਡੀ ਪ੍ਰਚਾਰ ਬਣ ਗਿਆ ਹੈ। ਦੋਵੇਂ ਧਿਰਾਂ ਇਕ ਦੂਜੇ ਉੱਤੇ ਖੁੱਲ੍ਹ ਕੇ ਵਾਰ ਕਰ ਰਹੀਆਂ ਹਨ। ਦੋਵੇਂ ਇਕ-ਦੂਜੇ ਨੂੰ ਸਭ ਤੋਂ ਵੱਡਾ ਭ੍ਰਿਸ਼ਟ ਨੇਤਾ ਦੱਸਣ ਦਾ ਯਤਨ ਕਰ ਰਹੇ ਹਨ। ਜਿੱਥੇ ਸਾਰੇ ਦੇਸ਼ ਵਿਚ ਭ੍ਰਿਸ਼ਟਾਚਾਰ ਵਿਰੁੱਧ ਲਹਿਰ ਬਣ ਰਹੀ ਹੈ ਅਤੇ ਲਾਲਾ ਕ੍ਰਿਸ਼ਨ ਅਡਵਾਨੀ ਵਰਗੇ ਨੇਤਾ ਭ੍ਰਿਸ਼ਟਾਚਾਰ ਵਿਰੁੱਧ ਰੱਥ ਯਾਤਰਾ ਕਰ ਰਹੇ ਹਨ, ਉੱਥੇ ਪੰਜਾਬ ਦੀਆਂ ਦੋਵੇਂ ਮੁੱਖ ਪਾਰਟੀਆਂ ਦੇ ਪ੍ਰਧਾਨ ਇਕ ਦੂਜੇ ਉੱਤੇ ਖੁੱਲ੍ਹ ਕੇ ਭ੍ਰਿਸ਼ਟਾਚਾਰ ਦਾ ਦੋਸ਼ ਲਗਾ ਰਹੇ ਹਨ। ਇਹ ਸ਼ਬਦੀ ਜੰਗ ਕਈ ਵਾਰ ਇੰਨੀ ਬੇਕਾਬੂ ਹੋ ਜਾਂਦੀ ਹੈ ਕਿ ਸ਼ਿਸ਼ਟਾਚਾਰ ਦੇ ਸਾਰੇ ਹੱਦਾਂ-ਬੰਨ੍ਹੇ ਪਾਰ ਕਰ ਜਾਂਦੀ ਹੈ।*

ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ-ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਕੋਲ ਸੂਬੇ ਦੇ ਵਿਕਾਸ ਲਈ ਕੋਈ ਠੋਸ ਯੋਜਨਾ ਨਹੀਂ ਹੈ। ਜੇ ਕੋਈ ਯੋਜਨਾ ਹੋਵੇਗੀ ਵੀ ਤਾਂ ਉਸ ਬਾਰੇ ਦੱਸਿਆ ਨਹੀਂ ਜਾ ਰਿਹਾ। ਸਾਰਾ ਚੋਣ ਪ੍ਰਚਾਰ ਦੋ ਧੁਰਿਆਂ-ਵੱਧ ਤੋਂ ਵੱਧ ਭੀੜ ਇਕੱਠੀ ਕਰਨ ਅਤੇ ਇਕ-ਦੂਜੇ ਦੀ ਪੱਗ ਨੂੰ ਹੱਥ ਪਾਉਣ 'ਤੇ ਆਧਾਰਿਤ ਹੈ। ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਹੋਇਆ।



**ਡਾ. ਰਣਜੀਤ ਸਿੰਘ***

ਇਸ ਕਰਕੇ ਟਿਕਟ ਦੇ ਚਾਹਵਾਨਾਂ ਵੱਲੋਂ ਆਪਣੇ ਪ੍ਰਧਾਨਾਂ ਨੂੰ ਵੱਧ ਤੋਂ ਵੱਧ ਭੀੜ ਇਕੱਠੀ ਕਰਕੇ ਖ਼ੁਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕਿਸਾਨ ਤਾਂ ਆਪਣੀ ਹਾੜ੍ਹੀ ਦੀ ਬਿਜਾਈ ਵਿਚ ਰੁੱਝੇ ਹੋਏ ਹਨ। ਇਹ ਭੀੜ ਵਿਹਲੜਾਂ ਅਤੇ ਕਿਰਾਏ ਦੇ ਬੰਦਿਆਂ ਦੀ ਹੀ ਹੁੰਦੀ ਹੈ ਜਿਨ੍ਹਾਂ ਨੂੰ ਕਿਰਾਏ ਦੀਆਂ ਬੱਸਾਂ ਰਾਹੀਂ ਇਕੱਠਾ ਕੀਤਾ ਜਾਂਦਾ ਹੈ। ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਤੋਂ ਇਹ ਵੀ ਜਾਣਕਾਰੀ ਪ੍ਰਾਪਤ ਹੋ ਰਹੀ ਹੈ ਕਿ ਭੀੜ ਇਕੱਠੀ ਕਰਨ ਲਈ ਯਤਨ ਕਰਨ ਵਾਲੇ ਪਾਰਟੀ ਨੁਮਾਇੰਦੇ ਆਪਣੀ ਥਕਾਵਟ ਦੂਰ ਕਰਨ ਲਈ ਦਾਰੂ ਦੀ ਵਰਤੋਂ ਖੁੱਲ੍ਹ ਕੇ ਕਰ ਰਹੇ ਹਨ। ਜੇ ਇਵੇਂ ਹੀ ਚੱਲਦਾ ਰਿਹਾ ਤਾਂ ਪੰਜਾਬ ਦੀ ਚੋਣ ਦੇਸ਼ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਨਸ਼ਿਆਂ ਦੀ ਵਰਤੋਂ ਵਾਲੀ ਚੋਣ ਬਣ ਜਾਵੇਗੀ।

ਸੂਬੇ ਵਿਚ ਐਤਕੀਂ ਤੀਜੀ ਧਿਰ ਵੀ ਹੋਂਦ ਵਿਚ ਆਈ ਹੈ, ਉਸ ਵੱਲੋਂ ਵੀ ਮੁੱਖ ਜ਼ੋਰ ਭ੍ਰਿਸ਼ਟਾਚਾਰ ਉੱਤੇ ਹੀ ਦਿੱਤਾ ਜਾ ਰਿਹਾ ਹੈ। ਲੋਕਰਾਜ ਵਿਚ ਵਿਰੋਧੀ ਧਿਰ ਵੀ ਸੱਤਾਧਾਰੀ ਧਿਰ ਵਾਂਗ ਜ਼ਰੂਰੀ ਹੁੰਦੀ ਹੈ ਕਿਉਂਕਿ ਵਿਰੋਧੀ ਧਿਰ ਲਗਾਮ ਜਾਂ ਨਜ਼ਰਸਾਨੀ ਦਾ ਕਾਰਜ ਕਰਦੀ ਹੈ ਤਾਂ ਜੋ ਤਾਕਤ ਦੀ ਦੁਰਵਰਤੋਂ ਨਾ ਹੋ ਸਕੇ। ਦੋਵਾਂ ਧਿਰਾਂ ਕੋਲ ਸੂਬੇ ਦੇ ਵਿਕਾਸ ਲਈ ਠੋਸ ਪ੍ਰੋਗਰਾਮ ਹੋਣਾ ਚਾਹੀਦਾ ਹੈ ਅਤੇ ਸਾਰਾ ਚੋਣ ਪ੍ਰਚਾਰ ਇਸੇ ਪ੍ਰੋਗਰਾਮ ਆਧਾਰਤ ਹੋਵੇ ਤਾਂ ਜੋ ਵੋਟਰ ਸੋਚ ਵਿਚਾਰ ਕੇ ਆਪਣੀ ਲੋੜ ਅਤੇ ਸੂਝ ਅਨੁਸਾਰ ਦੋਵਾਂ ਵਿਚੋਂ ਇਕ ਪ੍ਰੋਗਰਾਮ ਦੀ ਚੋਣ ਕਰ ਸਕਣ। ਸਾਡੇ ਦੇਸ਼ ਵਿਚ, ਵਿਸ਼ੇਸ਼ ਕਰਕੇ ਪੰਜਾਬ ਵਿਚ ਜਿਹੜੀ ਵੀ ਪਾਰਟੀ ਵਿਰੋਧੀ ਧਿਰ ਹੁੰਦੀ ਹੈ, ਉਹ ਸੱਤਾਧਾਰੀ ਧਿਰ ਉੱਤੇ ਭ੍ਰਿਸ਼ਟਾਚਾਰ ਦਾ ਦੂਸ਼ਣ ਜ਼ਰੂਰ ਲਗਾਉਂਦੀ ਹੈ। ਜਦੋਂ ਵਿਰੋਧੀ ਧਿਰ ਸੱਤਾ ਵਿਚ ਆਉਂਦੀ ਹੈ ਤਾਂ ਉਹ ਪਹਿਲੀ ਸਰਕਾਰ ਦੇ ਮੰਤਰੀਆਂ ਤੇ ਕੁਝ ਉੱਚ ਅਧਿਕਾਰੀਆਂ ਉੱਤੇ ਭ੍ਰਿਸ਼ਟਾਚਾਰ ਦੇ ਮੁਕੱਦਮੇ ਦਰਜ ਕਰਦੀ ਹੈ ਪਰ ਪੰਜਾਂ ਸਾਲਾਂ ਵਿਚ ਕੋਈ ਫ਼ੈਸਲਾ ਨਹੀਂ ਹੁੰਦਾ ਅਤੇ ਜਦੋਂ ਉਹੋ ਪਾਰਟੀ ਮੁੜ ਤਾਕਤ ਵਿਚ ਆਉਂਦੀ ਹੈ ਤਾਂ ਸਾਰੇ ਬਾਇੱਜ਼ਤ ਬਰੀ ਹੋ ਜਾਂਦੇ ਹਨ। ਇਹ ਪਿਰਤ ਲੋਕਰਾਜ ਲਈ ਸੁਖਾਵੀਂ ਨਹੀਂ ਹੈ। ਜੇ ਭ੍ਰਿਸ਼ਟਾਚਾਰ ਬਾਰੇ ਬੋਲਣਾ ਹੀ ਹੈ ਤਾਂ ਵਿਰੋਧੀ ਧਿਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਜਦੋਂ ਉਹ ਸੱਤਾ ਵਿਚ ਸਨ ਤਾਂ ਉਨ੍ਹਾਂ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕਿਹੜੇ ਯਤਨ ਕੀਤੇ ਸਨ। ਸੂਬੇ ਦੇ ਵਿਕਾਸ ਲਈ ਉਨ੍ਹਾਂ ਕੀ ਕੀਤਾ ਸੀ। ਹੁਣ ਸੱਤਾਧਾਰੀ ਪਾਰਟੀ ਕੀ ਗ਼ਲਤ ਕਰ ਰਹੀ ਹੈ। ਜੇ ਉਹ ਭਵਿੱਖ ਵਿਚ ਗੱਦੀ ਉੱਤੇ ਬੈਠਣਗੇ ਤਾਂ ਸੂਬੇ ਦੇ ਵਿਕਾਸ ਲਈ ਉਨ੍ਹਾਂ ਦਾ ਕੀ ਪ੍ਰੋਗਰਾਮ ਹੋਵੇਗਾ।

ਲੋਕਰਾਜ ਵਿਚ ਮਜ਼ਬੂਤ ਸਰਕਾਰ ਵਾਂਗ ਹੀ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਪੈਂਦੀ ਹੈ। ਵਿਰੋਧੀ ਧਿਰ ਸਰਕਾਰ ਨੂੰ ਮਨਮਰਜ਼ੀ ਕਰਨ ਤੋਂ ਰੋਕਣ ਲਈ ਲਗਾਮ ਦਾ ਕੰਮ ਕਰਦੀ ਹੈ। ਸਰਕਾਰ ਦੀਆਂ ਗ਼ਲਤੀਆਂ ਨੂੰ ਲੋਕਾਂ ਸਾਹਮਣੇ ਰੱਖਦੀ ਹੈ ਅਤੇ ਬਣਾਏ ਜਾਣ ਵਾਲੇ ਕਾਨੂੰਨਾਂ ਦੀ ਛਾਣਬੀਣ ਕਰਦੀ ਹੈ। ਇਸੇ ਛਾਣਬੀਣ ਆਧਾਰਿਤ ਵਿਧਾਨ ਸਭਾ ਵਿਚ ਤੱਥ ਆਧਾਰਿਤ ਭਖਵੀਂ ਬਹਿਸ ਹੁੰਦੀ ਹੈ। ਪੰਜਾਬ ਵਿਚ ਤਾਂ ਵਿਧਾਨ ਸਭਾ ਦੀ ਬਹਿਸ ਬੀਤੇ ਦੀ ਗੱਲ ਬਣ ਕੇ ਰਹਿ ਗਈ ਹੈ। ਰਸਮ ਪੂਰੀ ਕਰਨ ਲਈ ਅਸੈਂਬਲੀ ਦੀ ਬੈਠਕ ਦੋ ਜਾਂ ਤਿੰਨ ਦਿਨਾਂ ਦੀ ਹੁੰਦੀ ਹੈ। ਵਿਰੋਧੀ ਧਿਰ ਰੌਲਾ ਪਾ ਕੇ ਵਾਕਆਊਟ ਕਰ ਜਾਂਦੀ ਹੈ। ਪਿਛੋਂ ਸੱਤਾਧਾਰੀ ਧਿਰ ਆਪਣੀ ਮਰਜ਼ੀ ਦੇ ਸਾਰੇ ਬਿੱਲ ਬਿਨਾਂ ਕਿਸੇ ਬਹਿਸ ਦੇ ਪਾਸ ਕਰਵਾ ਲੈਂਦੀ ਹੈ। ਇਸੇ ਕਰਕੇ ਹੀ ਇਨ੍ਹਾਂ ਕਾਨੂੰਨਾਂ ਵਿਚ ਕਈ ਚੋਰ-ਮੋਰੀਆਂ ਰਹਿ ਜਾਂਦੀਆਂ ਹਨ ਜਿਨ੍ਹਾਂ ਦੀ ਵਰਤੋਂ ਸੱਤਾਧਾਰੀ ਪਾਰਟੀ ਆਪਣੇ ਲਾਭ ਲਈ ਕਰਦੀ ਹੈ। ਜੇ ਸੈਸ਼ਨ ਲੰਮੇ ਸਮੇਂ ਦਾ ਹੋਵੇ ਤਾਂ ਵਿਰੋਧੀ ਧਿਰ ਹਰ ਬਿੱਲ ਦੀ ਪੂਰੀ ਤਰ੍ਹਾਂ ਛਾਣਬੀਣ ਕਰਕੇ ਤੱਥ ਆਧਾਰਿਤ ਬਹਿਸ ਕਰੇ ਅਤੇ ਸਰਕਾਰ ਦੀਆਂ ਗ਼ਲਤੀਆਂ ਦੀ ਚਰਚਾ ਕਰੇ ਅਤੇ ਸਰਕਾਰ ਨੂੰ ਲੋੜੀਂਦੇ ਸੁਧਾਰ ਕਰਨ ਲਈ ਮਜਬੂਰ ਕਰੇ। ਹੁਣ ਅਜਿਹਾ ਨਹੀਂ ਹੋ ਰਿਹਾ। ਵਿਧਾਨ ਸਭਾ ਵਿਚ ਵੀ ਇਕ ਦੂਜੇ ਉੱਤੇ ਚਿੱਕੜ ਹੀ ਸੁੱਟਿਆ ਜਾਂਦਾ ਹੈ। ਬਹੁਤੇ ਮੈਂਬਰ ਤਾਂ ਸੁੱਚੇ ਮੂੰਹ ਹੀ ਆਪਣੇ ਪੰਜ ਸਾਲ ਪੂਰੇ ਕਰ ਲੈਂਦੇ ਹਨ। ਹੁਣ ਤਾਂ ਮੈਂਬਰਾਂ ਵਿਚ ਉਦੋਂ ਹੀ ਸਹਿਮਤੀ ਬਣਦੀ ਹੈ ਜਦੋਂ ਉਨ੍ਹਾਂ ਦੇ ਵੇਤਨ, ਭੱਤੇ ਜਾਂ ਸਹੂਲਤਾਂ ਦੇ ਵਾਧੇ ਬਾਰੇ ਵਿਚਾਰ ਕੀਤਾ ਜਾਣਾ ਹੋਵੇ। ਅਸਲ ਵਿਚ, ਸਾਰੇ ਮੈਂਬਰਾਂ ਨੂੰ ਅਸੈਂਬਲੀ ਵਿਚ ਬੋਲਣ ਦਾ ਮੌਕਾ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਹਲਕੇ ਦੀਆਂ ਮੁਸ਼ਕਿਲਾਂ ਦੀ ਚਰਚਾ ਕਰ ਸਕਣ। ਸੰਗਤ ਦਰਸ਼ਨ ਵਿਚ ਪੈਸੇ ਵੰਡਣ ਦੀ ਥਾਂ ਇਸ ਵਿਚਾਰ-ਵਟਾਂਦਰੇ ਵਿਚੋਂ ਹਰ ਹਲਕੇ ਦੀਆਂ ਲੋੜਾਂ ਅਨੁਸਾਰ ਪੈਸੇ ਦੀ ਵੰਡ ਕੀਤੀ ਜਾਵੇ ਤਾਂ ਜੋ ਸਾਰੇ ਸੂਬੇ ਦਾ ਅਤੇ ਸਾਰੇ ਵਰਗਾਂ ਦਾ ਵਿਕਾਸ ਹੋ ਸਕੇ।

ਹੁਣ ਕਿਸੇ ਵੀ ਪਾਰਟੀ ਕੋਲ ਸੂਬੇ ਦੇ ਵਿਕਾਸ ਲਈ ਕੋਈ ਏਜੰਡਾ ਨਹੀਂ ਹੈ। ਚੋਣ ਮੈਨੀਫੈਸਟੋ ਤਾਂ ਸਾਰੀਆਂ ਪਾਰਟੀਆਂ ਲਈ ਰਸਮ ਬਣ ਕੇ ਰਹਿ ਗਿਆ ਹੈ। ਬਹੁਤੇ ਆਗੂ ਆਪਣੀ ਪਾਰਟੀ ਦੇ ਮੈਨੀਫੈਸਟੋ ਨੂੰ ਕਦੇ ਪੜ੍ਹਦੇ ਵੀ ਨਹੀਂ। ਹਰ ਪਾਰਟੀ ਕੁਝ ਵਿਦਵਾਨਾਂ ਨੂੰ ਲਿਖਤ ਮਾਡਲ ਤਿਆਰ ਕਰਨ ਲਈ ਆਖ ਦਿੰਦੀ ਹੈ ਜਿਸ ਵਿਚ ਸਾਰੇ

**(ਬਾਕੀ ਸਫਾ 28 'ਤੇ)**

# ਵਿਧਾਨ ਸਭਾ ਚੋਣਾਂ ਅਤੇ ਨਿਊ ਮੀਡੀਆ

**ਤਰਨਦੀਪ ਦਿਓਲ***

ਪੰਜਾਬ ਵਿਧਾਨ ਸਭਾ ਚੋਣਾਂ ਜਿਵੇਂ ਜਿਵੇਂ ਨਜ਼ਦੀਕ ਆ ਰਹੀਆਂ ਹਨ, ਵੱਖ-ਵੱਖ ਪਾਰਟੀਆਂ ਅਤੇ ਸੰਭਾਵੀ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਵਿਚ ਤੇਜ਼ੀ ਦਿਖਾਈ ਜਾ ਰਹੀ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਚੋਣਾਂ ਦੌਰਾਨ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਜਾਵੇਗਾ। ਟੇਢੇ ਢੰਗ-ਤਰੀਕੇ ਵਰਤੇ ਜਾਣਗੇ ਅਤੇ ਚੋਣ ਕਮਿਸ਼ਨ ਦੀਆਂ ਅੱਖਾਂ ਵਿਚ ਫਰਜ਼ੀ ਕਾਗਜ਼ੀ ਕਾਰਵਾਈ ਨਾਲ ਘੱਟਾ ਪਾਇਆ ਜਾਵੇਗਾ।



ਜਿੱਥੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਆਪਣੀ ਸਕਾਰਾਤਮਿਕ ਅਤੇ ਨਕਾਰਾਤਮਿਕ ਭੂਮਿਕਾ ਨਿਭਾਵੇਗਾ, ਉੱਥੇ ਇਸ ਵਾਰ ਦੀਆਂ ਚੋਣਾਂ ਵਿਚ ਇਕ ਹੋਰ ਮੀਡੀਆ-ਰੂਪ ਸਾਡੇ ਸਾਹਮਣੇ ਵੱਡੇ ਪੱਧਰ 'ਤੇ ਆਪਣੀ ਭੂਮਿਕਾ ਨਿਭਾਵੇਗਾ ਜਿਹਨੂੰ 'ਨਿਊ ਮੀਡੀਆ' ਜਾਂ ਇੰਟਰਨੈਟ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਮੀਡੀਏ ਨੂੰ ਵਰਤਣ ਵਾਲਾ ਉਹ ਤਬਕਾ ਹੈ ਜਿਸਨੂੰ ਸ਼ਰਾਬ, ਕਬਾਬ ਜਾਂ ਹੋਰ ਵਸਤਾਂ ਰਾਹੀਂ ਆਪਣੇ ਵੱਲ ਆਕਰਸ਼ਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਕਲਾਸ ਮੱਧ ਵਰਗੀ ਪੜ੍ਹੇ-ਲਿਖੇ ਤਬਕੇ ਅਤੇ ਉੱਚ ਕੁਲੀਨ ਤਬਕੇ ਦੀ ਕਲਾਸ ਹੈ ਜੋ ਸ਼ੌਕੀਆ ਆਪਣੇ ਰੋਜ਼ਾਨਾ ਕੰਮ ਵਿਚ ਇੰਟਰਨੈਟ ਨੂੰ ਸਮਾਂ ਦਿੰਦੀ ਹੈ। ਫੇਸਬੁੱਕ, ਔਰਕੁਟ, ਟਵਿੱਟਰ, ਯੂ-ਟਿਊਬ ਅਤੇ ਆਪਣੀਆਂ ਸੋਸ਼ਲ ਸਾਈਟਾਂ ਉੱਤੇ ਇਸ ਤਬਕੇ ਵੱਲੋਂ ਤਕੜਾ ਗੇੜਾ ਮਾਰਿਆ ਜਾਂਦਾ ਹੈ। ਅੰਕੜਿਆਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਇਸ ਨਵੇਂ ਮੀਡੀਏ ਨੂੰ ਵਰਤਣ ਵਾਲੇ ਲੋਕਾਂ ਦੀ ਗਿਣਤੀ ਇਕ ਵਾਰ ਸਭ ਨੂੰ ਚਕਰਾ ਦਿੰਦੀ ਹੈ।

ਬੀ.ਐਸ.ਐਨ.ਐਲ ਜੋ ਸਰਕਾਰੀ ਆਦਾਰਾ ਹੈ, ਦੇ ਪੰਜਾਬ ਵਿਚ ਤਕਰੀਬਨ 1.5 ਲੱਖ ਦੇ ਕਰੀਬ ਕੁਨੈਕਸ਼ਨ ਹਨ। ਪ੍ਰਾਈਵੇਟ ਕੰਪਨੀਆਂ-ਏਅਰਟੈਲ, ਏਅਰਸੈਲ, ਆਈਡੀਆ, ਵੋਡਾਫੋਨ ਅਤੇ ਕੁਨੈਕਟ, ਰਾਹੀਂ ਤਕਰੀਬਨ ਦੱਸ ਲੱਖ ਲੋਕ ਇਸ ਨਵੇਂ ਮੀਡੀਏ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਵਿਚ ਦਸ ਹਜ਼ਾਰ ਦੇ ਕਰੀਬ ਸਾਇਬਰ ਕੈਫੇ ਹਨ।

ਹੁਣ ਫੇਸਬੁੱਕ ਅਜਿਹੀ ਸਾਇਟ ਬਣ ਚੁੱਕੀ ਹੈ ਜਿਸ ਉਪਰ ਪੜ੍ਹੇ-ਲਿਖੇ ਤਬਕੇ ਦੁਬਾਰਾ ਆਪਣੇ ਖਾਤੇ (ਅਕਾਊਂਟ) ਬਣਾਉਣਾ ਸਮਾਜਿਕ ਮਹੱਤਤਾ ਮੰਨਿਆ ਜਾਂਦਾ ਹੈ। ਪਿਛਲੇ 6 ਮਹੀਨਿਆਂ ਦੇ ਸਰਵੇਖਣ ਮੁਤਾਬਕ ਹਲਕਾ ਬਰਨਾਲਾ ਜੋ ਅਰਧ ਸ਼ਹਿਰੀ ਖੇਤਰ ਹੈ, ਵਿਚ ਤਕਰੀਬਨ 8 ਹਜ਼ਾਰ ਲੋਕ ਫੇਸਬੁੱਕ ਦੀ ਵਰਤੋਂ ਕਰਦੇ ਹਨ। ਨਿਰੋਲ ਪੇਂਡੂ ਹਲਕੇ ਨਿਹਾਲ ਸਿੰਘ ਵਾਲਾ ਵਿਚ 6000 ਹਜ਼ਾਰ ਦੇ ਕਰੀਬ ਲੋਕਾਂ ਦੁਬਾਰਾ ਫੇਸਬੁੱਕ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਆਧਾਰ 'ਤੇ ਪੰਜਾਬ ਵਿਚ ਸੱਤ ਤੋਂ ਦਸ ਲੱਖ ਲੋਕਾਂ ਦੁਬਾਰਾ ਫੇਸਬੁੱਕ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਵੇਲੇ ਫੇਸਬੁੱਕ ਉਪਰ ਪੀਪਲਜ਼ ਪਾਰਟੀ ਆਫ ਪੰਜਾਬ ਅਤੇ ਕਾਂਗਰਸ ਵੱਲੋਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਪੂਰਾ ਜ਼ੋਰ ਲਾਇਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਇਸ ਮਾਮਲੇ ਵਿਚ ਫਾਡੀ ਹੈ। ਪੀਪਲਜ਼ ਪਾਰਟੀ ਦੇ 50 ਦੇ ਕਰੀਬ ਅਜਿਹੇ ਗਰੁੱਪ ਅਤੇ ਪੇਜ ਹਨ, ਕਾਂਗਰਸ ਦੀ ਇਹ ਗਿਣਤੀ 30 ਦੇ ਕਰੀਬ ਬਣਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਿਰਫ 5 ਗਰੁੱਪ ਜਾਂ ਪੇਜ ਹਨ। ਇਸ ਤੋਂ ਇਲਾਵਾ ਸਾਰੇ ਰਾਜਨਿਤਕ ਆਗੂਆਂ ਦੇ ਆਪਣੇ ਵੱਖਰੇ ਖਾਤੇ, ਗਰੁੱਪ ਅਤੇ ਪੇਜ ਹਨ ਜਿਨ੍ਹਾਂ ਦੀ ਗਿਣਤੀ ਮੋਟੇ ਤੌਰ 'ਤੇ ਇਕ ਤੋਂ ਦੋ ਹਜ਼ਾਰ ਤੱਕ ਹੈ। ਸੱਤਰ ਦੇ ਕਰੀਬ ਵਿਧਾਇਕ ਰੋਜ਼ ਆਪਣੇ ਖਾਤੇ ਅਪਡੇਟ ਕਰਦੇ ਜਾਂ ਕਰਵਾਉਂਦੇ ਹਨ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਅਜਿਹੀਆਂ ਵੈਬਸਾਇਟਾਂ ਵੀ ਹਨ ਜਿਹੜੀਆਂ ਚੋਣਾਂ ਨਾਲ ਸਬੰਧਿਤ ਕੰਮ ਹੀ ਕਰ ਰਹੀਆਂ ਹਨ, ਜਿਵੇਂ ਜਾਗੋ, ਪਾਰਟੀ ਡੌਟ ਕਾਮ, ਸਪਰਿੰਗ ਵੋਟ ਡਾਟ ਕਾਮ ਅਤੇ ਪੰਜਾਬ ਇਲੈਕਸ਼ਨ ਪੋਸਟ ਡਾਟ ਕਾਮ ਆਦਿ। ਬਹੁਤ ਸਾਰੇ ਹੋਰ ਆਨਲਾਇਨ ਪੇਪਰ ਵੀ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ। ਇਸ ਸਮੇਂ 25 ਲੱਖ ਲੋਕ ਵੱਖ-ਵੱਖ ਤਰੀਕਿਆਂ ਰਾਹੀ ਇੰਟਰਨੈਟ ਦੀ ਵਰਤੋਂ ਕਰਦੇ ਹਨ।

**ਫੋਨ:91-99149-00729*

## ਮਨੁੱਖ ਹੋਣ ਦਾ ਮਾਣ ਕਰਨ ਵਾਲਾ ਨਾਇਕ

# ਦਰਦਮੰਦੀ ਦਾ ਮਿਡਫੀਲਡ ਤੇ ਸੌਕਰੇਟਸ ਦਾ ਚਲਾਣਾ

ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873

***ਸੌਕਰੇਟਸ ਨੇ ਡਾਕਟਰੀ ਦੀ ਪੜ੍ਹਾਈ ਕਾਰਨ ਪੱਚੀ ਸਾਲ ਦੀ ਉਮਰ ਤੱਕ ਚੰਗਾ ਖਿਡਾਰੀ ਹੋਣ ਦੇ ਬਾਵਜੂਦ ਪੇਸ਼ੇਵਰ ਫੁੱਟਬਾਲ ਨਹੀਂ ਖੇਡੀ। ਉਸ ਨੇ ਸਾਓ ਪਾਅਲੋ ਦੇ ਕਲੱਬ ਕੌਰਿੰਨਥੀਅਨ ਵਿਚ ਖੇਡਣਾ ਸ਼ੁਰੂ ਕੀਤਾ। ਬ੍ਰਾਜ਼ੀਲ ਵਿਚ ਫ਼ੌਜੀ ਤਾਨਾਸ਼ਾਹੀ ਖ਼ਿਲਾਫ਼ ਸੰਘਰਸ਼ ਚੱਲ ਰਿਹਾ ਸੀ। ਤਾਨਾਸ਼ਾਹੀ ਰੁਝਾਨ ਹਰ ਅਦਾਰੇ ਦਾ ਖ਼ਾਸਾ ਸੀ। ਖੇਡ ਕਲੱਬਾਂ ਦਾ ਪ੍ਰਬੰਧ ਤਾਨਾਸ਼ਾਹੀ ਤਰਜ਼ ਨਾਲ ਚੱਲਦਾ ਸੀ। ਇਸ ਕਲੱਬ ਦੇ ਪ੍ਰਬੰਧ ਖ਼ਿਲਾਫ਼ ਸੰਘਰਸ਼ ਵਿਚ ਸੌਕਰੇਟਸ ਨੇ ਮੁਲਾਜ਼ਮਾਂ, ਖਿਡਾਰੀਆਂ ਅਤੇ ਹਮਾਇਤੀਆਂ ਨੂੰ ਲਾਮਬੰਦ ਕੀਤਾ। ਤਾਨਾਸ਼ਾਹੀ ਨਿਜ਼ਾਮ ਵਿਚ ਜਮਹੂਰੀ ਪ੍ਰਬੰਧ ਦਾ ਪਹਿਲਾ ਤਜਰਬਾ ਇਹੋ ਕਲੱਬ ਬਣਿਆ। ਇਸ ਮੁਹਿੰਮ ਨੂੰ 'ਕੌਰਿੰਨਥੀਅਨ ਡੈਮੋਕਰੇਸੀ' ਵਜੋਂ ਜਾਣਿਆ ਜਾਂਦਾ ਹੈ। ਕਲੱਬ ਦੇ ਪ੍ਰਬੰਧ ਵਿਚ ਲੌਕਰ-ਰੂਮ ਦੇ ਕਾਰਿੰਦਿਆਂ ਤੋਂ ਨਾਮੀ ਖਿਡਾਰੀਆਂ ਤੱਕ ਦੀ ਆਵਾਜ਼ ਸਤਿਕਾਰ ਦੀ ਹੱਕਦਾਰ ਬਣੀ। ਇਹ ਮਿਸਾਲ ਮੁਲਕ ਵਿਚ ਜਮਹੂਰੀਅਤ ਲਈ ਸੰਘਰਸ਼ ਕਰਨ ਵਾਲਿਆਂ ਦੀ ਹੌਂਸਲਾ-ਅਫ਼ਜਾਈ ਦਾ ਸਬੱਬ ਬਣੀ। ਸੌਕਰੇਟਸ ਦੀ ਅਗਵਾਈ ਵਿਚ ਜਮਹੂਰੀਅਤ ਪੱਖੀ ਨਾਅਰੇ ਖਿਡਾਰੀਆਂ ਦੀ ਜਰਸੀਆਂ ਦਾ ਸ਼ਿੰਗਾਰ ਬਣੇ।***

ਸੌਕਰੇਟਸ ਦੀ ਮੌਤ ਨਾਲ ਖੇਡ ਮੈਦਾਨ ਦੇ ਮਾਣ ਵਿਚ ਵਾਧਾ ਕਰਨ ਵਾਲਾ ਦਰਦਮੰਦ ਡਾਕਟਰ ਤੁਰ ਗਿਆ। ਉਸੇ ਸਮੇਂ ਭਾਰਤ ਦੇ ਸੱਤ ਨਾਮੀ ਖਿਡਾਰੀਆਂ ਦੀ ਮੁਲਕਵਾਸੀਆਂ ਦੇ ਨਾਮ ਲਿਖੀ ਚਿੱਠੀ ਦੇ ਨਜ਼ਰਅੰਦਾਜ਼ ਹੋ ਜਾਣ ਅਤੇ ਕੋਲਕਾਤੇ ਵਿਚ ਹੋਏ ਅਗਨੀ ਕਾਂਡ ਨਾਲ ਸੌਕਰੇਟਸ ਦੀ ਮੌਤ ਜ਼ਿਆਦਾ ਰੜਕਣ ਲੱਗੀ ਹੈ। ਫੁੱਟਬਾਲ ਦੇ ਆਲਮੀ ਕੱਪ ਵਿਚ ਦੋ ਵਾਰ ਬ੍ਰਾਜ਼ੀਲ ਦੀ ਕਪਤਾਨੀ ਕਰਨ ਵਾਲਾ ਸੌਕਰੇਟਸ ਕਹਿੰਦਾ ਸੀ, "ਮੈਂ ਫੁੱਟਬਾਲਰ ਨਹੀਂ ਹਾਂ। ਮੈਂ ਮਨੁੱਖ ਹਾਂ।" ਫੁੱਟਬਾਲ ਦੇ ਇਤਿਹਾਸ ਵਿਚ ਸੰਨ 1982 ਦੇ ਆਲਮੀ ਕੱਪ ਵਿਚ ਹਿੱਸਾ ਲੈਣ ਵਾਲੀ ਬ੍ਰਾਜ਼ੀਲ ਦੀ ਟੀਮ ਨੂੰ ਜਿੱਤੀ ਨਾ ਜਾ ਸਕਣ ਵਾਲੀ ਸਭ ਤੋਂ ਤਾਕਤਵਰ ਟੀਮ ਮੰਨਿਆ ਜਾਂਦਾ ਸੀ। ਸੌਕਰੇਟਸ ਬਾਬਤ ਕਿਹਾ ਜਾਂਦਾ ਹੈ ਕਿ ਉਹ ਫੁੱਟਬਾਲ ਦੇ ਆਲਮੀ ਜੇਤੂ ਨਾ ਰਹਿਣ ਵਾਲੇ ਖਿਡਾਰੀਆਂ ਵਿਚੋਂ ਸਭ ਤੋਂ ਮਹਾਨ ਹੈ। ਬ੍ਰਾਜ਼ੀਲ 1982 ਦੇ ਫੁੱਟਬਾਲ ਆਲਮੀ ਕੱਪ ਦੀ ਤਾਕਤਵਰ ਦਾਅਵੇਦਾਰ ਟੀਮ ਸੀ। ਉਸ ਵੇਲੇ ਬ੍ਰਾਜ਼ੀਲ ਨੂੰ ਸੈਮੀਫਾਈਨਲ ਵਿਚ ਪਹੁੰਚਣ ਲਈ ਇਟਲੀ ਨਾਲ ਮੈਚ ਬਰਾਬਰ ਰੱਖਣ ਦੀ ਲੋੜ ਸੀ ਪਰ ਪਾਓਲੋ ਰੋਸੀ ਦੀ ਤਿਕੜੀ ਕਾਰਨ ਸੌਕਰੇਟਸ ਦੀ ਟੀਮ ਆਲਮੀ ਕੱਪ ਤੋਂ ਬਾਹਰ ਹੋ ਗਈ। ਸੰਨ 1986 ਦੇ ਆਲਮੀ ਕੱਪ ਦੇ ਕੁਆਰਟਰ ਫਾਈਨਲ ਮੈਚ ਵਿਚ ਸੌਕਰੇਟਸ ਫਰਾਂਸ ਖ਼ਿਲਾਫ਼ ਪੈਨਲਟੀ ਰਾਹੀਂ ਗੋਲ ਕਰਨ ਤੋਂ ਖੁੰਝ ਗਿਆ। ਖੇਡ ਮੈਦਾਨ ਦੀਆਂ ਇਨ੍ਹਾਂ ਹਾਰਾਂ ਬਾਬਤ ਉਹ ਕਹਿੰਦਾ ਸੀ, "ਬੀਮਾਰੀ ਨਾਲ ਬੱਚਿਆਂ ਦਾ ਮਰਨਾ ਇਸ ਤੋਂ ਜ਼ਿਆਦਾ ਸੋਗਵਾਰ ਹੈ।" ਉਹ ਬੱਚਿਆਂ ਦਾ ਡਾਕਟਰ ਸੀ।

'ਦ ਹਿੰਦੂ' ਅਖ਼ਬਾਰ ਦੇ ਖੇਡ ਲੇਖਕ ਨਿਰਮਲ ਸ਼ੇਖ਼ਰ ਨੇ ਸੌਕਰੇਟਸ ਦੇ ਸ਼ਰਧਾਜਲੀ ਲੇਖ ਵਿਚ ਲਿਖਿਆ ਹੈ, "ਉਹ ਬੱਚਿਆਂ ਦਾ ਪੇਸ਼ੇਵਰ ਡਾਕਟਰ ਸੀ। ਯੂਨੀਸੈਫ਼ ਦੇ ਕੈਂਪ ਵਿਚ ਬੀਮਾਰ ਬੱਚਿਆਂ ਨੂੰ ਜੱਫ਼ੀ ਪਾਉਂਦਾ ਸੌਕਰੇਟਸ ਮਦਰ ਟੈਰੇਸਾ ਦੀ ਮੂਰਤ ਜਾਪਦਾ ਸੀ।" ਮਦਰ ਟੈਰੇਸਾ ਦੀ ਕਰਮਭੂਮੀ ਕੋਲਕਾਤਾ ਦੇ ਹਸਪਤਾਲ ਵਿਚ ਵਾਪਰੀ ਤ੍ਰਾਸਦੀ, ਸੌਕਰੇਟਸ ਨਾਲ ਨਿਭੀਆਂ ਕਦਰਾਂ-ਕੀਮਤਾਂ ਨਾਲ ਗਹਿਗੱਚ ਸਵਾਲ-ਜਵਾਬ ਕਰ ਰਹੀ ਹੈ। ਫੁੱਟਬਾਲ ਦੇ ਇਤਿਹਾਸ ਦੇ ਮਹਾਨਤਮ ਮਿਡਫੀਲਡਰਾਂ ਵਿਚ ਸ਼ੁਮਾਰ ਸੌਕਰੇਟਸ ਦੇ ਚਲਾਣੇ ਰਾਹੀਂ ਮਨੁੱਖੀ ਦਰਦਮੰਦੀ ਦੀ ਬਹਿਸ ਮਿਡਫੀਲਡ ਵਿਚ ਆ ਗਈ ਹੈ।

ਖਿਡਾਰੀਆਂ ਤੋਂ ਵੱਧ ਤੰਦਰੁਸਤੀ ਦੀ ਅਹਿਮੀਅਤ ਕੌਣ ਜਾਣਦਾ ਹੈ! ਜੇ ਖਿਡਾਰੀ ਡਾਕਟਰ ਹੋਵੇ ਤਾਂ ਤੰਦਰੁਸਤੀ ਸਮਾਜਿਕ ਮਸਲਾ ਬਣ ਜਾਂਦੀ ਹੈ। ਜੇ ਡਾਕਟਰ ਖਿਡਾਰੀ ਨਾਲ ਸਮਾਜਵਾਦੀ ਵੀ ਹੋਵੇ ਤਾਂ ਉਸ ਨਾਲ ਦਰਦਮੰਦੀ ਸਮੂਰਤ ਹੋ ਜਾਂਦੀ ਹੈ। ਜਦੋਂ ਦਰਦਮੰਦੀ ਸਿਆਸੀ ਗ਼ਲਬਿਆਂ ਨੂੰ ਲਲਕਾਰਦੀ ਹੈ ਤਾਂ ਇਸ ਸੋਚ ਦੇ ਧਾਰਨੀ ਨਾਬਰੀ ਤੋਂ ਇਨਕਲਾਬੀ ਹੋਣ ਦੇ ਰਾਹ ਪੈ ਜਾਂਦੇ ਹਨ। ਇਨ੍ਹਾਂ ਰਾਹਾਂ ਉਤੇ ਲੋਕ ਗੀਤ ਗਾਉਣ ਵਾਲੇ ਮਨੁੱਖੀ ਵਿਰਾਸਤ ਦਾ ਬੇਸ਼ਕੀਮਤੀ ਖ਼ਜ਼ਾਨਾ ਹਨ। ਇਨ੍ਹਾਂ ਸਾਰੇ ਗੁਣਾਂ ਦੀ ਗੁਥਲੀ ਸੌਕਰੇਟਸ ਸੀ। ਉਸ ਦੇ ਛੋਟੇ ਪਾਸਾਂ ਅਤੇ ਸਾਥੀ ਖਿਡਾਰੀਆਂ ਨਾਲ ਤਾਲਮੇਲ ਨੂੰ ਮੋਜ਼ਾਰਟ ਦੇ ਸੰਗੀਤ ਜਿੰਨਾ ਸੁਰੀਲਾ ਕਿਹਾ ਜਾਂਦਾ ਹੈ।

ਸਾਓ ਪਾਅਲੋ ਦੇ ਕਲੱਬ ਕੌਰਿੰਨਥੀਅਨ ਵਿਚ ਸੌਕਰੇਟਸ ਨਾਲ ਖੇਡਣ ਵਾਲੇ ਉਸ ਦੇ ਸਾਥੀ ਦੇ ਹਵਾਲੇ ਨਾਲ ਨਿਰਮਲ ਸ਼ੇਖ਼ਰ ਨੇ ਲਿਖਿਆ ਹੈ, "ਉਹ ਗੀਤ ਗਾਉਂਦਾ ਅਤੇ ਅਸੀਂ ਸਾਰੇ ਖ਼ੁਸ਼ੀ ਮਨਾਉਂਦੇ। ਇਸ ਤੋਂ ਬਾਅਦ ਉਹ ਅਚਾਨਕ ਖਾਮੋਸ਼ ਹੋ ਜਾਂਦਾ। ਇਸ ਖਾਮੋਸ਼ੀ ਨੂੰ ਅਸੀਂ ਸਾਰੇ ਤੋੜ ਨਾ ਸਕਦੇ। ਅਸੀਂ ਉਸ ਨੂੰ ਜਾਣਦੇ ਸਾਂ ਪਰ ਹਰ ਵਾਰ ਲੱਗਦਾ ਕਿ ਉਹ ਸਾਡੇ ਲਈ ਅਜਨਬੀ ਹੈ।" ਗੀਤ ਅਤੇ ਖਾਮੋਸ਼ੀ ਦਾ ਸੁਮੇਲ ਇਹ ਬੰਦਾ ਫ਼ੌਜੀ ਤਾਨਾਸ਼ਾਹੀ ਖ਼ਿਲਾਫ਼ ਬ੍ਰਾਜ਼ੀਲ ਦਾ ਨਿਧੜਕ ਬੁਲਾਰਾ ਸੀ। ਮਨੁੱਖ ਨੂੰ ਪੇਸ਼ਾਵਰ ਖ਼ਾਨਿਆਂ ਵਿਚ ਤਕਸੀਮ ਕਰਨ ਗਿਝੇ ਪੜਚੋਲੀਏ ਉਸ ਦੇ ਨਾਪ ਦਾ ਖ਼ਾਨਾ ਲੱਭਣ ਲਈ ਖਪਦੇ ਰਹੇ ਪਰ ਉਹ ਖ਼ਾਨਾਬੰਦੀ ਤੋਂ ਨਾਬਰ ਰਿਹਾ। ਉਹ ਮਿਡਫੀਲਡ ਵਿਚ ਸਾਥੀਆਂ ਨਾਲ ਪਾਸਾਂ ਦੀ ਸੁਰੀਲੀ ਜੁਗਲਬੰਦੀ ਕਰਦਾ ਸੀ ਅਤੇ ਲੰਮੀਆਂ ਕਰਾਰੀਆਂ ਕਿੱਕਾਂ ਨਾਲ ਗੋਲਚੀਆਂ ਦਾ ਇਮਤਿਹਾਨ ਲੈਂਦਾ ਸੀ। ਛੇ ਫੁੱਟ ਚਾਰ ਇੰਚ ਲੰਮੇ ਕੱਦ ਦਾ ਸੌਕਰੇਟਸ ਫੁੱਟਬਾਲ ਦੇ ਖੇਡ ਮੈਦਾਨ ਦੀ ਕਮਾਈ ਦਾ ਬਿਆਨ ਕਰਨ ਲਈ ਪੜਚੋਲੀਆਂ ਦਾ ਸਹਾਰਾ ਨਹੀਂ ਲੈਂਦਾ। ਉਸ ਨੇ ਜੁਲਾਈ 2010 ਵਿਚ ਬੀ.ਬੀ.ਸੀ. ਨਾਲ ਮੁਲਾਕਾਤ ਵਿਚ ਕਿਹਾ ਸੀ, "ਫੁੱਟਬਾਲ ਦੇ ਮੈਦਾਨ ਵਿਚ ਮੇਰੀ ਹੌਂਸਲਾ-ਅਫ਼ਜਾਈ ਕਰਨ ਵਾਲੇ ਲੋਕ ਮੇਰੀ ਤਾਕਤ ਹਨ।"

ਸੌਕਰੇਟਸ ਦੇ ਸਮਕਾਲੀ ਖਿਡਾਰੀਆਂ ਦੇ ਨਾਇਕ ਪੇਲੇ ਅਤੇ ਡੈਰੀਇਨਚਾ ਵਰਗੇ ਸਾਬਕਾ ਖਿਡਾਰੀ ਸਨ। ਸੌਕਰੇਟਸ ਦੇ ਨਾਇਕ ਹੋਰ ਸਨ- ਕਿਊਬਾ ਦੇ ਇਨਕਲਾਬ ਦੇ ਆਗੂ ਫੀਦਲ ਕਾਸਤਰੋ ਅਤੇ ਚੀ ਗਵੇਰਾ। ਇਨ੍ਹਾਂ ਤੋਂ ਬਿਨਾ ਵੀਅਤਨਾਮ ਦੀ ਜੰਗ ਦੌਰਾਨ ਅਮਰੀਕੀ ਜਬਰ ਖ਼ਿਲਾਫ਼ ਸੁਰੀਲੀ ਆਵਾਜ਼ ਬੁਲੰਦ ਕਰਨ ਵਾਲਾ ਜੌਨ ਲੈਨਿਨ। ਉਹ ਬੀ.ਬੀ.ਸੀ. ਨਾਲ ਮੁਲਾਕਾਤ ਵਿਚ ਅੱਗੇ ਕਹਿੰਦਾ ਹੈ, "ਜੇ ਲੋਕਾਂ ਕੋਲ ਬੋਲਣ ਦੀ ਤਾਕਤ ਨਹੀਂ ਹੈ ਤਾਂ ਮੈਂ ਉਨ੍ਹਾਂ ਦੇ ਨੁਮਾਇੰਦੇ ਵਜੋਂ ਬੋਲਾਂਗਾ। ਜੇ ਮੈਂ ਲੋਕਾਂ ਦੀ ਥਾਂ ਦੂਜੀ ਧਿਰ ਨਾਲ ਖੜ੍ਹਾਂਗਾ ਤਾਂ ਮੇਰੀ ਰਾਏ ਕੋਈ ਨਹੀਂ ਸੁਣੇਗਾ। ਫੁੱਟਬਾਲ ਨੇ ਮੈਨੂੰ ਲੋਕਾਂ ਨੂੰ ਨੇੜੇ ਤੋਂ ਜਾਣਨ ਦਾ ਮੌਕਾ ਦਿੱਤਾ ਹੈ। ਮੈਂ ਉਹ ਦੁਨੀਆਂ ਦੇਖੀ ਹੈ ਜੋ ਥੁੜਾਂ ਹੰਢਾ ਰਹੀ ਹੈ। ਮੈਂ ਉਹ ਦੁਨੀਆਂ ਵੀ ਦੇਖੀ ਹੈ ਜੋ ਹਰ ਤਰ੍ਹਾਂ ਦੀ ਬਹੁਤਾਤ ਵਿਚ ਜਿਉ ਰਹੀ ਹੈ। ਨਾਲੋ-ਨਾਲ ਪਰ ਦੂਰ-ਦੂਰ ਵਸਦੀ ਇਸ ਦੁਨੀਆਂ ਦੇ ਦੋਵੇਂ ਤਬਕਿਆਂ ਨਾਲ ਮੇਰੀ ਵਾਕਫ਼ੀ ਹੈ।" ਇਹ ਦੁਨੀਆਂ ਤਾਂ ਮਨੀਪੁਰ ਦੇ ਖਿਡਾਰੀਆਂ ਨੇ ਵੀ ਦੇਖੀ ਹੈ ਪਰ ਉਨ੍ਹਾਂ ਦੀ ਆਵਾਜ਼ ਅਣਸੁਣੀ ਕਿਵੇਂ ਹੋ ਗਈ? ਆਖ਼ਰ ਬਾਈਚੁੰਗ ਭੂਟੀਆ ਭਾਰਤੀ ਫੁੱਟਬਾਲ ਦੇ ਇਤਿਹਾਸ ਦਾ ਸਭ ਤੋਂ ਨਾਮੀ ਖਿਡਾਰੀ ਹੈ!



*ਸੌਕਰੇਟਸ*

ਸੌਕਰੇਟਸ ਨੇ ਡਾਕਟਰੀ ਦੀ ਪੜ੍ਹਾਈ ਕਾਰਨ ਪੱਚੀ ਸਾਲ ਦੀ ਉਮਰ ਤੱਕ ਚੰਗਾ ਖਿਡਾਰੀ ਹੋਣ ਦੇ ਬਾਵਜੂਦ ਪੇਸ਼ੇਵਰ ਫੁੱਟਬਾਲ ਨਹੀਂ ਖੇਡੀ। ਉਸ ਨੇ ਸਾਓ ਪਾਅਲੋ ਦੇ ਕਲੱਬ ਕੌਰਿੰਨਥੀਅਨ ਵਿਚ ਖੇਡਣਾ ਸ਼ੁਰੂ ਕੀਤਾ। ਬ੍ਰਾਜ਼ੀਲ ਵਿਚ ਫ਼ੌਜੀ ਤਾਨਾਸ਼ਾਹੀ ਖ਼ਿਲਾਫ਼ ਸੰਘਰਸ਼ ਚੱਲ ਰਿਹਾ ਸੀ। ਤਾਨਾਸ਼ਾਹੀ ਰੁਝਾਨ ਹਰ ਅਦਾਰੇ ਦਾ ਖ਼ਾਸਾ ਸੀ। ਖੇਡ ਕਲੱਬਾਂ ਦਾ ਪ੍ਰਬੰਧ ਤਾਨਾਸ਼ਾਹੀ ਤਰਜ਼ ਨਾਲ ਚੱਲਦਾ ਸੀ। ਇਸ ਕਲੱਬ ਦੇ ਪ੍ਰਬੰਧ ਖ਼ਿਲਾਫ਼ ਸੰਘਰਸ਼ ਵਿਚ ਸੌਕਰੇਟਸ ਨੇ ਮੁਲਾਜ਼ਮਾਂ, ਖਿਡਾਰੀਆਂ ਅਤੇ ਹਮਾਇਤੀਆਂ ਨੂੰ ਲਾਮਬੰਦ ਕੀਤਾ। ਤਾਨਾਸ਼ਾਹੀ ਨਿਜ਼ਾਮ ਵਿਚ ਜਮਹੂਰੀ ਪ੍ਰਬੰਧ ਦਾ ਪਹਿਲਾ ਤਜਰਬਾ ਇਹੋ ਕਲੱਬ ਬਣਿਆ। ਇਸ ਮੁਹਿੰਮ ਨੂੰ 'ਕੌਰਿੰਨਥੀਅਨ ਡੈਮੋਕਰੇਸੀ' ਵਜੋਂ ਜਾਣਿਆ ਜਾਂਦਾ ਹੈ। ਕਲੱਬ ਦੇ ਪ੍ਰਬੰਧ ਵਿਚ ਲੌਕਰ-ਰੂਮ ਦੇ ਕਾਰਿੰਦਿਆਂ ਤੋਂ ਨਾਮੀ ਖਿਡਾਰੀਆਂ ਤੱਕ ਦੀ ਆਵਾਜ਼ ਸਤਿਕਾਰ ਦੀ ਹੱਕਦਾਰ ਬਣੀ। ਇਹ ਮਿਸਾਲ ਮੁਲਕ ਵਿਚ ਜਮਹੂਰੀਅਤ ਲਈ ਸੰਘਰਸ਼ ਕਰਨ ਵਾਲਿਆਂ ਦੀ ਹੌਂਸਲਾ-ਅਫ਼ਜਾਈ ਦਾ ਸਬੱਬ ਬਣੀ। ਸੌਕਰੇਟਸ ਦੀ ਅਗਵਾਈ ਵਿਚ ਜਮਹੂਰੀਅਤ ਪੱਖੀ ਨਾਅਰੇ ਖਿਡਾਰੀਆਂ ਦੀ ਜਰਸੀਆਂ ਦਾ ਸ਼ਿੰਗਾਰ ਬਣੇ। ਆਪਣੇ ਨਾਇਕਾਂ ਵਾਂਗ ਆਵਾਮ ਪੱਖੀ ਸਿਆਸਤ ਉਸ ਦੇ ਖ਼ੂਨ ਵਿਚ ਖੌਲਦੀ ਸੀ। ਉਸ ਦਾ ਨਾਇਕ ਚੀ ਗਵੇਰਾ ਸਿਖਲਾਈ ਯਾਫ਼ਤਾ ਡਾਕਟਰ ਸੀ। ਘਰੋਂ ਕੋਹੜੀਆਂ ਦੀਆਂ ਕਾਲੋਨੀਆਂ ਦਾ ਅਧਿਐਨ ਕਰਨ ਤੁਰੇ ਚੀ ਗਵੇਰਾ ਨੇ ਕੋਹੜ ਦੀਆਂ ਜੜ੍ਹਾਂ ਨਾਇਨਸਾਫ਼ੀ ਅਤੇ ਗ਼ੈਰ-ਮਨੁੱਖੀ ਕਦਰਾਂ-ਕੀਮਤਾਂ ਉਤੇ ਟਿਕੇ ਮੁਨਾਫ਼ਾਮੁਖੀ ਨਿਜ਼ਾਮ ਵਿਚ ਲੱਭ ਲਈਆਂ। ਉਸ ਨੇ ਮਨੁੱਖਤਾ ਦਾ ਕੋਹੜ ਵੱਢਣ ਲਈ ਇਨਕਲਾਬ ਦਾ ਰਾਹ ਚੁਣਿਆ। ਡਾਕਟਰ ਚੀ ਗਵੇਰਾ ਲੋੜ ਵੇਲੇ ਮੇਜਰ ਚੀ ਗਵੇਰਾ ਬਣ ਗਿਆ। ਮੇਜਰ ਚੀ ਗਵੇਰਾ ਅੰਦਰਲਾ ਡਾਕਟਰ ਕਿਊਬਾ ਵਿਚ ਹੁਣ ਵੀ ਜਰਬਾਂ ਲੈਂਦਾ ਹੈ ਅਤੇ ਹੁਣ ਤੱਕ ਹਰ ਮਨੁੱਖੀ ਆਫ਼ਤ ਜਾਂ ਤ੍ਰਾਸਦੀ ਵੇਲੇ ਉਨ੍ਹਾਂ ਦੇ ਡਾਕਟਰ ਸਭ ਤੋਂ ਪਹਿਲਾਂ ਪੁੱਜਦੇ ਹਨ। ਉਨ੍ਹਾਂ ਦੇ ਮੁਲਕ ਵਿਚ ਲੋਕਾਂ ਦਾ ਹਰ ਇਲਾਜ ਮੁਫ਼ਤ ਹੈ।

ਜਦੋਂ ਕੌਮਾਂਤਰੀ ਪੱਧਰ ਉਤੇ ਪੋਲੀਓ ਦੀ ਭਿਆਨਕ ਬਿਮਾਰੀ ਵਜੋਂ ਨਿਸ਼ਾਹਦੇਹੀ ਕਰਕੇ ਇਲਾਜ ਲੱਭਣ ਦੀ ਗੱਲ ਤੁਰੀ ਤਾਂ ਕੋਹੜ ਦਾ ਇਲਾਜ ਕਰਨ ਲਈ ਇਨਕਲਾਬ ਕਰਨ ਵਾਲਿਆਂ ਨੇ ਆਪਣੀ ਸਮਝ ਦੀ ਆਲਮੀ ਮੰਚ ਉਤੇ ਤਸਦੀਕ ਹੁੰਦੀ ਵੇਖੀ। ਪੂੰਜੀਵਾਦੀਆਂ ਲਈ ਪੋਲੀਓ ਦਾ ਇਲਾਜ ਮੁਨਾਫ਼ੇ ਦਾ ਮੌਕਾ ਸੀ ਪਰ ਸਮਾਜਵਾਦੀਆਂ ਲਈ ਮਨੁੱਖੀ ਕਲਿਆਣ ਦਾ। ਅਮਰੀਕੀ ਅਗਵਾਈ ਵਿਚ ਪੋਲੀਓ ਦੇ ਇਲਾਜ ਲਈ ਮਹਿੰਗਾ ਟੀਕਾ ਬਣਿਆ ਅਤੇ ਕਿਊਬਾ ਨੇ ਇਸ ਬਿਮਾਰੀ ਦਾ ਫਸਤਾ ਵੱਢਣ ਲਈ ਸਸਤੀਆਂ ਤੋਂ ਵੀ ਅੱਗੇ ਜਾ ਕੇ ਮੁਫ਼ਤ ਵੰਡੀਆਂ ਜਾ ਸਕਣ ਵਾਲੀਆਂ ਬੂੰਦਾਂ ਦੀ ਕਾਢ ਕੱਢੀ। ਇਨ੍ਹਾਂ ਬੂੰਦਾਂ ਖ਼ਿਲਾਫ਼ ਕਈ ਸਾਲ ਅਮਰੀਕਾ ਨੇ 'ਕਮਿਉਨਿਸਟ ਵੈਕਸਿਨ' ਕਹਿ ਕੇ ਪ੍ਰਚਾਰ ਕੀਤਾ। ਹੁਣ ਇਹੋ ਬੂੰਦਾਂ ਬੱਚਿਆਂ ਨੂੰ ਪਿਲਾਈਆਂ ਜਾਂਦੀਆਂ ਹਨ। ਜਦੋਂ ਡਾਕਟਰ ਚੀ ਗਵੇਰਾ ਕੋਹੜ ਦੇ ਇਲਾਜ ਦਾ ਮੰਤਰ ਲੱਭਣ ਲਈ ਘਰੋਂ ਤੁਰ ਪਿਆ ਸੀ ਤਾਂ 19 ਫਰਵਰੀ 1954 ਨੂੰ ਬ੍ਰਾਜ਼ੀਲ ਵਿਚ 'ਬੀਲਮ ਦਾ ਪਾਰਾ' ਵਿਚ ਸੌਕਰੇਟਸ ਦਾ ਜਨਮ ਹੋਇਆ। ਡਾਕਟਰੀ ਪੜ੍ਹਨ ਤੋਂ ਬਾਅਦ ਕੌਮਾਂਤਰੀ ਫੁੱਟਬਾਲ ਦੀਆਂ ਸ਼ਿਖ਼ਰਾਂ ਛੂਹਣ ਵਾਲਾ ਸੌਕਰੇਟਸ ਕਹਿੰਦਾ ਸੀ, "ਫੁੱਟਬਾਲਰ ਹੋਣ ਕਾਰਨ ਮੈਂ ਵਿੱਤੀ ਪੱਖੋਂ ਜਲਦੀ ਮਹਿਫ਼ੂਜ਼ ਹੋ ਗਿਆ। ਗ਼ਰੀਬਾਂ ਦੇ ਡਾਕਟਰ ਵਜੋਂ ਇਹ ਮਹਿਫ਼ੂਜ਼ੀਅਤ ਮੇਰੀ ਲੋੜ ਸੀ।"

ਸੌਕਰੇਟਸ ਦੇ ਮਨੁੱਖੀ ਗੁਣਾਂ ਦਾ ਮੁਜ਼ਾਹਰਾ ਉਸ ਦੀ ਖੇਡ ਵਿਚ ਹੁੰਦਾ ਸੀ। ਆਪਣੇ ਸਾਥੀਆਂ ਦੇ ਸੁਭਾਅ ਅਤੇ ਖੇਡ ਬਾਬਤ ਉਸ ਦੀ ਜਾਣਕਾਰੀ ਦਾ ਅੱਡੀ ਨਾਲ ਦਿੱਤੇ ਪਾਸਾਂ ਤੋਂ ਪਤਾ ਲੱਗਦਾ ਸੀ। ਉਸ ਨੂੰ ਬਿਨਾ ਦੇਖੇ ਆਪਣੇ ਸਾਥੀਆਂ ਦੀ ਥਾਂ ਦਾ ਪੁਖ਼ਤਾ ਅਹਿਸਾਸ ਰਹਿੰਦਾ ਸੀ, ਇਸੇ ਕਾਰਨ ਉਸ ਦੇ ਅੱਡੀ ਵਾਲੇ ਪਾਸ ਖੇਡ ਦਾ ਛਿਣਾਂ ਵਿਚ ਪਾਸਾ ਪਲਟ ਦਿੰਦੇ ਸਨ। ਇਟਲੀ ਦਾ ਪਾਓਲੋ ਰੋਸੀ ਕਹਿੰਦਾ ਹੈ, "ਸੌਕਰੇਟਸ ਕਿਸੇ ਹੋਰ ਯੁੱਗ ਦਾ ਖਿਡਾਰੀ ਜਾਪਦਾ ਸੀ। ਤੁਸੀਂ ਉਸ ਨੂੰ ਖੇਡ ਮੈਦਾਨ ਦੇ ਅੰਦਰ ਅਤੇ ਬਾਹਰ ਬਣੇ-ਬਣਾਏ ਖ਼ਾਨਿਆਂ ਵਿਚ ਨਹੀਂ ਪਾ ਸਕਦੇ। ਸਭ ਜਾਣਦੇ ਸਨ ਕਿ ਉਹ ਸਿਖਲਾਈ-ਯਾਫ਼ਤਾ ਡਾਕਟਰ ਹੈ। ਇਸ ਤੋਂ ਬਿਨਾ ਉਸ ਦੀ ਸੱਭਿਆਚਾਰ ਅਤੇ ਸਮਾਜ ਵਿਚ ਡੂੰਘੀ ਦਿਲਚਸਪੀ ਸੀ। ਉਹ ਹਰ ਪੱਖੋਂ ਅਜੂਬਾ ਸੀ।" ਪਾਓਲੋ ਰੋਸੀ ਬ੍ਰਾਜ਼ੀਲ ਖ਼ਿਲਾਫ਼ 1982 ਦੇ ਆਲਮੀ ਕੱਪ ਵਿਚ ਖੇਡਿਆ ਸੀ ਜਿਸ ਵਿਚ ਸੌਕਰੇਟਸ, ਜ਼ੀਕੋ ਅਤੇ ਪਾਲਕੋ ਦੀ ਤਿਕੜੀ ਬ੍ਰਾਜ਼ੀਲੀ ਹਮਲਾਵਰ ਅਤੇ ਰੱਖਿਆ ਟੋਲੀ ਦੇ ਵਿਚਕਾਰਲੀ ਕੜੀ ਸੀ। ਇਨ੍ਹਾਂ ਦੀ ਤਿਕੜੀ ਦਾ ਤਾਲਮੇਲ ਖੇਡ ਦੀ ਕੌਮਾਂਤਰੀ ਲੋਕਧਾਰਾ ਦਾ ਹਿੱਸਾ ਬਣ ਗਿਆ ਹੈ। ਸੌਕਰੇਟਸ ਦੀ ਖੇਡ ਬਾਬਤ ਪਾਓਲੋ ਰੋਸੀ ਕਹਿੰਦਾ ਹੈ, "ਉਹ ਜਾਦੂਮਈ ਪੈਰਾਂ ਵਾਲਾ ਫੁਰਤੀਲਾ ਖਿਡਾਰੀ ਸੀ। ਸਭ ਤੋਂ ਅਹਿਮ ਗੱਲ ਇਹ ਹੈ ਕਿ ਉਹ ਬਹੁਤ ਹੁਸ਼ਿਆਰ ਮਨੁੱਖ ਸੀ।"

ਦੋਵਾਂ ਪੈਰਾਂ ਨਾਲ ਫੁੱਟਬਾਲ ਨੂੰ ਕਰਾਰੀਆਂ ਕਿੱਕਾਂ ਮਾਰਨ ਵਾਲਾ ਸੌਕਰੇਟਸ ਆਮ ਤੌਰ ਉਤੇ ਮੱਥੇ ਉਤੇ ਪੱਟੀ ਬੰਨ੍ਹਦਾ ਸੀ ਅਤੇ ਛੋਟੀ-ਛੋਟੀ ਦਾਹੜੀ ਰੱਖਦਾ ਸੀ। ਦਾਹੜੀ ਅਤੇ ਸਿਰ ਦੇ ਘੁੰਗਰਾਲੇ ਵਾਲਾਂ ਵਿਚੋਂ ਚੀ ਗਵੇਰਾ ਦਾ ਮੜੰਗਾ ਪੈਂਦਾ ਸੀ। ਫੁੱਟਬਾਲ ਖੇਡਣੀ ਛੱਡਣ ਤੋਂ ਬਾਅਦ ਸੌਕਰੇਟਸ ਨੇ ਡਾਕਟਰੀ ਸ਼ੁਰੂ ਕੀਤੀ। ਅਖ਼ਬਾਰਾਂ ਵਿਚ ਖੇਡ ਦੇ ਨਾਲ-ਨਾਲ ਸਿਆਸੀ, ਆਰਥਿਕ ਅਤੇ ਸਮਾਜਿਕ ਮਸਲਿਆਂ ਬਾਬਤ ਲੇਖ ਲਿਖੇ। ਟੈਲੀਵਿਜ਼ਨਾਂ ਉਤੇ ਉਸ ਨੂੰ ਟਿੱਪਣੀਕਾਰ ਵਜੋਂ ਵੱਖ-ਵੱਖ ਮਸਲਿਆਂ ਉਤੇ ਵਿਚਾਰ ਚਰਚਾ ਕਰਨ ਲਈ ਸੱਦਿਆ ਜਾਂਦਾ ਸੀ। ਖੇਡਾਂ ਨੂੰ ਉਹ ਲਾਤੀਨੀ ਅਮਰੀਕਾ ਦੇ ਸਿਆਸੀ ਅਤੇ ਆਰਥਿਕ ਮਸਲਿਆਂ ਨਾਲ ਜੋੜ ਕੇ ਲੇਖ ਲਿਖਦਾ ਸੀ। ਅੰਕੜਾਮੁਖੀ ਖੇਡ ਪ੍ਰਾਪਤੀਆਂ ਅਤੇ ਲਿਖਤਾਂ ਦੇ ਦੌਰ ਵਿਚ ਸੌਕਰੇਟਸ ਸੱਚਮੁੱਚ ਕਿਸੇ ਹੋਰ ਯੁੱਗ ਦਾ ਬੰਦਾ ਲੱਗਦਾ ਹੈ। ਉਹ ਕਿਸੇ ਹੋਰ ਗ੍ਰਹਿ ਤੋਂ ਤਾਂ ਨਹੀਂ ਆਇਆ ਸੀ?

'ਇਕਨੌਮਿਕ ਐਂਡ ਪੋਲੀਟੀਕਲ ਵੀਕਲੀ' ਦਾ ਮੌਜੂਦਾ ਐਸੋਸੀਏਟ ਐਡੀਟਰ ਅਨਿਕੇਤ ਆਲਮ ਬੋਲੀਵੀਆ ਵਿਚ ਸੰਯੁਕਤ ਰਾਸ਼ਟਰ ਦੇ ਰਾਹਤ ਕੈਂਪਾਂ ਦਾ ਜਾਇਜ਼ਾ ਲੈਣ ਗਿਆ ਸੀ। ਆਲਮੀ ਡਾਕਟਰੀ ਟੀਮਾਂ ਸ਼ਾਮ ਦੇ ਪੰਜ ਵਜੇ ਆਪਣੇ ਹੋਟਲਾਂ ਨੂੰ ਪਰਤ ਜਾਂਦੀਆਂ ਸਨ। ਅਨਿਕੇਤ ਨੇ ਦੇਖਿਆ ਕਿ ਡਾਕਟਰਾਂ ਦੀ ਟੋਲੀ ਗਈ ਰਾਤ ਤੱਕ ਰੁਝੀ ਰਹਿੰਦੀ ਹੈ ਅਤੇ ਇਲਾਕੇ ਦੇ ਸਕੂਲ ਵਿਚ ਤੰਬੂਆਂ ਵਿਚ ਰਹਿੰਦੀ ਹੈ। ਪਤਾ ਲੱਗਿਆ ਕਿ ਇਹ ਕਿਊਬਾ ਦੇ ਡਾਕਟਰ ਹਨ। ਅਨਿਕੇਤ ਨੇ ਉਨ੍ਹਾਂ ਨੂੰ ਦੇਰ ਰਾਤ ਤੱਕ ਕੰਮ ਕਰਨ ਦਾ ਕਾਰਨ ਪੁੱਛਿਆ। ਡਾਕਟਰ ਸਵਾਲ ਤੋਂ ਹੈਰਾਨ ਸਨ ਅਤੇ ਅਨਿਕੇਤ ਉਨ੍ਹਾਂ ਦੀ ਹੈਰਾਨੀ ਤੋਂ ਹੈਰਾਨ। ਡਾਕਟਰਾਂ ਦਾ ਕਹਿਣਾ ਸੀ ਕਿ ਲੋਕਾਂ ਨੂੰ ਇਲਾਜ ਦੀ ਲੋੜ ਹੈ ਅਤੇ ਸਾਡੇ ਕੋਲ ਹੁਨਰ ਹੈ। ਇਸ ਲੋੜ ਅਤੇ ਹੁਨਰ ਦਾ ਮੇਲ ਮਨੁੱਖ ਦੀਆਂ ਲੋੜਾਂ ਤੈਅ ਕਰਦੀਆਂ ਹਨ। ਅਨਿਕੇਤ ਨੇ ਉਨ੍ਹਾਂ ਨੂੰ ਤਨਖ਼ਾਹਾਂ ਬਾਬਤ ਪੁੱਛਿਆ। ਘੱਟ ਤਨਖ਼ਾਹਾਂ ਵਾਲੇ ਡਾਕਟਰਾਂ ਨੂੰ ਦੱਸਿਆ ਕਿ ਜੇ ਉਹ ਚਾਹੁਣ ਤਾਂ ਦੂਜੇ ਮੁਲਕਾਂ ਵਿਚ ਪਨਾਹ ਲੈ ਕੇ ਜ਼ਿਆਦਾ ਪੈਸਾ ਕਮਾ ਸਕਦੇ ਹਨ। ਕੋਈ ਵੀ ਮੁਲਕ ਪਨਾਹ ਦੇਣ ਲਈ ਤਿਆਰ ਹੋਏਗਾ। ਡਾਕਟਰਾਂ ਦਾ ਸਵਾਲ ਸੀ ਕਿ ਜਦੋਂ ਇਸ ਪੈਸੇ ਵਿਚ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ ਅਤੇ ਜ਼ਿੰਦਗੀ ਤਸੱਲੀ ਵਿਚ ਹੈ ਤਾਂ ਕਿਤੇ ਹੋਰ ਜਾਣ ਦਾ ਕੀ ਮੁਨਾਫਾ? ਲੰਮੀ ਬਹਿਸ ਵਿਚ ਅਨਿਕੇਤ ਉਨ੍ਹਾਂ ਨੂੰ ਮੁਨਾਫ਼ੇ ਦੇ ਅਰਥ ਨਾ ਸਮਝਾ ਸਕਿਆ। ਅਨਿਕੇਤ ਨੂੰ ਅਹਿਸਾਸ ਹੋਇਆ ਕਿ ਜ਼ਿੰਦਗੀ ਦਾ ਇਕਲੌਤਾ ਮੰਤਰ ਮੁਨਾਫ਼ਾ ਨਹੀਂ ਹੈ।

ਜਦੋਂ ਹੈਤੀ ਵਿਚ ਭਿਆਨਕ ਭੂਚਾਲ ਆਇਆ ਤਾਂ ਅਰਜਨਟੀਨਾ ਮੂਲ ਦਾ ਸਪੇਨੀ ਫੋਟੋਗ੍ਰਾਫ਼ਰ ਵਾਲਟਰ ਐਸਟਰਾਡਾ ਉਥੇ ਪਹੁੰਚਿਆ। ਬੇਵਿਸਾਹੀ, ਬੇਘਰੀ, ਭੁੱਖਮਰੀ ਅਤੇ ਮੌਕਾਪ੍ਰਸਤੀ ਦੇ ਦੌਰ ਵਿਚ ਉਸ ਨੂੰ ਕਿਊਬਾ ਦੇ ਡਾਕਟਰਾਂ ਦਾ ਸਿਰੜ ਦੇਖ ਕੇ ਸਾਹ ਆਉਂਦਾ ਸੀ। ਸਾਮਰਾਜਵਾਦ ਕਬਜ਼ੇ ਲਈ ਫ਼ੌਜੀ ਅੱਡਾ ਬਣਾ ਰਿਹਾ ਸੀ ਅਤੇ ਸਮਾਜਵਾਦੀ ਡਾਕਟਰ ਲੋੜਵੰਦ ਮਰੀਜ਼ਾਂ ਦਾ ਇਲਾਜ ਕਰ ਰਹੇ ਸਨ। ਡਾਕਟਰ ਚੀ ਗਵੇਰਾ ਦੀ ਅਗਲੀ ਪੀੜ੍ਹੀ ਨੇ ਕੋਹੜ ਖ਼ਿਲਾਫ਼ ਲੜਾਈ ਜਾਰੀ ਰੱਖੀ ਹੈ। ਸੌਕਰੇਟਸ ਇਸੇ ਗ੍ਰਹਿ ਦੀ ਹਵਾ ਵਿਚ ਸਾਹ ਲੈਂਦਾ ਸੀ। ਜਦੋਂ ਮਨੀਪੁਰ ਦੇ ਖਿਡਾਰੀ ਭਾਰਤਵਾਸੀਆਂ ਦੇ ਨਾਮ ਚਿੱਠੀ ਲਿਖਦੇ ਹਨ ਤਾਂ ਉਹ ਆਵਾਜ਼ ਕਿਸ ਗ੍ਰਹਿ ਦੇ ਲੋਕਾਂ ਨੂੰ ਮਾਰ ਰਹੇ ਹਨ? ਕੁੰਜੂਰਾਣੀ ਦੇਵੀ, ਮੋਨਿਕਾ ਦੇਵੀ, ਐਮ.ਸੀ.ਮੈਰੀ ਕੌਮ ਦੀ ਆਵਾਜ਼ ਹੀ ਕਮਜ਼ੋਰ ਹੈ ਜਾਂ ਦੂਜੀ ਧਿਰ ਦੇ ਕੰਨਾਂ ਵਿਚ ਕਿਸੇ ਨੇ 'ਢਲਿਆ ਹੋਇਆ ਸਿੱਕਾ' ਪਾ ਦਿੱਤਾ ਹੈ?

ਸੌਕਰੇਟਸ ਤੋਂ ਬਾਅਦ ਲਾਤੀਨੀ ਅਮਰੀਕੀ ਫੁੱਟਬਾਲ ਦਾ ਮਕਬੂਲ ਖਿਡਾਰੀ ਮੈਰਾਡੋਨਾ ਹੈ। ਮੈਰਾਡੋਨਾ ਦੀ ਕਪਤਾਨੀ ਵਿਚ ਅਰਜਨਟੀਨਾ ਦੀ ਟੀਮ ਨੇ 1986 ਦਾ ਆਲਮੀ ਕੱਪ ਜਿੱਤਿਆ ਸੀ। ਸੰਨ 1990 ਵਿਚ ਬ੍ਰਾਜ਼ੀਲ ਮਜ਼ਬੂਤ ਦਾਅਵੇਦਾਰ ਸੀ। ਅਰਜਨਟੀਨਾ ਨੇ ਬ੍ਰਾਜ਼ੀਲ ਨੂੰ ਹਰਾ ਦਿੱਤਾ। ਮੈਰਾਡੋਨਾ ਕਪਤਾਨ ਵਜੋਂ ਲਗਾਤਾਰ ਦੂਜਾ ਆਲਮੀ ਕੱਪ ਜਿੱਤਣ ਵੱਲ ਵਧ ਰਿਹਾ ਸੀ। ਉਹ ਉਦਾਸ ਹੋਇਆ ਬੋਲ ਰਿਹਾ ਸੀ, "ਬ੍ਰਾਜ਼ੀਲ ਨੂੰ ਹਰਾ ਕੇ ਸਾਡੇ ਲਈ ਜਿੱਤਣਾ ਸੁਖਾਲਾ ਹੋ ਗਿਆ ਹੈ ਪਰ ਹੁਣ ਸਾਡੀ ਜ਼ਿੰਮੇਵਾਰੀ ਵਧ ਗਈ ਹੈ। ਹੁਣ ਅਸੀਂ ਅਰਜਨਟੀਨਾ ਦੀ ਨੁਮਾਇੰਦਗੀ ਨਹੀਂ ਕਰਦੇ ਸਗੋਂ ਸਮੁੱਚੇ ਲਾਤੀਨੀ ਅਮਰੀਕਾ ਦੀ ਨੁਮਾਇੰਦਗੀ ਕਰਦੇ ਹਾਂ।" ਜਦੋਂ ਮੈਰਾਡੋਨਾ ਦੇ ਡੌਲੇ ਉਤੇ ਖੁਣਵਾਇਆ ਚੀ ਗਵੇਰਾ ਦਾ ਚਿਹਰਾ ਨਜ਼ਰ ਆਉਂਦਾ ਹੈ ਤਾਂ ਇਸ ਉਦਾਸ ਬਿਆਨ ਦਾ ਪਿਛੋਕੜ ਸਮਝ ਆਉਂਦਾ ਹੈ। ਅਰਜਨਟੀਨਾ ਦਾ ਡਾਕਟਰ, ਕਿਊਬਾ ਦਾ ਮੇਜਰ ਤੇ ਮੰਤਰੀ ਅਤੇ ਬੋਲੀਵੀਆ ਦਾ ਸ਼ਹੀਦ ਚੀ ਗਵੇਰਾ ਲਾਤੀਨੀ ਅਮਰੀਕਾ ਨੂੰ ਵੰਨ-ਸਵੰਨਤਾ ਸਮੇਤ ਇਕਮੁੱਠਤਾ ਦੀਆਂ ਤੰਦਾਂ ਨਾਲ ਰੂਬਰੂ ਕਰਵਾਉਂਦਾ ਹੈ ਅਤੇ ਮੈਰਾਡੋਨਾ ਇਸੇ ਰਵਾਇਤ ਦੀ ਕੜੀ ਬਣਦਾ ਹੈ। ਮੈਰਾਡੋਨਾ ਖੇਡ ਮੈਦਾਨ ਵਿਚੋਂ ਮੁਲਕ ਤੋਂ ਉਪਰ ਉਠ ਕੇ ਸਮੁੱਚੇ ਮਹਾਂਦੀਪ ਦਾ ਨੁਮਾਇੰਦਾ ਬਣਦਾ ਹੈ। ਉਸੇ ਖੇਡ ਮੈਦਾਨ ਵਿਚੋਂ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਗੌਅਰਮੰਗੀ ਸਿੰਘ, ਗੋਬਿੰਦ ਸਿੰਘ, ਸੁਸ਼ੀਲ ਸਿੰਘ, ਲਾਲਰਿੰਦੀਕਾ ਰਾਲਟੇ ਤੇ ਰੋਕਸ ਲਾਮਾਰੇ ਅਤੇ ਸੰਧਿਆ ਰਾਣੀ ਆਪਣੇ ਸੂਬੇ ਮਨੀਪੁਰ ਤੱਕ ਮਹਿਦੂਦ ਕਿਵੇਂ ਹੋ ਜਾਂਦੇ ਹਨ?

ਪਿਛਲੇ ਦਿਨੀਂ ਨਾਕਾਬੰਦੀ ਕਾਰਨ ਵਧੀਆਂ ਔਕੜਾਂ ਬਾਬਤ ਮਨੀਪੁਰ ਦੇ ਖਿਡਾਰੀਆਂ ਨੇ ਭਾਰਤਵਾਸੀਆਂ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਹੈ। ਖੇਡਾਂ ਦੀਆਂ ਖ਼ਬਰਾਂ ਲਈ ਖ਼ਾਸ ਪ੍ਰੋਗਰਾਮ ਪੇਸ਼ ਕਰਨ ਵਾਲੇ ਚੈਨਲਾਂ ਅਤੇ ਥਾਂ ਰਾਖਵੀਂ ਰੱਖਣ ਵਾਲੇ ਅਖ਼ਬਾਰਾਂ ਨੇ ਇਸ ਚਿੱਠੀ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਅਮਿਤਾਭ ਬਚਨ ਦੀ ਪੋਤੀ, ਤੇਂਦੂਲਕਰ ਦੇ ਕੌਮਾਂਤਰੀ ਕ੍ਰਿਕਟ ਵਿਚ ਸੌਵੇਂ ਸੈਂਕੜੇ ਅਤੇ ਸਹਿਵਾਗ ਦੇ ਦੋਹਰੇ ਸੈਂਕੜੇ ਬਾਬਤ ਹਰ ਨਿਗੂਣੀ ਤੋਂ ਨਿਗੂਣੀ ਜਾਣਕਾਰੀ ਨੂੰ ਨਿਵੇਕਲੀ ਕਹਿ ਕੇ ਪੇਸ਼ ਕਰਨ ਵਾਲੇ ਮੀਡੀਆ ਨੂੰ ਇਹ ਚਿੱਠੀ ਨਾਖ਼ੁਸ਼ਗਵਾਰ ਕਿਉਂ ਗੁਜ਼ਰੀ ਹੈ? ਅਗਲੀ ਗੱਲ ਤੋਂ ਪਹਿਲਾਂ ਇਸ ਚਿੱਠੀ ਦਾ ਤਰਜਮਾ ਪੜ੍ਹ ਲੈਣਾ ਜ਼ਰੂਰੀ ਜਾਪਦਾ ਹੈ,

"ਪਿਆਰੇ ਭਾਰਤੀਓ,

ਅਸੀਂ ਸ਼ਿੱਦਤ ਨਾਲ ਖੇਡ ਮੈਦਾਨ ਵਿਚ ਖੇਡਦੇ ਹਾਂ ਅਤੇ ਲੋਕਾਂ ਵਿਚ ਖ਼ੁਸ਼ੀ ਦਾ ਅਹਿਸਾਸ ਜਗਾਉਂਦੇ ਹਾਂ। ਅਸੀਂ 'ਭਾਰਤ' ਲਈ ਖੇਡਦੇ ਹਾਂ ਅਤੇ ਅਸੀਂ ਆਪਣੇ ਹਮਵਤਨਾਂ ਦੇ ਮਾਣ ਲਈ ਖੇਡਦੇ ਹਾਂ। ਲੋਕ ਸਾਡੀ ਹਰ ਚਾਲ ਉਤੇ ਹੌਸਲਾ-ਅਫ਼ਜਾਈ ਕਰਨ ਅਤੇ ਜਿੱਤ ਲਈ ਅਰਦਾਸਾਂ ਕਰਦੇ ਹਨ। ਇਸ ਤੋਂ ਵੱਡਾ ਇਨਾਮ ਕੋਈ ਨਹੀਂ ਹੋ ਸਕਦਾ।

ਸਾਡਾ ਯਕੀਨ ਹੈ ਖਿਡਾਰੀਆਂ ਅਤੇ ਆਮ

**(ਬਾਕੀ ਸਫਾ 28 'ਤੇ)**

# ਕਸੂਰਵਾਰ ਕਿਸ ਨੂੰ ਕਹੀਏ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

'ਹਰ ਚੰਗੇ-ਮਾੜੇ ਮਸਲੇ ਵਿਚ ਐਵੇਂ ਕਾਹਨੂੰ ਟੰਗ ਅੜਾਈ ਜਾਣੀ ਐ!' ਇਹ ਸੋਚ ਕੇ ਮੈਂ ਇਸ ਵਿਸ਼ੇ ਬਾਰੇ ਕਲਮ-ਘਸਾਈ ਕਰਨ ਤੋਂ ਸੰਕੋਚ ਹੀ ਕਰੀ ਬੈਠਾ ਸਾਂ। ਇੱਧਰੋਂ-ਉੱਧਰੋਂ ਆਏ ਬਹੁਤ ਸਾਰੇ ਪਾਠਕਾਂ ਦੇ ਮਿਹਣਿਆਂ ਵਰਗੇ ਮਿੱਠੇ-ਮਿੱਠੇ ਇਤਰਾਜ਼ ਵੀ ਮੇਰੀ ਖਾਮੋਸ਼ੀ ਤੋੜ ਨਾ ਸਕੇ। ਮੈਂ ਟਾਲਾ ਵੱਟੀ ਰੱਖਿਆ। ਕਿਸੇ ਡਰ, ਲਾਲਚ ਜਾਂ ਲਿਹਾਜ਼ ਕਰਕੇ ਨਹੀਂ, ਸਗੋਂ ਇਹ ਸੋਚਦਿਆਂ ਕਿ ਇਸ ਹਮਾਮ ਵਿਚ ਤਾਂ ਸਾਰੇ ਨੰਗੇ ਹੀ ਹਨ। ਫਿਰ ਨੰਗਮ-ਨੰਗਿਆਂ ਦੇ ਹਜੂਮ ਵਿਚੋਂ, ਕਿਸੇ ਦੇ ਨੰਗੇਜ ਬਾਰੇ ਲਿਖਣਾ ਉਸ ਨੰਗੇ ਨਾਲ ਜ਼ਿਆਦਤੀ ਹੀ ਹੋਵੇਗੀ। ਉਂਜ ਦਿਲ ਵਿਚ ਰੰਜ ਵੀ ਬਥੇਰਾ ਆਉਂਦਾ ਸੀ ਪਰ ਮਨ ਨੂੰ ਮਾਰਦਾ ਰਿਹਾ।

ਗੱਲ ਆਈ-ਗਈ ਹੋ ਗਈ ਸੀ, ਪਰ ਇਕ ਗੰਭੀਰ ਪਾਠਕ ਨੇ ਮੇਰੇ ਵੱਲ ਤਿੱਖਾ ਤੇ ਨੋਕੀਲਾ ਸ਼ੂਕਦਾ ਹੋਇਆ ਅਜਿਹਾ ਤੀਰ ਛੱਡਿਆ ਜਿਹਦੇ ਅੱਗੇ ਮੇਰੀ ਘੇਸਲ ਤੇ ਖਾਮੋਸ਼ੀ ਲੀਰੋ ਲੀਰ ਹੋ ਗਈਆਂ! ਬੱਸ ਇਉਂ ਜਾਣੋਂ ਕਿ ਉਸ ਅਣੀ-ਆਲੇ ਤੀਰ ਦੇ ਜ਼ਖਮ ਦੀ ਪੀੜ ਨੇ ਮੇਰੇ ਹੱਥ ਕਲਮ ਫੜਾ ਦਿੱਤੀ।

ਅਸਲ ਮੁੱਦੇ ਵੱਲ ਆਉਣ ਤੋਂ ਪਹਿਲਾਂ ਇਸ 'ਤੀਰ' ਦੀ ਵਿਆਖਿਆ ਕਰ ਦਿਆਂ। ਚਾਰ ਸਾਲ ਪਹਿਲਾਂ ਮੈਂ ਸ. ਬਲਵੰਤ ਸਿੰਘ ਰਾਮੂਵਾਲੀਆ ਬਾਰੇ ਲੇਖ ਲਿਖਿਆ ਸੀ ਜਿਸ ਵਿਚ ਮੈਂ ਉਸ ਦੇ ਕੰਮ ਕਰਨ ਦੇ ਤੌਰ-ਤਰੀਕਿਆਂ ਦੀ ਸ਼ੋਭਾ ਕੀਤੀ ਸੀ। ਇਸ ਲੇਖ ਦਾ ਸਿਰਲੇਖ ਸੀ, 'ਬਾਈ ਰਾਮੂਵਾਲੀਏ ਨਾਲ ਜ਼ਿਆਦਤੀ ਕਿਉਂ ਕਰਦੇ ਓ ਪੰਜਾਬੀਓ!' ਹੁਣ ਇਕ ਪਾਠਕ ਨੇ ਇਹੀ ਲੇਖ



ਮੈਨੂੰ 'ਈ-ਮੇਲ' ਰਾਹੀਂ ਭੇਜ ਕੇ ਨਾਲ ਚਿੱਠੀ ਲਿਖੀ ਜਿਸ ਵਿਚ ਉਸ ਨੇ ਸਲੀਕੇ ਭਰੇ ਸ਼ਬਦਾਂ 'ਚ ਮੈਨੂੰ 'ਹਲੂਣਦਿਆਂ' ਪੁੱਛਿਆ ਕਿ ਰਾਮੂਵਾਲੀਏ ਦੀ ਪਲਟੀ ਬਾਰੇ ਤੁਹਾਡੀ 'ਚੁੱਪ' ਦੇ ਕੀ ਅਰਥ ਹਨ? ਪਾਠਕਾਂ ਦੇ ਤੌਖਲਿਆਂ ਵਿਚ 'ਬੜਾ ਕੁੱਝ' ਹਿਲਜੁਲ ਕਰ ਰਿਹਾ ਹੈ। ਜੇ ਤੁਸੀਂ ਚੁੱਪੀ ਨਾ ਤੋੜੀ ਤਾਂ ਮੇਰੇ ਵਰਗੇ ਪਾਠਕਾਂ ਦੀ ਮਾਯੂਸੀ ਵਧੇਗੀ, ਜਿਸ ਦੇ ਫਲਸਰੂਪ ਤੁਹਾਡੀਆਂ ਲਿਖਤਾਂ ਵੱਲ ਸਾਡੀ ਖਿੱਚ ਸ਼ੱਕੀ ਹੋ ਜਾਏਗੀ।

ਇਸ ਪਾਠਕ ਵਲੋਂ ਭੇਜੀ ਸਮੱਗਰੀ ਵਿਚ ਤਾਜ਼ਾ ਫੋਟੋ ਵੀ ਸ਼ਾਮਲ ਹੈ ਜੋ ਕਿਸੇ ਸਿਆਸੀ ਰੈਲੀ ਵਿਚੋਂ ਲਈ ਗਈ ਜਾਪਦੀ ਹੈ। ਇਸ ਵਿਚ ਸੁਖਬੀਰ ਬਾਦਲ ਦੇ ਗੋਡੇ ਨਾਲ ਗੋਡਾ ਲਾਈ ਬੈਠੇ ਬਾਈ ਰਾਮੂਵਾਲੀਆ ਨੇ ਗੂੜ੍ਹੀ ਨੀਲੀ ਦਸਤਾਰ ਸਜਾਈ ਹੋਈ ਹੈ। ਤਿੰਨ ਦਹਾਕੇ ਲਾਲ-ਗੁਲਾਬੀ-ਹਰੀਆਂ ਪੱਗਾਂ ਬੰਨ੍ਹਣ ਤੋਂ ਬਾਅਦ ਹੁਣ ਉਨ੍ਹਾਂ ਦੇ ਸੀਸ 'ਤੇ ਲਿਸ਼ਕਦੀ ਨੀਲੀ ਪੱਗ ਦੇਖ ਕੇ ਮੈਨੂੰ ਆਪਣਾ ਹਰਿਆਣਵੀ ਦੋਸਤ ਚੇਤੇ ਆ ਗਿਆ। ਦਿੱਲੀ ਸਫਦਰਜੰਗ ਐਨਕਲੇਵ ਵਿਚ ਮੇਰੇ ਗਵਾਂਢ 'ਚ ਰਹਿੰਦਾ ਹੋਣ ਕਾਰਨ ਮੇਰੀ ਉਹਦੇ ਨਾਲ ਆੜੀ ਪੈ ਗਈ ਸੀ। ਸਕੂਲੀ ਪੜ੍ਹਾਈ ਵਿਚੇ ਈ ਛੱਡ ਕੇ ਉਹ ਬੈਂਡ ਵਾਜੇ ਵਾਲਿਆਂ ਨਾਲ ਜਾ ਰਲਿਆ। ਨਾਲ ਲਗਦੇ ਅਰਜਨ ਨਗਰ ਮਹੱਲੇ ਵਿਚ ਬੈਂਡ ਵਾਜੇ ਵਾਲਿਆਂ ਦੀਆਂ ਕਈ ਪਾਰਟੀਆਂ ਹੁੰਦੀਆਂ ਸਨ। ਛੁਣਛੁਣੇ ਜਿਹੇ ਵਜਾਉਣ ਦਾ ਸੌਖਾ ਕੰਮ ਉਸ ਨੇ ਛੇਤੀ ਹੀ ਸਿੱਖ ਲਿਆ। ਕਦੇ ਉਸ ਨੇ 'ਰਾਮ ਬੈਂਡ' ਵਾਲਿਆਂ ਦੀ ਲਾਲ ਵਰਦੀ ਪਾਈ ਹੁੰਦੀ, ਕਦੇ 'ਸ਼ਾਮ ਬੈਂਡ' ਵਾਲਿਆਂ ਦੀ ਅਸਮਾਨੀ ਰੰਗ ਦੀ। ਜਦ ਮੈਂ ਉਸ ਨੂੰ ਕਦੇ ਕਿਸੇ ਵਰਦੀ ਦਾ ਮਖੌਲ ਕਰਨਾ ਤਾਂ ਉਸ ਨੇ ਹਰਿਆਣਵੀ ਬੋਲੀ ਦੀ 'ਤੰਨੇ-ਮੰਨੇ' ਕਰਦਿਆਂ ਜਵਾਬ ਦੇਣਾ, "ਰਾਮ ਹੋ ਯਾ ਸ਼ਾਮ ਹੋ, ਮਾਰ੍ਹੇ ਕੋ ਤੋ ਨਕਦ-ਨਾਮਾ ਚਾਹੀਏ ਸੈ।"

ਸਾਡੇ ਸਿਆਸਤਦਾਨਾਂ ਨੇ ਵੀ ਰਾਮ ਯਾ ਸ਼ਾਮ ਤੋਂ ਕੁਝ ਨਹੀਂ ਲੈਣਾ ਹੁੰਦਾ। ਉਨ੍ਹਾਂ ਨੂੰ ਚਾਹੀਦੀ ਹੁੰਦੀ ਹੈ ਕੁਰਸੀ, ਕੁਰਸੀ ਤੇ ਸਿਰਫ ਕੁਰਸੀ। ਜੇ ਸੰਭਾਵਨਾ ਬਣੇ ਕਿ ਇਹ ਚਿੱਟੀ ਪੱਗ ਬੰਨ੍ਹ ਕੇ ਮਿਲ ਸਕਦੀ ਹੈ ਤਾਂ ਉਹ ਫੌਰਨ ਚਿੱਟੀ ਬੰਨ੍ਹਣਗੇ, ਲਾਲ ਜਾਂ ਨੀਲੀਆਂ ਵਾਲਿਆਂ ਦੀ ਆਸ ਹੋਵੇ ਤਾਂ ਰਾਤੋ-ਰਾਤ ਲਾਲ ਜਾਂ ਨੀਲਾ ਥਾਨ ਮੰਗਵਾ ਲੈਂਦੇ ਹਨ। ਨਾਲ ਹੀ ਦੰਦਾਂ ਦਾ ਪੀਹੜ ਬਦਲਣ ਵਾਂਗ ਗਲੇ ਵਿਚਲੀਆਂ ਕੈਸਟਾਂ ਬਦਲ ਦਿੰਦੇ ਹਨ। ਜਿਨ੍ਹਾਂ ਨੂੰ ਕਦੇ ਗਜ਼ ਗਜ਼ ਲੰਮੀਆਂ ਗਾਲ੍ਹਾਂ ਕੱਢਦੇ ਰਹੇ ਹੁੰਦੇ ਨੇ, ਫਿਰ ਉਨ੍ਹਾਂ ਦੀ ਹੀ ਸ਼ਾਨ 'ਚ ਕਸੀਦੇ ਕੱਢਣਗੇ। ਪਾਣੀ ਪੀ ਪੀ ਕੋਸਣ ਦੀ ਥਾਂ, ਉਨ੍ਹਾਂ ਨੂੰ ਕੌਮ ਦੇ ਮਸੀਹੇ ਕਹਿਣ ਲੱਗ ਪੈਣਗੇ। ਇਕ ਸਮੇਂ ਆਪਣੇ ਸਾਥੀ ਆਗੂਆਂ ਤੇ ਵਰਕਰਾਂ ਨੂੰ ਆਪਣੀ ਰੀੜ੍ਹ ਦੀ ਹੱਡੀ ਦੱਸਣਗੇ, ਲੇਕਿਨ ਪਲਟੀ ਮਾਰਨ ਲੱਗਿਆਂ ਉਨ੍ਹਾਂ ਸਾਰਿਆਂ ਦੇ ਢੂਹੇ 'ਤੇ ਲੱਤ ਮਾਰ ਕੇ ਸ਼ਤਾਬਦੀ ਐਕਸਪ੍ਰੈਸ ਗੱਡੀ ਦੀ ਸਪੀਡ ਨਾਲ 'ਘਰ ਵਾਪਸੀ' ਕਰ ਲੈਣਗੇ।

ਬਾਈ ਰਾਮੂਵਾਲੀਏ ਨੇ ਨੀਲੀਆਂ ਵਾਲਿਆਂ ਨੂੰ ਤਿਆਗਣ ਤੋਂ ਬਾਅਦ ਲੋਕ ਭਲਾਈ ਪਾਰਟੀ ਬਣਾ ਕੇ ਤਿੰਨ ਦਹਾਕੇ ਸਖਤ ਮਿਹਨਤ ਕੀਤੀ। ਠੱਗ ਲਾੜਿਆਂ ਦੀਆਂ ਸਤਾਈਆਂ ਧੀਆਂ-ਭੈਣਾਂ ਦੀ ਡਟ ਕੇ ਸੇਵਾ ਕੀਤੀ। ਪਰਦੇਸਾਂ ਦੀਆਂ ਜੇਲ੍ਹਾਂ ਵਿਚ ਨਿਰਾਸ਼ ਬੈਠੇ ਪੰਜਾਬੀ ਮੁੰਡਿਆਂ ਦੀ ਬਾਂਹ ਫੜੀ। ਰਾਮੂਵਾਲੀਏ ਨੇ ਸਾਰਾ ਜ਼ੋਰ ਲਾ ਕੇ ਦੇਖ ਲਿਆ ਪਰ ਪੰਜਾਬੀਆਂ ਨੇ ਉਹਦੀ ਬਾਂਹ ਨਾ ਫੜੀ। ਖਾਣ-ਪੀਣ ਨੂੰ ਰਿੱਛ ਵਾਲੀ ਕਹਾਵਤ ਦਾ ਸਾਡੇ ਲੋਕਾਂ ਨੇ ਪੂਰਾ ਪੂਰਾ ਪਾਲਣ ਕੀਤਾ। ਚੋਣਾਂ ਮੌਕੇ 'ਲੋਕ ਭਲਾਈ' ਦਿਲੋਂ ਭੁਲਾਈ, ਵੋਟਾਂ ਸਿਰਫ ਚਿੱਟਿਆਂ-ਨੀਲਿਆਂ ਨੂੰ। ਪੰਜਾਬੀਆਂ ਦੇ ਖਾਸੇ ਵਿਚ ਇੰਨੀ ਬੇ-ਪ੍ਰਤੀਤੀ?...ਤੰਗ ਆਮਦ, ਬਜੰਗ ਆਮਦ! ਰਾਮੂਵਾਲੀਆ ਜੀ ਨੇ ਲੋਕ ਭਲਾਈ ਦਾ ਭੋਗ ਪਾਉਣ ਦੀ ਸੋਚ ਲਈ।

ਲੋਕਾਂ ਨੂੰ ਗਿਲਾ ਇਸ ਗੱਲ ਦਾ ਹੋਇਆ ਹੈ ਕਿ ਬਾਈ ਰਾਮੂਵਾਲੀਆ ਤਿੰਨ ਦਹਾਕੇ ਜਿਸ ਏਜੰਡੇ ਨੂੰ ਲੈ ਕੇ ਸੰਘਰਸ਼ ਕਰਦਾ ਰਿਹਾ, ਬਿਲਕੁਲ ਉਹੀ ਨਿਸ਼ਾਨਾ ਮਿੱਥ ਕੇ ਮਨਪ੍ਰੀਤ ਸਿੰਘ ਬਾਦਲ ਸਿਆਸੀ ਮੈਦਾਨ 'ਚ ਨਿਤਰਿਆ ਹੈ ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਮੁਕਾ ਕੇ ਇਸ ਨੂੰ ਖੁਸ਼ਹਾਲ ਕੀਤਾ ਜਾਵੇ ਤਾਂ ਕਿ ਪਰਵਾਸ ਪਲਾਇਨ ਨੂੰ ਠੱਲ੍ਹ ਪੈ ਸਕੇ; ਲੇਕਿਨ ਰਾਮੂਵਾਲੀਆ ਜੀ ਮਨਪ੍ਰੀਤ ਸਿੰਘ ਬਾਦਲ ਦੀ ਹਾਮੀ ਭਰਨ ਦੀ ਥਾਂ, ਉਨ੍ਹਾਂ ਨਾਲ ਜਾ ਰਲੇ ਜਿਨ੍ਹਾਂ ਨੇ ਪੰਜਾਬ ਨੂੰ ਦੋਹੀਂ ਹੱਥੀਂ ਲੁੱਟਣ ਦੇ ਨਾਲ ਨਾਲ ਸਿੱਖ ਫਲਸਫੇ ਦਾ ਵੀ ਹੁਲੀਆ ਵਿਗਾੜ ਕੇ ਰੱਖ ਦਿੱਤਾ ਹੈ। ਉਹ ਜਿਨ੍ਹਾਂ ਨੂੰ ਤਿੰਨ ਦਹਾਕੇ ਰੱਜ ਕੇ ਭੰਡਦੇ ਰਹੇ, ਮੁੜ ਉਨ੍ਹਾਂ ਦੀ ਸ਼ਰਨ ਜਾ ਪਏ।

ਇਕ ਕਹਾਣੀ ਆਉਂਦੀ ਹੈ ਕਿ ਪੁਰਾਣੇ ਬੋਹੜ ਥੱਲੇ ਕੋਈ ਸਾਧੂ ਸਮਾਧੀ ਲਾਈ ਬੈਠਾ ਸੀ। ਉਪਰੋਂ ਚੂਹੀ ਸਾਧੂ ਅੱਗੇ ਆ ਡਿੱਗੀ। ਸਾਧੂ ਨੇ ਤਰਸ ਕਰਕੇ ਉਹਦੇ ਸਿਰ 'ਤੇ ਹੱਥ ਫੇਰਿਆ। ਚੂਹੀ ਸਾਧੂ ਦੇ ਹੀ ਇਰਦ ਗਿਰਦ ਰਹਿਣ ਲੱਗ ਪਈ। ਇਕ ਦਿਨ ਸਾਧੂ ਦੇ ਮਨ 'ਚ ਆਈ ਕਿ ਕਿਉਂ ਨਾ ਚੂਹੀ ਨੂੰ ਲੜਕੀ ਬਣਾ ਦਿੱਤਾ ਜਾਏ ਤਾਂ ਕਿ ਉਹ ਬੁਢਾਪੇ 'ਚ ਉਸ ਦੀ ਸੇਵਾ ਕਰ ਸਕੇ। ਐਸਾ ਹੀ ਹੋਇਆ। ਚੂਹੀ ਛੋਟੀ ਜਿਹੀ ਲੜਕੀ ਬਣ ਗਈ। ਸਾਧੂ ਬੜਾ ਖੁਸ਼ ਹੋਇਆ।

ਸਮਾਂ ਪਾ ਕੇ ਜਦ ਉਹ ਕੁੜੀ ਜਵਾਨ ਹੋਈ ਤਾਂ ਸਾਧੂ ਨੇ ਉਸ ਦੇ ਹੱਥ ਪੀਲੇ ਕਰਨ ਦੀ ਸੋਚੀ। ਇਕ ਦਿਨ ਕੁੜੀ ਨੂੰ ਕੋਲ ਬੁਲਾ ਕੇ ਸਾਧੂ ਨੇ ਪੁੱਛਿਆ, "ਬੇਟਾ ਸੂਰਜ ਮਹਾ-ਪ੍ਰਤਾਪੀ ਹੈ, ਤੇਰਾ ਵਿਆਹ ਉਹਦੇ ਨਾਲ ਕਰ ਦਿਆਂ?" ਕੁੜੀ ਸਿਰ ਫੇਰਦਿਆਂ ਬੋਲੀ, "ਸੂਰਜ ਨਾਲੋਂ ਜ਼ਿਆਦਾ ਤਾਕਤ ਤਾਂ ਬੱਦਲਾਂ 'ਚ ਹੁੰਦੀ ਹੈ। ਪਲਾਂ ਛਿਣਾਂ ਵਿਚ ਹੀ ਸੂਰਜ ਢਕ ਲੈਂਦੇ ਨੇ।"

"ਫਿਰ ਤੇਰੀ ਸ਼ਾਦੀ ਬੱਦਲ ਨਾਲ ਕਰ ਦਿਆਂ?" ਸਾਧੂ ਦੇ ਇਸ ਸਵਾਲ 'ਤੇ ਕੁੜੀ ਕਹਿੰਦੀ, "ਪਿਤਾ ਜੀ, ਬੱਦਲ ਵੀ ਬਲਵਾਨ ਨਹੀਂ ਮੰਨੇ ਜਾ ਸਕਦੇ ਕਿਉਂਕਿ ਦੇਖਦਿਆਂ ਹੀ ਦੇਖਦਿਆਂ ਹਵਾ ਉਨ੍ਹਾਂ ਨੂੰ ਧੱਕ ਲਿਜਾਂਦੀ ਹੈ।" ਇਹ ਗੱਲਬਾਤ ਚਲਦੀ 'ਤੇ ਕੋਈ ਰਾਹੀ-ਮੁਸਾਫਰ ਆ ਗਿਆ। ਗੱਲਾਂ ਦਾ ਸਿਲਸਿਲਾ ਬੰਦ ਹੋ ਗਿਆ।

ਕੁੜੀ ਵਰ ਪ੍ਰਾਪਤ ਸੀ, ਇਸ ਕਰਕੇ ਸਾਧੂ ਨੂੰ ਉਹਦੀ ਚਿੰਤਾ ਵੱਢ ਵੱਢ ਖਾਂਦੀ ਸੀ। ਇਕ ਦਿਨ ਮੌਕਾ ਮਿਲੇ 'ਤੇ ਉਸ ਨੇ ਕੁੜੀ ਨੂੰ ਫਿਰ ਪੁੱਛਿਆ, "ਹਾਂ ਬੇਟਾ, ਫਿਰ ਰਿਸ਼ਤੇ ਦੀ ਗੱਲ ਹਵਾ ਨਾਲ ਕਰਾਂ?" ਕੁੜੀ ਕੁੱਝ ਚਿਰ ਰੁਕ ਕੇ ਬੋਲੀ, "ਹਵਾ ਬੇਸ਼ੱਕ ਬੱਦਲ ਨੂੰ ਉੜਾ ਲਿਜਾਂਦੀ ਹੈ, ਪਰ ਪਹਾੜ ਮੋਹਰੇ ਉਸ ਦੀ ਪੇਸ਼ ਨਹੀਂ ਜਾਂਦੀ। ਪਹਾੜ ਹਵਾ ਨੂੰ ਵੀ ਰੋਕ ਲੈਂਦਾ ਹੈ।"

ਪਹਾੜ ਨਾਲ ਰਿਸ਼ਤਾ ਗੰਢਣ ਬਾਰੇ ਪੁੱਛਣ 'ਤੇ ਕੁੜੀ ਕੁੱਝ ਚਿਰ ਸੋਚ ਕੇ ਕਹਿੰਦੀ, "ਪਿਤਾਸ੍ਰੀ, ਮੰਨਿਆ ਕਿ ਪਹਾੜ ਬਲੀ ਸੂਰਮਾ ਹੈ ਪਰ ਚੂਹੇ ਮੋਹਰੇ ਉਸ ਦੀ ਸੂਰਮਗਤੀ ਵੀ ਨਹੀਂ ਚੱਲਦੀ। ਚੂਹਾ ਉਹਦੇ 'ਚ ਵੀ ਖੁੱਡ ਕੱਢ ਦਿੰਦਾ ਹੈ।"

ਪ੍ਰੇਸ਼ਾਨ ਸਾਧੂ ਨੇ ਮਾਰਿਆ ਮੱਥੇ ਉਤੇ ਹੱਥ, "ਇਹਦੇ 'ਚ ਤਾਂ ਆਪਣਾ 'ਅਸਲਾ' ਜਾਗ ਪਿਆ ਹੈ! ਇਹ ਮੁੜ ਚੂਹਿਆਂ ਵਿਚ ਹੀ ਰਲਣਾ ਚਾਹੁੰਦੀ ਹੈ!" ਖਿਝੇ ਹੋਏ ਸਾਧੂ ਨੇ ਕੁੜੀ ਉਤੇ ਪਾਣੀ ਤ੍ਰੌਂਕਦਿਆਂ ਆਖਿਆ, "ਜਾਹ ਕਮਲੀਏ, ਬਣ ਜਾ ਮੁੜ ਚੂਹੀ ਦੀ ਚੂਹੀ!"

ਪੰਜਾਬ ਹਿਤੈਸ਼ੀਆਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦੇਣ ਵਾਲੀ ਰਾਮੂਵਾਲੀਆ ਜੀ ਦੀ ਪਲਟੀ ਨੇ, ਉਨ੍ਹਾਂ ਦਾ ਖੁਦ ਦਾ ਭਵਿੱਖ ਸੰਵਾਰਨਾ ਹੈ ਕਿ ਵਿਗਾੜਨਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਫਿਲਹਾਲ ਬਾਦਲ ਦਲ 'ਚ ਬਗਾਵਤ ਕਰ ਚੁੱਕਿਆਂ ਜਾਂ ਸੰਭਾਵੀ ਬਗਾਵਤੀਆਂ ਦੇ ਰਾਹਾਂ 'ਚ ਕੰਡੇ ਜ਼ਰੂਰ ਬਾਈ ਰਾਮੂਵਾਲੀਆ ਨੇ ਬੀਜ ਦਿੱਤੇ ਹਨ। ਉਹ ਬੇਸ਼ੱਕ ਹਨੂੰਮਾਨ ਵਾਂਗ ਛਾਤੀ ਪਾੜ-ਪਾੜ ਕੇ ਪੰਜਾਬੀਆਂ ਨੂੰ ਦਿਖਾਈ ਜਾਣ ਕਿ ਲਓ ਦੇਖੋ! ਸਾਡੇ ਦਿਲ ਵਿਚ ਘਰ ਵਾਪਸੀ ਦੀ ਰਾਈ ਜਿੰਨੀ ਵੀ ਗੁੰਜਾਇਸ਼ ਹੈ ਨ੍ਹੀਂ ਪਰ ਲੋਕਾਂ ਨੇ ਯਕੀਨ ਨਹੀਂ ਕਰਨਾ। ਉਨ੍ਹਾਂ ਨੂੰ ਬਾਈ ਰਾਮੂਵਾਲੀਆ ਦਿਸੀ ਜਾਣਾ ਹੈ।

#

## ਸੰਪਾਦਕ ਦੀ ਡਾਕ

### ਮਧੂ ਕਾਂਕਰੀਆ ਦੀ ਕਹਾਣੀ 'ਯੁੱਧ ਅਤੇ ਬੁੱਧ'

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 3 ਦਸੰਬਰ ਦੇ ਅੰਕ ਵਿਚ ਮਧੂ ਕਾਂਕਰੀਆ ਦੀ ਕਹਾਣੀ 'ਯੁੱਧ ਅਤੇ ਬੁੱਧ' ਪੜ੍ਹੀ। ਇਸ ਕਹਾਣੀ ਨੇ ਪੰਜਾਬ ਵਿਚ ਝੁੱਲੀ ਸਰਕਾਰੀ ਜ਼ੁਲਮ ਦੀ ਹਨੇਰੀ, ਜ਼ਿਹਨ ਵਿਚ ਇੱਕ ਵਾਰ ਫੇਰ ਤਾਜ਼ਾ ਕਰ ਦਿੱਤੀ। ਪੰਜਾਬ ਟਾਈਮਜ਼ ਵਿਚ 2007 ਵਿਚ ਛਪੀ ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਵਾਂਗ ਹੀ ਇਸ ਵਿਸ਼ੇ 'ਤੇ ਲਿਖੀ ਗਈ ਇਹ ਇੱਕ ਕਾਮਯਾਬ ਕਹਾਣੀ ਹੈ। ਲੇਖਕ ਨੇ ਮੁੱਢ ਤੋਂ ਲੈ ਕੇ ਅੰਤ ਤੱਕ ਭਾਸ਼ਾ, ਸ਼ੈਲੀ, ਵਿਸ਼ੇ ਅਤੇ ਰਵਾਨਗੀ ਦਾ ਜਿਸ ਤਰ੍ਹਾਂ ਇਕਸਾਰ ਨਿਭਾਅ ਕੀਤਾ ਹੈ, ਉਹ ਕਮਾਲ ਦਾ ਹੈ। ਮਨੁੱਖੀ ਮਾਨਸਿਕਤਾ ਦੀਆਂ ਬਹੁ-ਪਰਤਾਂ ਫਰੋਲਦੀ, ਇਹ ਇੱਕ ਅਤਿ ਸੰਵੇਦਨਸ਼ੀਲ ਕਹਾਣੀ ਹੈ ਜਿਸ ਵਿਚ ਲੇਖਕ ਨੇ ਇੱਕ ਬੰਨੇ ਪੁਲਿਸ ਅਫ਼ਸਰ ਦੀ ਮਜਬੂਰੀ ਅਤੇ ਦੂਸਰੇ ਬੰਨੇ ਇੱਕ ਮਾਂ ਦੀ ਮਜਬੂਰੀ ਦਾ ਜਿਵੇਂ ਮਾਰਮਿਕ ਚਿੱਤਰ ਵਾਹਿਆ ਹੈ, ਉਸ ਨੂੰ ਪੜ੍ਹ ਕੇ ਪਾਠਕ ਕੇਰਾਂ ਤਾਂ ਸੁੰਨ ਹੋ ਜਾਂਦਾ ਹੈ।

ਇਸ ਕਹਾਣੀ ਬਾਰੇ ਇੱਕ ਚਿੱਠੀ ਵਿਚ ਗੱਲ ਕਹਿਣ ਦੀ ਕੋਸ਼ਿਸ਼ ਕਰਨਾ ਕਹਾਣੀ ਨਾਲ ਬੇਇਨਸਾਫੀ ਹੋਵੇਗੀ। ਪਾਠਕ ਪੜ੍ਹ ਕੇ ਖੁਦ ਇਸ ਨੂੰ ਮਹਿਸੂਸ ਕਰਨ ਕਿਉਂਕਿ ਇਹੋ ਜਿਹੀ ਵਧੀਆ ਕਹਾਣੀ ਕਦੇ ਕਦਾਈਂ ਹੀ ਲਿਖੀ ਜਾਂਦੀ ਹੈ ਜਿਸ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਹ ਤਾਂ ਮੇਰੀ ਜਾਂ ਸਾਡੀ ਆਪਣੀ ਹੀ ਗੱਲ ਹੈ। ਪੰਜਾਬ ਵਿਚ ਸਿੱਖਾਂ ਨੇ ਥਾਣਿਆਂ ਅਤੇ ਤਸੀਹਾ ਕੇਂਦਰਾਂ ਵਿਚ ਇਸ ਤੋਂ ਵੀ ਵੱਧ ਜ਼ੁਲਮ ਹੰਢਾਏ ਹਨ। ਉਹ ਜਿੱਤ ਕਿਹੋ ਜਿਹੀ ਜਿੱਤ ਹੋਈ ਹੋਵੇਗੀ ਅਤੇ ਉਹ ਹਾਰ ਕਿਹੋ ਜਿਹੀ ਹਾਰ ਹੋਈ ਹੋਵੇਗੀ ਜਦੋਂ ਇੱਕ ਬਾਪ ਨੂੰ ਨੰਗਾ ਕਰਕੇ ਜਵਾਨ ਧੀ ਦੇ ਉਤੇ ਲੰਮਾ ਪਾਇਆ ਗਿਆ ਹੋਵੇਗਾ ਜਾਂ ਇੱਕ ਪੁੱਤ ਨੂੰ ਮਾਂ ਦੇ ਸਾਹਮਣੇ ਅਲਫ਼ ਨੰਗਾ ਕਰਕੇ ਖੜਾ ਕੀਤਾ ਗਿਆ ਹੋਵੇਗਾ? ਇਤਿਹਾਸ ਸ਼ਾਇਦ ਇਸ ਨੂੰ ਕਦੇ ਵੀ ਬਿਆਨ ਨਾ ਕਰ ਸਕੇ ਕਿਉਂਕਿ ਜਿੱਤ ਹੀ 'ਅੰਤਮ ਸੱਚ' ਹੁੰਦੀ ਹੈ।

ਮਿਹਨਤ ਨਾਲ ਵਧੀਆ ਸਾਹਿਤ ਲੱਭ ਕੇ ਪੇਸ਼ ਕਰਨ ਲਈ ਪੰਜਾਬ ਟਾਈਮਜ਼ ਦਾ ਕੋਈ ਸਾਨੀ ਨਹੀਂ। ਇਸ ਲਈ ਜਿੱਥੇ ਇਹ ਵਧਾਈ ਦਾ ਪਾਤਰ ਹੈ ਉਥੇ ਨਾਲ ਦੀ ਨਾਲ ਇਸ ਨੂੰ 'ਖਪਤ ਸਾਹਿਤ' ਤੋਂ ਵੀ ਬਚਣ ਦੀ ਜ਼ਰੂਰਤ ਹੈ। ਉਮੀਦ ਹੈ ਅੱਗੇ ਤੋਂ ਵੀ ਉਸਾਰੂ ਸਾਹਿਤ ਪਾਠਕਾਂ ਦੀ ਝੋਲੀ ਪਾਉਂਦੇ ਰਹੋਗੇ।

-ਹਰਪਾਲ ਸਿੰਘ ਭਿੰਡਰ

### ਤੁਮ ਜੀਓ ਹਜ਼ਾਰੋਂ ਸਾਲ...

ਪੰਜਾਬ ਟਾਈਮਜ਼ ਦੇ 10 ਦਸੰਬਰ ਦੇ ਅੰਕ ਨੂੰ ਪੜ੍ਹ ਕੇ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਵਿਦੇਸ਼ਾਂ ਵਿਚ ਛਪਦੇ ਪੰਜਾਬੀ ਹਫਤਾਵਾਰ ਅਖਬਾਰਾਂ ਵਿਚ ਆਪਣੇ ਸਾਹਿਤਕ ਮਿਆਰ ਕਰਕੇ ਪੰਜਾਬ ਟਾਈਮਜ਼ ਸਭ ਤੋਂ ਅੱਗੇ ਹੈ। ਅਖਬਾਰੀ ਖਬਰਾਂ ਤੋਂ ਬਿਨਾ ਇਸ ਅੰਕ ਵਿਚ ਸੁਰਗਵਾਸੀ ਸ੍ਰੀ ਕੁਲਦੀਪ ਮਾਣਕ ਬਾਰੇ ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ ਅਤੇ ਸ਼ਮਸ਼ੇਰ ਸਿੰਘ ਸੰਧੂ ਦੇ ਲੇਖ ਪੜ੍ਹ ਕੇ ਅੱਖਾਂ ਸੇਜਲ ਹੋ ਗਈਆਂ। ਸੱਚ ਮੁੱਚ ਹੀ ਕੁਲਦੀਪ ਮਾਣਕ ਦੇ ਤੁਰ ਜਾਣ ਨਾਲ ਪੰਜਾਬੀ ਗਾਇਕੀ ਦੇ ਇਕ ਸਾਫ ਸੁਥਰੇ ਦੌਰ ਦਾ ਅੰਤ ਹੋ ਗਿਆ ਹੈ। ਚਿਰਾਂ ਤੱਕ ਪੰਜਾਬੀ ਉਸ ਦੀਆਂ ਗਾਈਆਂ ਕਲੀਆਂ ਚੇਤੇ ਕਰਦੇ ਰਹਿਣਗੇ।

ਇਸੇ ਹੀ ਅੰਕ ਵਿਚ ਨਕਸਲੀ ਯੋਧੇ ਕਾਮਰੇਡ ਕਿਸ਼ਨਜੀ ਨਾਲ ਸ਼ੰਕਰ ਚਟੋਪਾਧਿਆਏ ਵਲੋਂ ਕੀਤੀ ਅਤੇ ਪ੍ਰੋ. ਕੁਲਵੰਤ ਸਿੰਘ ਰੋਮਾਣਾ ਵਲੋਂ ਅਨੁਵਾਦਿਤ ਇੰਟਰਵਿਊ ਸਦਾ ਲਈ ਚੇਤਿਆਂ ਵਿਚ ਵਸ ਜਾਣ ਵਾਲੀ ਰਚਨਾ ਹੋ ਨਿਬੜੀ ਹੈ। ਦਲਜੀਤ ਅਮੀ ਦਾ ਲੇਖ ਅਤੇ ਵਰਿਆਮ ਸੰਧੂ ਦੀ ਸਵੈ-ਜੀਵਨੀ ਆਪੋ ਆਪਣੀ ਥਾਂਈਂ ਉਤਮ ਦਰਜੇ ਦੀਆਂ ਰਚਨਾਵਾਂ ਹਨ। ਜਗਤਾਰਜੀਤ ਅਤੇ ਮੇਜਰ ਕੁਲਾਰ ਦੇ ਲੇਖ ਵੀ ਸਲਾਹੁਣਯੋਗ ਹਨ। ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ 3 ਦਸੰਬਰ ਦੇ ਅੰਕ ਵਿਚ ਛਪੀ ਮਧੂ ਕਾਂਕਰੀਆ ਦੀ ਕਹਾਣੀ 'ਯੁੱਧ ਅਤੇ ਬੁੱਧ' ਵਾਕਿਆ ਹੀ ਦਿਲ ਨੂੰ ਧੂਹ ਪਾਉਣ ਵਾਲੀ ਬਹੁਤ ਹੀ ਉਤਮ ਰਚਨਾ ਸੀ। ਇਸ ਕਹਾਣੀ ਨੇ ਪੰਜਾਬ ਦੇ ਉਹ ਕਾਲੇ ਦਿਨ ਚੇਤੇ ਕਰਾ ਦਿੱਤੇ ਜਿਹੜੇ ਪੰਜਾਬੀਆਂ ਨੇ ਆਪਣੇ ਪਿੰਡੇ 'ਤੇ ਹੰਢਾਏ ਹਨ।

ਪੰਜਾਬੀ ਪਾਠਕਾਂ ਨੂੰ ਬਹੁਤ ਹੀ ਵਧੀਆ ਪੜ੍ਹਨ ਸਮੱਗਰੀ ਦੇਣ ਲਈ ਮੈਂ ਆਪਣੇ ਵਲੋਂ ਵੱਡੇ ਬਾਈ ਸ. ਅਮੋਲਕ ਸਿੰਘ ਜੰਮੂ ਨੂੰ ਮੁਬਾਰਕ ਦਿੰਦਾ ਹਾਂ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਹ ਉਨ੍ਹਾਂ ਨੂੰ ਹੋਰ ਹਿੰਮਤ ਤੇ ਬਲ ਬਖਸ਼ਣ ਤੇ ਪੰਜਾਬ ਟਾਈਮਜ਼ ਰਾਹੀਂ ਇਸੇ ਤਰ੍ਹਾਂ ਪੰਜਾਬੀ ਤੇ ਸਿੱਖ ਕੌਮ ਦੀ ਸੇਵਾ ਕਰਦੇ ਰਹਿਣ। ਇਹੋ ਕਹਾਂਗਾ:

ਤੁਮ ਜੀਓ ਹਜ਼ਾਰੋ ਸਾਲ
ਹਰ ਸਾਲ ਹੋ ਹਜ਼ਾਰ ਬਰਸ ਕਾ।

-ਅਮਰਦੀਪ ਸਿੰਘ ਅਮਰ
ਇੰਡੀਆਨਾ।

## ਗੁਰਬਾਣੀ ਗਿਆਨ

# ਲਾਲ ਗੋਪਾਲ ਦਇਆਲ ਰੰਗੀਲੇ॥

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਲਾਲ ਗੋਪਾਲ ਦਇਆਲ ਰੰਗੀਲੇ॥
ਗਹਿਰ ਗੰਭੀਰ ਬੇਅੰਤ ਗੋਵਿੰਦੇ॥
ਊਚ ਅਥਾਹ ਬੇਅੰਤ ਸੁਆਮੀ
ਸਿਮਰਿ ਸਿਮਰਿ ਹਉ ਜੀਵਾ ਜੀਉ॥1॥
ਦੁਖ ਭੰਜਨ ਨਿਧਾਨ ਅਮੋਲੇ॥
ਨਿਰਭਉ ਨਿਰਵੈਰ ਅਥਾਹ ਅਤੋਲੇ॥
ਅਕਾਲ ਮੂਰਤਿ ਅਜੂਨੀ ਸੰਭੌ
ਮਨ ਸਿਮਰਤ ਠੰਢਾ ਥੀਵਾ ਜੀਉ॥2॥
ਸਦਾ ਸੰਗੀ ਹਰਿ ਰੰਗ ਗੋਪਾਲਾ॥
ਊਚ ਨੀਚ ਕਰੇ ਪ੍ਰਤਿਪਾਲਾ॥
ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ
ਗੁਰਮੁਖਿ ਅੰਮ੍ਰਿਤੁ ਪੀਵਾ ਜੀਉ॥3॥
ਦੁਖਿ ਸੁਖਿ ਪਿਆਰੇ ਤੁਧੁ ਧਿਆਈ॥
ਏਹ ਸੁਮਤਿ ਗੁਰੂ ਤੇ ਪਾਈ॥
ਨਾਨਕ ਕੀ ਧਰ ਤੂੰਹੈ ਠਾਕੁਰ
ਹਰਿ ਰੰਗਿ ਪਾਰਿ ਪਰੀਵਾ ਜੀਉ॥4॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਬੇਅੰਤ ਪ੍ਰਭੂ ਦੀ ਬੇਅੰਤ ਨਾਵਾਂ ਨਾਲ ਉਸਤਤ ਕਰਦੇ ਹਨ, ਹੇ ਮੇਰੇ ਲਾਲ ਗੋਪਾਲ, ਹਲਤ-ਪਲਤ ਦੇ ਰਾਖੇ, ਦਇਆ ਦੇ ਸਾਗਰ, ਅਨੰਦ ਦੇ ਸੋਮੇ, ਗਹਿਰ ਗੰਭੀਰ, ਵੱਡੇ ਹਿਰਦੇ ਵਾਲੇ ਬੇਅੰਤ ਗੋਵਿੰਦ ਪ੍ਰਭ ਜੀ ਸਭ ਤੋਂ ਉਚੇ ਤੇ ਅਥਾਹ ਸੁਆਮੀ ਜੀਉ, ਆਪਦੀ ਕ੍ਰਿਪਾ ਸਦਕਾ ਆਪ ਜੀ ਦਾ ਸਿਮਰਨ ਕਰਕੇ ਹੀ ਮੈਂ ਆਤਮਿਕ ਜੀਵਨ ਦੇ ਅਨੰਦ ਨੂੰ ਪ੍ਰਾਪਤ ਕਰਦਾ ਹਾਂ।

ਦੁਖ ਭੰਜਨ ਨਿਧਾਨ ਅਮੋਲੇ॥
ਨਿਰਭਉ ਨਿਰਵੈਰ ਅਥਾਹ ਅਤੋਲੇ॥
ਅਕਾਲ ਮੂਰਤਿ ਅਜੂਨੀ ਸੰਭੌ
ਮਨ ਸਿਮਰਤ ਠੰਢਾ ਥੀਵਾ ਜੀਉ॥2॥

ਜੀਵਾਂ ਦੇ ਦੁੱਖਾਂ ਦਾ ਨਾਸ ਕਰਨ ਵਾਲੇ ਪ੍ਰਭੂ, ਹੇ ਅਨਮੋਲ ਵਸਤਾਂ ਦੇ ਖਜ਼ਾਨੇ, ਨਿੱਡਰ ਨਿਰਵੈਰ, ਅਥਾਹ ਅਤੇ ਅਤੋਲ ਪ੍ਰਭੂ, ਅਕਾਲ ਮੂਰਤ ਆਪ ਸਦਾ ਹੀ ਮੌਤ ਤੋਂ ਪਰੇ ਹੋ, ਅਤੇ ਕਦੀ ਜੂਨ ਵਿਚ ਨਹੀਂ ਆਉਂਦੇ। ਸੰਭੌ ਆਪਣੇ ਆਪ ਤੋਂ ਪਰਗਟ ਹੋਣ ਵਾਲੇ ਹੋ, ਅਤੇ ਹੇ ਪ੍ਰਭੂ, ਆਪਦਾ ਨਾਮ ਸਿਮਰਨ ਕਰਕੇ ਮੇਰਾ ਤਪਸ਼ ਨਾਲ ਭਰਿਆ ਮਨ ਸ਼ਾਂਤ ਹੋ ਜਾਂਦਾ ਹੈ ਜੀ।

ਸਦਾ ਸੰਗੀ ਹਰਿ ਰੰਗ ਗੋਪਾਲਾ॥
ਊਚ ਨੀਚ ਕਰੇ ਪ੍ਰਤਿਪਾਲਾ॥
ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ
ਗੁਰਮੁਖਿ ਅੰਮ੍ਰਿਤੁ ਪੀਵਾ ਜੀਉ॥3॥

ਹੇ ਮੇਰੇ ਮਿਹਰਵਾਨ ਪਿਤਾ ਆਪ ਸਦਾ ਹੀ ਜੀਵਾਂ ਦੇ ਅੰਗ ਸੰਗ ਰਹਿੰਦੇ ਹੋ ਅਤੇ ਜਗਤ ਦੀ ਪਾਲਣਾ ਭੀ ਕਰਦੇ ਹੋ, ਅਤੇ ਸਭ ਜੀਵਾਂ ਨੂੰ ਸੁੱਖ ਭੀ ਦਿੰਦੇ ਹੋ, ਇਸ ਜਗਤ ਵਿਚ ਉਚੇ ਕਹਾਉਣ ਵਾਲੇ ਅਤੇ ਨੀਵੇਂ ਕਹਾਉਣ ਵਾਲੇ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਭੀ ਕਰਦੇ ਹੋ, ਨਾਮ ਰਸਾਇਣ ਸਾਰੇ ਰਸਾਂ ਦਾ ਘਰ, ਮਨ ਤ੍ਰਿਪਤਾਇਣ ਅਰਥਾਤ ਮਨ ਨੂੰ ਤ੍ਰਿਪਤ ਕਰਨ ਵਾਲੇ ਹੋ। ਪ੍ਰਭੂ, ਆਪ ਦਾ ਨਾਮ ਸਾਰੇ ਰਸਾਂ ਦਾ ਸੋਮਾ ਹੈ ਅਤੇ ਸਾਡੇ ਮਨਾਂ ਨੂੰ ਤ੍ਰਿਪਤ ਕਰਦਾ ਹੈ। ਇਸ ਲਈ ਗੁਰੂ ਦੀ ਸ਼ਰਨ ਵਿਚ ਪੈ ਕੇ ਮੈਂ ਉਸ ਨਾਮ ਰਸ ਨੂੰ ਪੀਂਦਾ ਰਹਿੰਦਾ ਹਾਂ।

ਦੁਖਿ ਸੁਖਿ ਪਿਆਰੇ ਤੁਧੁ ਧਿਆਈ॥
ਏਹ ਸੁਮਤਿ ਗੁਰੂ ਤੇ ਪਾਈ॥
ਨਾਨਕ ਕੀ ਧਰ ਤੂੰਹੈ ਠਾਕੁਰ
ਹਰਿ ਰੰਗਿ ਪਾਰਿ ਪਰੀਵਾ ਜੀਉ॥4॥


ਹੇ ਮੇਰੇ ਪਿਆਰੇ ਪ੍ਰੀਤਮ ਜੀਉ! ਭਾਵੇਂ ਮੈਂ ਦੁੱਖਾਂ ਵਿਚ ਗ੍ਰਸਿਆ ਹੋਵਾਂ ਤੇ ਭਾਵੇਂ ਸੁੱਖਾਂ ਦਾ ਅਨੰਦ ਮਾਣ ਰਿਹਾ ਹੋਵਾਂ, ਮੈਂ ਤਾਂ ਹਰ ਵੇਲੇ ਆਪ ਜੀ ਦਾ ਹੀ ਧਿਆਨ ਧਰਦਾ ਹਾਂ ਅਤੇ ਮੇਰੇ ਮਿਹਰਵਾਨ ਪ੍ਰਭੂ ਜੀਉ, ਇਹ ਸੁਮੱਤ ਤਾਂ ਮੈਨੂੰ ਆਪਣੇ ਪੂਰਨ ਸਤਿਗੁਰੂ ਜੀ ਤੋਂ ਹੀ ਪ੍ਰਾਪਤ ਹੋਈ ਹੈ। ਹੇ ਇਸ ਜਗਤ ਦੇ ਪਾਲਣਹਾਰ ਪਿਤਾ, ਇਸ ਨਾਨਕ ਦਾ ਆਸਰਾ ਤਾਂ ਆਪ ਹੀ ਹੋ ਅਤੇ ਆਪ ਦੇ ਪ੍ਰੇਮ ਰੰਗ ਵਿਚ ਲੀਨ ਹੋ ਕੇ ਮੈਂ ਸੰਸਾਰ ਸਮੁੰਦਰ ਤੋਂ ਪਾਰ ਉਤਰ ਸਕਦਾ ਹਾਂ।

ਗੁਰੂ ਪਿਆਰਿਓ! ਆਉ, ਸ਼ਬਦ ਗੁਰੂ ਨਾਲ ਜੁੜੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ:916-687-3536

# ਲੱਠਮਾਰਾਂ ਹਵਾਲੇ ਕੀਤਾ ਜਾ ਰਿਹੈ ਮੁਕਤਸਰ ਜ਼ਿਲ੍ਹਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

**ਅੱਜ ਜੋ ਕੁਝ ਸਾਹਮਣੇ ਆ ਰਿਹਾ ਹੈ, ਉਹ ਸਾਰਾ ਕੁਝ ਉਸੇ ਦਾ ਅਗਲਾ ਨਮੂਨਾ ਹੈ, ਜੋ ਕੁਝ ਮੁੱਖ ਮੰਤਰੀ ਦੇ ਚਾਟੜੇ ਤੇ ਨੇੜਲੇ ਬੰਦੇ ਪਿਛਲੇ ਪੌਣੇ ਪੰਜ ਸਾਲਾਂ ਵਿਚ ਕਰਦੇ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਇਹ ਗੱਲ ਕਾਂਗਰਸੀ ਵਰਕਰਾਂ ਨੂੰ ਮੁੜ-ਮੁੜ ਆਖੀ ਕਿ 'ਖੂੰਡਾ ਚੁੱਕ ਲਵੋ, ਇਸ ਨਾਲ ਅਕਾਲੀਆਂ ਨੂੰ ਸਿੱਧੇ ਕਰਨਾ ਹੈ।' ਮੁੱਖ ਮੰਤਰੀ ਬਾਦਲ ਸਾਹਿਬ ਇਸ ਬੋਲੀ ਨੂੰ ਬਹੁਤ ਮਾੜੀ ਕਹਿ ਕੇ ਇਸ ਦੀ ਨਿਖੇਧੀ ਕਰ ਕੇ ਠੀਕ ਕਰ ਰਹੇ ਹਨ ਪਰ ਉਹ ਇਹ ਵੀ ਦੱਸ ਦੇਣ ਕਿ ਇਸ ਦੀ ਸ਼ੁਰੂਆਤ ਕਿਸ ਨੇ ਕੀਤੀ ਸੀ? ਜਦੋਂ ਉਨ੍ਹਾਂ ਨੇ ਬੀਬੀ ਰਜਿੰਦਰ ਕੌਰ ਭੱਠਲ ਨੂੰ 'ਗਾਂ ਵਾਂਗ ਭੂਤਰੀ ਫਿਰਦੀ' ਕਿਹਾ ਸੀ, ਉਦੋਂ ਇਸ ਮੰਦੀ ਭਾਸ਼ਾ ਦੀ ਵਰਤੋਂ ਕਿਉਂ ਕੀਤੀ ਸੀ? ਪਿਛਲੀਆਂ ਚੋਣਾਂ ਵਿਚ ਜਦੋਂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਉਹ 'ਕੈਪਟਨ ਅਮਰਿੰਦਰ ਸਿੰਘ ਦੀ ਘੁਟਵੀਂ ਪਜਾਮੀ ਵਿਚ ਚੂਹੇ' ਛੱਡੇਗਾ, ਕੀ ਉਹ ਵੀ ਸਾਊ ਭਾਸ਼ਾ ਵਰਤ ਰਿਹਾ ਸੀ? ਮੁੱਖ ਮੰਤਰੀ ਸਾਹਿਬ ਨੇ ਆਪਣੇ ਪੁੱਤਰ ਨੂੰ ਉਦੋਂ ਇੰਜ ਬੋਲਣ ਤੋਂ ਰੋਕਿਆ ਕਿਉਂ ਨਹੀਂ ਸੀ? ਹਾਲੇ ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਦੇ ਡਿਪਟੀ ਮੁੱਖ ਮੰਤਰੀ ਪੁੱਤਰ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਨੇ ਜਦੋਂ ਇਹ ਕਿਹਾ ਸੀ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਧੌਣ ਲਾਹ ਦੇਵੇਗਾ ਤਾਂ ਉਦੋਂ ਸਾਰੀ ਅਕਾਲੀ ਲੀਡਰਸ਼ਿਪ ਦੇ ਮੂੰਹ ਵਿਚ ਘੁੰਗਣੀਆਂ ਕਿਉਂ ਪਈਆਂ ਰਹੀਆਂ ਸਨ?**

ਅਸੀਂ ਇੱਕ ਲੋਕ-ਰਾਜ ਦੇ ਨਾਗਰਿਕ ਹਾਂ, ਜਿਹੜਾ ਕਹਿਣ ਨੂੰ ਯੂਰਪੀ ਲੋਕ-ਰਾਜਾਂ ਦੀ ਤਰਜ਼ ਵਾਲਾ ਹੈ ਪਰ ਅਮਲ ਵਿਚ ਨਾ ਇਹ ਉਨ੍ਹਾਂ ਵਰਗਾ ਹੈ ਤੇ ਨਾ ਅਮਰੀਕਨਾਂ ਵਰਗਾ, ਇਹ ਆਪਣੀ ਵੰਨਗੀ ਆਪ ਹੈ। ਕਿਸੇ ਵੀ ਕਿਸਮ ਦਾ ਲੋਕ-ਰਾਜ ਹੋਵੇ, ਉਸ ਵਿਚ ਦੋ ਗੱਲਾਂ ਜ਼ਰੂਰੀ ਹੁੰਦੀਆਂ ਹਨ। ਪਹਿਲੀ ਇਹ ਕਿ ਰਾਜ ਕਰਨ ਵਾਲੇ ਲੋਕ ਉਥੋਂ ਦੇ ਲੋਕਾਂ ਰਾਹੀਂ ਚੁਣੇ ਜਾਣਗੇ ਤੇ ਦੂਸਰੀ ਇਹ ਕਿ ਉਹ ਕਾਨੂੰਨ ਅਤੇ ਸੰਵਿਧਾਨ ਦੀਆਂ ਸੇਧਾਂ ਮੁਤਾਬਕ ਚੱਲਣ ਵੇਲੇ ਲੋਕ-ਲਾਜ ਦੀ ਸ਼ਰਮ ਵੀ ਰੱਖਣਗੇ, ਬੱਚੇ ਸੱਕੇ ਵਾਲਾ ਰਾਜ ਨਹੀਂ ਚਲਾਉਣਗੇ। ਇਸੇ ਕਰ ਕੇ ਇਥੇ ਕਿਸੇ ਨੂੰ ਗੱਦੀ 'ਤੇ ਬੈਠਣ ਵੇਲੇ ਰਾਜ-ਤਿਲਕ ਨਹੀਂ ਲਾਇਆ ਜਾਂਦਾ, ਇੱਕ ਸਹੁੰ ਚੁਕਾਈ ਜਾਂਦੀ ਹੈ ਕਿ ਉਹ ਦੇਸ਼ ਦੇ ਸੰਵਿਧਾਨ ਮੁਤਾਬਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਕਿਸੇ ਵੀ ਸੂਰਤ ਵਿਚ ਪੱਖ-ਪਾਤ ਨਹੀਂ ਕਰਨਗੇ। ਭਾਵ ਸਾਫ ਹੈ ਕਿ ਪੈਸੇ ਕਮਾਉਣਾ ਹੀ ਨਹੀਂ, ਪੱਖ-ਪਾਤ ਵੀ ਇੱਕ ਕਿਸਮ ਦਾ ਭ੍ਰਿਸ਼ਟਾਚਾਰ ਮੰਨਿਆ ਗਿਆ ਹੈ। ਅਮਲ ਵਿਚ ਜੋ ਕੁਝ ਹੁੰਦਾ ਹੈ, ਜੇ ਉਸ ਦੀ ਇੱਕ ਝਲਕ ਵੇਖਣੀ ਹੋਵੇ ਤਾਂ ਸਾਨੂੰ ਪੰਜਾਬ ਤੋਂ ਬਾਹਰ ਜਾਣ ਦੀ ਲੋੜ ਨਹੀਂ, ਤੇ ਇਸ ਵਿਚ ਵੀ ਪਿੱਛੇ ਆਜ਼ਾਦੀ ਮਿਲਣ ਦੇ ਦਿਨਾਂ ਤੱਕ ਝਾਕਣ ਦੀ ਲੋੜ ਨਹੀਂ, ਪਿਛਲੇ ਦਸ-ਵੀਹ ਸਾਲਾਂ ਦਾ ਲੇਖਾ-ਜੋਖਾ ਹੀ ਕਾਫੀ ਹੈ।

ਰਾਜ ਮੁੱਖ ਮੰਤਰੀ ਬੇਅੰਤ ਸਿੰਘ ਦਾ ਵੀ ਵੇਖਿਆ ਸੀ, ਜਿਸ ਦੇ ਪਹਿਲੇ ਦੋ ਸਾਲ ਪੰਜਾਬ ਵਿਚ ਅਮਨ ਕਾਇਮ ਕਰਨ ਦੇ ਲੇਖੇ ਲੱਗ ਗਏ ਤੇ ਤੀਸਰਾ ਸਾਲ ਭ੍ਰਿਸ਼ਟਾਚਾਰ ਦੀ ਭੰਡੀ ਲੈ ਕੇ ਆ ਗਿਆ ਸੀ। ਅਸਲ ਵਿਚ ਓਦੋਂ ਤੱਕ ਝਾਰਖੰਡ ਮੁਕਤੀ ਮੋਰਚਾ ਤੇ ਲੱਖੂ ਭਾਈ ਵਾਲੇ ਕੇਸ ਚਰਚਾ ਵਿਚ ਆ ਗਏ ਸਨ, ਜਿਨ੍ਹਾਂ ਨਾਲ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦਾ ਅਕਸ ਦਾਗਦਾਰ ਹੋ ਗਿਆ ਸੀ ਤੇ ਪੰਜਾਬ ਦੇ ਬਹੁਤ ਸਾਰੇ ਅਫਸਰ ਅਤੇ ਆਗੂ ਆਖਦੇ ਸਨ ਕਿ ਬੇਅੰਤ ਸਿੰਘ ਕੀ ਕਰੇ, ਉਸ ਨੂੰ ਨਰਸਿਮਹਾ ਰਾਓ ਦੇ ਦਰਬਾਰ ਵਿਚ ਬੋਰੀਆਂ ਪੇਸ਼ ਕਰਨੀਆਂ ਪੈਂਦੀਆਂ ਹਨ। ਫਿਰ ਵੀ ਉਨੀ ਬਦਨਾਮੀ ਨਹੀਂ ਸੀ ਹੋ ਸਕੀ, ਜਿੰਨੀ ਉਸ ਤੋਂ ਬਾਅਦ ਆਈ ਅਕਾਲੀ-ਭਾਜਪਾ ਸਰਕਾਰ ਦੇ ਵਕਤ ਹੋ ਗਈ, ਜਦ ਕਿ ਉਹ ਆਗੂ ਜਿੱਤੇ ਹੀ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਨਾਹਰੇ ਹੇਠ ਸਨ।

**ਬਠਿੰਡੇ ਤੋਂ ਬਾਅਦ ਹੁਣ ਇਹ ਮੁੱਖ ਮੰਤਰੀ ਦੇ ਆਪਣੇ ਇਲਾਕੇ ਵਿਚ ਹੋ ਗਿਆ ਹੈ। ਇਥੇ ਮੁਜ਼ਾਹਰਾ ਕਰਦੀ ਇੱਕ ਕੁੜੀ ਨੂੰ ਇੱਕ ਬਦਤਮੀਜ਼ ਸਰਪੰਚ ਨੇ ਥੱਪੜ ਕੱਢ ਮਾਰਿਆ ਅਤੇ ਨਾ ਦੱਸੀਆਂ ਜਾਣ ਵਾਲੀਆਂ ਗੰਦੀਆਂ ਗਾਲ੍ਹਾਂ ਵੀ ਕੱਢੀਆਂ। ਜ਼ਮਾਨਤ ਕਰਵਾਉਣ ਪਿੱਛੋਂ ਉਹ ਸਰਪੰਚ ਇਹ ਕਹਿੰਦਾ ਹੈ ਕਿ ਮੁੱਖ ਮੰਤਰੀ ਦਾ ਪਰਿਵਾਰ ਮੇਰੀ ਪਿੱਠ ਉਤੇ ਹੈ ਤੇ ਹੋਰ ਕਿਸੇ ਦੀ ਮੈਨੂੰ ਪ੍ਰਵਾਹ ਨਹੀਂ। ਕੀ ਮੁੱਖ ਮੰਤਰੀ ਨੂੰ ਇਹ ਵੀ ਪਤਾ ਨਹੀਂ ਕਿ ਪੰਜਾਬ ਵਿਚ ਲੋਕ ਧੀਆਂ ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰਦੇ ਹੁੰਦੇ? ਕੀ ਇੱਜ਼ਤ ਸਿਰਫ ਇੱਕੋ ਘਰ ਦੇ ਜੀਆਂ ਦੀ ਰਹਿ ਗਈ ਹੈ, ਹੋਰ ਲੋਕਾਂ ਨੂੰ ਬੇਗੈਰਤੇ ਮੰਨ ਲਿਆ ਹੈ? ਜੇ ਅਜਿਹਾ ਨਹੀਂ ਤਾਂ ਜਦੋਂ ਬਾਦਲ ਸਾਹਿਬ ਅਬੁਲ ਖੁਰਾਣਾ ਪਿੰਡ ਵਿਚ ਗਏ ਅਤੇ ਉਸ ਕੁੜੀ ਨੂੰ ਮਿਲੇ ਸਨ, ਉਨ੍ਹਾਂ ਦੇ ਮੂੰਹੋਂ ਉਸ ਸਰਪੰਚ ਦੀ ਬਦਤਮੀਜ਼ੀ ਬਾਰੇ ਦੋ ਲਫਜ਼ ਕਿਉਂ ਨਹੀਂ ਸਨ ਨਿਕਲੇ? ਉਹ ਏਨੀ ਫਰਾਖਦਿਲੀ ਵੀ ਕਿਉਂ ਨਾ ਵਿਖਾ ਸਕੇ ਕਿ ਉਸ ਕੁੜੀ ਦੀਆਂ ਸਾਥਣਾਂ ਦੀ ਗੱਲ ਹੀ ਸੁਣ ਲੈਂਦੇ? ਇਸ ਦੀ ਥਾਂ ਉਨ੍ਹਾਂ ਨੇ ਆਪਣੇ ਡਰਾਈਵਰ ਨੂੰ ਕਾਰ ਚਲਾਉਣ ਦਾ ਉਹ ਹੁਕਮ ਕਿਉਂ ਦੇ ਦਿੱਤਾ, ਜਿਸ ਦੇ ਰੋਹਬ ਹੇਠ ਉਸ ਨੇ ਅੱਗੇ ਲੇਟ ਗਈਆਂ ਕੁੜੀਆਂ ਉਤੇ ਕਾਰ ਚੜ੍ਹਾ ਕੇ ਦੋ ਜਣੀਆਂ ਨੂੰ ਗੰਭੀਰ ਜ਼ਖਮੀ ਕਰਨ ਤੋਂ ਵੀ ਝਿਜਕ ਨਹੀਂ ਸੀ ਵਿਖਾਈ?**

ਸ. ਪ੍ਰਕਾਸ਼ ਸਿੰਘ ਬਾਦਲ ਨੇ 1997 ਵਿਚ ਦਾਅਵਾ ਕੀਤਾ ਸੀ ਕਿ ਬੇਅੰਤ ਸਿੰਘ ਤੇ ਉਸ ਤੋਂ ਬਾਅਦ ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਵੇਲੇ ਭ੍ਰਿਸ਼ਟਾਚਾਰ ਬਹੁਤ ਵਧ ਗਿਆ ਹੈ, ਅਸੀਂ ਆ ਕੇ ਲਗਾਮ ਲਾ ਦਿਆਂਗੇ। ਉਨ੍ਹਾਂ ਨੇ ਪਹਿਲੀ ਵਾਰ ਭ੍ਰਿਸ਼ਟ ਅਫਸਰਾਂ ਨੂੰ ਫੜਾਉਣ ਵਾਲੇ ਲਈ ਪੰਝੀ ਹਜ਼ਾਰ ਰੁਪਏ ਦਾ ਇਨਾਮ ਵੀ ਰੱਖਿਆ ਸੀ। ਅਮਲ ਵਿਚ ਇਹ ਵੇਖਿਆ ਗਿਆ ਕਿ ਜਿਸ ਨੇ ਪਹਿਲਾ ਅਫਸਰ ਪੈਸੇ ਲੈਂਦਾ ਫੜਾਇਆ, ਉਸ ਨੂੰ ਚੈਕ ਮਿਲ ਗਿਆ ਤੇ ਫਿਰ ਦੋ-ਤਿੰਨ ਹੋਰਨਾਂ ਨੂੰ ਵੀ, ਪਰ ਉਨ੍ਹਾਂ ਦੇ ਬਾਅਦ ਇੱਕ ਬੰਦੇ ਨੇ ਜਦੋਂ ਇਹੋ ਜਿਹਾ ਗਜ਼ਟਿਡ ਅਫਸਰ ਪੈਸੇ ਲੈਂਦਾ ਜਾ ਫੜਾਇਆ, ਜਿਸ ਦੀ ਬਾਦਲ ਪਰਿਵਾਰ ਨਾਲ ਵਫਾਦਾਰੀ ਸੀ, ਉਦੋਂ ਇਹ ਚੈਕ ਨਹੀਂ ਸੀ ਮਿਲਿਆ ਤੇ ਉਸ ਪਿੱਛੋਂ ਚੈਕ ਦੇਣੇ ਬੰਦ ਕਰ ਦਿੱਤੇ ਗਏ ਸਨ। ਭ੍ਰਿਸ਼ਟਾਚਾਰ ਨਹੀਂ ਸੀ ਮਿਟਿਆ, ਸਗੋਂ ਨਵੇਂ ਰਾਜ-ਦਰਬਾਰ ਦੇ ਜੀ-ਹਜ਼ੂਰੀਆਂ ਨੇ ਏਨੀ ਲੁੱਟ ਮਚਾ ਦਿੱਤੀ ਕਿ ਮੁੱਛਾਂ ਵੀ ਲਿੱਬੜੀਆਂ ਸਾਫ ਦਿੱਸਦੀਆਂ ਸਨ ਤੇ ਬੰਦੇ ਸਾਰੇ ਉਹ ਸਨ, ਜਿਨ੍ਹਾਂ ਨੂੰ ਮੁੱਖ ਮੰਤਰੀ ਸਾਹਿਬ ਹਟਾ ਨਹੀਂ ਸੀ ਸਕਦੇ। ਉਦੋਂ ਉਨ੍ਹਾਂ ਨੂੰ ਆਪਣੇ ਚੇਲਿਆਂ ਦੀ ਸ਼ਕਲ ਵਿਖਾਉਣ ਵਾਲਾ ਸ਼ੀਸ਼ਾ ਹੀ ਮੂਧਾ ਮਾਰ ਦੇਣਾ ਵਧੇਰੇ ਮੁਨਾਸਬ ਜਾਪਿਆ ਸੀ।

ਅਗਲਾ ਰਾਜ ਕੈਪਟਨ ਅਮਰਿੰਦਰ ਸਿੰਘ ਦਾ ਸੀ। ਉਨ੍ਹਾਂ ਨੇ ਵੀ ਸ਼ੁਰੂਆਤ ਭ੍ਰਿਸ਼ਟਾਚਾਰ ਦੇ ਵਿਰੋਧ ਤੋਂ ਕੀਤੀ ਤੇ ਜਦੋਂ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਨੂੰ ਫੜ ਕੇ ਕਰੋੜਾਂ ਰੁਪਏ ਕੱਢਵਾ ਲਏ ਗਏ ਤਾਂ ਕਾਂਗਰਸ ਦੇ ਪੱਕੇ ਵਿਰੋਧੀ ਵੀ ਉਨ੍ਹਾਂ ਦੀ ਸ਼ਲਾਘਾ ਕਰੀ ਜਾਂਦੇ ਸਨ। ਫਿਰ ਗੱਡੀ ਲੀਹ ਤੋਂ ਲੱਥ ਗਈ। ਬੈਂਕ ਦੇ ਲਾਕਰਾਂ ਵਿਚੋਂ ਜਦੋਂ ਰਵੀ ਸਿੱਧੂ ਦੇ ਕਰੋੜਾਂ ਰੁਪਏ ਕੱਢਵਾਏ ਗਏ, ਉਸ ਤੋਂ ਬਾਅਦ ਕਿਸੇ ਹੋਰ ਵੱਡੇ ਚੋਰ ਨੂੰ ਹੱਥ ਨਹੀਂ ਸੀ ਪਾਇਆ ਗਿਆ ਤੇ ਰੌਲਾ ਇਹ ਪੈ ਗਿਆ ਸੀ ਕਿ ਮੁੱਖ ਮੰਤਰੀ ਨੂੰ ਪਤਾ ਹੋਵੇ ਜਾਂ ਨਾ, ਅੱਗੋਂ ਲਈ ਉਸ ਦੇ ਬੰਦਿਆਂ ਨੇ ਚੋਰਾਂ ਨਾਲ ਰੇਟ ਤੈਅ ਕਰ ਲਏ ਹਨ। ਇਸ ਬਾਰੇ ਸਥਿਤੀ ਸਪੱਸ਼ਟ ਨਾ ਕਰ ਸਕਣ ਕਰ ਕੇ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੇ ਸਾਲ 'ਚ ਭ੍ਰਿਸ਼ਟਾਚਾਰ ਵਿਰੁਧ ਮੁਹਿੰਮ ਆਪਣਾ ਪ੍ਰਭਾਵ ਗੁਆ ਬੈਠੀ ਸੀ। ਨਤੀਜਨ ਲੋਕ ਉਨ੍ਹਾਂ ਤੋਂ ਫਾਸਲਾ ਪਾਉਣ ਲੱਗ ਪਏ ਤੇ ਦੋ ਸਾਲ ਬਾਅਦ ਹੋਈਆਂ ਪਾਰਲੀਮੈਂਟ ਚੋਣਾਂ ਵਿਚ ਕਾਂਗਰਸ ਨੂੰ ਪੰਜਾਬ ਦੀਆਂ 13 'ਚੋਂ ਮਸਾਂ 2 ਸੀਟਾਂ ਮਿਲੀਆਂ ਸਨ। ਜੇ ਉਹ ਇਸ ਸੰਕੇਤ ਨੂੰ ਸਮਝ ਜਾਂਦੇ ਤਾਂ ਮੋੜਾ ਪਾ ਸਕਦੇ ਸਨ ਪਰ ਆਪਣੇ ਨਾਲ ਉਨ੍ਹਾਂ ਨੇ ਇਹੋ ਜਿਹੇ ਲੋਕ ਜੋੜ ਰੱਖੇ ਸਨ, ਜਿਨ੍ਹਾਂ ਨੇ ਅਜਿਹਾ ਨਾ ਹੋਣ ਦੇਣਾ ਸੀ ਤੇ ਨਾ ਹੋਣ ਦਿੱਤਾ।

ਪੰਜਾਬ ਦੀ ਮੌਜੂਦਾ ਸਰਕਾਰ ਦੇ ਮੁੱਢ ਵਿਚ ਹੀ ਲੋਕਾਂ ਨੇ ਏਦਾਂ ਦੀ ਝਾਕ ਲਾਹ ਦਿੱਤੀ ਸੀ। ਕਾਰਨ ਇਹ ਸੀ ਕਿ ਜਦੋਂ ਰਾਜ ਚਲਾਉਣ ਵਾਲਿਆਂ ਦੇ ਆਪਣੇ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਸਨ ਤਾਂ ਰੋਕਣਾ ਕਿਸ ਨੇ ਸੀ? ਆਸ ਸਿਰਫ ਏਨੀ ਸੀ ਕਿ ਪਿਛਲੇ ਤਜਰਬੇ ਤੋਂ ਸਿੱਖ ਕੇ ਉਹ ਕੁਝ ਹੱਦਾਂ ਰੱਖ ਕੇ ਚੱਲਣਗੇ ਪਰ ਏਦਾਂ ਹੋ ਨਹੀਂ ਸਕਿਆ। ਇਸ ਵਾਰ ਉਨ੍ਹਾਂ ਦੇ ਰਾਜ ਵਿਚ ਮੁੱਢਲੇ ਦੌਰ ਵਿਚ ਹੀ ਮਾੜੇ ਬੰਦਿਆਂ ਨੇ ਮੋਰਚੇ ਆਣ ਸੰਭਾਲੇ ਸਨ। ਉਹ ਹਰ ਪਾਸੇ ਲੁੱਟ ਵੀ ਮਚਾਉਂਦੇ ਸਨ ਤੇ ਜਿੱਥੇ ਕੋਈ ਸਰਕਾਰੀ ਅਧਿਕਾਰੀ ਅੜਿੱਕਾ ਬਣੇ, ਉਸ ਨੂੰ ਸਰੇਆਮ ਕੁਟਾਪਾ ਵੀ ਚਾੜ੍ਹ ਦੇਂਦੇ ਸਨ। ਲੁਧਿਆਣੇ ਵਿਚ ਇੱਕ ਮੈਜਿਸਟਰੇਟ ਨੂੰ ਚੱਲਦੀ ਅਦਾਲਤ ਵਿਚੋਂ ਬਾਹਰ ਧੂਹ ਕੇ ਡਿਪਟੀ ਕਮਿਸ਼ਨਰ ਤੇ ਜ਼ਿਲ੍ਹਾ ਪੁਲਿਸ ਮੁਖੀ ਦੇ ਕੋਲ ਖੜਿਆਂ ਤੋਂ ਸਾਰੀ ਜਨਤਾ ਦੀਆਂ ਅੱਖਾਂ ਸਾਹਮਣੇ ਕੁੱਟਿਆ ਗਿਆ ਤੇ ਉਸ ਦੇ ਕੱਛੇ ਤੋਂ ਬਿਨਾਂ ਸਾਰੇ ਕੱਪੜੇ ਉਤਾਰ ਕੇ ਜ਼ਲੀਲ ਵੀ ਕੀਤਾ ਗਿਆ ਸੀ। ਜਿਸ ਅਕਾਲੀ ਆਗੂ ਨੇ ਇਹ ਕੁਝ ਕੀਤਾ ਸੀ, ਉਹ ਕੁਝ ਮਹੀਨੇ ਪਹਿਲਾਂ ਹੋਈਆਂ ਪਾਰਲੀਮੈਂਟ ਚੋਣਾਂ ਵਿਚ ਬਠਿੰਡੇ ਦੀ ਸੀਟ ਤੋਂ ਮੁੱਖ ਮੰਤਰੀ ਦੀ ਨੂੰਹ ਹਰਸਿਮਰਤ ਕੌਰ ਬਾਦਲ ਦਾ ਚੋਣ ਏਜੰਟ ਸੀ ਤੇ ਸਾਰੇ ਅਫਸਰਾਂ ਨੂੰ ਪਤਾ ਸੀ ਕਿ ਇਹ ਵੱਡੇ ਘਰ ਦੇ ਥਾਪੜੇ ਤੋਂ ਬਿਨਾਂ ਏਦਾਂ ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਜਦੋਂ ਇਹ ਕੇਸ ਹਾਈ ਕੋਰਟ ਤੱਕ ਪਹੁੰਚਣ ਕਰ ਕੇ ਉਸ ਬੰਦੇ ਦੀ ਗ੍ਰਿਫਤਾਰੀ ਪਾਉਣੀ ਜ਼ਰੂਰੀ ਬਣ ਗਈ, ਜੇਲ੍ਹ ਵਿਚ ਉਸ ਦੀਆਂ ਸੁੱਖ ਸਹੂਲਤਾਂ ਯਕੀਨੀ ਬਣਾਉਣ ਲਈ ਡਿਪਟੀ ਮੁੱਖ ਮੰਤਰੀ ਨੇ ਖੁਦ ਲੁਧਿਆਣੇ ਦੀ ਜੇਲ੍ਹ ਵਿਚ ਗੇੜਾ ਲਾਇਆ ਸੀ। ਇੱਕ ਮਿਸਾਲ ਮੱਧ ਪ੍ਰਦੇਸ਼ ਦੀ ਸੀ, ਜਿੱਥੇ ਇੱਕ ਪ੍ਰੋਫੈਸਰ ਨੂੰ ਟੀ ਵੀ ਕੈਮਰਿਆਂ ਦੀ ਹਾਜ਼ਰੀ ਵਿਚ ਕੁੱਟ-ਕੁੱਟ ਕੇ ਮਾਰ ਦੇਣ ਦੇ ਦੋਸ਼ੀ ਭਾਜਪਾ ਦੇ ਯੂਥ ਵਰਕਰ ਨੂੰ ਜੇਲ੍ਹ ਵਿਚ ਮਿਲਣ ਲਈ ਰਾਜ ਦਾ ਮੁੱਖ ਮੰਤਰੀ ਆਪ ਗਿਆ ਸੀ, ਦੂਜੀ ਮਿਸਾਲ ਇਥੇ ਪੇਸ਼ ਹੋ ਗਈ।

ਅੱਜ ਜੋ ਕੁਝ ਸਾਹਮਣੇ ਆ ਰਿਹਾ ਹੈ, ਉਹ ਸਾਰਾ ਕੁਝ ਉਸੇ ਦਾ ਅਗਲਾ ਨਮੂਨਾ ਹੈ, ਜੋ ਕੁਝ ਮੁੱਖ ਮੰਤਰੀ ਦੇ ਚਾਟੜੇ ਤੇ ਨੇੜਲੇ ਬੰਦੇ ਪਿਛਲੇ ਪੌਣੇ ਪੰਜ ਸਾਲਾਂ ਵਿਚ ਕਰਦੇ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਇਹ ਗੱਲ ਕਾਂਗਰਸੀ ਵਰਕਰਾਂ ਨੂੰ ਮੁੜ-ਮੁੜ ਆਖੀ ਕਿ 'ਖੂੰਡਾ ਚੁੱਕ ਲਵੋ, ਇਸ ਨਾਲ ਅਕਾਲੀਆਂ ਨੂੰ ਸਿੱਧੇ ਕਰਨਾ ਹੈ।' ਮੁੱਖ ਮੰਤਰੀ ਬਾਦਲ ਸਾਹਿਬ ਇਸ ਬੋਲੀ ਨੂੰ ਬਹੁਤ ਮਾੜੀ ਕਹਿ ਕੇ ਇਸ ਦੀ ਨਿਖੇਧੀ ਕਰ ਕੇ ਠੀਕ ਕਰ ਰਹੇ ਹਨ ਪਰ ਉਹ ਇਹ ਵੀ ਦੱਸ ਦੇਣ ਕਿ ਇਸ ਦੀ ਸ਼ੁਰੂਆਤ ਕਿਸ ਨੇ ਕੀਤੀ ਸੀ? ਜਦੋਂ ਉਨ੍ਹਾਂ ਨੇ ਬੀਬੀ ਰਜਿੰਦਰ ਕੌਰ ਭੱਠਲ ਨੂੰ 'ਗਾਂ ਵਾਂਗ ਭੂਤਰੀ ਫਿਰਦੀ' ਕਿਹਾ ਸੀ, ਉਦੋਂ ਇਸ ਮੰਦੀ ਭਾਸ਼ਾ ਦੀ ਵਰਤੋਂ ਕਿਉਂ ਕੀਤੀ ਸੀ? ਪਿਛਲੀਆਂ ਚੋਣਾਂ ਵਿਚ ਜਦੋਂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਉਹ 'ਕੈਪਟਨ ਅਮਰਿੰਦਰ ਸਿੰਘ ਦੀ ਘੁਟਵੀਂ ਪਜਾਮੀ ਵਿਚ ਚੂਹੇ' ਛੱਡੇਗਾ, ਕੀ ਉਹ ਵੀ ਸਾਊ ਭਾਸ਼ਾ ਵਰਤ ਰਿਹਾ ਸੀ? ਮੁੱਖ ਮੰਤਰੀ ਸਾਹਿਬ ਨੇ ਆਪਣੇ ਪੁੱਤਰ ਨੂੰ ਉਦੋਂ ਇੰਜ ਬੋਲਣ ਤੋਂ ਰੋਕਿਆ ਕਿਉਂ ਨਹੀਂ ਸੀ? ਹਾਲੇ ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਦੇ ਡਿਪਟੀ ਮੁੱਖ ਮੰਤਰੀ ਪੁੱਤਰ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਨੇ ਜਦੋਂ ਇਹ ਕਿਹਾ ਸੀ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਧੌਣ ਲਾਹ ਦੇਵੇਗਾ ਤਾਂ ਉਦੋਂ ਸਾਰੀ ਅਕਾਲੀ ਲੀਡਰਸ਼ਿਪ ਦੇ ਮੂੰਹ ਵਿਚ ਘੁੰਗਣੀਆਂ ਕਿਉਂ ਪਈਆਂ ਰਹੀਆਂ ਸਨ? ਕੀ ਉਹ ਨਹੀਂ ਸੀ ਜਾਣਦੇ ਕਿ ਕਿਸੇ ਨੂੰ ਕਤਲ ਕਰਨਾ ਜਾਂ ਕਤਲ ਦੀ ਧਮਕੀ ਦੇਣਾ ਦੋਵੇਂ ਕਾਨੂੰਨੀ ਜੁਰਮ ਹਨ?

ਅਸਲ ਵਿਚ ਅਕਾਲੀ ਲੀਡਰਸ਼ਿਪ ਨੇ ਕਾਨੂੰਨ ਦੇ ਅਰਥਾਂ ਦੇ ਹੀ ਅਨਰਥ ਕਰ ਛੱਡੇ ਹਨ। ਸਾਡੇ ਕੋਲ ਕੁਝ ਉਹ ਮਿਸਾਲਾਂ ਹਨ, ਜਿਹੜੀਆਂ ਤਾਜ਼ਾ ਹਨ ਤੇ ਅਕਾਲੀ ਲੀਡਰਸ਼ਿਪ ਦੇ ਇਸ ਵਿਹਾਰ ਨੂੰ ਸਪੱਸ਼ਟ ਕਰਦੀਆਂ ਹਨ।

ਜਦੋਂ ਲੁਧਿਆਣੇ ਵਿਚ ਇੱਕ ਮੈਜਿਸਟਰੇਟ ਨੂੰ ਸਰੇਆਮ ਕੁੱਟਿਆ ਗਿਆ ਤਾਂ ਉਸ ਤੋਂ ਬਾਅਦ ਬਠਿੰਡੇ ਵਿਚ ਵੀ ਅਕਾਲੀਆਂ ਨੇ ਸ਼ਰਮ ਦਾ ਛਿੱਕਾ ਲਾਹ ਦਿੱਤਾ ਸੀ। ਇੱਕ ਸਾਬਕਾ ਅਕਾਲੀ ਮੰਤਰੀ ਨੇ ਇੱਕ ਸਮਾਗਮ ਸਮੇਂ ਮੁਜ਼ਾਹਰਾ ਕਰਦੀਆਂ ਨੌਜਵਾਨ ਕੁੜੀਆਂ ਨੂੰ ਆਪ ਚਪੇੜਾਂ ਮਾਰੀਆਂ ਸਨ ਅਤੇ ਸਰਕਾਰ ਨੇ ਇਸ ਉਤੇ ਅਫਸੋਸ ਜ਼ਾਹਰ ਕਰਨਾ ਵੀ ਜ਼ਰੂਰੀ ਨਹੀਂ ਸੀ ਸਮਝਿਆ। ਉਸ ਸਾਬਕਾ ਮੰਤਰੀ ਦਾ ਆਪਣਾ ਕਿਰਦਾਰ ਇਹ ਹੈ ਕਿ ਇਕ ਵਾਰੀ ਉਸ ਨੇ ਕੈਨੇਡਾ ਦੇ ਇੱਕ ਰੇਡੀਓ ਦੇ ਲਾਈਵ ਪ੍ਰੋਗਰਾਮ ਵਿਚ ਇੱਕ ਕਾਂਗਰਸੀ ਆਗੂ ਦਾ ਨਾਂ ਲੈ ਕੇ ਦੋ ਵਾਰੀ ਗੰਦੀ ਗਾਲ੍ਹ ਕੱਢ ਦਿੱਤੀ ਤੇ ਫਿਰ ਦੋ ਦਿਨ ਮੁੜ-ਮੁੜ ਮੁਆਫੀਆਂ ਮੰਗਦਾ ਰਿਹਾ ਸੀ। ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਚੌਥੀ ਵਾਰ ਰਾਜ ਕਰਦਿਆਂ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕੀਤੀ, ਇਸ ਤੋਂ ਹੋਰ ਅਕਾਲੀ ਆਗੂ ਵੀ ਆਪਣੇ ਆਪ ਨੂੰ ਥਾਣੇਦਾਰ ਮੰਨ ਕੇ ਤੁਰ ਪਏ।

ਜਿੱਥੇ ਕਿਤੇ ਕੋਈ ਸਭਾ ਹੁੰਦੀ ਹੈ, ਉਥੇ ਜਾ ਕੇ ਮੁਜ਼ਾਹਰਾ ਕਰਦੇ ਲੋਕਾਂ ਲਈ ਕੋਈ ਮਰਿਆਦਾ ਮਿੱਥਣ ਦੀ ਗੱਲ ਕਈ ਲੋਕ ਕਰਦੇ ਹਨ ਤੇ ਅਸੀਂ ਵੀ ਸਮਝਦੇ ਹਾਂ ਕਿ ਇਹ ਮਿੱਥੀ ਜਾਣੀ ਚਾਹੀਦੀ ਹੈ ਪਰ ਜਦੋਂ ਤੱਕ ਮਿੱਥੀ ਨਾ ਜਾਵੇ, ਮੁਜ਼ਾਹਰਾ ਕਰਦੇ ਲੋਕਾਂ ਨਾਲ ਨਜਿੱਠਣਾ ਪੁਲਿਸ ਦਾ ਕੰਮ ਹੈ, ਇਹ ਜ਼ਿੰਮੇਵਾਰੀ ਕਿਸੇ ਪਾਰਟੀ ਦੇ ਲੱਠ-ਮਾਰਾਂ ਨੂੰ ਨਹੀਂ ਦਿੱਤੀ ਜਾ ਸਕਦੀ। ਬਠਿੰਡੇ ਤੋਂ ਬਾਅਦ ਹੁਣ ਇਹ ਮੁੱਖ ਮੰਤਰੀ ਦੇ ਆਪਣੇ ਇਲਾਕੇ ਵਿਚ ਹੋ ਗਿਆ ਹੈ। ਇਥੇ ਮੁਜ਼ਾਹਰਾ ਕਰਦੀ ਇੱਕ ਕੁੜੀ ਨੂੰ ਇੱਕ ਬਦਤਮੀਜ਼ ਸਰਪੰਚ ਨੇ ਥੱਪੜ ਕੱਢ ਮਾਰਿਆ ਅਤੇ ਨਾ ਦੱਸੀਆਂ ਜਾਣ ਵਾਲੀਆਂ ਗੰਦੀਆਂ ਗਾਲ੍ਹਾਂ ਵੀ ਕੱਢੀਆਂ। ਜ਼ਮਾਨਤ ਕਰਵਾਉਣ ਪਿੱਛੋਂ ਉਹ ਸਰਪੰਚ ਇਹ ਕਹਿੰਦਾ ਹੈ ਕਿ ਮੁੱਖ ਮੰਤਰੀ ਦਾ ਪਰਿਵਾਰ ਮੇਰੀ ਪਿੱਠ ਉਤੇ ਹੈ ਤੇ ਹੋਰ ਕਿਸੇ ਦੀ ਮੈਨੂੰ ਪ੍ਰਵਾਹ ਨਹੀਂ। ਕੀ ਮੁੱਖ ਮੰਤਰੀ ਨੂੰ ਇਹ ਵੀ ਪਤਾ ਨਹੀਂ ਕਿ ਪੰਜਾਬ ਵਿਚ ਲੋਕ ਧੀਆਂ ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰਦੇ ਹੁੰਦੇ? ਕੀ ਇੱਜ਼ਤ ਸਿਰਫ ਇੱਕੋ ਘਰ ਦੇ ਜੀਆਂ ਦੀ ਰਹਿ ਗਈ ਹੈ, ਹੋਰ ਲੋਕਾਂ ਨੂੰ ਬੇਗੈਰਤੇ ਮੰਨ ਲਿਆ ਹੈ? ਜੇ ਅਜਿਹਾ ਨਹੀਂ ਤਾਂ ਜਦੋਂ ਬਾਦਲ ਸਾਹਿਬ ਅਬੁਲ ਖੁਰਾਣਾ ਪਿੰਡ ਵਿਚ ਗਏ ਅਤੇ ਉਸ ਕੁੜੀ ਨੂੰ ਮਿਲੇ ਸਨ, ਉਨ੍ਹਾਂ ਦੇ ਮੂੰਹੋਂ ਉਸ ਸਰਪੰਚ ਦੀ ਬਦਤਮੀਜ਼ੀ ਬਾਰੇ ਦੋ ਲਫਜ਼ ਕਿਉਂ ਨਹੀਂ ਸਨ ਨਿਕਲੇ? ਉਹ ਏਨੀ ਫਰਾਖਦਿਲੀ ਵੀ ਕਿਉਂ ਨਾ ਵਿਖਾ ਸਕੇ ਕਿ ਉਸ ਕੁੜੀ ਦੀਆਂ ਸਾਥਣਾਂ ਦੀ ਗੱਲ ਹੀ ਸੁਣ ਲੈਂਦੇ? ਇਸ ਦੀ ਥਾਂ ਉਨ੍ਹਾਂ ਨੇ ਆਪਣੇ ਡਰਾਈਵਰ ਨੂੰ ਕਾਰ ਚਲਾਉਣ ਦਾ ਉਹ ਹੁਕਮ ਕਿਉਂ ਦੇ ਦਿੱਤਾ, ਜਿਸ ਦੇ ਰੋਹਬ ਹੇਠ ਉਸ ਨੇ ਅੱਗੇ ਲੇਟ ਗਈਆਂ ਕੁੜੀਆਂ ਉਤੇ ਕਾਰ ਚੜ੍ਹਾ ਕੇ ਦੋ ਜਣੀਆਂ ਨੂੰ ਗੰਭੀਰ ਜ਼ਖਮੀ ਕਰਨ ਤੋਂ ਵੀ ਝਿਜਕ ਨਹੀਂ ਸੀ ਵਿਖਾਈ?

ਰਾਜ ਦਾ ਹੱਠ ਬੜਾ ਮਾੜਾ ਹੁੰਦਾ ਹੈ। ਇਹ ਹੱਠ ਇਸ ਵੇਲੇ ਬਾਦਲ ਸਰਕਾਰ ਤੇ ਬਾਦਲ ਪਰਿਵਾਰ ਦੇ ਵਫਾਦਾਰਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਉਹ ਪੰਜਾਬ ਨੂੰ ਆਪਣੀ ਚਾਰੇ-ਚੱਕ ਜਗੀਰ ਸਮਝ ਬੈਠੇ ਹਨ। ਯੁੱਗ ਲੋਕ-ਰਾਜ ਦਾ ਹੈ, ਜਿਸ ਵਿਚ ਲੋਕਾਂ ਨੂੰ ਜਦੋਂ ਗੁੱਸਾ ਆਉਂਦਾ ਹੈ ਤਾਂ ਉਹ ਪਲਟੀਆਂ ਮਰਵਾ ਦੇਂਦੇ ਹੁੰਦੇ ਹਨ। ਬਾਦਲ ਸਾਹਿਬ ਉਪਰੋਂ ਪ੍ਰਭਾਵ ਇਹੋ ਦੇ ਰਹੇ ਹਨ ਕਿ ਉਨ੍ਹਾਂ ਨੂੰ ਕਿਸੇ ਗੱਲ ਦੀ ਚਿੰਤਾ ਨਹੀਂ ਅਤੇ ਮੁੜ ਕੇ ਵੀ ਸੱਤਾ ਉਨ੍ਹਾਂ ਦੇ ਕੋਲ ਹੀ ਰਹਿਣੀ ਹੈ, ਪਰ ਅੰਦਰ ਦੀ ਹਾਲਤ ਇਹ ਹੈ ਕਿ ਪੰਜਾਬ ਤਾਂ ਪਰੇ ਰਿਹਾ, ਪੈਰ ਮੁਕਤਸਰ ਜ਼ਿਲ੍ਹੇ ਵਿਚ ਵੀ ਜੰਮੇ ਰਹਿਣ ਜਾਂ ਨਾ ਰਹਿਣ ਦੀ ਚਿੰਤਾ ਨੇ ਉਨ੍ਹਾਂ ਦੀ ਨੀਂਦ ਉਡਾਈ ਪਈ ਹੈ। ਇਹੋ ਕਾਰਨ ਹੈ ਕਿ ਪਿਛਲੇ ਦਿਨਾਂ ਵਿਚ ਉਨ੍ਹਾਂ ਨੇ ਮੁੱਖ ਮੰਤਰੀ ਦੇ ਅਖਤਿਆਰੀ ਫੰਡ, ਜੋ ਸਾਰੇ ਪੰਜਾਬ ਵਿਚ ਬਿਨਾਂ ਵਿਤਕਰੇ ਤੋਂ ਖਰਚੇ ਜਾਣੇ ਹੁੰਦੇ ਹਨ, ਵਿਚੋਂ 66% ਸਿਰਫ ਮੁਕਤਸਰ ਜ਼ਿਲ੍ਹੇ ਵਿਚ ਵੰਡ ਦਿੱਤੇ ਹਨ। ਪੰਜ ਸਾਲਾਂ ਦੇ ਕੁੱਲ 59 ਕਰੋੜ ਰੁਪਏ ਦੇ ਇਸ ਫੰਡ ਵਿਚੋਂ ਚਾਰ ਵਿਧਾਨ ਸਭਾ ਸੀਟਾਂ ਵਾਲੇ ਮੁਕਤਸਰ ਜ਼ਿਲ੍ਹੇ ਨੂੰ 38.94 ਕਰੋੜ ਰੁਪਏ ਦੇ ਦਿੱਤੇ ਗਏ, ਨੌਂ ਸੀਟਾਂ ਵਾਲੇ ਜਲੰਧਰ ਜ਼ਿਲ੍ਹੇ ਨੂੰ ਸਿਰਫ 25 ਲੱਖ ਅਤੇ ਚੌਦਾਂ ਵਿਧਾਨ ਸਭਾ ਸੀਟਾਂ ਵਾਲੇ ਲੁਧਿਆਣੇ ਜ਼ਿਲ੍ਹੇ ਨੂੰ ਸਿਰਫ 26.5 ਲੱਖ ਰੁਪਏ ਦਿੱਤੇ ਗਏ ਹਨ।

ਇਸ ਤੋਂ ਵੱਧ ਹੈਰਾਨ ਕਰਨ ਵਾਲਾ ਤੱਥ ਇਹ ਹੈ ਕਿ ਪਿਛਲੇ ਸਾਲਾਂ ਵਿਚ ਇਹ ਫੰਡ ਘੱਟ ਸੀ, ਮੌਜੂਦਾ ਸਾਲ ਵਿਚ ਮੁੱਖ ਮੰਤਰੀ ਦੇ ਇਸ ਫੰਡ ਵਿਚ ਵੀਹ ਕਰੋੜ ਰੁਪਏ ਰੱਖ ਦਿੱਤੇ ਗਏ ਤੇ ਇਸ ਵੀਹ ਕਰੋੜ ਵਿਚੋਂ ਅਠਾਰਾਂ ਕਰੋੜ ਰੁਪਏ ਸਿਰਫ ਮੁਕਤਸਰ ਜ਼ਿਲ੍ਹੇ ਵਿਚ ਝੋਕ ਦਿੱਤੇ ਗਏ ਹਨ। ਕੀ ਇਸ ਤੋਂ ਸਾਫ ਨਹੀਂ ਹੁੰਦਾ ਕਿ ਮਨਪ੍ਰੀਤ ਸਿੰਘ ਬਾਦਲ ਦੇ ਵੱਖ ਹੋਣ ਤੇ ਮਾਘੀ ਦੇ ਮੇਲੇ ਮੌਕੇ ਇਨ੍ਹਾਂ ਤੋਂ ਵੱਡੀ ਰੈਲੀ ਕਰ ਜਾਣ ਤੋਂ ਪਿੱਛੋਂ ਸਰਕਾਰ ਦੇ ਮੁਖੀ ਅਤੇ ਉਪ ਮੁਖੀ ਨੂੰ ਆਪਣੇ ਘਰ ਦੀ ਚਿੰਤਾ ਸਤਾਉਣ ਲੱਗ ਪਈ ਸੀ? ਜੇ ਇਸ ਸਾਲ ਵਿਚ ਮੁੱਖ ਮੰਤਰੀ ਫੰਡ ਦੀ ਮੁਕਤਸਰ ਜ਼ਿਲ੍ਹੇ ਵਿਚ ਗਈ ਰਕਮ ਗਿਣੀਏ ਤਾਂ ਉਹ ਨੱਬੇ ਫੀਸਦੀ ਬਣਦੀ ਹੈ ਤੇ ਬਾਕੀ ਸਾਰੇ ਪੰਜਾਬ ਲਈ ਸਿਰਫ ਦਸਵੰਧ ਕੱਢਿਆ ਗਿਆ ਹੈ।

ਅਹੁਦੇ ਦੀ ਸਹੁੰ ਚੁੱਕਣ ਸਮੇਂ ਉਨ੍ਹਾਂ ਕਿਹਾ ਸੀ ਕਿ ਉਹ ਬਿਨਾਂ ਪੱਖ-ਪਾਤ ਤੋਂ ਰਾਜ ਦੀ ਸੇਵਾ ਕਰਨਗੇ। ਜੇ ਉਸ ਸਹੁੰ ਦਾ ਚੇਤਾ ਕਰੀਏ ਤਾਂ ਕੀ ਇਸ ਤੋਂ ਸਾਫ ਨਹੀਂ ਹੁੰਦਾ ਕਿ ਸਾਰਾ ਪੰਜਾਬ ਛੱਡ ਕੇ ਸ਼ੀਰਨੀ ਸਿਰਫ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਮੁਕਤਸਰ 'ਚ ਵੰਡੀ ਗਈ ਹੈ? ਪੱਖ-ਪਾਤ ਨਾ ਕਰਨ ਦੀ ਸਹੁੰ ਚੁੱਕ ਕੇ ਪੱਖ-ਪਾਤ ਕਰਨਾ ਵੀ ਇੱਕ ਤਰ੍ਹਾਂ ਦਾ ਭ੍ਰਿਸ਼ਟਾਚਾਰ ਹੈ, ਪਰ ਇਸ ਦੇ ਬਾਵਜੂਦ ਜੇ ਮੁੱਖ ਮੰਤਰੀ ਬਾਦਲ ਸਾਹਿਬ ਸਭ ਤੋਂ ਉਚੀ ਸੁਰ ਵਿਚ ਅੰਨਾ ਹਜ਼ਾਰੇ ਨੂੰ ਕਹਿੰਦੇ ਹਨ ਕਿ 'ਭ੍ਰਿਸ਼ਟਾਚਾਰ ਕਰਨ ਵਾਲੇ ਨੂੰ ਫਾਂਸੀ ਲਾ ਦੇਣਾ ਚਾਹੀਦਾ ਹੈ' ਤਾਂ ਇਹੋ ਕਿਹਾ ਜਾ ਸਕਦਾ ਹੈ: ਆਮੀਨ!!


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਪੈਰਾਂ ਨੂੰ ਬਣਾ ਕੇ ਦੀਵੇ, ਚਲੋ ਲੰਘ ਜਾਈਏ ਰਾਤਾਂ...

**ਹਰਜਿੰਦਰ ਦੁਸਾਂਝ**

"ਨਾਂ ਦੀ ਜ਼ਰੂਰਤ ਪੈਦਾ ਹੋਣ ਲਈ ਨਹੀਂ, ਮਰਨ ਲਈ ਹੁੰਦੀ ਹੈ। ਪੈਦਾ ਤਾਂ ਸਭ ਇਨਸਾਨ ਦੇ ਬੱਚੇ ਹੁੰਦੇ ਹਨ। ਮਰਨ ਤੱਕ ਉਹ ਹਿੰਦੂ, ਮੁਸਲਿਮ, ਇਸਾਈ ਤੇ ਕਈ ਕੁਝ ਹੋਰ ਬਣ ਜਾਂਦੇ ਹਨ।" ਇਨ੍ਹਾਂ ਸਤਰਾਂ ਨਾਲ ਸ਼ੁਰੂ ਹੁੰਦਾ ਹੈ, ਭਾਰਤੀ ਸਾਹਿਤ ਦਾ ਸ਼ਾਹਕਾਰ ਨਾਵਲ 'ਟੋਪੀ ਸ਼ੁਕਲਾ'। ਇਹ ਨਾਵਲ ਅਜਿਹੇ ਅਧਿਆਪਕ ਦੀ ਕਹਾਣੀ ਹੈ ਜੋ ਮਜ਼ਹਬੀ ਹੋਣ ਤੋਂ ਪਹਿਲਾਂ ਇਨਸਾਨ ਬਣ ਕੇ ਜਿਉਣਾ ਚਾਹੁੰਦਾ ਹੈ ਪਰ ਮਹਿਜ ਉਸ ਦੀ ਟੋਪੀ ਦੀ ਬਣਤਰ, ਉਸ ਉਤੇ ਕਦੇ ਹਿੰਦੂ, ਕਦੇ ਮੁਸਲਮਾਨ ਤੇ ਕਦੇ ਇਸਾਈ ਹੋਣ ਦੀ ਮੋਹਰ ਲਾਉਂਦੀ ਰਹਿੰਦੀ ਹੈ। ਉਹ ਕਿਸੇ ਮਜ਼ਹਬੀ ਪਛਾਣ ਤੋਂ ਬਚਣ ਲਈ ਟੋਪੀ ਬਦਲਦਾ ਰਹਿੰਦਾ ਹੈ ਪਰ ਟੋਪੀ ਦੇ ਬਦਲਣ ਨਾਲ ਹੀ ਉਸ ਦੀ ਮਜ਼ਹਬੀ ਪਛਾਣ ਬਦਲ ਜਾਂਦੀ ਹੈ। ਟੋਪੀ ਦੀ ਬਣਤਰ ਕਾਰਨ ਹੀ ਉਹ ਪੂਰੀ ਜ਼ਿੰਦਗੀ ਮਾਨਸਿਕ ਤਸ਼ੱਦਦ ਸਹਿੰਦਾ ਹੈ। ਇਸ ਨਾਵਲ ਦਾ ਰਚੈਤਾ ਹੈ ਦੁਨੀਆਂ ਨੂੰ ਪਾਗਲ ਕਰਨ ਵਾਲੇ ਟੀ.ਵੀ. ਸੀਰੀਅਲ 'ਮਹਾਭਾਰਤ' ਦੇ ਡਾਇਲਾਗ ਲਿਖਣ ਵਾਲਾ ਮਹਾਨ ਲੇਖਕ ਰਾਹੀ ਮਾਸੂਮ ਰਜ਼ਾ।

ਟੀ.ਵੀ. ਸੀਰੀਅਲ 'ਮਹਾਭਾਰਤ' ਦੀ ਅਥਾਹ ਸਫਲਤਾ ਪਿਛੋਂ ਮਰਹੂਮ ਰਾਹੀ ਮਾਸੂਮ ਰਜ਼ਾ ਦੀ ਇੰਟਰਵਿਊ ਕਰਨ ਵਾਲੇ ਵਾਰ-ਵਾਰ ਉਹੀ ਘਸੇ-ਪਿਟੇ ਸੁਆਲ ਪੁੱਛਦੇ, "ਤੁਸੀਂ ਕਾਮਰੇਡ ਹੋ, ਨਾਸਤਕ ਹੋ, ਮੁਸਲਮਾਨ ਹੋ, ਇਸ ਦੇ ਬਾਵਜੂਦ 'ਮਹਾਭਾਰਤ' ਸੀਰੀਅਲ ਦੇ ਡਾਇਲਾਗ ਕਿਉਂ ਲਿਖੇ?"

ਉਸ ਦਾ ਹਰ ਵਾਰ ਇਹੋ ਜੁਆਬ ਹੁੰਦਾ, ਸਭ ਤੋਂ ਪਹਿਲਾਂ ਉਹ ਇਨਸਾਨ ਹੈ। ਇਨਸਾਨ ਹੋਣ ਦੇ ਨਾਤੇ 'ਮਹਾਭਾਰਤ' ਦੇ ਡਾਇਲਾਗ ਲਿਖੇ ਹਨ। ਫਿਰ ਕਹਿੰਦਾ, ਉਹ ਪ੍ਰਤੀਬੱਧ ਮਾਰਕਸਵਾਦੀ ਹੈ। ਉਸ ਨੇ ਹਰ ਡਾਇਲਾਗ ਕਾਰਲ ਮਾਰਕਸ ਦੀ ਸੋਚ ਦੀ ਲੋਅ 'ਚ ਲਿਖਿਆ ਹੈ। ਅੱਗੇ ਕਹਿੰਦਾ, ਉਹ ਮੁਸਲਮਾਨ, ਨਾਸਤਕ, ਕਾਮਰੇਡ ਜਾਂ ਕੁਝ ਹੋਰ ਹੋਣ ਤੋਂ ਪਹਿਲਾਂ ਭਾਰਤੀ ਹੈ। 'ਮਹਾਭਾਰਤ' ਹਿੰਦੂਆਂ ਦੀ ਕਹਾਣੀ ਨਹੀਂ ਸਗੋਂ ਭਾਰਤੀ ਲੋਕਧਾਰਾ ਦੀ ਵੱਡਮੁੱਲੀ ਸਾਹਿਤਕ ਕ੍ਰਿਤ ਹੈ।

ਗੰਗਾ ਤੇ ਬ੍ਰਹਮਪੁੱਤਰ ਦਰਿਆ, ਵੇਦ, ਮਹਾਭਾਰਤ, ਰਮਾਇਣ ਤੇ ਗੀਤਾ ਆਦਿ ਭਾਰਤੀ ਸੱਭਿਅਤਾ ਦਾ ਇਤਿਹਾਸ ਤੇ ਮਿਥਿਹਾਸ ਹੈ ਪਰ ਮਹਾਭਾਰਤ ਦੇ ਡਾਇਲਾਗ ਲਿਖਣ ਤੋਂ ਬਾਅਦ ਉਸ ਦੀ ਆਪਣੀ ਮਾਨਸਿਕ ਹਾਲਤ ਵੀ ਮਹਾਭਾਰਤ ਦੇ ਡਾਇਲਾਗ ਲਿਖਣ ਤੋਂ ਪਹਿਲਾਂ ਲਿਖੇ ਨਾਵਲ 'ਟੋਪੀ ਸ਼ੁਕਲਾ' ਵਿਚ ਆਪਣੇ ਸਿਰਜੇ ਪਾਤਰ ਸ੍ਰੀ ਸ਼ੁਕਲਾ ਵਰਗੀ ਹੀ ਹੋ ਗਈ ਜਾਪਦੀ ਸੀ। ਇੰਟਰਵਿਊ ਕਰਨ ਵਾਲਿਆਂ ਨੂੰ ਕਹਿਣ ਲੱਗਾ ਕਿ ਮਹਾਭਾਰਤ ਬਾਰੇ ਮੁੜ ਉਹੀ ਘਸੇ-ਪਿਟੇ ਸੁਆਲ ਨਾ ਪੁੱਛਿਓ। ਡਾਇਲਾਗ ਲਿਖਣ ਪਿਛੋਂ ਉਹ ਕੱਟੜ ਮੁਸਲਮਾਨਾਂ ਨੂੰ ਹਿੰਦੂ ਜਾਪਣ ਲੱਗਾ ਤੇ ਕੱਟੜ ਹਿੰਦੂਆਂ ਨੂੰ ਜਦ ਉਸ ਦੇ ਮਾਰਕਸੀ ਤੇ ਉਸ ਦੀ ਨਾਸਤਿਕਤਾ ਦਾ ਪਤਾ ਲੱਗਣ ਲੱਗਾ ਤਾਂ ਉਨ੍ਹਾਂ ਨੂੰ ਵੀ ਉਹ ਕੋਈ ਸਾਜ਼ਿਸ਼ੀ ਲੱਗਣ ਲੱਗਾ। ਕਈ ਕਾਮਰੇਡਾਂ ਲਈ ਵੀ ਉਹ ਵਿਗੜਿਆ ਹੋਇਆ ਕਾਮਰੇਡ ਬਣ ਗਿਆ, ਹਾਲਾਂਕਿ ਉਹ ਕਮਿਊਨਿਸਟ ਪਾਰਟੀਆਂ ਨੂੰ ਅਲਵਿਦਾ ਬਹੁਤ ਦੇਰ ਪਹਿਲਾਂ ਹੀ ਕਹਿ ਆਇਆ ਸੀ। ਚੜ੍ਹਦੀ ਉਮਰੇ ਭਾਰਤੀ ਕਮਿਊਨਿਸਟ ਪਾਰਟੀ (ਉਦੋਂ ਇਕੋ ਪਾਰਟੀ ਸੀ) ਦਾ ਕੁੱਲਵਕਤੀ ਮੈਂਬਰ ਬਣਨ ਵਾਲਾ 'ਰਾਹੀ' ਕਮਿਊਨਿਸਟ ਲੀਡਰਾਂ ਦੀ ਤੰਗਦਿਲੀ ਵਾਲੇ ਰਵੱਈਏ ਕਾਰਨ ਪਾਰਟੀਆਂ ਦੇ ਬੰਧੇਜ ਵਿਚ ਤਾਂ ਨਾ ਬੱਝਿਆ ਪਰ ਮਾਰਕਸੀ ਰਾਹਾਂ ਦਾ ਪਾਂਧੀ (ਰਾਹੀ) ਤਾ-ਜ਼ਿੰਦਗੀ ਬਣਿਆ ਰਿਹਾ।

ਉਹ ਅਕਸਰ ਕਹਿੰਦਾ, 'ਮਹਾਭਾਰਤ' ਦੇ ਡਾਇਲਾਗ ਲਿਖ ਕੇ ਮਾਰਕਸਵਾਦ ਦਾ ਜਿੰਨਾ ਪ੍ਰਚਾਰ ਉਸ ਨੇ ਕੀਤਾ, ਸ਼ਾਇਦ ਉਨਾ ਕਿਸੇ ਪਾਰਟੀ ਦਾ ਮੈਂਬਰ ਬਣਿਆ ਰਹਿ ਕੇ ਨਾ ਕਰ ਸਕਦਾ। ਦੁਨੀਆਂ ਦੀ ਹਰ ਮੁਸ਼ਕਿਲ ਦਾ ਹੱਲ ਮਾਰਕਸੀ ਸੋਚ ਵਿਚੋਂ ਲੱਭਣ ਵਾਲੇ ਮੇਰੇ ਇਕ ਪਰਮ ਮਿੱਤਰ ਟੋਰਾਂਟੋ ਵਾਲੇ ਪਵਨਜੀਤ ਨੂੰ ਫੋਨ ਘੁੰਮਾਇਆ ਤਾਂ ਉਹ ਭਗਵਦ ਗੀਤਾ ਦਾ ਪੰਜਾਬੀ ਅਨੁਵਾਦ ਪੜ੍ਹ ਰਿਹਾ ਸੀ। ਸ਼ਾਇਦ ਉਹ ਗੀਤਾ ਵਿਚੋਂ ਵੀ ਮਾਰਕਸ ਲੱਭਦਾ ਹੋਵੇ! ਗੱਲ ਗੀਤਾ ਤੋਂ ਸ਼ੁਰੂ ਹੋ ਕੇ ਬਰਾਸਤਾ 'ਮਹਾਭਾਰਤ' ਰਾਹੀ ਮਾਸੂਮ ਰਜ਼ਾ 'ਤੇ ਜਾ ਪਹੁੰਚੀ। ਫਿਰ ਗੱਲ ਚੱਲੀ ਉਸ ਦੇ ਨਾਵਲ 'ਟੋਪੀ ਸ਼ੁਕਲਾ' ਦੀ।

ਹਾਂ, ਗੱਲ ਕਰ ਰਹੇ ਸਾਂ ਨਾਵਲ ਦੀਆਂ ਜ਼ਬਰਦਸਤ ਸ਼ੁਰੂਆਤੀ ਲਾਇਨਾਂ ਦੀ, ਜਿੱਥੇ ਉਹ ਕਹਿੰਦਾ ਹੈ, "ਨਾਂ ਦੀ ਜ਼ਰੂਰਤ ਤਾਂ ਮਰਨ ਲਈ ਹੁੰਦੀ ਹੈ, ਪੈਦਾ ਹੋਣ ਲਈ ਨਹੀਂ। ਪੈਦਾ ਤਾਂ ਸਭ ਇਨਸਾਨ ਦੇ ਬੱਚੇ ਹੁੰਦੇ ਹਨ।"

ਨਾਵਲ ਬਾਰੇ ਫੋਨ ਚਰਚਾ ਬੰਦ ਕਰਨ ਪਿੱਛੋਂ ਮੈਂ ਆਪਣੇ ਫੋਨ ਉਤੇ ਇੰਟਰਨੈਟ ਖੋਲ੍ਹਦਾ ਹਾਂ ਤੇ ਫੋਨ ਦੀ ਛੋਟੀ ਜਿਹੀ ਖਿੜਕੀ ਉਤੇ ਬੀ.ਬੀ.ਸੀ. ਦੀਆਂ ਭਾਰਤ ਬਾਰੇ ਖ਼ਬਰਾਂ ਦੇਖੀਆਂ। ਦੋ ਦਸੰਬਰ ਦੇ ਦਿਨ ਬੀ.ਬੀ.ਸੀ. ਦੀ ਭਾਰਤ ਬਾਰੇ ਮੁੱਖ ਖ਼ਬਰ ਸੀ, ਉਤਰ ਪ੍ਰਦੇਸ਼ (ਯੂ.ਪੀ.) ਦੇ ਬਸਤੀ ਜ਼ਿਲ੍ਹੇ ਦੇ ਪਿੰਡ ਰੁਦਰਪੁਰ 'ਚ ਚੌਦਾਂ ਸਾਲ ਦੇ ਦਲਿਤ ਮੁੰਡੇ ਨੂੰ ਸਿਰਫ਼ ਇਸ ਲਈ ਮਾਰ ਦਿੱਤਾ ਗਿਆ ਕਿ ਉਸ ਦਾ ਨਾਂ ਪਿੰਡ ਦੇ ਚੌਧਰੀ ਦੇ ਮੁੰਡੇ ਵਾਲਾ ਸੀ। ਇਸ ਦਲਿਤ ਮੁੰਡੇ ਦੇ ਬਾਪ ਰਾਮ ਸੁੰਮਰ ਦੇ ਦੱਸਣ ਮੁਤਾਬਿਕ ਉਸ ਦੇ ਦੋ ਪੁੱਤਰਾਂ ਦੇ ਨਾਂ ਨੀਰਜ ਅਤੇ ਧੀਰਜ ਸਨ। ਪਿੰਡ ਦੇ ਜਵਾਹਰ ਚੌਧਰੀ ਦੇ ਦੋ ਮੁੰਡਿਆਂ ਦੇ ਵੀ ਇਹੋ ਨਾਂ ਹਨ। ਚੌਧਰੀ, ਰਾਮ ਸੁੰਮਰ ਉਤੇ ਪਿਛਲੇ ਲੰਬੇ ਸਮੇਂ ਤੋਂ ਦਬਾਅ ਪਾ ਰਿਹਾ ਸੀ ਕਿ ਉਹ ਆਪਣੇ ਪੁੱਤਰਾਂ ਦੇ ਨਾਂ ਬਦਲ ਲਵੇ ਕਿਉਂਕਿ ਚੌਧਰੀ ਨੂੰ ਇਹ ਬੁਰਾ ਲੱਗ ਰਿਹਾ ਸੀ ਕਿ ਪਿੰਡ ਦੇ ਕਿਸੇ ਦਲਿਤ ਦੇ ਬੱਚਿਆਂ ਦੇ ਨਾਂ ਉਸ ਦੇ 'ਕਾਕਿਆਂ' ਨਾਲ ਮੇਲ ਖਾਂਦੇ ਹੋਣ। ਨਾਂ ਬਦਲਣ ਲਈ ਚੌਧਰੀ ਦੇ ਨਾਲ ਉਸ ਦੇ ਕਾਕੇ ਅਤੇ ਉਨ੍ਹਾਂ ਦੇ ਪਿਛਲਗ ਧਮਕੀਆਂ ਵੀ ਦੇ ਰਹੇ ਸਨ, ਪਰ 23 ਨਵੰਬਰ ਦੇ ਦਿਨ ਧਮਕੀਆਂ ਹਕੀਕਤ 'ਚ ਬਦਲ ਗਈਆਂ। ਚੌਦਾਂ ਸਾਲਾ ਨੀਰਜ ਆਪਣੇ ਮਿੱਤਰ ਦੇ ਘਰ ਟੀ.ਵੀ. ਦੇਖ ਕੇ ਮੁੜ ਆਪਣੇ ਘਰ ਵੱਲ ਤੁਰਿਆ ਪਰ ਉਹ ਘਰ ਨਾ ਪਹੁੰਚ ਸਕਿਆ, ਕਿਧਰੇ ਰਸਤੇ ਵਿਚ ਹੀ ਗੁੰਮ ਹੋ ਗਿਆ।

ਅਗਲੀ ਸਵੇਰ ਉਸ ਦੀ ਲਾਸ਼ ਪਿੰਡ ਦੇ ਖੇਤਾਂ 'ਚ ਮਿਲੀ। ਇਲਾਕੇ ਦਾ ਥਾਣੇਦਾਰ ਕਹਿ ਰਿਹਾ ਸੀ ਕਿ ਤਫ਼ਤੀਸ਼ ਜਾਰੀ ਹੈ! ਚੌਧਰੀ ਦੇ ਕਾਕੇ ਨੀਰਜ ਤੇ ਧੀਰਜ ਫਰਾਰ ਹਨ ਪਰ 'ਕਾਕਿਆਂ' ਦੇ 'ਕਾਕੇ' ਮਿੱਤਰ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਕਾਰਾ ਚੌਧਰੀ ਦੇ ਕਾਕਿਆਂ ਦਾ ਹੀ ਹੈ। ਉਹ ਵੀ ਸਿਰਫ਼ ਇਸ ਲਈ ਕਿ ਕਿਸੇ ਦਲਿਤ ਦੇ ਬੱਚੇ ਉਨ੍ਹਾਂ ਦੇ ਸਿਰਨਾਂਵੀਏ ਸਨ। ਇਹ ਭਾਣਾ ਉਸ ਸੂਬੇ 'ਚ ਵਾਪਰਿਆ ਜਿਥੋਂ ਦੀ ਮੁੱਖ ਮੰਤਰੀ ਦਲਿਤ ਨੇਤਾ ਮਾਇਆਵਤੀ ਹੈ। ਇਸ ਕੇਸ 'ਚ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਕੁਮਾਰੀ ਮਾਇਆਵਤੀ, ਮਾਇਆਵਾਨ ਦਲਿਤਾਂ ਲਈ ਮੁੱਖ ਮੰਤਰੀ ਹੈ, ਤੇ ਉਸ ਦੀ ਪਾਰਟੀ ਮਾਇਆਧਾਰੀ ਦਲਿਤਾਂ ਦੀ ਰਖਵਾਲ ਹੈ। ਆਮ ਦਲਿਤ ਤਾਂ ਅੱਜ ਵੀ ਦਰੜੇ ਜਾ ਰਹੇ ਹਨ। ਉਨ੍ਹਾਂ ਨੂੰ ਤਾਂ ਸਗੋਂ ਦੋਹਰੀ ਮਾਰ ਪੈ ਰਹੀ ਹੈ; ਇਕ ਆਪਣੇ ਹੀ ਭਾਈਚਾਰੇ ਦੇ ਮਾਇਆਧਾਰੀ ਦਲਿਤਾਂ ਤੋਂ, ਤੇ ਦੂਜੇ ਆਪਣੇ ਆਪ ਨੂੰ ਅਖੌਤੀ ਸਵਰਨ ਜਾਤੀ ਸਮਝਣ ਵਾਲੇ ਸੰਕੀਰਨ ਸੋਚ ਵਾਲਿਆਂ ਤੋਂ। ਮੁੱਖ ਮੰਤਰੀ ਦਾ ਨਾਂ ਮਾਇਆਵਤੀ ਹੈ। ਉਹ ਤਾਂ ਆਪਣੇ ਨਾਂ ਦੀ ਲਾਜ ਹੀ ਰੱਖ ਰਹੀ ਹੈ ਤਾਂ ਕਿ ਕੱਲ੍ਹ ਨੂੰ ਕਿਸੇ ਗਰੀਬ ਦਾਸ ਦੇ ਕਰੋੜਾਂਪਤੀ ਹੋਣ ਅਤੇ ਕਿਸੇ ਕਰੋੜੀ ਮੱਲ ਜਾਂ ਅਮੀਰ ਚੰਦ ਦੇ ਨੰਗ ਹੋਣ ਵਾਲਾ ਜੁਮਲਾ ਝੂਠਾ ਕਰ ਸਕੇ।

ਜਿਹੜੇ ਲੋਕ ਦਲਿਤਾਂ ਵਿਚ ਚੇਤਨਾ ਪੈਦਾ ਕਰਨ ਦੀ ਗੱਲ ਕਰਦੇ ਹਨ, ਉਹ ਤਾਂ ਅੱਜ ਵੀ ਠੋਕਰਾਂ ਖਾ ਰਹੇ ਹਨ। ਇਨ੍ਹਾਂ ਠੋਕਰਾਂ ਦੇ ਬਾਵਜੂਦ ਉਹ ਚੇਤਨਾ ਦੀ ਚਿਣਗ ਹੱਥਾਂ ਵਿਚ ਲਈ ਸੰਘਰਸ਼ ਕਰ ਰਹੇ ਹਨ।

ਦੋ ਦਸੰਬਰ ਦੇ ਹੀ ਦਿਨ ਬੀ.ਬੀ.ਸੀ. ਦੀ ਵੈਬਸਾਈਟ ਉਤੇ ਅਗਲੀ ਖ਼ਬਰ ਵੀ ਦਲਿਤਾਂ ਬਾਰੇ ਹੀ ਸੀ ਜਿਹੜੀ ਕਰਨਾਟਕ ਦੇ ਉਸ ਮੰਦਰ ਬਾਰੇ ਹੈ ਜਿੱਥੇ ਉਚੀ ਜਾਤੀ ਦੇ ਲੋਕਾਂ ਵਲੋਂ ਖਾਣਾ ਖਾਣ ਤੋਂ ਬਾਅਦ ਉਨ੍ਹਾਂ ਦੇ ਜੂਠੇ ਪੱਤਲਾਂ (ਡੂਨਿਆਂ) ਉਤੇ ਦਲਿਤ ਲੋਕ ਲੇਟਦੇ ਹਨ। ਇਸ ਰਸਮ ਨੂੰ ਸਥਾਨਕ ਲੋਕ 'ਮੇਦ ਸਨਾਨਾ' ਕਹਿੰਦੇ ਹਨ। ਦਲਿਤਾਂ ਦਾ ਭਰਮ ਹੈ ਕਿ ਬ੍ਰਾਹਮਣਾਂ ਦੇ ਜੂਠੇ ਪੱਤਲਾਂ ਉਤੇ ਲੇਟਣ ਨਾਲ ਉਨ੍ਹਾਂ ਨੂੰ ਚਮੜੀ ਦੇ ਰੋਗ ਨਹੀਂ ਹੁੰਦੇ। ਇਲਾਕੇ ਦਾ ਅਗਾਂਹਵਧੂ ਦਲਿਤ ਗੱਭਰੂ ਕੇ.ਸੀ. ਸ਼ਿਵਾਰਾਮੂੰ ਪਿਛਲੇ ਲੰਮੇ ਸਮੇਂ ਤੋਂ ਇਹ ਭਰਮ ਤੋੜਨ ਦਾ ਯਤਨ ਕਰ ਰਿਹਾ ਹੈ। ਉਸ ਨੇ ਸਥਾਨਕ ਅਧਿਕਾਰੀਆਂ ਕੋਲ ਰਿਪੋਰਟ ਦਰਜ ਕਰਵਾਈ ਕਿ ਇਹ ਗੈਰ-ਮਨੁੱਖੀ ਕੰਮ ਹੈ। ਮੰਦਰ ਵਿਚ ਕੇਵਲ ਬ੍ਰਾਹਮਣ ਜਾਤੀ ਦੇ ਲੋਕਾਂ ਨੂੰ ਹੀ ਖਾਣਾ ਪਰੋਸਿਆ ਜਾਂਦਾ ਹੈ। ਦਲਿਤ ਉਨ੍ਹਾਂ ਦੀ ਜੂਠ ਉਤੇ ਲਿਟਦੇ ਹਨ। ਜੂਠ ਉਤੇ ਲਿਟਣ ਵਾਲੇ ਬਹੁਤੇ ਲੋਕ ਕਰਨਾਟਕ ਦੇ ਮਾਲੇ ਕੁਡੀਆ ਕਬੀਲੇ ਦੇ ਲੋਕ ਹੁੰਦੇ ਹਨ।

ਕੇ.ਸੀ. ਸ਼ਿਵਾਰਾਮੂੰ ਦੇ ਸੱਦੇ ਉਤੇ ਬੀਤੇ ਦਿਨੀਂ ਕੁਝ ਪੱਤਰਕਾਰ ਅਤੇ ਅਧਿਕਾਰੀ ਇਸ ਬਾਰੇ ਜਾਣਕਾਰੀ ਲੈਣ ਮੰਦਰ ਗਏ। ਉਨ੍ਹਾਂ ਦੀ ਹਾਜ਼ਰੀ ਵਿਚ ਕੇ.ਸੀ. ਸ਼ਿਵਾਰਾਮੂੰ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਅਧਿਕਾਰੀਆਂ ਤੇ ਪੱਤਰਕਾਰਾਂ ਦੇ ਜਾਣ ਪਿੱਛੋਂ ਉਸ ਦੇ ਆਪਣੇ ਹੀ ਭਾਈਚਾਰੇ ਦੇ ਅੰਧਵਿਸ਼ਵਾਸੀ ਦਲਿਤਾਂ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ-ਮਾਰਿਆ। ਉਨ੍ਹਾਂ ਦਾ ਦੋਸ਼ ਹੈ ਕਿ ਕੇ.ਸੀ. ਸ਼ਿਵਾਰਾਮੂੰ ਉਨ੍ਹਾਂ ਦੇ ਬੱਚਿਆਂ ਨੂੰ ਵਰਗਲਾ ਕੇ ਉਨ੍ਹਾਂ ਦੀਆਂ ਰਵਾਇਤਾਂ ਤੋੜ ਰਿਹਾ ਹੈ ਪਰ ਫੱਟੜ ਹੋਇਆ ਕੇ.ਸੀ. ਸ਼ਿਵਾਰਾਮੂੰ ਕਹਿ ਰਿਹਾ ਹੈ,

ਮਸ਼ਾਲਾਂ ਬਾਲ ਕੇ ਰੱਖਣਾ
ਜਦੋਂ ਤਕ ਰਾਤ ਬਾਕੀ ਹੈ।
ਕਾਸ਼! ਕੇ.ਸੀ. ਦੀ ਮਸ਼ਾਲ,
ਮਾਇਆ ਨੂੰ ਰੌਸ਼ਨ ਕਰ ਦੇਵੇ।

## ਪਾਕਿਸਤਾਨੀ ਬੇਰੁਖ਼ੀ ਨਾਲ ਅਮਰੀਕਾ ਦੀ ਮੁਸੀਬਤ ਵਧੀ

**ਵਾਸ਼ਿੰਗਟਨ:** ਨਾਟੋ ਦੇ ਹਵਾਈ ਹਮਲੇ ਵਿਚ ਆਪਣੇ 24 ਫੌਜੀਆਂ ਦੇ ਮਾਰੇ ਜਾਣ ਤੋਂ ਨਾਰਾਜ਼ ਪਾਕਿਸਤਾਨ ਵੱਲੋਂ ਨਾਟੋ ਤੇ ਅਮਰੀਕਾ ਦੀਆਂ ਅਫ਼ਗਾਨਿਸਤਾਨ ਵਿਚਲੀਆਂ ਫੌਜਾਂ ਦੇ ਸਪਲਾਈ ਰੂਟ ਬੰਦ ਕਰ ਦੇਣ ਬਾਰੇ ਅਮਰੀਕਾ ਫਿਲਹਾਲ ਧੀਰਜ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਂਜ ਇਸ ਕਾਰਨ ਉਸ ਨੂੰ ਹੋਰ ਰਸਤਿਆਂ ਤੋਂ ਸਪਲਾਈ ਭੇਜਣ ਲਈ ਮਜਬੂਰ ਹੋਣਾ ਪਵੇਗਾ ਪਰ ਉਹ ਨਾ ਸਿਰਫ ਮਹਿੰਗਾ ਪਵੇਗਾ ਸਗੋਂ ਸਪਲਾਈ ਪੁੱਜਣ 'ਤੇ ਵਕਤ ਵੀ ਜ਼ਿਆਦਾ ਲੱਗੇਗਾ।

ਜੁਆਇੰਟ ਚੀਫ ਆਫ ਸਟਾਫ ਦੇ ਚੇਅਰਮੈਨ ਜਨਰਲ ਮਾਰਟਿਨ ਡਿੰਪਸੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਵਧੇਰੇ ਫਿਕਰ ਹਵਾਈ ਹਮਲੇ ਦੇ ਨਾਲ ਦੋਹਾਂ ਦੇਸ਼ਾਂ ਦੇ ਰਿਸ਼ਤੇ 'ਤੇ ਪੈਣ ਵਾਲੇ ਅਸਰ ਬਾਰੇ ਵੀ ਹੈ।


ੴ ਸਤਿਗੁਰ ਪ੍ਰਸਾਦਿ॥

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਲੋਂ ਸਾਊਥ-ਵੈਸਟ ਵਰਜੀਨੀਆ ਵਿਚ ਗੁਰੂ ਕਿਰਪਾ ਨਾਲ ਗੁਰੂ ਘਰ ਬਣਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੈਲਮ/ਰੋਆਨੋਕੇ ਇਲਾਕੇ ਦੇ 150 ਮੀਲ ਦੇ ਘੇਰੇ ਵਿਚ ਕੋਈ ਗੁਰਦੁਆਰਾ ਇਮਾਰਤ ਨਹੀਂ ਹੈ।

ਇਸ ਇਲਾਕੇ ਵਿਚ ਸਿੱਖ ਵਸੋਂ ਬਹੁਤ ਹੀ ਘੱਟ ਹੈ ਪਰ ਸੰਗਤਾਂ ਦੇ ਮਨ ਵਿਚ ਆਪਣਾ ਗੁਰੂ ਘਰ ਬਣਾਉਣ ਲਈ ਬੇਪਨਾਹ ਉਤਸ਼ਾਹ ਹੈ। ਗੁਰੂ ਘਰ ਬਣਾਉਣ ਲਈ ਸੰਗਤਾਂ ਨੇ ਕੁਝ ਪੈਸਾ ਜੋੜਿਆ ਹੈ ਪਰ ਅਜੇ ਹੋਰ ਰਕਮ ਦੀ ਲੋੜ ਹੈ। ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮਹਾਨ ਕਾਰਜ ਵਿਚ ਆਪਣੀ ਕਿਰਤ ਕਮਾਈ ਵਿਚੋਂ ਤਿਲ ਫੁਲ ਭੇਟਾ ਕਰਕੇ ਰੋਆਨਕੇ ਤੇ ਸੈਲਮ, ਵਰਜੀਨੀਆ ਦੀਆਂ ਸੰਗਤਾਂ ਦਾ ਹੌਸਲਾ ਵਧਾਇਆ ਜਾਵੇ।

*ਗੁਰੂ ਘਰ ਲਈ ਮਾਇਆ ਭੇਟਾ ਕਰਨ ਵਾਸਤੇ ਸੰਪਰਕ ਕਰੋ:*

**Contact person: Surindra Singh, Text or voice: 540-632-1347**

# Roanoke Gurudwara (VA)

**2803 Fairway Forest Dr., Salem,VA 24153**

# ਅਮਰੀਕੀ ਨੈਸ਼ਨਲ ਟੈਨਿਸ ਸਟਾਰ ਨੂੰ ਗਰਦਨ ਤੇ ਮੋਢੇ ਦੀ ਪੀੜ ਤੋਂ ਸੈਕਰਾਮੈਂਟੋ ਦੇ ਡਾਕਟਰ ਨੇ ਛੁਟਕਾਰਾ ਦਿਵਾਇਆ

**ਸੈਕਰਾਮੈਂਟੋ (ਬਿਊਰੋ):** ਅੰਡਰ-18 ਟੈਨਿਸ ਸਟਾਰ ਲਵਦੀਪ ਸਿੰਘ ਕੈਲੀਫੋਰਨੀਆ ਵਿਚ ਆਪਣੇ ਉਮਰ ਗਰੁਪ ਵਿਚ ਉਪਰਲੇ ਪੰਜਾਂ ਵਿਚ ਆਉਂਦਾ ਸੀ ਪਰ ਉਹ ਮੋਢੇ ਅਤੇ ਗਰਦਨ ਦੀ ਪੀੜ ਤੋਂ ਇੰਨਾ ਦੁਖੀ ਸੀ ਕਿ ਉਸ ਨੂੰ ਉਹ ਖੇਡ ਹੀ ਛੱਡਣੀ ਪਈ ਜਿਸ ਨੂੰ ਉਹ ਅੰਤਾਂ ਦਾ ਪਿਆਰ ਕਰਦਾ ਸੀ। ਲਵਦੀਪ ਸਿੰਘ ਸੈਕਰਾਮੈਂਟੋ 'ਚ ਇਹ ਖੇਡ ਦੇਖਦਾ ਅਤੇ ਆਪਣੇ ਪਿਤਾ ਤੋਂ ਸਿੱਖਦਾ ਵੱਡਾ ਹੋਇਆ ਸੀ। ਉਹ ਕਹਿੰਦਾ ਹੈ ਕਿ ਮੈਂ ਆਪਣੇ ਡੈਡੀ ਨੂੰ ਇਹ ਖੇਡ ਘੰਟਿਆਂ ਬੱਧੀ ਖੇਡਦਿਆਂ ਵੇਖਦਾ ਰਹਿੰਦਾ। ਮੈਨੂੰ ਇਸ ਖੇਡ ਪ੍ਰਤੀ ਬੇਹਦ ਮੋਹ ਜਾਗ ਪਿਆ ਅਤੇ ਬਹੁਤ ਛੋਟੀ ਉਮਰ ਵਿਚ ਹੀ ਮੈਂ ਇਹ ਖੇਡ ਖੇਡਣ ਲੱਗ ਪਿਆ। ਫਿਰ ਇਸ ਖੇਡ ਵਿਚ ਲਗਾਤਾਰ ਅੱਗੇ ਹੀ ਵਧਦਾ ਚਲਾ ਗਿਆ। ਮੈਨੂੰ ਇਸ ਖੇਡ ਦੇ ਜੋਸ਼ ਅਤੇ ਖੇਡ ਖੇਡਦਿਆਂ ਆਉਂਦੇ ਪਸੀਨੇ ਨਾਲ ਮੋਹ ਹੈ। ਟੈਨਿਸ ਕੋਰਟ ਵਿਚ ਰਹਿਣ ਨਾਲ ਮੈਨੂੰ ਕਿਵੇਂ ਲੱਗਦਾ ਹੈ-ਸ਼ਬਦਾਂ ਵਿਚ ਮੈਂ ਇਹ ਦੱਸ ਨਹੀਂ ਸਕਦਾ। ਮੈਨੂੰ ਇਸ ਨਾਲ ਜਿਵੇਂ ਇਸ਼ਕ ਹੀ ਹੋ ਗਿਆ ਹੈ। ਮੈਂ ਸਿਰਫ ਟੈਨਿਸ ਬਾਰੇ ਸੋਚਦਿਆਂ ਹੀ ਸਵੇਰੇ ਉਠਦਾ ਹਾਂ ਅਤੇ ਰਾਤ ਨੂੰ ਸੌਂਦਾ ਹਾਂ। ਮੈਨੂੰ ਇਹ ਖੇਡ ਹੋਰ ਵਧੀਆ ਖੇਡਣ ਅਤੇ ਹੋਰ ਅੱਗੇ ਵਧਣ ਲਈ ਪ੍ਰੇਰਦੀ ਰਹਿੰਦੀ ਹੈ।

ਸਤਾਰਾਂ ਸਾਲਾ ਲਵਦੀਪ ਸਿੰਘ ਕਹਿੰਦਾ ਹੈ, ਮੈਂ ਕੋਈ ਆਮ ਟੀਨ-ਏਜਰ ਨਹੀਂ, ਮੈਂ ਵੀਡੀਓ ਗੇਮਾਂ ਨਹੀਂ ਖੇਡਦਾ, ਟੈਕਸਟ ਮੈਸੇਜਿੰਗ ਵੱਲ ਮੇਰਾ ਕਦੇ ਧਿਆਨ ਹੀ ਨਹੀਂ ਗਿਆ, ਫੈਂਸੀ ਕੱਪੜੇ ਪਾਉਣ ਦਾ ਮੈਨੂੰ ਕੋਈ ਸ਼ੌਂਕ ਹੀ ਨਹੀਂ। ਮੈਨੂੰ ਸਿਰਫ ਟੈਨਿਸ ਵਾਲੇ ਬੂਟਾਂ ਦਾ ਇਕ ਜੋੜਾ ਦੇ ਦਿਓ, ਟੈਨਿਸ ਵਾਲੀ ਨਿੱਕਰ ਦੇ ਦਿਓ ਅਤੇ ਟੈਨਿਸ ਦਾ ਬੱਲਾ ਦੇ ਦਿਓ, ਮੈਂ ਟੈਨਿਸ ਕੋਰਟ ਵਿਚ ਬਾਦਸ਼ਾਹ ਬਣਿਆ ਮਹਿਸੂਸ ਕਰਾਂਗਾ। ਜਦੋਂ ਮੈਂ ਟੈਨਿਸ ਕੋਰਟ ਵਿਚ ਹੁੰਦਾ ਹਾਂ ਤਾਂ ਮੇਰੀਆਂ ਭਾਵਨਾਵਾਂ, ਮੇਰੇ ਵਿਚਾਰ ਮੇਰੇ ਕੰਟਰੋਲ ਅਧੀਨ ਰਹਿੰਦੇ ਹਨ।

ਲਵਦੀਪ ਆਪਣੀ ਖੇਡ ਵਿਚ ਇੰਨਾ ਅੱਗੇ ਵਧਿਆ ਹੈ ਕਿ ਸਟੈਨਫੋਰਡ, ਯੂ ਸੀ ਐਲ ਏ, ਯੂ ਐਸ ਈ ਸਮੇਤ ਅਮਰੀਕਾ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਆਂ ਉਸ ਨੂੰ ਪੂਰਾ ਸਕਾਲਰਸ਼ਿਪ ਦੇਣ ਲਈ ਤਿਆਰ ਹਨ। ਉਂਜ ਲਵਦੀਪ ਦਾ ਕਹਿਣਾ ਹੈ ਕਿ ਮੈਂ ਬਹੁਤ ਹੀ ਧੀਰਾ ਵਿਅਕਤੀ ਹਾਂ, ਮੈਂ ਸਖਤ ਮਿਹਨਤ ਕਰਦਾ ਹਾਂ ਅਤੇ ਹਰ ਰੋਜ਼ ਤਿੰਨ ਵਾਰ ਪ੍ਰੈਕਟਿਸ ਕਰਦਾ ਹਾਂ। ਮੈਂ ਇਹ ਕਦੇ ਨਹੀਂ ਭੁੱਲਦਾ ਕਿ ਮੈਂ ਕਿੱਥੋਂ ਆਇਆ ਹਾਂ। ਮੈਂ ਆਪਣੇ ਪਰਿਵਾਰ ਨੂੰ ਕਦੇ ਨਹੀਂ ਭੁੱਲਦਾ, ਕਿਉਂਕਿ ਮੈਨੂੰ ਪਤਾ ਹੈ ਕਿ ਉਨ੍ਹਾਂ ਬਿਨਾਂ ਮੇਰੀ ਕੋਈ ਹੋਂਦ ਹੀ ਨਹੀਂ ਸੀ ਹੋਣੀ।



*ਟੈਨਿਸ ਸਟਾਰ ਲਵਦੀਪ ਡਾ. ਜਗ ਸਿਹੋਤਾ ਨਾਲ*

ਲਵਦੀਪ ਇਕ ਹੋਣਹਾਰ ਸਟਾਰ ਸੀ ਕਿ ਪਿਛਲੇ ਵਰ੍ਹੇ ਉਸ ਨੂੰ ਗਹਿਰਾ ਧੱਕਾ ਲੱਗਾ। ਉਸ ਦਾ ਕਹਿਣਾ ਹੈ ਕਿ ਕਰੀਬ ਸਾਲ ਪਹਿਲਾਂ ਮੇਰੀ ਗਰਦਨ ਅਤੇ ਮੋਢੇ ਨੂੰ ਜਰਬ ਆ ਗਈ, ਮੈਂ ਬੇਹਦ ਦਰਦ ਵਿਚੋਂ ਗੁਜਰਿਆ। ਇਸ ਦਰਦ ਨੇ ਮੈਨੂੰ ਉਹ ਖੇਡ ਖੇਡਣ ਤੋਂ ਰੋਕ ਦਿੱਤਾ ਜਿਸ ਨੂੰ ਮੈਂ ਬੇਹਦ ਪਿਆਰ ਕਰਦਾ ਸਾਂ। ਮੈਂ ਦਿਲ ਢਾਹ ਬੈਠਾ, ਉਦਾਸ ਹੋ ਗਿਆ ਅਤੇ ਚਿੰਤਾ ਵਿਚ ਡੁੱਬ ਗਿਆ। ਮੈਂ ਬਹੁਤ ਸਾਰੇ ਡਾਕਟਰਾਂ ਕੋਲ ਗਿਆ, ਉਨ੍ਹਾਂ ਦੀਆਂ ਰਿਪੋਰਟਾਂ ਭੰਬਲਭੂਸੇ ਵਾਲੀਆਂ ਸਨ। ਕੁਝ ਕਹਿੰਦੇ ਸਨ, ਉਹ ਇਸ ਮਾਮਲੇ ਵਿਚ ਬਹੁਤਾ ਕੁਝ ਨਹੀਂ ਕਰ ਸਕਦੇ। ਕਈਆਂ ਨੇ ਮੈਨੂੰ ਦਵਾਈਆਂ 'ਤੇ ਪਾਇਆ ਅਤੇ ਕਈਆਂ ਨੇ ਫਿਜ਼ੀਕਲ ਥੈਰਪੀ ਕਰਵਾਉਣ ਦੀ ਸਲਾਹ ਦਿੱਤੀ। ਇਸੇ ਦੌਰਾਨ ਮੇਰੇ ਡੈਡੀ ਨੇ ਇਕ ਅਖਬਾਰ ਵਿਚ ਡਾ. ਸਿਹੋਤਾ ਦੇ ਇੰਜਰੀ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੈਨੂੰ ਡਾ. ਸਿਹੋਤਾ ਕੋਲ ਜਾਣ ਲਈ ਕਿਹਾ। ਮੈਂ ਡਾ. ਸਿਹੋਤਾ ਕੋਲ ਗਿਆ ਅਤੇ ਇਹ ਜ਼ਿੰਦਗੀ ਦਾ ਮੇਰਾ ਸਭ ਤੋਂ ਬਿਹਤਰੀਨ ਫੈਸਲਾ ਸੀ।

ਲਵਦੀਪ ਦੱਸਦਾ ਹੈ, ਮੈਨੂੰ ਪਤਾ ਲੱਗਾ ਹੈ ਕਿ ਡਾ. ਸਿਹੋਤਾ ਖੁਦ ਕੈਨੇਡਾ ਵਿਚ ਰਗਬੀ ਖੇਡ ਦੇ ਕੌਮੀ ਪੱਧਰ ਦੇ ਖਿਡਾਰੀ ਰਹੇ ਹਨ। ਉਨ੍ਹਾਂ ਦੁਨੀਆਂ ਭਰ ਦੇ ਵੱਖ ਵੱਖ ਦੇਸ਼ਾਂ ਵਿਚ ਜਾ ਕੇ ਆਪਣੀ ਇਹ ਮਨਪਸੰਦ ਖੇਡ ਖੇਡੀ। ਉਨ੍ਹਾਂ ਨੂੰ ਵੀ ਖੇਡ ਪ੍ਰਤੀ ਉਨਾ ਹੀ ਮੋਹ ਹੈ ਜਿੰਨਾ ਮੈਨੂੰ ਆਪਣੀ ਖੇਡ ਪ੍ਰਤੀ। ਉਹ ਨਿਊਜ਼ੀਲੈਂਡ, ਆਸਟਰੇਲੀਆ, ਦੱਖਣੀ ਅਫਰੀਕਾ ਅਤੇ ਫਿਜ਼ੀ ਵਿਚ ਰਗਬੀ ਖੇਡ ਵਿਚ ਆਪਣੇ ਦੇਸ਼ ਦੀ ਨੁਮਾਇੰਦਗੀ ਕਰਨ ਜਾਂ ਟਰੇਨਿੰਗ ਲੈਣ ਲਈ ਗਏ ਹੋਏ ਹਨ।

ਉਹ ਕਹਿੰਦਾ ਹੈ ਕਿ ਡਾ. ਸਿਹੋਤਾ ਨੂੰ ਮਿਲ ਕੇ ਨਾ ਮੈਨੂੰ ਸਿਰਫ ਇਹ ਖੁਸ਼ੀ ਹੀ ਹੋਈ ਕਿ ਮੈਨੂੰ ਅਜਿਹਾ ਡਾਕਟਰ ਮਿਲ ਗਿਆ ਹੈ ਜੋ ਮੇਰੀ ਗੱਲ ਸੁਣਦਾ ਹੈ, ਸਗੋਂ ਮੈਨੂੰ ਇਕ ਰੋਲ ਮਾਡਲ ਵੀ ਮਿਲ ਗਿਆ। ਉਸ ਨੇ ਡਾ. ਸਿਹੋਤਾ ਦਾ ਪੇਨ ਮੈਨੇਜਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਅੱਜ ਉਹ ਖੁਸ਼ ਹੈ ਕਿ ਉਸ ਨੂੰ ਬਹੁਤ ਆਰਾਮ ਮਿਲਿਆ ਹੈ। ਪੀੜ ਤੋਂ ਕਰੀਬ ਕਰੀਬ ਛੁਟਕਾਰਾ ਮਿਲ ਚੁਕਾ ਹੈ। ਮੈਂ ਬਹੁਤ ਆਰਾਮ ਨਾਲ ਟੈਨਿਸ ਦਾ ਬੱਲਾ ਘੁਮਾ ਸਕਦਾ ਹਾਂ। ਮੈਂ ਮੁੜ ਆਪਣੇ ਟੈਨਿਸ ਕੈਰੀਅਰ ਦੇ ਰਾਹ ਪੈ ਗਿਆ ਹਾਂ। ਮੈਨੂੰ ਇਹ ਕਹਿਣ 'ਚ ਝਿਜਕ ਨਹੀਂ ਕਿ ਡਾ. ਸਿਹੋਤਾ ਦਾ ਇਹ ਪ੍ਰੋਗਰਾਮ ਬਸ ਕਮਾਲ ਹੀ ਹੈ।

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS

LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ




"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

www. markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਕੁਈਨਜ਼ਲੈਂਡ 'ਚ ਸ੍ਰੀ ਸਾਹਿਬ ਪਹਿਨਣ ਨੂੰ ਕਾਨੂੰਨੀ ਮਾਨਤਾ

**ਬ੍ਰਿਸਬੇਨ:** ਸਿੱਖ ਨਿਸ਼ਕਾਮ ਸੁਸਾਇਟੀ ਆਸਟ੍ਰੇਲੀਆ ਅਨੁਸਾਰ ਸਿੱਖ ਸੰਗਤ ਧਾਰਮਿਕ ਚਿੰਨ੍ਹਾਂ ਬਾਰੇ ਕੁਈਨਜ਼ਲੈਂਡ ਦੀ ਸੰਸਦ ਵੱਲੋਂ ਧਾਰਾ 51 'ਚ ਕੀਤੀ ਸੋਧ ਅਧੀਨ 2 ਜਨਵਰੀ, 2012 ਤੋਂ ਕਾਨੂੰਨੀ ਤੌਰ 'ਤੇ ਮਾਨਤਾ ਮਿਲ ਜਾਵੇਗੀ। ਇਸ ਸੋਧ ਅਨੁਸਾਰ ਹੁਣ ਕੁਈਨਜ਼ਲੈਂਡ 'ਚ ਸ੍ਰੀ ਸਾਹਿਬ ਪਹਿਨਣ ਦੀ ਸਿੱਖਾਂ ਨੂੰ ਕਾਨੂੰਨੀ ਤੌਰ 'ਤੇ ਆਜ਼ਾਦੀ ਮਿਲ ਗਈ ਹੈ।

ਸਿੱਖ ਨਿਸ਼ਕਾਮ ਸੁਸਾਇਟੀ ਦੀ ਸੇਵਾਦਾਰ ਬੀਬੀ ਕਮਲਜੀਤ ਕੌਰ ਨੇ ਪੁਲਿਸ ਮੰਤਰੀ ਨੀਲ ਰੋਬਰਟ, ਟਰਾਂਸਪੋਰਟ ਮੰਤਰੀ ਐਨਸਟਾਇਨਾ ਪਾਲਸਜ਼ਕ, ਪੁਲਿਸ ਕਮਿਸ਼ਨਰ ਬੌਬ ਐਟਿਕਸ਼ਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਕਤ ਮੰਤਰੀਆਂ ਤੇ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਦੇ ਮਸਲੇ ਵਿਚ ਪੂਰੀ ਮਦਦ ਕੀਤੀ। ਗੁਰਦੁਆਰਾ ਬ੍ਰਿਸਬੇਨ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਖਾਲਸਾ ਤੇ ਬੀਬੀ ਕਮਲਜੀਤ ਕੌਰ ਨੇ ਇਸ ਪ੍ਰਾਪਤੀ ਨੂੰ ਕੁਈਨਜ਼ਲੈਂਡ ਸਿੱਖਾਂ ਲਈ ਇਤਿਹਾਸਕ ਜਿੱਤ ਦੱਸਿਆ ਹੈ।



*ਵੈਲੀ ਟਰਾਂਸਪੋਟੇਸ਼ਨ ਅਥਾਰਟੀ ਵਿਚ ਕੰਮ ਕਰਦੇ ਡਰਾਈਵਰ ਵੀਰਾਂ ਵਲੋਂ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੈਨ ਹੋਜ਼ੇ ਵਿਚ ਲੰਘੇ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਇਨ੍ਹਾਂ ਡਰਾਈਵਰ ਵੀਰਾਂ ਵਲੋਂ ਗੁਰੂਘਰ ਦੀ ਬਣੀ ਖੂਬਸੂਰਤ ਇਮਾਰਤ ਲਈ ਮਾਇਆ ਪੱਖੋਂ ਪੂਰਾ ਯੋਗਦਾਨ ਪਾਇਆ ਗਿਆ। ਇਸ ਤਸਵੀਰ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ-ਡਰਾਈਵਰ ਵੀਰ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕ।*


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont







# ਅਮਰੀਕੀ ਫ਼ੌਜ ਦੇ ਮੇਜਰ ਕਲਸੀ ਨੂੰ ਬ੍ਰੋਨਜ਼ ਸਟਾਰ ਮੈਡਲ

**ਨਿਊ ਯਾਰਕ (ਬਿਊਰੋ):** ਅਮਰੀਕੀ ਫ਼ੌਜ ਵਿਚ ਪਿਛਲੇ 30 ਸਾਲਾਂ ਦੌਰਾਨ ਪਹਿਲੀ ਵਾਰੀ ਇਕ ਦਸਤਾਰਧਾਰੀ ਸਿੱਖ ਫ਼ੌਜੀ ਮੇਜਰ ਕਮਲਜੀਤ ਸਿਘ ਕਲਸੀ ਨੂੰ ਅਫ਼ਗਾਨਿਸਤਾਨ ਤੋਂ ਵਾਪਸ ਘਰ ਪਰਤਣ 'ਤੇ ਉਸ ਦੀਆਂ ਫ਼ੌਜੀ ਸੇਵਾਵਾਂ ਲਈ ਕਾਂਸੀ ਦੇ ਤਮਗ਼ੇ ਨਾਲ ਸਨਮਾਨਿਤ ਕੀਤਾ



*ਮੇਜਰ ਕਲਸੀ ਆਪੇ ਇਕ ਸਾਥੀ ਨਾਲ*

ਗਿਆ। ਮੇਜਰ ਕਲਸੀ, ਜੋ ਕਿ ਸਾਲ 2011 ਦੇ ਪਹਿਲੇ ਛੇ ਮਹੀਨਿਆਂ ਦੌਰਾਨ ਅਫ਼ਗਾਨਿਸਤਾਨ ਵਿਚ ਤਾਇਨਾਤ ਸੀ, ਦੀਆਂ ਬਤੌਰ ਡਾਕਟਰ "ਐਮਰਜੈਂਸੀ ਸਿਹਤ ਸੇਵਾਵਾਂ" ਵਿਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਸਦਕਾ ਉਸ ਨੂੰ ਬ੍ਰੋਨਜ਼ ਸਟਾਰ ਮੈਡਲ ਦਿਤਾ ਗਿਆ ਹੈ। ਇਹ ਬ੍ਰੋਨਜ਼ ਸਟਾਰ ਮੈਡਲ ਅਮਰੀਕੀ ਫ਼ੌਜ ਦਾ ਚੌਥਾ ਸਭ ਤੋਂ ਵੱਡਾ ਬਹਾਦਰੀ ਪੁਰਸਕਾਰ ਹੈ।

ਮੇਜਰ ਕਲਸੀ ਦੇ ਉਚ ਅਧਿਕਾਰੀਆਂ ਨੇ ਉਸ ਨੂੰ ਇਹ ਪੁਰਸਕਾਰ ਦੇਣ ਦੀ ਸਿਫਾਰਿਸ਼ ਕਰਦਿਆਂ ਕਿਹਾ ਕਿ ਮੇਜਰ ਕਲਸੀ ਨੇ ਅਜਿਹੇ ਦੋ ਰੋਗੀਆਂ ਨੂੰ ਜੀਵਨ ਦਾਨ ਦਿੱਤਾ ਜਿਨ੍ਹਾਂ ਨੂੰ ਹਸਪਤਾਲ ਵਿਚ ਆਉਣ ਸਮੇਂ ਮੁਰਦਾ ਕਿਹਾ ਗਿਆ ਸੀ, ਇਕ "ਅਨੁਭਵੀ" ਡਾਕਟਰ ਦੇ ਤੌਰ 'ਤੇ ਉਸ ਨੇ ਤਕਰੀਬਨ 750 ਫ਼ੌਜੀਆਂ ਅਤੇ ਉਥੋਂ ਦੇ ਆਮ ਨਾਗਰਿਕਾਂ ਦੀ ਐਮਰਜੈਂਸੀ ਵਿਚ ਦੇਖਭਾਲ ਕੀਤੀ, ਜੰਗੀ ਸੈਨਿਕਾਂ ਦੀਆਂ 5 ਹੰਗਾਮੀ ਸਥਿਤੀਆਂ ਸੰਭਾਲਣ ਵਿਚ ਸਹਿਯੋਗ ਦਿੱਤਾ ਅਤੇ ਆਪਣੀਆਂ ਜਿੰਮੇਵਾਰੀਆਂ ਅਤੇ ਅਹੁਦੇ ਤੋਂ ਵੱਧ ਕੇ ਫ਼ਰਜ਼ ਨਿਭਾਏ।

ਮੇਜਰ ਕਲਸੀ ਨੇ ਅਫ਼ਗਾਨਿਸਤਾਨ ਦੇ ਹੇਲਮੰਡ ਸ਼ਹਿਰ ਵਿਚ ਕੈਂਪ ਡਾਇਰ ਦੇ 200 ਤੋਂ ਵੱਧ ਫ਼ੌਜੀਆਂ ਲਈ ਇੰਟਰਨੈਟ ਲਾਇਆ, ਜਿਥੇ ਉਹ ਤਾਇਨਾਤ ਸੀ। ਉਸ ਦੀ ਇਹ ਸੇਵਾ ਤੋਂ ਬਾਦ ਉਸ ਨੂੰ ਤਰੱਕੀ ਦੇ ਕੇ ਕਪਤਾਨ ਤੋਂ ਮੇਜਰ ਬਣਾ ਦਿੱਤਾ ਗਿਆ।

ਇਸ ਸਨਮਾਨ 'ਤੇ ਤਸੱਲੀ ਜਾਹਰ ਕਰਦਿਆਂ ਮੇਜਰ ਕਲਸੀ ਨੇ ਕਿਹਾ, "ਆਪਣੇ ਦੇਸ਼ ਦੀ ਸੇਵਾ ਕਰਨਾ ਮੇਰੇ ਲਈ ਸਦਾ ਮਾਣ ਦੀ ਗੱਲ ਰਹੇਗੀ। ਮੈਂ ਇਸ ਸੇਵਾ ਲਈ ਸਦਾ ਤਿਆਰ ਰਹਾਂਗਾ।"

ਅਮਰੀਕਾ ਵਿਚ ਸਿੱਖਾਂ ਦੇ ਅਧਿਕਾਰਾਂ ਲਈ ਕੰਮ ਕਰ ਰਹੀ ਜਥੇਬੰਦੀ 'ਸਿੱਖ ਕੋਲੀਸ਼ਨ' ਨੇ ਮੇਜਰ ਕਲਸੀ ਦੀਆਂ ਪ੍ਰਾਪਤੀਆਂ ਅਤੇ ਅਮਰੀਕੀ ਫ਼ੌਜ ਵਿਚ ਸੇਵਾਵਾਂ ਨੂੰ ਸਿੱਖਾਂ ਲਈ ਮਾਣ ਵਾਲੀ ਗੱਲ ਕਰਾਰ ਦਿੰਦਿਆਂ ਕਿਹਾ ਹੈ ਕਿ ਉਸ ਨੂੰ ਕਾਂਸੀ ਦਾ ਤਮਗ਼ਾ ਮਿਲਣ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਸਿੱਖ ਆਪਣੇ ਧਾਰਮਿਕ ਚਿੰਨ੍ਹਾਂ ਅਤੇ ਵਿਸ਼ਵਾਸ ਨੂੰ ਕਾਇਮ ਰੱਖ ਕੇ ਵੀ ਵਧੀਆ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ।

ਅਮਰੀਕੀ ਫ਼ੌਜ ਦੀ ਅਜੋਕੀ ਨੀਤੀ ਅਧੀਨ ਸਿੱਖਾਂ ਦੇ ਫ਼ੌਜ ਵਿਚ ਸ਼ਾਮਲ ਹੋਣ ਲਈ ਧਾਰਮਿਕ ਚਿੰਨ੍ਹ-ਦਾੜ੍ਹੀ ਰੱਖਣ ਜਾਂ ਪੱਗ ਬੰਨ੍ਹਣ ਉਤੇ ਰੋਕ ਹੈ। ਪਿਛਲੇ ਦੋ ਸਾਲਾਂ ਤੋਂ ਮੇਜਰ ਕਲਸੀ ਤੇ ਦੋ ਹੋਰ ਸਿੱਖ ਸੈਨਿਕਾਂ ਨੂੰ ਅਮਰੀਕੀ ਫ਼ੌਜ ਵਲੋਂ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਖ਼ਾਸ ਛੋਟ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸਿੱਖ ਕੋਲੀਸ਼ਨ ਅਮਰੀਕੀ ਫ਼ੌਜੀ ਸੇਵਾਵਾਂ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਕਾਰਨ ਲੱਗੀ ਰੋਕ ਨੂੰ ਲੈ ਕੇ ਲਗਾਤਾਰ ਉਨ੍ਹਾਂ ਦੇ ਹੱਕਾਂ ਦੀ ਲੜਾਈ ਲੜ ਰਹੀ ਹੈ। ਇਸ ਸਬੰਧੀ ਵਕਾਲਤ ਕੰਪਨੀ ਮੈਕਡਰਮਿਟ ਵਿਲ ਐਂਡ ਐਮਰੀ ਐਲ ਐਲ ਪੀ ਸਿੱਖ ਕੋਲੀਸ਼ਨ ਅਤੇ ਮੇਜਰ ਕਲਸੀ ਦੀ ਪ੍ਰਤੀਨਿਧਤਾ ਕਰ ਰਹੀ ਹੈ। ਇਸ ਕੰਪਨੀ ਦੇ ਅਮਨਦੀਪ ਸਿੰਘ ਸਿੱਧੂ ਸਿੱਖ ਕੋਲੀਸ਼ਨ ਅਤੇ ਮੇਜਰ ਕਲਸੀ ਦੇ ਪ੍ਰਮੁੱਖ ਵਕੀਲ ਹਨ।


Dhillon Truck Stop
Dhillon Road Service
Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਭਾਰਤੀ ਨੀਮ ਫੌਜੀ ਬਲਾਂ 'ਚ ਲੱਖ ਤੋਂ ਵੱਧ ਅਸਾਮੀਆਂ ਖਾਲੀ

**ਨਵੀਂ ਦਿੱਲੀ:** ਦੇਸ਼ ਦੇ ਵੱਖ-ਵੱਖ ਸੱਤ ਨੀਮ ਫੌਜੀ ਬਲਾਂ ਵਿਚ ਇਕ ਲੱਖ ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਗ੍ਰਿਹ ਮੰਤਰਾਲੇ ਮੁਤਾਬਕ ਨੀਮ ਫੌਜੀ ਬਲਾਂ ਵਿਚ ਇਕ ਲੱਖ 883 ਅਸਾਮੀਆਂ ਖਾਲੀ ਹਨ ਜਿਨ੍ਹਾਂ ਵਿਚੋਂ 74816 ਅਸਾਮੀਆਂ ਕਾਂਸਟੇਬਲਾਂ, 22016 ਜੂਨੀਅਰ ਕਮਿਸ਼ਨ ਅਧਿਕਾਰੀਆਂ ਤੇ 4051 ਗਰੁਪ-ਏ ਅਧਿਕਾਰੀਆਂ ਦੀਆਂ ਹਨ।

ਭਾਰਤ-ਪਾਕਿਸਤਾਨ ਤੇ ਭਾਰਤ-ਬੰਗਲਾਦੇਸ਼ ਸਰਹੱਦਾਂ ਦੀ ਰਾਖੀ ਕਰਨ ਵਾਲੀ ਬੀ.ਐਸ.ਐਫ. 'ਚ 25,674, ਨਕਸਲੀਆਂ ਤੇ ਅਤਿਵਾਦੀਆਂ ਖ਼ਿਲਾਫ਼ ਲੜਨ ਵਾਲੀ ਤੇ ਦੇਸ਼ ਵਿਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਾਲੀ ਸੀ.ਆਰ.ਪੀ.ਐਫ. 'ਚ 17019, ਭਾਰਤ-ਨੇਪਾਲ ਤੇ ਭਾਰਤ-ਭੂਟਾਨ ਸਰਹੱਦ 'ਤੇ ਤਾਇਨਾਤ ਰਹਿਣ ਵਾਲੇ ਸਸ਼ਤਰ ਸੀਮਾ ਬਲ 'ਚ 21,316 ਤੇ ਹਵਾਈ ਅੱਡਿਆਂ ਅਤੇ ਸੀ.ਆਈ.ਐਸ.ਐਫ. 'ਚ 17320 ਅਸਾਮੀਆਂ ਖਾਲੀ ਹਨ।

# ਮਾਣਕ ਦੇ ਨਾਂ 'ਤੇ ਪੈਸੇ ਇਕੱਠੇ ਕਰਨ ਦਾ ਵੇਰਵਾ ਛਾਪਿਆ ਜਾਵੇ:ਸਰਬਜੀਤ ਮਾਣਕ

**ਸੈਕਰਾਮੈਂਟੋ (ਬਿਊਰੋ):** ਯੁੱਗ ਗਾਇਕ ਕੁਲਦੀਪ ਮਾਣਕ ਦੀ ਬੇਵਕਤੀ ਮੌਤ ਤੋਂ ਬਾਅਦ ਸੈਨ ਹੋਜ਼ੇ ਤੋਂ ਛਪਦੀ ਇਕ ਪੰਜਾਬੀ ਅਖਬਾਰ ਵਿਚ ਛਪੇ ਇਕ ਲੇਖ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦਿਆਂ ਮਰਹੂਮ ਕੁਲਦੀਪ ਮਾਣਕ ਦੀ ਪਤਨੀ ਸ੍ਰੀਮਤੀ ਸਰਬਜੀਤ ਮਾਣਕ ਅਤੇ ਬੇਟੀ ਸ਼ਕਤੀ ਮਾਣਕ ਨੇ ਕਿਹਾ ਹੈ ਕਿ ਸਵਰਗੀ ਮਾਣਕ ਦੇ ਨਾਂ ਉਤੇ ਪੈਸੇ ਇਕੱਠੇ ਕਰਨ ਬਾਰੇ ਜਿਸ ਵੀ ਅਖਬਾਰ ਜਾਂ ਬੰਦੇ ਕੋਲ ਜਾਣਕਾਰੀ ਹੈ, ਉਹ ਪੈਸੇ ਕਿਸ ਨੇ, ਕਿਸ ਰੂਪ ਵਿਚ ਅਤੇ ਕਿਸ ਨੂੰ ਦਿੱਤੇ ਹਨ, ਇਸ ਸਭ ਦਾ ਵੇਰਵਾ ਜੇ ਪੂਰੇ ਸਬੂਤਾਂ ਹੇਠ ਅਖਬਾਰ ਜਾਂ ਸਬੰਧਤ ਬੰਦਾ ਪ੍ਰਕਾਸ਼ਤ ਕਰੇ ਤਾਂ ਮਾਣਕ ਦਾ ਸਮੁੱਚਾ ਪਰਿਵਾਰ ਇਸ ਗੱਲ ਲਈ ਧੰਨਵਾਦੀ ਹੋਵੇਗਾ।

ਸ੍ਰੀਮਤੀ ਮਾਣਕ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਪੱਪੀ ਭਦੌੜ ਨਾਂ ਦੇ ਕਿਸੇ ਬੰਦੇ ਵਲੋਂ ਕਿਸੇ ਦਾ ਨਾਂ ਲਏ ਬਿਨਾਂ ਉਪਰੋਕਤ ਅਖਬਾਰ ਵਿਚ ਮਾਣਕ ਦੇ ਨਾਂ 'ਤੇ ਫੰਡ ਇਕੱਠਾ ਕਰਨ ਬਾਰੇ ਲਿਖੇ ਲੇਖ ਬਾਰੇ ਕਿਹਾ ਕਿ ਬਿਨਾਂ ਸਬੂਤ ਅਜਿਹੇ ਦੋਸ਼ ਲਾਉਣਾ ਸਵਰਗੀ ਮਾਣਕ ਦੀ ਰੂਹ ਨੂੰ ਤਕਲੀਫ ਦੇਣ ਵਾਲੀ ਗੱਲ ਹੈ। ਉਨ੍ਹਾਂ ਬੇਨਤੀ ਕੀਤੀ ਕਿ ਬਿਪਤਾ ਦੀ ਇਸ ਘੜੀ ਵਿਚ ਕਿਸੇ ਵਿਰੁਧ ਵੀ ਕੂੜ ਪ੍ਰਚਾਰ ਨਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਕਿਸੇ ਪਾਸ ਠੋਸ ਸਬੂਤ ਹਨ ਤਾਂ ਉਨ੍ਹਾਂ ਤੱਕ ਜ਼ਰੂਰ ਪਹੁੰਚਾਏ ਜਾਣ।


Noble Dental Care

Family and Cosmetic Dentistry



Shital Shah, DDS

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign

Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)




HAPPY BIRTHDAY to Karanveer Singh Nagra

Congratulations to Karanveer Singh Nagra (Fresno) on his 13th birthday. We wish him good luck for his future.

Inderjit Singh Nagra and family


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

$25 2,200 Minutes

$50•$100 Plans Available

✓ ਇਕ ਮਿੰਟ ਗੱਲ ਕਰੋ ਤੇ ਇਕ ਮਿੰਟ ਦੇ ਪੈਸੇ ਦਿਉ
✓ ਵਧੀਆ, ਸਾਫ਼ ਆਵਾਜ਼



✓ No Pin Needed
✓ No Connection Fee
✓ No Monthly Fee

USE FROM HOME OR CELL PHONE

LIMITED TIME OFFER. RESTRICTIONS & FEES APPLY.

GlobeTel Comm. www.011india.com

ਇਹ ਸਰਵਿਸ ਹਰ ਦੇਸ਼ ਲਈ ਵਰਤੋ।

ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:

800.914.1013 • 408.726.6103



MERIDIAN LUXURY APARTMENT HOMES

ਬਿਲਕੁਲ ਨਵੇਂ ਨਕੋਰ
1, 2 ਤੇ 3 ਬੈਡਰੂਮ

Gated Luxury Homes

Pet Friendly



ਕੰਪਲੈਕਸ ਦੀਆਂ ਖ਼ੂਬਸੂਰਤੀਆਂ
ਅੰਦਰੋਂ ਖੁੱਲ੍ਹੇ-ਡੁੱਲ੍ਹੇ
ਗਰੇਨਾਈਟ ਕਾਊਂਟਰ ਟਾਪ
ਵਾਸ਼ਰ ਤੇ ਡਰਾਇਰ
ਗਰਾਜ ਵੀ ਉਪਲਬਧ
24 ਘੰਟੇ ਸਕਿਉਰਿਟੀ
ਸ਼ਾਹਾਨਾ ਕਲੱਬ ਹਾਊਸ
ਸਵਿਮਿੰਗ ਪੂਲ
ਬਾਜ਼ਾਰ ਦੇ ਬਿਲਕੁਲ ਕਰੀਬ
ਗੈਸ ਇਨਰਜੀ ਸਟਾਰ ਅਪਲਾਇੰਸ

Ask about our "MOVE IN SPECIALS"

ਸਪੈਸ਼ਲ ਡੀਲ ਲਈ ਅੱਜ ਹੀ ਕਾਲ ਕਰੋ

559-276-1700

www.meridianfresno.com

3661 W. Shields Avenue Fresno, CA

# ਅੰਨਦਾਤਾ ਖ਼ੁਦਕੁਸ਼ੀਆਂ ਦੇ ਰਾਹ




# ਕਰਜ਼ਾ ਬਣਿਆ ਕਿਸਾਨਾਂ ਲਈ ਕਹਿਰ

**ਵਿਸ਼ੇਸ਼ ਰਿਪੋਰਟ**

**ਪਰਤਾਪ ਸਿੰਘ ਵਿਰਕ**

ਦੇਸ਼ ਦਾ ਅੰਨਦਾਤਾ ਆਰਥਿਕ ਤੰਗੀਆਂ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ ਪਰ ਇਸ ਬਾਰੇ ਕੇਂਦਰ ਜਾਂ ਸੂਬਾ ਸਰਕਾਰਾਂ ਵੱਲੋਂ ਧਿਆਨ ਨਹੀਂ ਦਿੱਤਾ ਜਾ ਰਿਹਾ। ਵੱਖ-ਵੱਖ ਸਰਵੇਖਣਾਂ ਦੌਰਾਨ ਸਾਹਮਣੇ ਆਇਆ ਹੈ ਕਿ ਕਰਜ਼ਿਆਂ ਦੇ ਬੋਝ ਹੇਠ ਦੱਬੇ ਕਿਸਾਨ ਹੀ ਖ਼ੁਦਕੁਸ਼ੀਆਂ ਕਰ ਰਹੇ ਹਨ ਪਰ ਸਰਕਾਰਾਂ ਨੇ ਲੱਖ ਵਾਅਦੇ ਕਰਨ ਦੇ ਬਾਵਜੂਦ ਕੋਈ ਪੁਖਤਾ ਕਦਮ ਨਹੀਂ ਉਠਾਇਆ। ਕਿਸਾਨਾਂ ਦੇ ਟੱਬਰ ਕਮਾਉਣ ਵਾਲਿਆਂ ਦੇ ਤੁਰ ਜਾਣ ਕਾਰਨ ਰੁਲ ਰਹੇ ਹਨ।

ਭਾਰਤ ਵਿਚ ਵੱਡੇ ਪੱਧਰ 'ਤੇ ਖ਼ੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ 90ਵਿਆਂ ਦੇ ਅਖੀਰ 'ਚ ਸ਼ੁਰੂ ਹੋਇਆ। ਇਥੇ ਹਰ ਸਾਲ ਤਕਰੀਬਨ 17000 ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਪਿਛਲੇ ਦਸ ਸਾਲਾਂ ਦੌਰਾਨ ਜਿੱਥੇ ਹਰ ਬੀਤੇ ਦਿਨ 47 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਉਥੇ ਇਹ ਅੰਕੜਾ 2006 ਵਿਚ ਵਧ ਕੇ 52 ਹੋ ਗਿਆ ਹੈ। ਕਿਸਾਨਾਂ ਵਿਚ ਖ਼ੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵੱਧ ਹੈ। ਜਿੱਥੇ ਆਮ ਵਸੋਂ ਇਕ ਲੱਖ ਪਿੱਛੇ 10.6 ਵਿਅਕਤੀ ਖ਼ੁਦਕੁਸ਼ੀ ਕਰਦੇ ਹਨ, ਉਥੇ ਕਿਸਾਨਾਂ ਵਿਚ ਇਹ ਵਰਤਾਰਾ ਇਕ ਲੱਖ ਪਿੱਛੇ 15.8 ਖ਼ੁਦਕੁਸ਼ੀਆਂ ਦਾ ਹੈ।

ਭਾਰਤ ਵਿਚ 1997 ਵਿਚ 95829 ਲੋਕਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨ੍ਹਾਂ 'ਚੋਂ 13622 (14.2 ਪ੍ਰਤੀਸ਼ਤ) ਕਿਸਾਨ ਸਨ। ਇਸੇ ਤਰ੍ਹਾਂ 1998 ਵਿਚ 104713 ਵਿਅਕਤੀਆਂ, 1999 ਵਿਚ 110587 ਵਿਅਕਤੀਆਂ, 2000 ਵਿਚ 108593 ਵਿਅਕਤੀਆਂ ਤੇ 2001 ਵਿਚ 108506 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿਚੋਂ ਕਿਸਾਨਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਤਕਰੀਬਨ 15 ਪ੍ਰਤੀਸ਼ਤ ਸਨ।

ਇਸ ਤੋਂ ਪਿੱਛੋਂ 2002 ਵਿਚ 110417 ਵਿਅਕਤੀਆਂ, 2003 ਵਿਚ 110851 ਵਿਅਕਤੀਆਂ, 2004 ਵਿਚ 113967 ਵਿਅਕਤੀਆਂ, 2005 ਵਿਚ 113914 ਵਿਅਕਤੀਆਂ ਤੇ 2006 ਵਿਚ 118112 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆ ਜਿਨ੍ਹਾਂ ਵਿਚੋਂ ਤਕਰੀਬਨ 16 ਪ੍ਰਤੀਸ਼ਤ ਖ਼ੁਦਕੁਸ਼ੀਆਂ ਕਿਸਾਨਾਂ ਵੱਲੋਂ ਕੀਤੀਆਂ ਗਈਆਂ ਸਨ। ਇਸ ਤਰ੍ਹਾਂ 1997 ਤੋਂ 2006 ਦੌਰਾਨ ਭਾਰਤ ਵਿਚ 1095219 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨਾਂ ਵਿਚ 166304 ਕਿਸਾਨ ਸਨ।

ਜੇਕਰ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਉਮਰ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਪ੍ਰਵਿਰਤੀ ਜ਼ਿਆਦਾਤਰ ਨੌਜਵਾਨਾਂ ਵਿਚ ਪਾਈ ਜਾਂਦੀ ਹੈ। ਭਾਰਤ ਵਿਚ 14 ਸਾਲ ਤੋਂ 44 ਸਾਲ ਦੇ ਨੌਜਵਾਨਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ 65 ਪ੍ਰਤੀਸ਼ਤ ਹਨ ਜਦੋਂਕਿ 45 ਤੋਂ 59 ਸਾਲਾਂ ਦੇ ਵਿਅਕੀਤਆਂ 'ਚੋਂ 25 ਪ੍ਰਤੀਸ਼ਤ ਨੇ ਖ਼ੁਦਕੁਸ਼ੀ ਕੀਤੀ।

2001 ਦੌਰਾਨ ਹੋਈਆਂ ਖ਼ੁਦਕੁਸ਼ੀਆਂ ਦੇ ਹਿਸਾਬ ਨਾਲ ਇਨ੍ਹਾਂ ਰਾਜਾਂ ਨੂੰ ਚਾਰ ਹਿੱਸਿਆਂ ਵਿਚ ਵੰਡਦੇ ਹਨ। ਪਹਿਲੇ ਗਰੁੱਪ ਵਿਚ ਮਹਾਰਾਸ਼ਟਰ, ਕਰਨਾਟਕ, ਆਧਰਾਂ ਪ੍ਰਦੇਸ਼, ਛੱਤੀਸ਼ਗੜ ਤੇ ਮੱਧ ਪ੍ਰਦੇਸ਼ ਰਾਜ ਆਉਂਦੇ ਹਨ। ਸਾਰੀਆਂ ਖ਼ੁਦਕੁਸ਼ੀਆਂ ਦਾ ਤਕਰੀਬਨ 44.2 ਪ੍ਰਤੀਸ਼ਤ ਇਨ੍ਹਾਂ ਪੰਜ ਰਾਜਾਂ ਵਿਚ ਵਾਪਰਿਆ ਹੈ। ਦੂਸਰੇ ਗਰੁੱਪ ਵਿੱਚ ਕੇਰਲਾ, ਤਾਮਿਲਨਾਡੂ, ਗੋਆ, ਪਾਂਡੀਚਰੀ, ਪੱਛਮੀ ਬੰਗਾਲ ਤੇ ਤ੍ਰਿਪੁਰਾ ਆਉਂਦੇ ਹਨ ਜਿਨ੍ਹਾਂ ਵਿਚ ਕੁਲ ਖ਼ੁਦਕੁਸ਼ੀਆਂ ਦਾ 33.4 ਵਾਪਰਿਆ ਹੈ। ਇਸੇ ਤਰ੍ਹਾਂ ਤੀਸਰੇ ਗਰੁੱਪ ਵਿਚ ਆਸਾਮ, ਗੁਜਰਾਤ, ਹਰਿਆਣਾ ਤੇ ਉੜੀਸਾ ਆਉਂਦੇ ਹਨ ਜਿਨ੍ਹਾਂ ਵਿਚੋਂ 12.4 ਪ੍ਰਤੀਸ਼ਤ ਖ਼ੁਦਕੁਸ਼ੀਆਂ ਹੋਈਆਂ ਹਨ। ਚੌਥੇ ਗਰੁੱਪ ਵਿਚ ਬਿਹਾਰ, ਝਾਰਖੰਡ , ਹਿਮਾਚਲ ਪ੍ਰਦੇਸ, ਜੰਮੂ ਤੇ ਕਸ਼ਮੀਰ, ਪੰਜਾਬ, ਰਾਜਸਥਾਨ, ਉਤਰਾਂਚਲ ਪ੍ਰਦੇਸ਼ ਤੇ ਉਤਰਾਖੰਡ ਆਉਂਦੇ ਹਨ ਜਿਥੇ ਕੁੱਲ ਖ਼ੁਦਕੁਸ਼ੀਆ ਦਾ 8.3 ਪ੍ਰਤੀਸ਼ਤ ਵਾਪਰਿਆ ਹੈ।

ਜਦੋਂ ਇਨ੍ਹਾਂ ਗਰੁੱਪਾਂ ਵਿਚ ਕਿਸਾਨਾਂ ਦੀਆ ਖ਼ੁਦਕੁਸ਼ੀਆਂ ਨੂੰ ਵੇਖਿਆ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਪਹਿਲਾ ਗਰੁੱਪ ਸਭ ਤੋਂ ਵੱਧ ਸੰਕਟਗ੍ਰਸਤ ਹੈ ਜਿਥੇ ਕਿਸਾਨਾਂ ਦੀਆਂ ਕੁਲ ਖ਼ੁਦਕੁਸ਼ੀਆਂ ਵਿਚੋਂ 63.2 ਪ੍ਰਤੀਸ਼ਤ ਖ਼ੁਦਕੁਸ਼ੀਆਂ ਹੋਈਆਂ ਹਨ। ਇਸੇ ਤਰ੍ਹਾਂ ਦੂਜੇ ਗਰੁੱਪ ਵਿਚ 21.1 ਪ੍ਰਤੀਸ਼ਤ, ਤੀਜੇ ਗਰੁੱਪ ਵਿਚ 7.2 ਪ੍ਰਤੀਸ਼ਤ ਤੇ ਚੌਥੇ ਗਰੁੱਪ ਵਿੱਚ 8.4 ਪ੍ਰਤੀਸ਼ਤ ਕਿਸਾਨਾਂ ਨੇ ਮੌਤ ਨੂੰ ਆਪਣੇ ਗਲੇ ਲਗਾਇਆ ਹੈ। ਜੇਕਰ ਇਨ੍ਹਾਂ ਸੂਬਿਆਂ ਵਿਚ ਖ਼ੁਦਕੁਸ਼ੀਆਂ ਦੀ ਦਰ ਵੇਖੀ ਜਾਵੇ ਤਾਂ ਪਤਾ ਲਗਦਾ ਹੈ ਕਿ ਇੱਕ ਲੱਖ ਕਿਸਾਨਾਂ ਪਿੱਛੇ ਪਹਿਲੇ ਗਰੁੱਪ ਵਿਚ 29, ਦੂਜੇ ਗਰੁੱਪ ਵਿਚ 34, ਤੀਜੇ ਗਰੁੱਪ ਵਿਚ 8.9 ਤੇ ਚੌਥਾ ਗਰੁੱਪ ਵਿਚ 3.3 ਕਿਸਾਨਾਂ ਨੇ ਖ਼ੁਦਕੁਸ਼ੀ ਕਰਕੇ ਆਪਣੀ ਜ਼ਿੰਦਗੀ ਤੋਂ ਹੱਥ ਧੋ ਲਏ।

## ਪੰਜਾਬ ਦੇ 65 ਫੀਸਦ ਕਿਸਾਨ ਪਰਿਵਾਰ ਕਰਜ਼ਾਈ

**ਚੰਡੀਗੜ੍ਹ:** ਭਾਰਤ ਦੇ ਤਕਰੀਬਨ ਅੱਧੇ ਕਿਸਾਨ ਕਰਜ਼ ਦੇ ਬੋਝ ਥੱਲੇ ਦੱਬੇ ਹੋਏ ਹਨ ਜਦਕਿ ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਪੰਜਾਬ ਵਿਚ ਕਰਜ਼ ਮਾਰੇ ਕਿਸਾਨਾਂ ਦੀ ਦਰ ਹੋਰ ਵੀ ਉੱਚੀ ਹੈ।

ਕਿਸਾਨ ਪਰਿਵਾਰਾਂ ਦੇ ਕਰਜ਼ ਬਾਰੇ ਰਿਪੋਰਟ ਅਨੁਸਾਰ ਕੁੱਲ 4 ਕਰੋੜ 34 ਲੱਖ 20 ਹਜ਼ਾਰ ਕਿਸਾਨ (48.6 ਫੀਸਦੀ) ਕਰਜ਼ੇ ਦੀ ਮਾਰ ਹੇਠ ਹਨ। ਕੇਂਦਰੀ ਖੇਤੀਬਾੜੀ ਰਾਜ ਮੰਤਰੀ ਹਰੀਸ਼ ਰਾਵਤ ਨੇ ਲੋਕ ਸਭਾ ਵਿਚ ਲਿਖਤੀ ਤੌਰ 'ਤੇ ਦੱਸਿਆ ਕਿ ਕਿਸਾਨ ਵਾਰ-ਵਾਰ ਫਸਲਾਂ ਬਰਬਾਦ ਹੋਣ ਕਾਰਨ ਖੇਤੀ ਕਾਰੋਬਾਰ ਤੇ ਚਲੰਤ ਖਰਚਿਆਂ ਲਈ ਕਰਜ਼ਾ ਲੈਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿਹਤ, ਵਿਆਹ ਤੇ ਹੋਰ ਸਮਾਜਕ ਰਸਮਾਂ ਦੇ ਨਿਰਬਾਹ ਲਈ ਵੀ ਕਰਜ਼ਾ ਚੁੱਕਣਾ ਪੈਂਦਾ ਹੈ।

ਰਿਪੋਰਟ 'ਚੋਂ ਸੂਬਾ-ਵਾਰ ਵੇਰਵੇ ਦਿੰਦਿਆਂ ਸ੍ਰੀ ਰਾਵਤ ਨੇ ਕਿਹਾ ਕਿ ਕਰਜ਼ੇ ਦੇ ਚੱਕਰ 'ਚ ਫਸੇ ਕਿਸਾਨ ਪਰਿਵਾਰਾਂ ਦੀ ਸਭ ਤੋਂ ਉੱਚੀ ਦਰ (82 ਫੀਸਦੀ) ਆਂਧਰਾ ਪ੍ਰਦੇਸ਼ ਵਿਚ ਹੈ। ਇਸ ਤੋਂ ਬਾਅਦ ਤਾਮਿਲਨਾਡੂ (74.5 ਫੀਸਦੀ), ਪੰਜਾਬ (65.4 ਫੀਸਦੀ), ਕੇਰਲਾ (64.4 ਫੀਸਦੀ) ਤੇ ਕਰਨਾਟਕਾ (61.6 ਫੀਸਦੀ) ਆਉਂਦੇ ਹਨ।ਮਹਾਰਾਸ਼ਟਰ ਦੇ 54.8 ਫੀਸਦੀ, ਹਰਿਆਣਾ 'ਚ 53.1 ਫੀਸਦੀ, ਰਾਜਸਥਾਨ 'ਚ 52.4 ਫੀਸਦੀ, ਗੁਜਰਾਤ 'ਚ 51.9% ਤੇ ਪੱਛਮੀ ਬੰਗਾਲ ਵਿਚ 50.1 ਫੀਸਦੀ ਕਿਸਾਨ ਕਰਜ਼ਾਈ ਹਨ।

ਬਹੁਤੀ ਵਸੋਂ ਵਾਲੇ ਉੱਤਰ ਪ੍ਰਦੇਸ਼, ਬਿਹਾਰ ਤੇ ਝਾਰਖੰਡ ਵਿੱਚ ਇਹ ਦਰ ਕ੍ਰਮਵਾਰ 40.3 ਫੀਸਦੀ, 33 ਫੀਸਦੀ ਤੇ 20.9 ਫੀਸਦੀ ਹੈ। ਇਹ ਗੱਲ ਨਿੱਤਰ ਕੇ ਸਾਹਮਣੇ ਆਈ ਸੀ ਕਿ ਉੱਚ ਵਿਆਜ ਦਰਾਂ ਖਾਸ ਕਰਕੇ ਸ਼ਾਹੂਕਾਰਾਂ ਵੱਲੋਂ ਵਸੂਲੀਆਂ ਜਾਂਦੀਆਂ ਦਰਾਂ ਕਾਰਨ ਕਿਸਾਨ ਕਰਜ਼ੇ ਦੇ ਕੁਚੱਕਰ ਵਿਚ ਫਸ ਜਾਂਦੇ ਹਨ।

## ਪੰਜਾਬ 'ਚ ਸਰਵੇਖਣ ਲਈ ਵੀ ਫੰਡ ਨਹੀਂ

**ਚੰਡੀਗੜ੍ਹ:** ਪੰਜਾਬ 'ਚ ਕਰਵਾਏ ਵੱਖ-ਵੱਖ ਸਰਵੇਖਣਾਂ ਦੌਰਾਨ ਸਾਹਮਣੇ ਆਇਆ ਹੈ ਕਿ ਕਰਜ਼ਿਆਂ ਦੇ ਬੋਝ ਹੇਠ ਦੱਬੇ ਕਿਸਾਨ ਹੀ ਖ਼ੁਦਕੁਸ਼ੀਆਂ ਕਰ ਰਹੇ ਹਨ ਪਰ ਸਰਕਾਰਾਂ ਨੇ ਲੱਖ ਵਾਅਦੇ ਕਰਨ ਦੇ ਬਾਵਜੂਦ ਕੋਈ ਪੁਖਤਾ ਕਦਮ ਨਹੀਂ ਉਠਾਇਆ। ਇਥੋਂ ਤੱਕ ਪੀੜਤ ਪਰਿਵਾਰਾਂ ਦੀ ਬਾਂਹ ਨਹੀਂ ਫੜੀ ਤੇ ਉਹ ਕਮਾਉਣ ਵਾਲਿਆਂ ਦੇ ਤੁਰ ਜਾਣ ਕਾਰਨ ਰੁਲਣ ਲਈ ਮਜਬੂਰ ਹਨ।

ਹੁਣ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਅਕਾਲੀ-ਭਾਜਪਾ ਸਰਕਾਰ ਸਰਗਰਮ ਹੋਈ ਹੈ ਪਰ ਪੀੜਤਾਂ ਨੂੰ ਅਜੇ ਵੀ ਕੋਈ ਮੁਆਵਜ਼ਾ ਮਿਲਣ ਦੀ ਆਸ ਨਹੀਂ। ਸਰਕਾਰ ਨੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਸਰਵੇਖਣ 2008 ਵਿਚ ਸ਼ੁਰੂ ਕੀਤਾ ਸੀ। ਸਰਵੇਖਣ ਦਾ ਕੰਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਦਿੱਤਾ ਗਿਆ ਸੀ।

ਪੰਜਾਬੀ 'ਵਰਸਿਟੀ ਤੇ ਗੁਰੂ ਨਾਨਕ ਦੇਵ 'ਵਰਸਿਟੀ ਨੂੰ ਤਾਂ ਸਰਵੇਖਣ ਲਈ ਫੰਡਾਂ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਗਈ ਸੀ ਪਰ ਗੁਰੂ ਨਾਨਕ ਦੇਵ 'ਵਰਸਿਟੀ ਇਸ ਤੋਂ ਵਾਂਝੀ ਰਹੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਬਠਿੰਡਾ ਤੇ ਸੰਗਰੂਰ ਵਿਚ ਸਰਵੇਖਣ ਵੀ ਮੁਕੰਮਲ ਕਰ ਲਿਆ ਸੀ। ਸਰਵੇਖਣ ਅਨੁਸਾਰ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ 2890 ਕਿਸਾਨਾਂ ਤੇ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਇਨ੍ਹਾਂ ਵਿਚੋਂ 1757 ਕਿਸਾਨ ਸਨ ਜਦੋਂ ਕਿ 1133 ਖੇਤ ਮਜ਼ਦੂਰ ਸਨ। ਉਸ ਮਗਰੋਂ 'ਵਰਸਿਟੀ ਕੋਲ ਫੰਡ ਖ਼ਤਮ ਹੋ ਗਏ ਤੇ ਸਰਵੇਖਣ ਨੂੰ ਬਰੇਕ ਲੱਗ ਗਈ।

## ਮੌਤ ਨੂੰ ਮਖੌਲ ਕਰਨ ਵਾਲਾ ਇਸ ਰਾਹ ਕਿਉਂ ਪਿਆ?

**ਚੰਡੀਗੜ੍ਹ:** ਮੌਤ ਨੂੰ ਮਖੌਲ ਕਰਨ ਵਾਲਾ ਕਿਸਾਨ ਵਰਗ ਇਸ ਰਾਹ ਕਿਉਂ ਪਿਆ? ਇਸ ਸਭ ਤੋਂ ਵੱਡਾ ਸਵਾਲ ਹੈ। ਇਸ ਬਾਰੇ ਕਰਵਾਏ ਗਏ ਸਰਵੇਖਣਾਂ ਅਨੁਸਾਰ ਕਿਸਾਨਾਂ ਦੇ ਖ਼ੁਦਕੁਸ਼ੀਆਂ ਦੇ ਰਸਤੇ ਪੈਣ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾ ਕਾਰਨ ਹੈ ਖੇਤੀ ਦੀਆਂ ਲਾਗਤਾਂ ਵਿਚ ਵਾਧਾ ਹੋਣਾ ਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ 'ਚ ਖੜੋਤ ਆ ਜਾਣੀ।

ਕੌਮਾਂਤਰੀ ਮੰਡੀ ਵਿਚ ਫਸਲਾਂ ਦੀਆਂ ਕੀਮਤਾਂ ਦੇ ਘਟਣ ਕਰਕੇ 2001 ਤੋਂ 2005 ਤਕ ਕਣਕ ਤੇ ਝੋਨੇ ਦੀਆਂ ਘੱਟੋ-ਘੱਟ ਸਹਾਇਕ ਕੀਮਤਾਂ ਵਿਚ ਖੜੋਤ ਰਹੀ ਹੈ ਜਿਸ ਨਾਲ ਕਣਕ ਦੀਆਂ ਕੀਮਤਾਂ ਵਿਚ ਵਾਧਾ ਸਿਰਫ਼ 1.5 ਪ੍ਰਤੀਸ਼ਤ ਸਾਲਾਨਾ ਤੇ ਝੋਨੇ ਦੀਆਂ ਕੀਮਤਾਂ ਵਿਚ ਵਾਧਾ 2.5 ਪ੍ਰਤੀਸ਼ਤ ਸਾਲਾਨਾ ਹੋਇਆ ਜਦੋਂਕਿ ਇਸੇ ਸਮੇਂ ਦੌਰਾਨ ਇਨ੍ਹਾਂ ਫ਼ਸਲਾਂ ਦੀਆਂ ਲਾਗਤਾਂ ਵਿਚ ਵਾਧਾ ਤਕਰੀਬਨ 9 ਪ੍ਰਤੀਸ਼ਤ ਸਲਾਨਾ ਹੋਇਆ। ਇਸ ਤੋਂ ਵੀ ਅੱਗੇ ਇਸੇ ਸਮੇਂ ਦੌਰਾਨ ਝੋਨੇ ਦੇ ਝਾੜ ਵਿਚ ਖੜੋਤ ਤੇ ਕਣਕ ਦੇ ਝਾੜ ਵਿਚ ਖੜੋਤ ਹੀ ਨਹੀਂ ਸਗੋਂ ਗਿਰਾਵਟ ਆਈ ਹੈ। ਨਰਮੇ ਦੀ ਫ਼ਸਲ ਅਮਰੀਕਨ ਸੁੰਡੀ ਤੇ ਬੀਮਾਰੀਆਂ ਦੇ ਹਮਲੇ ਨਾਲ 5-6 ਸਾਲ ਲਗਾਤਾਰ ਤਬਾਹ ਹੁੰਦੀ ਰਹੀ। ਨਕਲੀ ਦਵਾਈਆਂ ਤੇ ਘਟੀਆਂ ਬੀਜਾਂ ਨੇ ਕਿਸਾਨਾਂ ਦੀ ਆਰਥਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ।

ਦੂਜਾ ਕਾਰਨ ਹੈ ਖੇਤੀ ਸੈਕਟਰ ਵਿਚ ਮਿਲਣ ਵਾਲੇ ਰੁਜ਼ਗਾਰ ਦਾ ਘਟਣਾ। ਜਿਥੇ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ 1972-73 ਵਿਚ 41 ਪ੍ਰਤੀਸ਼ਤ ਤੇ 1993-94 ਵਿਚ 30 ਪ੍ਰਤੀਸ਼ਤ ਸੀ। ਹੁਣ ਉਹ ਘਟ ਕੇ ਸਿਰਫ਼ 18 ਪ੍ਰਤੀਸ਼ਤ ਹੀ ਰਹਿ ਗਿਆ। ਇਸੇ ਤਰ੍ਹਾਂ ਹੀ ਖੇਤੀਬਾੜੀ ਵਿਚੋਂ ਮਿਲਣ ਵਾਲਾ ਰੁਜ਼ਗਾਰ ਵੀ ਕਾਫੀ ਘਟ ਗਿਆ। ਜਿਥੇ 1972-73 ਵਿਚ ਇਹ ਸੈਕਟਰ 74 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ ਉਥੇ 1993-94 ਵਿਚ 64% ਲੋਕਾਂ ਨੂੰ ਅਤੇ ਹੁਣ ਸਿਰਫ 54 ਪ੍ਰਤੀਸ਼ਤ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ।

ਇਥੇ ਹੀ ਬੱਸ ਨਹੀਂ ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਗੈਰ-ਖੇਤੀਬਾੜੀ ਧੰਦਿਆਂ ਦੇ ਲੋਕਾਂ ਦੀ ਉਤਪਾਦਕਤਾ ਖੇਤੀ ਕਾਮਿਆਂ ਨਾਲੋਂ ਵੱਧ ਹੀ ਨਹੀਂ ਸਗੋਂ ਲਗਾਤਾਰ ਵਧ ਰਹੀ ਹੈ। ਜਿੱਥੇ ਇਹ ਉਤਪਾਦਕਤਾ 1972-73 ਵਿਚ 3.92 ਗੁਣਾ ਸੀ ਉਥੇ ਮੌਜੂਦਾ ਸਮੇਂ ਵਿਚ ਵਧ ਕੇ 5.12 ਹੋ ਗਈ ਹੈ।

ਤੀਜਾ ਕਾਰਨ ਹੈ ਖੇਤੀ ਸੈਕਟਰ ਦੇ ਵਿਕਾਸ ਦੀ ਦਰ ਤੇ ਰੁਜ਼ਗਾਰ ਦਾ ਘਟਣਾ। ਭਾਰਤੀ ਆਰਥਿਕਤਾ ਦੇ ਸਾਰੇ ਸੈਕਟਰਾਂ ਜਿਨ੍ਹਾਂ ਵਿਚ ਖੇਤੀ, ਉਦਯੋਗ ਤੇ ਸੇਵਾਵਾਂ ਸ਼ਾਮਲ ਹਨ, ਦੀ ਵਿਕਾਸ ਦਰ ਵੇਖਣ ਤੋਂ ਪਤਾ ਲੱਗਦਾ ਹੈ ਕਿ ਖੇਤੀ ਸੈਕਟਰ ਦੇ ਵਿਕਾਸ ਵਿਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ। ਅੱਸੀਵਿਆਂ ਦੌਰਾਨ ਖੇਤੀ ਸੈਕਟਰ ਦੀ ਵਿਕਾਸ ਦਰ 3.08 ਸੀ ਜੋ ਘਟ ਕੇ ਨੱਬਵਿਆਂ ਦੌਰਾਨ 2.61 ਹੋ ਗਈ ਹੈ। ਜਦੋਂਕਿ 1992 ਤੋਂ ਬਾਅਦ ਇਹ ਵਿਕਾਸ ਦਰ ਸਿਰਫ਼ 2.5 ਹੀ ਰਹਿ ਗਈ।

ਇਸ ਦੇ ਉਲਟ ਉਦਯੋਗ ਸੈਕਟਰ ਦੀ ਵਿਕਾਸ ਦਰ ਅੱਸੀਵਿਆਂ ਦੌਰਾਨ 5.79, ਨੱਬੇਵਿਆਂ ਦੌਰਾਨ 5.82 ਤੇ 1992-93 ਤੋਂ ਬਾਅਦ ਇਹ ਦਰ ਵਧ ਕੇ 6.1 ਹੋ ਗਈ। ਇਸ ਤਰ੍ਹਾਂ ਇਸੇ ਸਮੇਂ ਦੌਰਾਨ ਸੇਵਾਵਾਂ ਦੇ ਖੇਤਰ ਵਿਚ ਵਿਕਾਸ ਦੀ ਦਰ 6.64 ਤੋਂ ਵਧ ਕੇ 7.72 ਰਹੀ ਹੈ।

ਖ਼ੁਦਕੁਸ਼ੀਆਂ ਦਾ ਅਗਲਾ ਕਾਰਨ ਹੈ ਆਮਦਨ ਤੇ ਖ਼ਰਚ ਦੇ ਪਾੜੇ ਦਾ ਵਧਣਾ। ਭਾਰਤ ਵਿਚ ਛੋਟੇ ਕਿਸਾਨਾਂ ਦੀ ਆਮਦਨ ਉਨ੍ਹਾਂ ਦੇ ਖ਼ਰਚ ਨਾਲੋਂ ਕਾਫ਼ੀ ਘੱਟ ਹੈ। ਇਸ ਕਰਕੇ ਇਹ ਕਰਜ਼ੇ ਦੇ ਜਾਲ ਵਿਚ ਫ਼ਸੇ ਹੋਏ ਹਨ। ਨੈਸ਼ਨਲ ਸੈਂਪਲ ਸਰਵੇ ਸੰਗਠਨ (2005) ਦੇ ਅੰਕੜਿਆਂ ਅਨੁਸਾਰ ਸੀਮਾਤਕ ਕਿਸਾਨ (2.5 ਏਕੜ ਤੋਂ ਘੱਟ ਜ਼ਮੀਨ) ਦੀ ਆਮਦਨ 1617 ਰੁਪਏ ਮਹੀਨਾ ਹੈ ਜਦੋਂਕਿ ਇਨ੍ਹਾਂ ਦਾ ਖਰਚਾ 2453 ਰੁਪਏ ਮਹੀਨਾ ਹੈ। ਇਸੇ ਤਰ੍ਹਾਂ ਛੋਟੇ ਕਿਸਾਨਾਂ (2.5 ਤੋਂ 5 ਏਕੜ) ਦੀ ਆਮਦਨ 2493 ਰੁਪਏ ਮਹੀਨਾ ਹੈ ਜਦੋਂਕਿ ਇਨ੍ਹਾਂ ਦਾ ਖ਼ਰਚ 3148 ਰੁਪਏ ਮਹੀਨਾ ਹੈ।

ਸਮੁੱਚੀ ਕਿਸਾਨੀ ਘੱਟ ਆਮਦਨ ਕਰਕੇ ਕਰਜ਼ੇ ਦੇ ਕੁਚੱਕਰ ਵਿਚ ਫ਼ਸੀ ਹੋਈ ਹੈ। ਜ਼ਮੀਨ ਦੀ ਵੰਡ ਦਰ ਵੰਡ ਹੋਣ ਕਰਕੇ ਸਮੁੱਚੇ ਕਿਸਾਨ ਪਰਿਵਾਰਾਂ ਗਿਣਤੀ ਜਿੱਥੇ 1970-71 ਵਿਚ 5.7 ਕਰੋੜ ਸੀ ਇਹ ਹੁਣ ਵਧ ਕੇ 10.2 ਕਰੋੜ ਹੋ ਗਈ। ਇਸੇ ਕਰਕੇ ਖੇਤ ਦਾ ਔਸਤਨ ਆਕਾਰ ਵੀ ਸਾਢੇ ਪੰਜ ਏਕੜ ਤੋਂ ਘੱਟ ਕੇ ਢਾਈ ਏਕੜ ਰਹਿ ਗਿਆ। ਇੰਨੇ ਛੋਟੀ ਜੋਤ ਦੇ ਆਕਾਰ ਤੇ ਕੀਤੀ ਮੁੱਖ ਫ਼ਸਲਾਂ ਦੀ ਖੇਤੀ ਪੁੱਗਣ ਯੋਗ ਹੀ ਨਹੀਂ। ਨੈਸ਼ਨਲ ਸੈਂਪਲ ਸਰਵੇ ਅਨੁਸਾਰ ਭਾਰਤ ਦੇ 49 ਪ੍ਰਤੀਸਤ ਕਿਸਾਨ ਕਰਜ਼ੇ ਥੱਲੇ ਹਨ ਤੇ 41 ਪ੍ਰਤੀਸ਼ਤ ਕਿਸਾਨਾਂ ਨੇ ਖੇਤੀ ਨੂੰ ਛੱਡਣ ਦੀ ਇੱਛਾ ਜ਼ਾਹਰ ਕੀਤੀ ਹੈ।

### ਅਜੇ ਤਾਈਂ ਨਹੀਂ ਮਿਲਿਆ ਮੁਆਵਜ਼ਾ

**ਚੰਡੀਗੜ੍ਹ:** ਸਰਕਾਰ ਸਾਲ 2001 ਤੋਂ ਇਨ੍ਹਾਂ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕਰਦੀ ਆ ਰਹੀ ਹੈ ਪਰ ਕਿਸੇ ਵੀ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਨਹੀਂ ਲਾਇਆ। ਜ਼ਿਲ੍ਹਾ ਬਠਿੰਡਾ ਦੇ ਸਿਰਫ਼ ਪੰਜ ਪਰਿਵਾਰਾਂ ਨੂੰ ਹੀ ਇਹ ਮੁਆਵਜ਼ਾ ਮਿਲਿਆ ਹੈ। ਜਦੋਂ ਪਿਛਲੀ ਦਫਾ ਅਕਾਲੀ ਹਕੂਮਤ ਸੀ ਤਾਂ ਆਖਰੀ ਵਰ੍ਹੇ ਬਜਟ 'ਚ ਇਨ੍ਹਾਂ ਪਰਿਵਾਰਾਂ ਲਈ ਦੋ ਦੋ ਲੱਖ ਦੇ ਫੰਡ ਰੱਖੇ ਗਏ ਸਨ ਜਿਸ ਨੂੰ ਅਮਲੀ ਰੂਪ ਨਾ ਦਿੱਤਾ ਜਾ ਸਕਿਆ। ਕਾਂਗਰਸ ਸਰਕਾਰ ਨੇ 5 ਵਰ੍ਹੇ ਇਸ ਮਾਮਲੇ ਵਿਚ ਚੁੱਪ ਵੱਟੀ ਰੱਖੀ।



## Has your credit been Naughty or Nice?

ਕੀ ਤੁਹਾਡਾ ਕਰੈਡਿਟ ਖਰਾਬ ਹੈ????

ਤੁਹਾਨੂੰ ਮਾਰਟਗੇਜ, ਕਾਰ ਲੋਨ, ਕਰੈਡਿਟ ਕਾਰਡ ਜਾਂ ਇੰਸ਼ੋਰੈਂਸ ਕਿਸ ਭਾਅ ਮਿਲੇਗੀ, ਇਹ ਸਭ ਤੁਹਾਡੇ ਕਰੈਡਿਟ ਸਕੋਰ 'ਤੇ ਹੀ ਨਿਰਭਰ ਹੈ।

**We Can Help**

We specialize in repairing credit reports. We Improve your credit by removing negative items you identify as inaccurate, misleading or unverifiable. *Damaging Items include:*

*Bankruptcies *Late Payments *Judgements *Collections
*Foreclosures *Charge Offs *Garnishments *Repossessions
*Liens *Partial Payments *all credit killers!*

ਅੱਜ ਹੀ ਕਰੈਡਿਟ ਠੀਕ ਕਰਨ ਵਾਲੇ ਮਾਹਰਾਂ ਨੂੰ ਕਾਲ ਕਰੋ

ZiNU CREDIT REPAIR

Call 1-800-400-ZINU(9468)

Visit:www.Zinucreditrepair.com

## Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

ਗਾਖਲ ਭਰਾਵਾਂ ਦੀ ਕੰਪਨੀ

## A & I Transport Inc.

123 E Lee Rd.,
Watsonville, CA, 95076
Ph:831-763-7805

11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

Weekly Pay Roll

2011-12 ਮਾਡਲ ਦੇ ਨਵੇਂ ਨਕੋਰ ਟਰੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com



A&I WATSONVILLE, CA ਏ. ਐਂਡ ਆਈ. ਟਰਾਂਸਪੋਰਟ ਵਾਟਸਨਵਿਲ, ਕੈਲੀਫੋਰਨੀਆ

# ਅਕਾਲੀ ਤੇ ਕਾਂਗਰਸੀ ਹੀ ਰਹੇ ਪੰਜਾਬ ਦੀ ਸੱਤਾ 'ਤੇ ਕਾਬਜ਼

**ਪੰਜਾਬ ਵਿਧਾਨ ਸਭਾ ਚੋਣਾਂ 2012**

## ਕਾਂਗਰਸ ਨੇ 7 ਤੇ ਅਕਾਲੀਆਂ ਨੇ 6 ਵਾਰ ਸੱਤਾ ਦਾ ਸੁੱਖ ਭੋਗਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਹੁਣ ਤਕ 13 ਵਾਰ ਹੋਈਆਂ ਚੋਣਾਂ ਵਿਚੋਂ ਕਾਂਗਰਸ ਸੱਤ ਵਾਰ ਜੇਤੂ ਹੋ ਕੇ ਉਭਰੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਛੇ ਵਾਰ ਸੱਤਾ ਦਾ ਅਨੰਦ ਮਾਣਿਆ। ਹੁਣ ਦੋਵੇਂ ਧਿਰਾਂ 14ਵੀਆਂ ਵਿਧਾਨ ਸਭਾ ਚੋਣਾਂ ਲਈ ਮੈਦਾਨ 'ਚ ਡਟੀਆਂ ਹੋਈਆਂ ਹਨ। ਇਕ ਪਾਸੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਟੀਮ ਵਲੋਂ 'ਪੰਜਾਬ ਬਚਾਓ' ਯਾਤਰਾ ਕਰਕੇ ਚੋਣਾਂ ਵਿਚ ਜਿੱਤ ਦਾ ਝੰਡਾ ਝੁਲਾਉਣ ਦੇ ਯਤਨ ਕੀਤੇ ਜਾ ਰਹੇ ਹਨ, ਦੂਸਰੇ ਪਾਸੇ ਅਕਾਲੀ ਦਲ ਸਰਕਾਰੀ ਪਲੇਟਫਾਰਮ ਰਾਹੀਂ ਧਾਰਮਿਕ ਤੇ ਹੋਰ ਕਈ ਤਰ੍ਹਾਂ ਦੇ ਪ੍ਰਾਜੈਕਟਾਂ ਤੇ ਸਕੀਮਾਂ ਨੂੰ ਅੰਤਿਮ ਰੂਪ ਦੇਣ ਤੇ ਉਦਘਾਟਨੀ ਸਮਾਗਮ ਕਰਕੇ ਜਿੱਤ ਲਈ ਆਖਰੀ ਹਭਲੇ 'ਚ ਜੁਟਿਆ ਹੋਇਆ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਦੇ ਇਤਿਹਾਸ ਅਨੁਸਾਰ ਸਾਲ 1952, 1957, 1962, 1972, 1980, 1992 ਤੇ 2002 ਵਿਚ ਕਾਂਗਰਸ ਜੇਤੂ ਰਹੀ ਪਰ 1967, 1969 ਤੇ 1977 ਦੌਰਾਨ ਕਾਂਗਰਸ 'ਚ ਫੁੱਟ ਪੈਣ ਕਾਰਨ



*ਪ੍ਰਤਾਪ ਸਿੰਘ ਕੈਰੋਂ, ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ*

ਹੋਰ ਰਾਜਾਂ ਵਾਂਗ ਪੰਜਾਬ ਵਿਚ ਵੀ ਇਸ ਦੇ ਪੈਰ ਖਿਸਕਦੇ ਰਹੇ। 1967 ਤੋਂ ਲੈ ਕੇ ਹੁਣ ਤਕ ਅਕਾਲੀ ਦਲ ਛੇ ਵਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋਇਆ। 1920 ਵਿਚ ਹੋਂਦ 'ਚ ਆਏ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਆਪਣੀ ਪਛਾਣ ਬਣਾਉਣ ਉਪਰੰਤ ਸਾਲ 1937 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤਕ ਰਾਜ ਵਿਚ ਆਪਣਾ ਸਿਆਸੀ ਦਬਦਬਾ ਬਣਾ ਲਿਆ ਸੀ।

ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਅਕਾਲੀ ਦਲ ਨੇ ਕਾਂਗਰਸ ਦੇ ਬਰਾਬਰ ਸਿਆਸੀ ਪਿੜ ਉਸਾਰਨ ਵਿਚ ਪਹਿਲ ਕੀਤੀ। ਜਦੋਂ ਭਾਰਤ ਸਰਕਾਰ ਨੇ ਸਾਲ 1956 ਦੌਰਾਨ ਭਾਸ਼ਾ ਦੇ ਆਧਾਰ 'ਤੇ ਕੁਝ ਸੂਬੇ ਬਣਾਏ ਤਾਂ ਪੰਜਾਬੀ ਸੂਬਾ ਨਾ ਬਣਾਏ ਜਾਣ ਦੇ ਖ਼ਿਲਾਫ਼ ਅਕਾਲੀ ਦਲ ਨੇ ਸੰਘਰਸ਼ ਵਿੱਢਿਆ। ਉਂਜ ਅਕਾਲੀ ਦਲ ਵੀ ਮੁੱਢ ਤੋਂ ਫੁੱਟ ਦਾ ਸ਼ਿਕਾਰ ਹੁੰਦਾ ਰਿਹਾ ਹੈ। ਪੰਜਾਬੀ ਸੂਬਾ ਬਣਨ ਤੋਂ ਚਾਰ ਸਾਲ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ, ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਗੁਟਾਂ ਵਿਚ ਵੰਡਿਆ ਗਿਆ ਸੀ।

1980 ਵਿਚ ਮੁੜ ਅਕਾਲੀ ਦਲ, ਲੌਂਗੋਵਾਲ ਤੇ ਤਲਵੰਡੀ ਧੜਿਆਂ ਵਿਚ ਵੰਡਿਆ ਗਿਆ। ਸਾਲ 1985 ਵਿਚ ਸੁਰਜੀਤ ਸਿੰਘ ਬਰਨਾਲਾ ਸਰਕਾਰ ਬਣਨ ਤੋਂ ਕੁਝ ਮਹੀਨੇ ਬਾਅਦ ਸ. ਪ੍ਰਕਾਸ਼ ਸਿੰਘ ਬਾਦਲ ਨੇ ਉਸ ਵੇਲੇ ਦੇ ਆਪਣੇ ਵਿਧਾਇਕਾਂ ਸਮੇਤ ਸਰਕਾਰ ਤੋਂ ਅਲੱਗ ਹੋ ਕੇ ਅਕਾਲੀ ਦਲ (ਬਾਦਲ) ਬਣਾ ਲਿਆ। ਇੰਜ ਹੀ ਸਿਮਰਨਜੀਤ ਸਿੰਘ ਮਾਨ ਵੱਖਰੇ ਤੌਰ 'ਤੇ ਅਕਾਲੀ ਦਲ ਬਣਾ ਕੇ ਵਿਚਰਦੇ ਰਹੇ। ਇਕ ਸਮੇਂ ਤਾਂ ਅਕਾਲੀ ਦਲਾਂ ਦੀ ਗਿਣਤੀ ਅੱਧੀ ਦਰਜਨ ਤੋਂ ਵੀ ਵਧ ਗਈ ਸੀ।

ਅਕਾਲੀ ਦਲ ਸਾਲ 1967, 1969, 1977, 1985, 1997 ਤੇ 2007 ਦੌਰਾਨ ਛੇ ਵਾਰ ਪੰਜਾਬ ਵਿਚ ਆਪਣੀ ਸਰਕਾਰ ਬਣਾਉਣ ਵਿਚ ਕਾਮਯਾਬ ਰਿਹਾ। ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਭਾਵੇਂ ਆਪਣੇ ਪੱਧਰ 'ਤੇ ਸਿਆਸੀ ਪਿੜ ਵਿਚ ਕੋਈ ਖਾਸ ਮਾਅਰਕਾ ਨਹੀਂ ਮਾਰ ਸਕੀ ਫਿਰ ਵੀ ਅਕਾਲੀ ਦਲ ਨਾਲ ਗੱਠਜੋੜ ਕਰਨ ਤੋਂ ਬਾਅਦ ਇਸ ਨੇ ਵੀ ਪੰਜਾਬ ਦੀ ਸੱਤਾ ਦਾ ਸਵਾਦ ਮਾਣਿਆ। ਅਕਾਲੀ ਦਲ ਨੇ ਰਾਜ ਵਿਚਲੇ ਹਿੰਦੂ ਭਾਈਚਾਰੇ, ਖਾਸ ਕਰਕੇ ਸ਼ਹਿਰੀ ਤਬਕੇ ਨੂੰ ਕਾਂਗਰਸ ਨਾਲੋਂ ਤੋੜਨ ਲਈ ਭਾਜਪਾ ਦੀ ਬਾਂਹ ਫੜੀ। ਦੋਵਾਂ ਦੇ ਗੱਠਜੋੜ ਨੇ ਦੋਵਾਂ ਪਾਰਟੀਆਂ ਨੂੰ ਰਾਜਸੀ ਮਜ਼ਬੂਤੀ ਬਖ਼ਸ਼ੀ।

# ਪੰਜਾਬ 'ਚ ਹਲਕਿਆਂ ਦੀ ਨਵੀਂ ਹੱਦਬੰਦੀ ਨਾਲ ਸਿਆਸੀ ਹੱਲਚਲ

## ਪਾਰਟੀਆਂ ਨੂੰ ਉਮੀਦਵਾਰ ਲੱਭਣ 'ਚ ਦਿੱਕਤ

**ਚੰਡੀਗੜ੍ਹ:** ਪੰਜਾਬ ਦੇ ਵਿਧਾਨ ਸਭਾ ਹਲਕਿਆਂ ਦੀ ਨਵੀਂ ਬਣਤਰ ਨੇ ਸਿਆਸੀ ਪਾਰਟੀਆਂ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਪਹਿਲੀ ਵਾਰੀ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਸਿਆਸੀ ਪਾਰਟੀਆਂ ਲਈ ਇਹ ਸੰਕਟ ਕਈ ਹਲਕਿਆਂ ਦੇ ਟੁੱਟਣ, ਕਈਆਂ ਦੇ ਰਾਖਵੇਂਕਰਨ ਅਧੀਨ ਆਉਣ, ਰਾਖਵਾਂਕਰਨ ਖ਼ਤਮ ਹੋਣ ਤੇ ਰਾਖਵੀਆਂ ਸੀਟਾਂ ਵਧਣ ਕਾਰਨ ਖੜ੍ਹਾ ਹੋਇਆ ਹੈ।

ਸਾਲ 2007 ਵਿਚ ਹੋਈਆਂ ਚੋਣਾਂ ਦੌਰਾਨ ਪੰਜਾਬ ਵਿਚ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਗਿਣਤੀ 29 ਸੀ ਤੇ ਇਸ ਵਾਰੀ ਇਹ ਵਧ ਕੇ 34 ਹੋ ਗਈ ਹੈ। ਇਸ ਤਰ੍ਹਾਂ ਨਾਲ ਸਿਆਸੀ ਪਾਰਟੀਆਂ ਨੂੰ ਰਾਖਵੇਂ ਵਰਗ ਨਾਲ ਸਬੰਧਤ ਪੰਜ ਹੋਰ ਉਮੀਦਵਾਰਾਂ ਦੀ ਤਲਾਸ਼ ਕਰਨੀ ਪਵੇਗੀ। ਰਾਜ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੂੰ ਇਸ ਸਮੇਂ ਰਾਖਵੇਂ ਹਲਕਿਆਂ ਲਈ ਉਮੀਦਵਾਰ ਲੱਭਣ ਵਿਚ ਦਿੱਕਤ ਆ ਰਹੀ ਹੈ।

ਪਾਰਟੀਆਂ ਵੱਲੋਂ ਰਾਖਵੇਂ ਹਲਕਿਆਂ ਤੋਂ ਕਈ ਮੌਜੂਦਾ ਜਾਂ ਸਾਬਕਾ ਅਫਸਰਾਂ ਨੂੰ ਵਿਧਾਨ ਸਭਾ ਚੋਣ ਲੜਾਉਣ ਲਈ ਤਿਆਰ ਕਰਨਾ ਇਸੇ ਲੜੀ ਦਾ ਹਿੱਸਾ ਹੈ। ਮਾਝੇ ਤੇ ਦੋਆਬੇ ਦੇ ਜ਼ਿਲ੍ਹਿਆਂ ਵਿਚ ਕਈ ਵਿਧਾਨ ਸਭਾ ਹਲਕੇ ਖ਼ਤਮ ਹੋਣ ਨਾਲ ਦੋਹਾਂ ਪਾਰਟੀਆਂ ਦੇ ਕਈ ਪ੍ਰਮੁੱਖ ਰਾਜਸੀ ਆਗੂਆਂ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਪੰਜਾਬ ਵਿਚ ਆਬਾਦੀ ਦੇ ਪੱਖ ਤੋਂ ਵੱਡੇ ਜ਼ਿਲ੍ਹੇ ਲੁਧਿਆਣਾ ਵਿਚ ਵਿਧਾਨ ਸਭਾ ਹਲਕਿਆਂ ਦੀ ਗਿਣਤੀ 12 ਤੋਂ ਵਧ ਕੇ 14 ਹੋ ਗਈ ਹੈ। ਫਿਰੋਜ਼ਪੁਰ ਵਿਚ ਹਲਕਿਆ ਦੀ ਹੱਦਬੰਦੀ ਤਾਂ ਉਹੀ ਰਹਿ ਗਈ ਪਰ ਫਿਰੋਜ਼ਪੁਰ ਦਿਹਾਤੀ ਹਲਕੇ ਦੇ ਰਾਖਵਾਂ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਲਈ ਵੱਡੀ ਚੁਣੌਤੀ ਪੈਦਾ ਹੋ ਗਈ ਹੈ।

ਸੂਤਰਾਂ ਮੁਤਾਬਕ ਇਸ ਇਲਾਕੇ ਦੇ ਸਿਰਕੱਢ ਅਕਾਲੀ ਆਗੂ ਨੇ ਵਿਧਾਨ ਸਭਾ ਦੀ ਚੋਣ ਨਾ ਲੜਨ ਦੀ ਇੱਛਾ ਪ੍ਰਗਟ ਕਰਦਿਆਂ ਰਾਜ ਸਭਾ ਵਿਚ ਜਾਣ ਦੀ ਇੱਛਾ ਪ੍ਰਗਟ ਕੀਤੀ ਹੈ। ਮਾਲਵੇ ਵਿਚ ਮੋਗਾ, ਮੁਕਤਸਰ ਤੇ ਫਰੀਦਕੋਟ ਦੀ ਹਾਲਤ ਪਹਿਲਾਂ ਵਰਗੀ ਹੀ ਹੈ। ਫਰੀਦਕੋਟ ਵਿਚ ਪੰਜਗਰਾਈਂ ਹਲਕਾ ਖ਼ਤਮ ਕਰਕੇ ਜੈਤੋ ਨਵਾਂ ਹਲਕਾ ਹੋਂਦ ਵਿਚ ਆ ਗਿਆ ਹੈ।

ਪਟਿਆਲਾ ਜ਼ਿਲ੍ਹੇ ਵਿਚ ਵੀ ਰਾਖਵੇਂ ਹਲਕਿਆਂ ਦੀ ਹਾਲਤ ਬਦਲ ਗਈ ਹੈ ਤੇ ਇਕ ਵਿਧਾਨ ਸਭਾ ਹਲਕਾ ਵੀ ਵਧ ਗਿਆ ਹੈ। ਸੰਗਰੂਰ ਵਿਚ ਦਿੜ੍ਹਬਾ ਹਲਕਾ ਰਾਖਵੇਂਕਰਨ ਅਧੀਨ ਆ ਗਿਆ ਹੈ ਤਾਂ ਦੋ ਹਲਕੇ ਟੁੱਟ ਕੇ ਉਨ੍ਹਾਂ ਦੀ ਥਾਂ ਨਵੇਂ ਹਲਕੇ ਬਣਨ ਨਾਲ ਵੀ ਕਈ ਰਾਜਸੀ ਪੁਆੜੇ ਖੜ੍ਹੇ ਹੋ ਗਏ ਹਨ। ਉਂਜ ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਬਹੁਗਿਣਤੀ ਹਲਕਿਆਂ ਵਿਚ 'ਇਕ ਅਨਾਰ ਸੌ ਬਿਮਾਰ' ਵਾਲੀ ਹਾਲਤ ਬਣੀ ਹੋਈ ਹੈ।

### ਹਲਕਿਆਂ ਦੀ ਤਬਦੀਲੀ

**ਜਨਰਲ ਤੋਂ ਰਾਖਵੇਂਕਰਨ ਅਧੀਨ ਆਏ ਹਲਕੇ:** ਸ੍ਰੀ ਹਰਗੋਬਿੰਦਪੁਰ, ਨਰੋਟ ਮਹਿਰਾ, ਜਗਰਾਉਂ, ਰਾਏਕੋਟ, ਦਿੜ੍ਹਬਾ, ਨਾਭਾ, ਫਿਰੋਜ਼ਪੁਰ ਦਿਹਾਤੀ, ਆਦਮਪੁਰ, ਪਾਇਲ, ਬੁਢਲਾਡਾ।

**ਰਾਖਵੇਂ ਤੋਂ ਜਨਰਲ ਹੋਏ:** ਖਡੂਰ ਸਾਹਿਬ, ਦਾਖਾ, ਖੰਨਾ, ਅਮਲੋਹ, ਧਰਮਕੋਟ।

**ਖ਼ਤਮ ਹੋਏ ਹਲਕੇ:** ਕਾਹਨੂੰਵਾਨ, ਧਾਰੀਵਾਲ, ਵੇਰਕਾ, ਨੂਰਮਹਿਲ, ਕਿਲਾ ਰਾਏਪੁਰ, ਲੁਧਿਆਣਾ ਦਿਹਾਤੀ, ਪੰਜਗਰਾਈਂ, ਜੋਗਾ, ਨੰਗਲ, ਨੌਸ਼ਹਿਰਾ ਪੰਨੂਆਂ, ਮਾਹਿਲਪੁਰ, ਗੜ੍ਹਦੀਵਾਲਾ, ਟਾਂਡਾ, ਮੋਰਿੰਡਾ, ਡਕਾਲਾ, ਧਨੌਲਾ, ਸ਼ੇਰਪੁਰ, ਨਥਾਣਾ, ਪੱਕਾ ਕਲਾਂ, ਵਲਟੋਹਾ, ਬਿਆਸ, ਬਨੂੜ, ਲੋਹੀਆਂ।

**ਨਵੇਂ ਬਣੇ ਹਲਕੇ:** ਪੂਰਬੀ ਅੰਮ੍ਰਿਤਸਰ, ਮੁਹਾਲੀ, ਬਸੀ ਪਠਾਣਾ, ਰੋਪੜ, ਭੋਆ, ਮਹਿਲ ਕਲਾਂ, ਅਮਰਗੜ੍ਹ, ਸਾਹਨੇਵਾਲ, ਗਿੱਲ ਕਲਾਂ, ਰੋਪੜ, ਪਟਿਆਲਾ ਦਿਹਾਤੀ, ਮੌੜ ਮੰਡੀ, ਬਠਿੰਡਾ ਦਿਹਾਤੀ, ਭੁੱਚੋ ਮੰਡੀ, ਉੜਮੁੜ, ਡੇਰਾ ਬਾਬਾ ਨਾਨਕ, ਬਾਬਾ ਬਕਾਲਾ, ਖੇਮਕਰਨ, ਸ਼ਾਹਕੋਟ, ਜੈਤੋ ਤੇ ਲੁਧਿਆਣਾ ਸ਼ਹਿਰ ਵਿਚ ਬਣੇ ਦੋ ਨਵੇਂ ਹਲਕੇ।

ਗੁਰਦਾਸਪੁਰ ਜ਼ਿਲ੍ਹੇ ਵਿਚ ਹਲਕਿਆਂ ਦੀ ਗਿਣਤੀ ਜਿੱਥੇ 11 ਤੋਂ ਘਟ ਕੇ 10 ਰਹਿ ਗਈ ਹੈ, ਉੱਥੇ ਇਕ ਰਾਖਵਾਂ ਹਲਕਾ ਵਧ ਗਿਆ ਹੈ। ਅੰਮ੍ਰਿਤਸਰ ਤੇ ਤਰਨ ਤਾਰਨ ਵਿਚ ਹਲਕਿਆਂ ਦੀ ਗਿਣਤੀ 16 ਤੋਂ ਘਟ ਕੇ 15 ਰਹਿ ਗਈ। ਅੰਮ੍ਰਿਤਸਰ ਸ਼ਹਿਰ ਵਿਚ ਪਹਿਲਾਂ ਚਾਰੇ ਹਲਕੇ ਜਨਰਲ ਸਨ ਪਰ ਹੁਣ ਇਕ ਰਾਖਵਾਂ ਹੋ ਗਿਆ ਹੈ। ਕਪੂਰਥਲਾ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਹਲਕਿਆਂ ਦੀ ਹਾਲਤ ਪਹਿਲਾਂ ਵਾਲੀ ਹੀ ਹੈ।ਜਲੰਧਰ ਜ਼ਿਲ੍ਹੇ ਵਿਚ ਆਦਮਪੁਰ ਹਲਕਾ ਰਾਖਵੇਂਕਰਨ ਅਧੀਨ ਆ ਗਿਆ ਹੈ ਤੇ ਨੂਰਮਹਿਲ ਖ਼ਤਮ ਹੀ ਹੋ ਗਿਆ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵੀ ਹਲਕਿਆਂ ਦੀ ਗਿਣਤੀ ਵਧ ਗਈ ਹੈ। ਮਾਝੇ ਤੇ ਦੋਆਬੇ ਦੇ ਜ਼ਿਲ੍ਹਿਆਂ ਦੀ ਤਾਜ਼ਾ ਹਾਲਤ ਮੁਤਾਬਕ 4 ਹਲਕੇ ਘਟ ਗਏ ਹਨ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚਾਰ ਪ੍ਰਮੁੱਖ ਰਾਜਸੀ ਆਗੂਆਂ ਨੂੰ ਸਬਰ ਦਾ ਘੁੱਟ ਭਰਨਾ ਪੈ ਸਕਦਾ ਹੈ। ਰਾਖਵੇਂ ਹਲਕਿਆਂ ਦੀ ਗਿਣਤੀ ਵਧਣ ਨਾਲ ਜਨਰਲ ਵਰਗ ਦੇ ਆਗੂਆਂ ਲਈ ਭਵਿੱਖੀ ਫਿਕਰ ਵਧ ਗਏ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਸਿਆਸੀ ਪਾਰਟੀਆਂ ਅੰਦਰ ਸਫਬੰਦੀ ਵੀ ਵਧ ਗਈ ਹੈ। ਰੂਪਨਗਰ ਜ਼ਿਲ੍ਹੇ ਵਿਚ ਵੀ ਹਲਕਿਆਂ ਦੀ ਟੁੱਟ-ਭੱਜ ਤਾਂ ਹੋਈ ਹੈ। ਇਸ ਸੰਸਦੀ ਖੇਤਰ ਵਿਚ ਮੁਹਾਲੀ ਨਵਾਂ ਹਲਕਾ ਬਣ ਗਿਆ।

ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਨੇ ਜੇਕਰ ਮਾਝੇ ਤੇ ਦੋਆਬੇ ਦੇ ਲੀਡਰਾਂ ਪੱਲੇ ਨਿਰਾਸ਼ਾ ਪਾਈ ਹੈ ਤਾਂ ਮਾਲਵੇ ਵਾਲੇ ਚਾਰ ਵੱਧ ਸੀਟਾਂ ਮਿਲਣ ਕਾਰਨ ਖੁਸ਼ ਹਨ। ਲੁਧਿਆਣਾ ਸ਼ਹਿਰ ਦੀ ਆਬਾਦੀ ਜ਼ਿਆਦਾ ਹੈ, ਇਸ ਲਈ ਸ਼ਹਿਰ ਵਿਚ ਹਲਕਿਆਂ ਦੀ ਗਿਣਤੀ ਵਧ ਗਈ ਹੈ। ਬਠਿੰਡਾ, ਫਰੀਦਕੋਟ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਪੰਜ ਹਲਕੇ ਖ਼ਤਮ ਕਰਕੇ ਉਨ੍ਹਾਂ ਦੀ ਥਾਂ ਨਵੇਂ ਹਲਕੇ ਬਣਾ ਦਿੱਤੇ ਹਨ। ਹਲਕਿਆਂ ਦੀ ਟੁੱਟ-ਭੱਜ ਦਾ ਅਸਰ ਆਉਣ ਵਾਲੀਆਂ ਚੋਣਾਂ 'ਤੇ ਵੀ ਪੈ ਸਕਦਾ ਹੈ ਕਿਉਂਕਿ ਪ੍ਰਭਾਵਸ਼ਾਲੀ ਵਿਅਕਤੀਆਂ ਦੀਆਂ ਟਿਕਟਾਂ ਕੱਟਣ ਕਾਰਨ ਪਾਰਟੀਆਂ ਨੂੰ ਬਾਗ਼ੀਆਂ ਦੀ ਚੁਣੌਤੀ ਦਾ ਵੱਧ ਸਾਹਮਣਾ ਕਰਨਾ ਪੈ ਸਕਦਾ ਹੈ।

# ਚੋਣ ਕਮਿਸ਼ਨ ਨੇ ਸਿਆਸੀ ਦਲਾਂ ਦਾ ਸ਼ਿਕੰਜਾ ਕੱਸਿਆ

## ਪੈਸੇ ਵੱਟੇ ਖ਼ਬਰਾਂ ਲਵਾਉਣ ਬਾਰੇ ਉਮੀਦਵਾਰਾਂ ਨੂੰ ਚੇਤਾਵਨੀ

**ਚੰਡੀਗੜ੍ਹ:** ਪੰਜਾਬ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਦਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਪੈਸੇ ਵੱਟੇ ਖ਼ਬਰਾਂ ਲਵਾਉਣ (ਪੇਡ ਨਿਊਜ਼) ਤੇ ਫਰਜ਼ੀ ਇਸ਼ਤਿਹਾਰਾਂ ਦੇ ਰੁਝਾਨ ਨੂੰ ਰੋਕਣ ਲਈ ਚੋਣ ਕਮਿਸ਼ਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ 'ਪੇਡ ਨਿਊਜ਼' ਦਾ ਦੋਸ਼ ਸਾਬਤ ਹੋ ਜਾਂਦਾ ਹੈ ਤਾਂ ਸਬੰਧਤ ਉਮੀਦਵਾਰ ਨੂੰ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਜਾਵੇਗਾ।

ਚੋਣ ਕਮਿਸ਼ਨ ਦੇ ਨੁਮਾਇੰਦਿਆਂ ਪੀ.ਕੇ. ਦਾਸ, ਅਕਸ਼ੈ ਰੌਤ (ਦੋਵੇਂ ਡਾਇਰੈਕਟਰ ਜਨਰਲ ਚੋਣਾਂ) ਤੇ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਦਾ ਕਹਿਣਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅਖ਼ਬਾਰਾਂ ਵਿਚ ਫਰਜ਼ੀ ਇਸ਼ਤਿਹਾਰ ਦੇਣਾ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਇਸ਼ਤਿਹਾਰ ਦੇਣ ਵਾਲੇ ਨੂੰ ਐਲਾਨਨਾਮਾ ਦੇਣਾ ਹੋਵੇਗਾ ਜਿਸ 'ਤੇ ਦੋ ਗਵਾਹਾਂ ਦੇ ਦਸਤਖ਼ਤ ਹੋਣਗੇ। ਪ੍ਰੈਸ ਕੌਂਸਲ ਆਫ ਇੰਡੀਆ ਵੱਲੋਂ ਅਪਣਾਏ ਦਿਸ਼ਾ ਨਿਰਦੇਸ਼ਾਂ ਨੂੰ ਵੀ ਚੋਣ ਕਮਿਸ਼ਨ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ।

ਬੀਬੀ ਸਿੱਧੂ ਅਨੁਸਾਰ ਕਮਿਸ਼ਨ ਵੱਲੋਂ ਇਲੈਕਟ੍ਰੌਨਿਕ ਮੀਡੀਆ ਵਿਚ ਆਉਂਦੇ ਇਸ਼ਤਿਹਾਰਾਂ ਦੀ 24 ਘੰਟੇ ਪੁਣਛਾਣ ਕੀਤੀ ਜਾਵੇਗੀ, ਜਿੱਥੇ ਕਿਤੇ ਵੀ ਰਿਪੋਰਟ ਪੱਖਪਾਤੀ ਜਾਂ ਧਨ ਸ਼ਕਤੀ ਤੋਂ ਪ੍ਰਭਾਵਤ ਨਜ਼ਰ ਆਈ, ਉਸ ਦਾ ਖ਼ਰਚਾ ਸਬੰਧਤ ਉਮੀਦਵਾਰ ਦੇ ਖਰਚ ਵਿਚ ਸ਼ਾਮਲ ਕਰ ਦਿੱਤਾ ਜਾਵੇਗਾ। ਇਹ ਤਜਰਬਾ ਤਾਮਿਲਨਾਡੂ, ਪੱਛਮੀ ਬੰਗਾਲ, ਆਸਾਮ ਤੇ ਹੋਰ ਰਾਜਾਂ ਦੀਆਂ ਚੋਣਾਂ ਦੌਰਾਨ ਕਾਮਯਾਬੀ ਨਾਲ ਅਜ਼ਮਾਇਆ ਜਾ ਚੁੱਕਾ ਹੈ। ਉਮੀਦਵਾਰਾਂ ਵੱਲੋਂ ਕੀਤੇ ਜਾਂਦੇ ਕੁੱਲ ਖਰਚ ਦਾ 40 ਫੀਸਦੀ ਪ੍ਰੋਪੇਗੰਡੇ 'ਤੇ ਹੀ ਖਰਚ ਕੀਤਾ ਜਾਂਦਾ ਹੈ।




ਮੀਡੀਆ ਤੋਂ ਇਸ ਰੁਝਾਨ ਨੂੰ ਰੋਕਣ ਲਈ ਸਹਿਯੋਗ ਦੀ ਮੰਗ ਕਰਦਿਆਂ ਬੀਬੀ ਸਿੱਧੂ ਨੇ ਕਿਹਾ ਕਿ ਮੀਡੀਆ ਪੂਰੀ ਤਰ੍ਹਾਂ ਪੱਖਪਾਤ ਰਹਿਤ ਹੋਣਾ ਚਾਹੀਦਾ ਹੈ। ਭਾਰਤੀ ਚੋਣ ਕਮਿਸ਼ਨ ਨੇ ਆਪਣੀਆਂ ਹਦਾਇਤਾਂ ਵਿਚ ਸਪੱਸ਼ਟ ਕੀਤਾ ਹੈ ਕਿ ਅਖ਼ਬਾਰ ਵਿਚ ਕੋਈ ਇਸ਼ਤਿਹਾਰ ਰੂਪੀ ਖ਼ਬਰ ਜਾਂ ਪੈਸੇ ਦੇ ਕੇ ਛਪਵਾਇਆ ਗਿਆ ਇਸ਼ਤਿਹਾਰ ਹੋਰ ਦਸਤਾਵੇਜ਼ਾਂ ਦੇ ਵਰਗ ਵਿਚ ਆਏਗਾ ਤੇ ਇਸ ਵਿਵਸਥਾ ਦੀ ਉਲੰਘਣਾ ਕਰਨ ਵਾਲੇ ਨੂੰ 6 ਮਹੀਨੇ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਇੰਡੀਅਨ ਪੀਨਲ ਕੋਡ ਦੀ ਧਾਰਾ 171 ਐਚ. ਤਹਿਤ ਕੋਈ ਵੀ ਵਿਅਕਤੀ ਕਿਸੇ ਉਮੀਦਵਾਰ ਵੱਲੋਂ ਆਮ ਜਾਂ ਖ਼ਾਸ ਤੌਰ 'ਤੇ ਅਧਿਕਾਰਤ ਕੀਤੇ ਬਿਨਾਂ ਕਿਸੇ ਜਨਤਕ ਮੀਟਿੰਗ ਜਾਂ ਕਿਸੇ ਇਸ਼ਤਿਹਾਰ ਜਾਂ ਕਿਸੇ ਸਰਕੂਲਰ ਜਾਂ ਕਿਸੇ ਪ੍ਰਕਾਸ਼ਨ 'ਤੇ ਕਿਸੇ ਵਿਅਕਤੀ ਦੀ ਚੋਣ ਮੁਹਿੰਮ ਨੂੰ ਉਤਸ਼ਾਹਤ ਕਰਨ ਲਈ ਖ਼ਰਚਾ ਕਰਦਾ ਹੈ ਤਾਂ ਉਹ ਵੀ ਇਸ ਧਾਰਾ ਤਹਿਤ ਸਜ਼ਾ ਦਾ ਪਾਤਰ ਬਣ ਸਕਦਾ ਹੈ। ਮੀਡੀਆ ਦੇ ਸਹਿਯੋਗ ਨਾਲ ਹੀ ਚੋਣਾਂ ਨੂੰ ਧਨ ਸ਼ਕਤੀ ਦੀ ਮਾਰ ਹੇਠੋਂ ਕੱਢਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੇ ਨੁਮਾਇੰਦਿਆਂ ਨੇ ਸੂਬੇ ਦੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਇਸ਼ਤਿਹਾਰਾਂ ਤੇ ਪੇਡ ਨਿਊਜ਼ ਬਾਰੇ ਹਦਾਇਤਾਂ ਬਾਰੇ ਜਾਣੂ ਕਰਾਇਆ। ਕਮਿਸ਼ਨ ਦੇ ਨੁਮਾਇੰਦਿਆਂ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਕਾਂਗਰਸ ਵੱਲੋਂ ਕੈਪਟਨ ਸੰਦੀਪ ਸੰਧੂ, ਨਿਰਮਲ ਰਾਮਪਾਲ, ਭਾਜਪਾ ਵੱਲੋਂ ਮੋਹਨ ਲਾਲ ਵਧਵਾ, ਬਸਪਾ ਵੱਲੋਂ ਜਸਵੀਰ ਸਿੰਘ ਨੇ ਹਿੱਸਾ ਲਿਆ।

# ਬਾਦਲ ਸਰਕਾਰ ਦੇ ਫੈਸਲਿਆਂ 'ਤੇ ਨਜ਼ਰਸਾਨੀ ਹੋਵੇਗੀ:ਕੈਪਟਨ ਅਮਰਿੰਦਰ

**ਲੁਧਿਆਣਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜੇ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਈ ਤਾਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਆਖਰੀ ਦਿਨੀਂ ਲਏ ਜਾ ਰਹੇ ਫੈਸਲਿਆਂ ਤੇ ਐਲਾਨਾਂ ਦੀ ਨਜ਼ਰਸਾਨੀ ਕੀਤੀ ਜਾਵੇਗੀ ਪਰ ਜ਼ਰੂਰੀ ਨਹੀਂ ਕਿ ਇਹ ਵਾਪਸ ਲਏ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਸਰਕਾਰ ਚੋਣਾਂ ਨੂੰ ਧਿਆਨ 'ਚ ਰੱਖ ਕੇ ਕਾਹਲੀ ਨਾਲ ਫੈਸਲੇ ਕਰ ਰਹੀ ਹੈ ਪਰ ਇਨ੍ਹਾਂ ਵਿਚ ਕੁਝ ਵੀ ਨਵਾਂ ਨਹੀਂ। ਕੈਪਟਨ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਕਾਂਗਰਸ ਸਰਕਾਰ ਵੇਲੇ ਗਰੀਬਾਂ ਤੇ ਦਲਿਤਾਂ ਨੂੰ 200 ਯੂਨਿਟ ਤੱਕ ਮੁਫ਼ਤ ਬਿਜਲੀ ਜਿਹੀਆਂ ਵੱਖ-ਵੱਖ ਤਬਕਿਆਂ ਨੂੰ ਦਿੱਤੀਆਂ ਰਿਆਇਤਾਂ ਵਾਪਸ ਲੈ ਲਈਆਂ ਤੇ ਫੇਰ ਮੁੱਦਾ ਉਠਾਏ ਜਾਣ 'ਤੇ ਉਨ੍ਹਾਂ 100 ਯੂਨਿਟਾਂ ਮੁਫ਼ਤ ਕਰ ਦਿੱਤੀਆਂ ਤੇ ਹੁਣ ਚੋਣਾਂ ਵੇਲੇ ਉਨ੍ਹਾਂ 200 ਯੂਨਿਟਾਂ ਬਹਾਲ ਕਰ ਦਿੱਤੀਆਂ ਹਨ।

ਕੈਪਟਨ ਨੇ ਖੁਲਾਸਾ ਕੀਤਾ ਕਿ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਪੰਜਾਬ ਵਿਚਲੀ ਹਾਲਤ 'ਤੇ ਬਾਜ਼ ਅੱਖ ਰੱਖ ਰਿਹਾ ਹੈ। ਚੋਣਾਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕਰਾਈਆਂ ਜਾਣਗੀਆਂ ਤਾਂ ਜੋ ਅਕਾਲੀਆਂ ਨੂੰ ਚੋਣ ਧਾਂਦਲੀਆਂ ਕਰਨ ਦਾ ਮੌਕਾ ਨਾ ਮਿਲ ਸਕੇ। ਕੈਪਟਨ ਨੇ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਆਉਂਦੀਆਂ ਚੋਣਾਂ ਦੌਰਾਨ ਹਿੰਸਾ ਲਈ ਲੋਕਾਂ ਨੂੰ ਉਕਸਾ ਰਹੇ ਹਨ ਜੋ ਸੂਬੇ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਚੋਣਾਂ ਦੌਰਾਨ ਕਾਂਗਰਸੀਆਂ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ ਤਾਂ ਉਹ ਵੀ ਮੋੜਵਾਂ ਜੁਆਬ ਦੇਣਗੇ। ਕਾਂਗਰਸੀ ਕਿਸੇ ਤਰ੍ਹਾਂ ਦੀ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਨਗੇ ਤੇ ਨਾ ਹੀ ਖੁਦ ਕਿਸੇ ਹਿੰਸਕ ਕਾਰਵਾਈ ਦੀ ਸ਼ੁਰੂਆਤ ਕਰਨਗੇ। ਪੰਜਾਬ ਦੀ ਮੌਜੂਦਾ ਹਾਲਤ ਤੇ ਅਕਾਲੀਆਂ ਵੱਲੋਂ ਚੋਣਾਂ ਵਿਚ ਹਿੰਸਾ ਕਰਵਾਏ ਜਾਣ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਭਾਰਤੀ ਚੋਣ ਕਮਿਸ਼ਨ ਵੱਲੋਂ ਸਮੁੱਚੀ ਹਾਲਤ 'ਤੇ ਅੱਖ ਰੱਖੀ ਜਾ ਰਹੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਐਵਾਰਡ ਦਿੱਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਸ. ਬਾਦਲ ਆਪ ਹੀ ਲੋਕਾਂ ਨੂੰ ਕੋਈ ਇਕ ਕਾਰਨ ਦੱਸਣ ਜਿਸ ਦੇ ਸਿੱਟੇ ਵਜੋਂ ਉਹ ਇਸ ਉਚ ਖਿਤਾਬ ਦੇ ਹੱਕਦਾਰ ਹਨ। ਉਨ੍ਹਾਂ ਵਿਅੰਗ ਕੀਤਾ ਕਿ ਸ. ਬਾਦਲ ਦੀ ਵੱਡੀ ਪ੍ਰਾਪਤੀ ਸੂਬੇ ਨੂੰ ਵੰਡਣਾ ਹੈ। ਪੰਜਾਬ ਦੀ ਵੰਡ ਕਾਰਨ ਭਾਵੇਂ ਉਹ ਮੁੱਖ ਮੰਤਰੀ ਬਣ ਗਏ ਹਨ ਪਰ ਸੂਬੇ ਦੇ ਬੇਸ਼ਕੀਮਤੀ ਸਰੋਤ ਬਾਹਰ ਚਲੇ ਗਏ ਹਨ। ਪੰਜਾਬ ਸਰਕਾਰ ਵੱਲੋਂ ਬਣਾਈਆਂ ਗਈਆਂ ਸਿੱਖ ਯਾਦਗਾਰਾਂ ਬਾਰੇ ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿਚੋਂ ਵਧੇਰੇ ਅਧੂਰੀਆਂ ਹਨ ਪਰ ਸਿਆਸੀ ਲਾਹਾ ਲੈਣ ਲਈ ਇਨ੍ਹਾਂ ਦਾ ਕਾਹਲੀ ਨਾਲ ਉਦਘਾਟਨ ਕਰ ਦਿੱਤਾ ਗਿਆ।

# ਭ੍ਰਿਸ਼ਟਾਚਾਰ ਖ਼ਿਲਾਫ਼ ਡਟਣ 'ਤੇ ਮਨਪ੍ਰੀਤ ਬਾਦਲ ਗ੍ਰਿਫ਼ਤਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਮਾਜ ਸੇਵੀ ਅੰਨਾ ਹਜ਼ਾਰੇ ਦੇ ਅੰਦੋਲਨ ਦੀ ਹਮਾਇਤ ਵਿਚ 11 ਦਸੰਬਰ ਨੂੰ ਧਰਨਾ ਦੇਣ ਲਈ ਆਏ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਸਮੇਤ ਉਨ੍ਹਾਂ ਦੇ 436

## ਅਕਾਲੀ-ਭਾਜਪਾ ਸਰਕਾਰ ਦੇ ਪਾਜ ਉਧੇੜੇ

ਹਮਾਇਤੀਆਂ ਨੂੰ ਚੰਡੀਗੜ੍ਹ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨਾਲ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ, ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਣ ਥਾਪਰ, ਹਾਸਰਸ ਕਲਾਕਾਰ ਤੇ ਪਾਰਟੀ ਆਗੂ ਭਗਵੰਤ ਮਾਨ, ਸਾਬਕਾ ਮੰਤਰੀ ਹਰਨੇਕ ਸਿੰਘ ਘੜੂੰਆਂ ਤੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਸਣੇ 20 ਔਰਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।



ਗ੍ਰਿਫਤਾਰੀ ਦਿੰਦੇ ਹੋਏ ਮਨਪ੍ਰੀਤ ਸਿੰਘ ਬਾਦਲ

ਮਨਪ੍ਰੀਤ ਬਾਦਲ ਦਾ ਕਾਫਲਾ ਜਿਉਂ ਹੀ ਮਟਕਾ ਚੌਕ ਪੁੱਜਾ ਤਾਂ ਪਹਿਲਾਂ ਹੀ ਨਾਕਾਬੰਦੀ ਕਰੀ ਖੜ੍ਹੀ ਪੁਲਿਸ ਨੇ ਉਨ੍ਹਾਂ ਨੂੰ ਘੇਰ ਲਿਆ। ਮਨਪ੍ਰੀਤ ਬਾਦਲ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਬਾਕਾਇਦਾ ਸੈਕਟਰ-17 ਵਿਖੇ ਧਰਨਾ ਮਾਰਨ ਦੀ ਲਿਖਤੀ ਇਜਾਜ਼ਤ ਦਿੱਤੀ ਹੈ ਪਰ ਪੁਲਿਸ ਨੇ ਇਕ ਨਾ ਸੁਣੀ। ਇਸ ਮੌਕੇ ਮਨਪ੍ਰੀਤ ਬਾਦਲ ਨੇ ਬੜੇ ਸ਼ਾਂਤ ਚਿੱਤ ਕਿਹਾ ਕਿ ਜੇ ਯੂ.ਟੀ. ਪ੍ਰਸ਼ਾਸਨ ਨੂੰ ਉਨ੍ਹਾਂ ਤੋਂ ਕੋਈ ਖ਼ਤਰਾ ਸੀ ਤਾਂ ਧਰਨਾ ਮਾਰਨ ਦੀ ਇਜਾਜ਼ਤ ਨਾ ਦੇਣ ਬਾਰੇ ਉਨ੍ਹਾਂ ਨੂੰ ਸੁਨੇਹਾ ਦੇਣਾ ਚਾਹੀਦਾ ਸੀ।

ਇਸੇ ਦੌਰਾਨ ਮਨਪ੍ਰੀਤ ਬਾਦਲ ਨੇ ਆਪਣੇ-ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਤੇ ਉਨ੍ਹਾਂ ਦੇ ਹਮਾਇਤੀ ਵੀ ਅੰਨਾ ਹਜ਼ਾਰੇ ਦੇ ਹੱਕ ਵਿਚ ਤੇ ਭ੍ਰਿਸ਼ਟਚਾਰ ਦੇ ਵਿਰੋਧ ਵਿਚ ਨਾਅਰੇ ਮਾਰਦੇ ਹੋਏ, ਉਨ੍ਹਾਂ ਦੇ ਨਾਲ ਹੀ ਪੁਲਿਸ ਦੀਆਂ ਬੱਸਾਂ ਵਿਚ ਜਾ ਚੜ੍ਹੇ। ਪੁਲਿਸ ਨੇ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਸੈਕਟਰ-17 ਥਾਣੇ ਬੰਦ ਕਰ ਦਿੱਤਾ।

ਮਨਪ੍ਰੀਤ ਬਾਦਲ ਨੇ ਕਿਹਾ ਕਿ ਸਰਕਾਰੀ ਕੰਮਾਂ 'ਚ ਕਮਿਸ਼ਨ ਖਾਣ ਅਤੇ ਦੇਸ਼ ਨੂੰ ਵੇਚਣ ਵਾਲੇ ਵਿਅਕਤੀ ਨੂੰ ਹੀ ਖਾਨਦਾਨ ਦਾ ਗੱਦਾਰ ਕਿਹਾ ਜਾ ਸਕਦਾ ਹੈ ਜਦਕਿ ਪੰਜਾਬ ਨੂੰ ਕਰਜ਼ਿਆਂ ਤੋਂ ਮੁਕਤ ਕਰਵਾਉਣ ਤੇ ਵਿੱਤ ਮੰਤਰੀ ਜਿਹੇ ਅਹੁਦੇ ਨੂੰ ਤਿਆਗਣ ਵਾਲੇ ਨੂੰ ਗੱਦਾਰ ਨਹੀਂ ਕਿਹਾ ਜਾ ਸਕਦਾ। ਇੱਥੇ ਸਪਸ਼ਟ ਕਰਨਾ ਬਣਦਾ ਹੈ ਕਿ ਪਿਛਲੇ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਮਨਪ੍ਰੀਤ ਬਾਦਲ ਨੇ ਆਪਣੇ ਖਾਨਦਾਨ ਨਾਲ ਗੱਦਾਰੀ ਕੀਤੀ ਹੈ।

ਮਨਪ੍ਰੀਤ ਬਾਦਲ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਵੱਲੋਂ ਫਖ਼ਰ-ਏ-ਕੌਮ ਦਾ ਖਿਤਾਬ ਦੇਣ ਬਾਰੇ ਕਿਹਾ ਕਿ ਅਸਲ ਵਿਚ ਪੰਜਾਬ ਨੂੰ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਨਪੜ੍ਹਤਾ ਤੇ ਨਸ਼ਿਆਂ ਤੋਂ ਮੁਕਤ ਕਰਵਾਉਣ ਵਾਲੀ ਸ਼ਖਸ਼ੀਅਤ ਹੀ ਅਜਿਹੇ ਉਚੇ-ਸੁੱਚੇ ਖਿਤਾਬ ਦੀ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਅੰਨਾ ਹਜ਼ਾਰੇ ਤਾਂ ਸਿਰਫ ਭ੍ਰਿਸ਼ਟਾਚਾਰ ਵਿਰੁਧ ਹੀ ਲੜ ਰਹੇ ਹਨ ਪਰ ਪੰਜਾਬ ਦੇ ਦੁੱਖ ਦੇ ਪਹਾੜ ਬੜੇ ਉਚੇ ਹਨ ਕਿਉਂਕਿ ਇੱਥੇ ਭ੍ਰਿਸ਼ਟਾਚਾਰ ਦੇ ਨਾਲ ਰਾਜ ਨਸ਼ਿਆਂ, ਬੇਰੁਜ਼ਗਾਰੀ ਤੇ ਅਨਪੜ੍ਹਤਾ ਵਿਚ ਵੀ ਘਿਰਿਆ ਹੋਇਆ ਹੈ।

ਪੰਜਾਬ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਅੱਜ ਤੱਕ ਇਸ ਰਾਜ ਨੂੰ ਪਾਰ ਲਾਉਣ ਲਈ 117 ਉਚੀ ਤੇ ਸੁੱਚੀ ਸੋਚ ਵਾਲੇ ਵਿਧਾਇਕ ਹੀ ਨਹੀਂ ਮਿਲੇ। ਪੁਲਿਸ ਨੇ ਪ੍ਰਦਰਸ਼ਨਕਾਰੀਆਂ ਵਿਰੁਧ ਧਾਰਾ 107/151 ਤਹਿਤ ਕਾਰਵਾਈ ਕਰਨ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੂੰ ਥਾਣੇ 'ਚ ਪੁੱਜੇ ਮਜਿਸਟਰੇਟ ਸਾਹਮਣੇ ਪੇਸ਼ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

## ਮਨਪ੍ਰੀਤ ਬਾਦਲ ਨੇ ਤਾਏ ਨੂੰ ਵੰਗਾਰਿਆ

ਚੰਡੀਗੜ੍ਹ: ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਤੇ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਨੂੰ ਹਲਕਾ ਗਿੱਦੜਬਾਹਾ ਤੋਂ ਆਪਣੇ ਮੁਕਾਬਲੇ ਵਿਚ ਚੋਣ ਲੜਨ ਲਈ ਵੰਗਾਰਦਿਆਂ ਕਿਹਾ ਕਿ ਉਹ ਹਲਕਾ ਲੰਬੀ ਤੋਂ ਆਪਣੇ ਵੱਡੇ ਭਰਾ ਗੁਰਦਾਸ ਸਿੰਘ ਬਾਦਲ ਦੀ ਚੜ੍ਹਤ ਦੇਖ ਕੇ ਉਥੋਂ ਚੋਣ ਲੜਨ ਦਾ ਹੌਸਲਾ ਛੱਡ ਗਏ ਹਨ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੀ ਹਾਲਤ ਇੰਨੀ ਪਤਲੀ ਹੋ ਗਈ ਹੈ ਕਿ ਉਨ੍ਹਾਂ ਲਈ ਆਪਣੇ ਵਾਸਤੇ ਸੀਟਾਂ ਲੱਭਣੀਆਂ ਔਖੀਆਂ ਹੋ ਗਈਆਂ ਹਨ।

ਉਨ੍ਹਾਂ ਕਿਹਾ ਕਿ ਹਲਕਾ ਗਿੱਦੜਬਾਹਾ ਤੋਂ ਉਹ ਭ੍ਰਿਸ਼ਟਾਚਾਰ ਵਿਚ ਲਿੱਬੜੇ ਕਿਸੇ ਵੀ ਉਮੀਦਵਾਰ ਦੇ ਪੈਰ ਨਹੀਂ ਲੱਗਣ ਦੇਣਗੇ। ਹਲਕੇ ਦੇ ਲੋਕ ਉਨ੍ਹਾਂ ਨੂੰ ਹੱਦੋਂ ਵੱਧ ਪਿਆਰ ਦੇ ਰਹੇ ਹਨ। ਉਨ੍ਹਾਂ



ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਇਸ ਵਾਰ ਪੂਰਨ ਬਹੁਮਤ ਨਾਲ ਜਿੱਤੇਗੀ। ਆਪਣੀ ਗੱਲ ਦੀ ਪੁਸ਼ਟੀ ਲਈ ਉਨ੍ਹਾਂ ਦਲੀਲ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਰੈਲੀਆਂ ਵਿਚ ਨੌਕਰੀਆਂ ਨਹੀਂ ਵੰਡੀਆਂ ਜਾਂਦੀਆਂ, ਲੰਗਰ ਨਹੀਂ ਲੱਗਦੇ ਤੇ ਨਾ ਹੀ ਰੈਲੀ ਵਿਚ ਆਉਣ ਲਈ ਭਾੜਾ ਦਿੱਤਾ ਜਾਂਦਾ ਹੈ, ਫਿਰ ਵੀ ਉਨ੍ਹਾਂ ਦੀਆਂ ਰੈਲੀਆਂ ਵਿਚ ਜਿਹੜਾ ਲੋਕਾਂ ਦਾ ਹੜ੍ਹ ਆ ਰਿਹਾ ਹੈ, ਉਹ ਉਨ੍ਹਾਂ ਦੀਆਂ ਪੱਕੀਆਂ ਵੋਟਾਂ ਹਨ।

ਸਾਬਕਾ ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਪਾਰਟੀ ਦੇ ਹੋਂਦ ਵਿਚ ਆਉਣ ਦੇ ਅੱਠ ਮਹੀਨਿਆਂ ਵਿਚ ਹੀ ਮੈਂਬਰਸ਼ਿਪ 18 ਲੱਖ ਨੂੰ ਟੱਪ ਗਈ ਹੈ ਤੇ 450 ਅਹੁਦੇਦਾਰ ਬਣਾਏ ਗਏ ਹਨ ਜੋ ਪਾਰਟੀ ਦੀ ਚੜ੍ਹਾਈ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਪਿੱਛੋਂ ਨਾ ਕਾਂਗਰਸ ਨੂੰ ਤੇ ਨਾ ਹੀ ਅਕਾਲੀ ਦਲ ਨੂੰ ਵਾਰੀ ਮਿਲੇਗੀ।

# ਮਾਲਵਾ ਹੀ ਕਰੇਗਾ ਸਿਆਸੀ ਪਾਰਟੀਆਂ ਦੀ 'ਹੋਣੀ' ਤੈਅ

**ਚੰਡੀਗੜ੍ਹ:** ਆਗਾਮੀ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਦੀਆਂ ਸਰਗਰਮੀਆਂ ਦਾ ਕੇਂਦਰ ਮਾਲਵਾ ਖਿੱਤਾ



ਹੈ। ਇਸ ਖਿੱਤੇ ਵਿਚ ਵਿਧਾਨ ਸਭਾ ਦੀਆਂ ਸੀਟਾਂ ਦੀ ਗਿਣਤੀ ਮਾਝੇ ਤੇ ਦੋਆਬੇ ਨਾਲੋਂ ਵੱਧ ਹੈ ਜਿਸ ਕਾਰਨ ਕੋਈ ਵੀ ਸਿਆਸੀ ਧਿਰ ਮਾਲਵੇ ਦੇ ਵੋਟਰਾਂ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੀ। 2007 ਦੀਆਂ ਵਿਧਾਨ ਸਭਾ ਚੋਣਾਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੂੰ ਸਬਕ ਸਿਖਾਇਆ ਸੀ ਕਿ ਮਾਲਵੇ ਵਿਚ ਸਰਦਾਰੀ ਦੀ ਕੀ ਅਹਿਮੀਅਤ ਹੈ?

ਕਾਂਗਰਸ ਦਾ ਆਪਣੇ ਗੜ੍ਹ ਦੋਆਬੇ ਵਿਚ ਭਾਵੇਂ ਸਫਾਇਆ ਹੋ ਗਿਆ ਸੀ ਪਰ ਉਸ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਦੇ ਰਵਾਇਤੀ ਗੜ੍ਹ ਮਾਲਵੇ ਵਿਚ ਨਮੋਸ਼ੀ ਭਰੀ ਹਾਰ ਦਿੱਤੀ ਸੀ। ਇਹੀ ਕਾਰਨ ਹੈ ਕਿ ਦੋਵਾਂ ਧਿਰਾਂ ਵੱਲੋਂ ਫਿਰ ਇਸ ਵਾਰ ਇਹ ਸੰਤੁਲਨ ਬਿਠਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਾਲਵੇ ਵਿਚ ਉਨ੍ਹਾਂ ਨੂੰ ਵੱਧ ਤੋਂ ਵੱਧ ਸੀਟਾਂ ਮਿਲਣ।

ਪੰਜਾਬ ਦੀਆਂ ਸਾਰੀਆਂ ਮੁੱਖ ਧਿਰਾਂ ਦੀ ਵਾਗਡੋਰ ਵੀ ਇਸ ਵੇਲੇ ਮਾਲਵੇ ਦੇ ਆਗੂਆਂ ਦੇ ਹੱਥ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਮਾਲਵੇ ਨਾਲ ਸਬੰਧਤ ਹਨ। ਪਿਛਲੀ ਵਾਰ ਦੇ ਨਤੀਜਿਆਂ ਨੂੰ ਧਿਆਨ 'ਚ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਨੇ ਮਾਲਵੇ 'ਤੇ ਧਿਆਨ ਕੇਂਦਰਿਤ ਕੀਤਾ ਹੈ।


ਪੰਜਾਬ ਵਿਧਾਨ ਸਭਾ ਦੀਆਂ ਸੀਟਾਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਮਾਲਵੇ ਵਿਚ ਸੀਟਾਂ ਦੀ ਗਿਣਤੀ ਵੀ ਪਹਿਲਾਂ ਨਾਲੋਂ ਵਧ ਗਈ ਹੈ। ਮਾਲਵੇ ਵਿਚ ਹੁਣ 68, ਮਾਝੇ 'ਚ 25 ਤੇ ਦੋਆਬੇ ਵਿਚ 24 ਵਿਧਾਨ ਸਭਾ ਹਲਕੇ ਪੈਂਦੇ ਹਨ। ਮਾਲਵੇ ਵਿਚਲੀਆਂ ਜ਼ਿਆਦਾ ਸੀਟਾਂ 'ਤੇ ਇਸ ਸਮੇਂ ਕਾਂਗਰਸ ਦਾ ਕਬਜ਼ਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਦੋਆਬੇ ਤੇ ਮਾਝੇ 'ਚੋਂ ਕਾਂਗਰਸ ਦੇ ਹੱਥ ਮਹਿਜ਼ 6 ਸੀਟਾਂ ਹੀ ਲੱਗੀਆਂ ਸਨ। ਉਧਰ ਸਾਂਝੇ ਮੋਰਚੇ ਦਾ ਜ਼ਿਆਦਾ ਅਧਾਰ ਵੀ ਮਾਲਵੇ ਵਿਚ ਹੀ ਮੰਨਿਆ ਜਾ ਰਿਹਾ ਹੈ।

ਇਸੇ ਕਰਕੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਪੀਪਲਜ਼ ਪਾਰਟੀ ਆਫ਼ ਪੰਜਾਬ, ਅਕਾਲੀ ਦਲ (ਲੌਂਗੋਵਾਲ), ਸੀ.ਪੀ.ਆਈ. ਤੇ ਸੀ.ਪੀ.ਐਮ. ਨੇ ਵੀ ਸਿਆਸੀ ਸਰਗਰਮੀ ਦੀ ਸ਼ੁਰੂਆਤ ਮੋਗਾ ਜ਼ਿਲ੍ਹੇ ਦੇ ਪਿੰਡ ਢੁੱਡੀਕੇ ਤੋਂ ਕੀਤੀ। ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ, ਕੇਂਦਰੀ ਮੰਤਰੀ ਤੇ ਕਈ ਰਾਜਾਂ ਦੇ ਰਾਜਪਾਲ ਰਹਿ ਚੁੱਕੇ ਹਨ ਪਰ ਉਨ੍ਹਾਂ ਦੀ ਨਿੱਜੀ ਸਾਖ ਮਾਲਵੇ ਦੇ ਦੋ ਜ਼ਿਲ੍ਹਿਆਂ ਤੱਕ ਹੀ ਸੀਮਤ ਹੈ। ਇਹੀ ਹਾਲ ਖੱਬੀਆਂ ਪਾਰਟੀਆਂ ਦਾ ਹੈ।

ਸੀ.ਪੀ.ਆਈ. ਤੇ ਸੀ.ਪੀ.ਐਮ. ਅੰਮ੍ਰਿਤਸਰ, ਜਲੰਧਰ ਤੇ ਹੁਸ਼ਿਆਰਪੁਰ ਵਿਚ ਕੁਝ ਆਧਾਰ ਤਾਂ ਰੱਖਦੀਆਂ ਹਨ ਪਰ ਇਨ੍ਹਾਂ ਦੀ ਰਾਜਨੀਤੀ ਦਾ ਧੁਰਾ ਹਮੇਸ਼ਾਂ ਸੰਗਰੂਰ ਤੇ ਬਠਿੰਡਾ ਜ਼ਿਲ੍ਹੇ ਹੀ ਰਹੇ ਹਨ। ਉਂਜ ਇਹ ਚਰਚਾ ਭਾਰੂ ਹੈ ਕਿ ਸਾਂਝੇ ਮੋਰਚੇ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਸ਼੍ਰੋਮਣੀ ਅਕਾਲੀ ਦਲ ਨਾਲੋਂ ਅਲਹਿਦਾ ਹੋਣ ਕਾਰਨ ਹੁਕਮਰਾਨ ਅਕਾਲੀ ਦਲ ਦੇ ਵੋਟ ਬੈਂਕ ਨੂੰ ਹੀ ਖੋਰਾ ਲਾਉਣਗੇ।

# ਪੰਜਾਬ ਭਾਜਪਾ 'ਚ ਅੰਦਰੂਨੀ ਪਾਟੋਧਾੜ ਜਾਰੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਲਈ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ 19 ਦਾ ਅੰਕੜਾ ਬਰਕਰਾਰ ਰੱਖਣਾ ਔਖਾ ਜਾਪ ਰਿਹਾ ਹੈ ਜੋ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਮਿਹਨਤ ਨੂੰ ਵੀ ਲੈ ਡੁੱਬੇਗਾ। ਪਾਰਟੀ ਦੀ ਅੰਦਰੂਨੀ ਖਿੱਚੋਤਾਣ ਤੇ ਪਾਰਟੀ ਵਿਧਾਇਕਾਂ ਦੀ ਕਮਜ਼ੋਰ ਕਾਰਗੁਜ਼ਾਰੀ ਕਾਰਨ ਭਾਜਪਾ ਹਾਈ ਕਮਾਂਡ ਨੂੰ ਵੀ ਹਾਲ ਦੀ ਘੜੀ ਬੇੜੀ ਕਿਸੇ ਤਣ ਪੱਤਣ ਲਗਦੀ ਨਜ਼ਰ ਨਹੀਂ ਆ ਰਹੀ। ਭਾਜਪਾ ਨੇ ਪਿਛਲੀਆਂ ਚੋਣਾਂ ਵਿਚ ਆਪਣੇ ਹਿੱਸੇ ਦੀਆਂ ਕੁੱਲ 23 ਸੀਟਾਂ ਵਿਚੋਂ 19 ਸੀਟਾਂ ਜਿੱਤ ਕੇ ਰਿਕਾਰਡ ਤੋੜੇ ਸਨ ਪਰ ਇਸ ਵਾਰ ਇਸ ਦਾ ਹਾਲ 2002 ਦੀਆਂ ਚੋਣਾ ਵਰਗਾ ਹੀ ਹੋਣ ਦੇ ਆਸਾਰ ਹਨ।



ਭਾਜਪਾ ਨੂੰ ਸਾਲ 2002 ਦੀਆਂ ਚੋਣਾਂ ਵਿਚ 23 'ਚੋਂ ਸਿਰਫ ਚਾਰ ਸੀਟਾਂ ਮਿਲੀਆਂ ਸਨ ਜਦੋਂਕਿ ਸਾਲ 1997 ਦੀਆਂ ਚੋਣਾਂ ਵਿਚ ਇਸ ਪਾਰਟੀ ਨੇ 23 'ਚੋਂ ਸਿਰਫ ਪੰਜ ਸੀਟਾਂ ਹੀ ਹਾਰੀਆਂ ਸਨ ਤੇ 18 ਉਤੇ ਜਿੱਤ ਪ੍ਰਾਪਤ ਕੀਤੀ ਸੀ। ਭਾਜਪਾ ਵੱਲੋਂ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਪਿਛਲੀਆਂ ਚਾਰੇ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ। 2012 ਦੀਆਂ ਚੋਣਾਂ ਵਿਚ ਵੀ ਪਿਛਲਾ ਫਾਰਮੂਲਾ ਹੀ ਅਪਨਾਇਆ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਐਤਕੀਂ ਨਵੀਂ ਹਲਕਾਬੰਦੀ ਕਾਰਨ ਅਕਾਲੀ ਦਲ ਨਾਲ ਕੁਝ ਸੀਟਾਂ ਦੀ ਅਦਲਾ-ਬਦਲੀ ਵੀ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ 1980 ਤੋਂ ਲੈ ਕੇ 1992 ਤਕ ਭਾਜਪਾ ਪੰਜਾਬ ਵਿਚ ਆਪਣੇ ਤੌਰ 'ਤੇ ਚੋਣਾਂ ਲੜਦੀ ਰਹੀ ਹੈ। 1980 ਵਿਚ ਇਸ ਨੇ 65 ਸੀਟਾਂ ਉਤੇ ਚੋਣ ਲੜੀ ਸੀ। ਉਸ ਵੇਲੇ ਪਾਰਟੀ ਦੀ ਝੋਲੀ ਵਿਚ ਸਿਰਫ ਛੇ ਸੀਟਾਂ ਹੀ ਪਈਆਂ ਸਨ। ਉਸ ਤੋਂ ਬਾਅਦ 1985 ਵਿਚ ਭਾਜਪਾ ਦੀ ਕਾਰਗੁਜ਼ਾਰੀ ਵਿਚ ਮਾਮੂਲੀ ਸੁਧਾਰ ਹੋਇਆ ਤੇ ਇਹ 55 ਵਿਚੋਂ ਸੱਤ ਸੀਟਾਂ ਉਤੇ ਜਿੱਤ ਪ੍ਰਾਪਤ ਕਰਨ ਵਿਚ ਸਫਲ ਹੋ ਗਈ। ਸਾਲ 1991 ਦੀਆਂ ਚੋਣਾਂ ਤੋਂ ਭਾਜਪਾ ਨੂੰ ਬਿਹਤਰ ਕਾਰਗੁਜ਼ਾਰੀ ਦੀ ਵੱਡੀ ਆਸ ਸੀ ਪਰ ਉਦੋਂ ਵੋਟਾਂ ਅੱਗੇ ਪੈ ਗਈਆਂ ਤੇ 1992 ਵਿਚ ਭਾਜਪਾ ਨੂੰ ਚੋਣਾਂ ਤੋਂ ਦੂਰ ਰਹਿਣਾ ਪਿਆ ਸੀ।

ਅਸਲ ਵਿਚ ਭਾਜਪਾ ਦੇ ਪੰਜਾਬ ਵਿਚ ਪੈਰ ਹੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝ ਪਾਉਣ ਪਿੱਛੋਂ ਲੱਗਣੇ ਸ਼ੁਰੂ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਲੋਂ ਵਿਧਾਨ ਸਭਾ ਦੀਆਂ ਹੀ ਨਹੀਂ ਸਗੋਂ ਲੋਕ ਸਭਾ ਦੀਆਂ ਚੋਣਾਂ ਵੀ ਰਲ ਕੇ ਲੜੀਆਂ ਜਾਂਦੀਆਂ ਰਹੀਆਂ ਹਨ ਤੇ ਅਹੁਦਿਆਂ ਦੀ ਵੰਡ ਵੀ ਇਕ ਨਿਰਧਾਰਤ ਫਾਰਮੂਲੇ ਤਹਿਤ ਕੀਤੀ ਜਾਂਦੀ ਹੈ। ਇਸ ਵਾਰ ਬਾਦਲ ਸਰਕਾਰ ਵਿਚ ਭਾਜਪਾ ਦੇ ਪੰਜ ਮੰਤਰੀ ਤੇ ਪੰਜ ਹੀ ਸੰਸਦੀ ਸਕੱਤਰ ਹਨ। ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਅਹੁਦਿਆਂ ਦੀ ਭਰਮਾਰ ਦੇ ਬਾਵਜੂਦ ਇਸ ਵਾਰ ਪਾਰਟੀ ਦਾ ਅੰਦਰੂਲੀ ਤਾਣਾ-ਬਾਣਾ ਏਨਾ ਬਿਖਰ ਗਿਆ ਹੈ ਕਿ ਭਾਜਪਾ ਦੀ ਹਾਲਤ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਫਿਕਰ ਹੈ। ਪੰਜਾਬ ਭਾਜਪਾ ਵਿਚ ਭਾਵੇਂ ਅੰਦਰੂਨੀ ਜੰਗ ਕਾਫ਼ੀ ਸਮੇਂ ਤੋਂ ਚੱਲ ਰਹੀ ਸੀ ਪਰ ਇਹ ਹਾਈ ਕਮਾਂਡ ਵੱਲੋਂ ਤਿੰਨ ਮੰਤਰੀਆਂ ਨੂੰ ਮੰਤਰੀ ਮੰਡਲ ਤੋਂ ਬਾਹਰ ਕਰਨ ਨਾਲ ਹੋਰ ਤੇਜ਼ ਹੋ ਗਈ ਹੈ।

ਪਾਰਟੀ ਵੱਲੋਂ ਕਿਹਾ ਜਾ ਰਿਹਾ ਹੈ ਕਿ ਤਿੰਨ ਮੰਤਰੀਆਂ ਨੂੰ ਕਿਸੇ ਤਰ੍ਹਾਂ ਦੇ ਦੋਸ਼ਾਂ ਤਹਿਤ ਨਹੀਂ ਹਟਾਇਆ ਗਿਆ ਪਰ ਇਸ ਦੇ ਬਾਵਜੂਦ ਉਹ ਅੰਦਰੋਂ ਪਾਰਟੀ ਦੇ ਨਾਲ ਤੁਰਨ ਲਈ ਰਾਜ਼ੀ ਨਹੀਂ ਹੋ ਰਹੇ। ਇਸੇ ਲਈ ਇਹ ਵੀ ਕਿਹਾ ਜਾ ਰਿਹਾ ਹੈ ਕਿ ਨਾਰਾਜ਼ ਹੋਏ ਸਾਬਕਾ ਮੰਤਰੀ 'ਆਪਣਿਆਂ' ਦੇ ਹੀ ਰਾਹ ਵਿੱਚ ਅੜਿੱਕੇ ਖੜ੍ਹੇ ਕਰ ਰਹੇ ਹਨ। ਇਨ੍ਹਾਂ ਵਿਚੋਂ ਜਿਸ ਕਿਸੇ ਨੂੰ ਪਾਰਟੀ ਵੱਲੋਂ ਕੋਈ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਤਾਂ ਉਹ ਨਵੀਂ ਜ਼ਿੰਮੇਵਾਰੀ ਲੈਣ ਤੋਂ ਨਾਂਹ ਵੀ ਨਹੀਂ ਕਰਦੇ ਪਰ ਉਸ ਨੂੰ ਨਿਭਾਉਣ ਲਈ ਕੋਈ ਪਹਿਲ ਵੀ ਨਹੀਂ ਕੀਤੀ ਜਾ ਰਹੀ।


ਪਾਰਟੀ ਦੇ ਪਾਟੋਧਾੜ ਹੋਣ ਦਾ ਮਾਮਲਾ ਹਾਈ ਕਮਾਂਡ ਦੇ ਧਿਆਨ ਵਿਚ ਹੈ ਪਰ ਚੋਣਾਂ ਸਿਰ 'ਤੇ ਹੋਣ ਕਰਕੇ ਉਹ ਸਖ਼ਤ ਕਾਰਵਾਈ ਨਹੀਂ ਕਰਨਾ ਚਾਹ ਰਹੀ ਹੈ। ਉਂਜ ਕੌਮੀ ਪ੍ਰਧਾਨ ਨਿਤਿਨ ਗਡਕਰੀ ਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਘੁਰਕੀ ਦਾ ਕਿਸੇ 'ਤੇ ਕੋਈ ਅਸਰ ਨਹੀਂ ਹੋਇਆ ਹੈ।

# ਦਸਮ ਪਾਤਸ਼ਾਹ ਦੀਆਂ ਨਿਸ਼ਾਨੀਆਂ ਅਲਮਾਰੀ 'ਚ ਬੰਦ

## ਚਾਬੀ ਸਰਕਾਰ ਕੋਲ, ਸੰਭਾਲ ਨਾ ਹੋਣ ਕਾਰਨ ਹਾਲਤ ਖਸਤਾ

**ਪਟਿਆਲਾ:** ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਤਿਹਾਸਕ ਵਸਤਾਂ ਪਟਿਆਲਾ ਦੇ ਕਿਲਾ ਮੁਬਾਰਕ ਵਿਚ ਪਿਛਲੇ ਦੋ ਸਾਲਾਂ ਤੋਂ ਧਾਰਮਿਕ ਮਰਿਆਦਾ ਤੋਂ ਰਹਿਤ ਅਲਮਾਰੀ 'ਚ ਸੀਲਬੰਦ ਪਈਆਂ ਹਨ। ਇਨ੍ਹਾਂ ਵਸਤਾਂ 'ਚ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਦੇ ਕੇਸ, ਕੰਘਾ, ਚੋਲਾ, ਤਿੰਨ ਤਲਵਾਰਾਂ ਤੇ ਇਕ ਹੱਥ ਲਿਖਤ ਪੋਥੀ ਸ਼ਾਮਲ ਹੈ। ਇਨ੍ਹਾਂ ਦੁਰਲੱਭ ਵਸਤਾਂ ਵਾਲੇ ਬਕਸੇ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮ 'ਤੇ ਜਿੰਦਰਾ ਵੱਜਿਆ ਹੋਇਆ ਹੈ ਤੇ ਅਲਮਾਰੀ ਦੀਆਂ ਚਾਬੀਆਂ ਪੰਜਾਬ ਸਰਕਾਰ ਕੋਲ ਹਨ।

ਕਿਲਾ ਮੁਬਾਰਕ ਵਿਖੇ ਇਤਿਹਾਸਕ ਬੁਰਜ ਬਾਬਾ ਆਲਾ ਸਿੰਘ ਦੀ ਵੱਡੀ ਚੌੜੀ ਤੇ ਸਦੀਆਂ ਪੁਰਾਣੀ ਕੰਧ 'ਚ ਫਿੱਟ ਲੱਕੜ ਦੀ ਅਲਮਾਰੀ 'ਚ ਬਕਸੇ 'ਚ ਸੀਲਬੰਦ ਕਰਕੇ ਰੱਖੀਆਂ ਗਈਆਂ ਇਨ੍ਹਾਂ ਵਸਤਾਂ ਦੀ ਹਾਲਤ ਖਸਤਾ ਹੋ ਗਈ ਦੱਸੀ ਜਾਂਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਜਦੋਂ ਇਹ ਵਸਤਾਂ ਸੀਲਬੰਦ ਕਰਕੇ ਰੱਖੀਆਂ ਗਈਆਂ ਸਨ ਤਾਂ ਇਨ੍ਹਾਂ ਦੀ ਸੁਰੱਖਿਆ ਲਈ ਕਿਸੇ ਖਾਸ ਦਵਾਈ ਜਾਂ ਰਸਾਇਣ



ਦੀ ਵਰਤੋਂ ਨਹੀਂ ਕੀਤੀ ਗਈ ਸੀ।

ਪੰਥਕ ਰਹੁਰੀਤਾਂ ਮੁਤਾਬਕ ਗੁਰੂ ਸਹਿਬਾਨ ਨਾਲ ਸਬੰਧਤ ਹਰ ਵਸਤ ਦੀ ਸਿੱਖ ਰਹਿਤ ਮਰਿਆਦਾ ਅਨੁਸਾਰ ਪੂਰੀ ਸਾਂਭ-ਸੰਭਾਲ ਜ਼ਰੂਰੀ ਹੁੰਦੀ ਹੈ। ਸਿੱਖ ਸੰਗਤ ਗੁਰੂ ਸਾਹਿਬ ਨਾਲ ਜੁੜੀਆਂ ਵਸਤਾਂ ਦੇ ਦੀਦਾਰ ਨੂੰ ਵੀ ਗੁਰੂ ਸਾਹਿਬ ਦੇ ਦਰਸ਼ਨ ਸਮਾਨ ਸਮਝਦੀ ਹੈ।

ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪਵਿੱਤਰ ਵਸਤਾਂ ਦੀ ਬਿਹਤਰ ਸੰਭਾਲ ਲਈ ਲੰਘੇ ਦੋ ਸਾਲਾਂ ਦੌਰਾਨ ਕੋਈ ਵੀ ਅਹਿਮ ਉਪਰਾਲਾ ਨਹੀਂ ਕੀਤਾ ਗਿਆ।

ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਇਨ੍ਹਾਂ ਪਵਿੱਤਰ ਵਸਤਾਂ ਦੀ ਧਾਰਮਿਕ ਮਰਿਆਦਾ ਤਹਿਤ ਸਾਂਭ-ਸੰਭਾਲ ਦੇ ਲੋੜੀਂਦੇ ਪ੍ਰਬੰਧ ਤੁਰੰਤ ਕੀਤੇ ਜਾਣ ਤਾਂ ਕਿ ਇਹ ਨਿਸ਼ਾਨੀਆਂ ਜਿੱਥੇ ਸੰਭਾਲੀਆਂ ਜਾ ਸਕਣ, ਉਥੇ ਸਿੱਖ ਸੰਗਤਾਂ ਵੀ ਇਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕਣ। ਇਸ ਬਾਰੇ ਸੱਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਸ਼ਾਇਦ ਹੁਣ ਇਨ੍ਹਾਂ ਵਸਤਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਣੇ 'ਵਿਰਾਸਤ-ਏ-ਖਾਲਸਾ' ਵਿਚ ਸੁਸ਼ੋਭਿਤ ਕਰ ਸਕਦੀ ਹੈ।

ਇਹ ਇਤਿਹਾਸਕ ਵਸਤਾਂ 1793 'ਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਮਦਮਾ ਸਾਹਿਬ ਵਿਖੇ ਨਾਭਾ ਰਿਆਸਤ ਦੇ ਵਡੇਰਿਆਂ ਨੂੰ ਬਖਸ਼ਿਸ ਦੇ ਤੌਰ 'ਤੇ ਦਿੱਤੀਆਂ ਗਈਆਂ ਸਨ। ਬਾਅਦ 'ਚ ਇਹ ਵਸਤਾਂ ਕਈ ਦਹਾਕੇ ਵਿਦੇਸ਼ 'ਚ ਵੀ ਰਹੀਆਂ। ਸਿੱਖ ਸੰਗਤਾਂ ਵੱਲੋਂ ਇਨ੍ਹਾਂ ਵਸਤਾਂ ਨੂੰ ਵਾਪਸ ਲਿਆਉਣ ਲਈ ਕੀਤੀ ਘਾਲਣਾ ਮਗਰੋਂ ਇਹ ਇਤਿਹਾਸਕ ਵਸਤਾਂ ਨਵੰਬਰ 2009 'ਚ ਬੁਰਜ ਬਾਬਾ ਆਲਾ ਸਿੰਘ ਵਿਖੇ ਸਿਰਫ ਪੰਦਰਾਂ ਵੀਹ ਦਿਨ ਵਾਸਤੇ ਆਰਜ਼ੀ ਤੌਰ 'ਤੇ ਹੀ ਰੱਖੀਆਂ ਗਈਆਂ ਸਨ।

ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਇਨ੍ਹਾਂ ਧਾਰਮਿਕ ਨਿਸ਼ਾਨੀਆਂ ਦੀ ਸੰਭਾਲ ਰੱਖਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਨੂੰ ਸੌਂਪੀ ਸੀ ਪਰ ਲੰਮਾ ਸਮਾਂ ਗੁਜ਼ਰਨ ਦੇ ਬਾਵਜੂਦ ਸਰਕਾਰ ਸਿੱਖ ਇਤਿਹਾਸ ਦੀਆਂ ਇਨ੍ਹਾਂ ਦੁਰਲੱਭ ਵਸਤਾਂ ਦੀ ਸਾਂਭ ਸੰਭਾਲ ਕਰਵਾਉਣ 'ਚ ਨਾਕਾਮ ਰਹੀ ਹੈ।

## ਚੀਨ ਵਿਚ ਭਾਰਤ ਦੇ ਨੌਂ ਹੀਰਾ ਵਪਾਰੀਆਂ ਨੂੰ ਕੈਦ

**ਪੇਇਚਿੰਗ:** ਚੀਨੀ ਅਦਾਲਤ ਨੇ 73 ਲੱਖ ਡਾਲਰ ਦੇ ਹੀਰੇ ਸਮਗਲ ਕਰਨ ਦੇ ਦੋਸ਼ ਵਿਚ 9 ਭਾਰਤੀਆਂ ਨੂੰ ਦੋ ਤੋਂ 6 ਸਾਲਾਂ ਤਕ ਕੈਦ ਦੀ ਸਜ਼ਾ ਸੁਣਾਉਣ ਤੋਂ ਇਲਾਵਾ 13 ਨੂੰ ਡਿਪੋਰਟ ਕਰਨ ਦੇ ਹੁਕਮ ਦਿੱਤੇ ਹਨ। ਇਹ ਮਾਮਲਾ ਭਾਰਤ ਤੇ ਚੀਨ ਦੇ ਦੁਵੱਲੇ ਸਬੰਧਾਂ ਲਈ ਵੀ ਕਾਫੀ ਸੰਵੇਦਨਸ਼ੀਲ ਹੋਣ ਕਾਰਨ ਦੋਵਾਂ ਧਿਰਾਂ ਨੇ ਇਸ ਮੁੱਦੇ ਨੂੰ ਕਈ ਪੱਧਰਾਂ 'ਤੇ ਵਿਚਾਰਿਆ। ਦੱਖਣੀ ਚੀਨ ਦੀ ਸ਼ੇਜ਼ੈਨ ਦੀ ਅਦਾਲਤ ਨੇ ਗੁਜਰਾਤ ਨਾਲ ਸਬੰਧਤ ਹੀਰਾ ਵਪਾਰੀਆਂ ਨੂੰ ਸਜ਼ਾ ਦੇ ਨਾਲ ਜੁਰਮਾਨਾ ਵੀ ਕੀਤਾ ਹੈ।

ਅਦਾਲਤ ਨੇ ਰਾਜ ਕੁਮਾਰ ਜੈਨ ਨੂੰ 6 ਸਾਲਾਂ, ਜਦਕਿ ਬਾਵਿਸ਼ੀ ਰਾਜ ਕੁਮਾਰ ਬਾਬੂਭਾਈ ਤੇ ਸੋਨੀ ਅਮਿਤ ਕੁਮਾਰ, ਅਰੁਨ ਕੁਮਾਰ ਨੂੰ 5-5 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਰੁਨ ਕੁਮਾਰ ਨੂੰ ਤਿੰਨ ਲੱਖ ਯੂਆਨ (48000 ਡਾਲਰ) ਜੁਰਮਾਨਾ ਵੀ ਭਰਨਾ ਪਵੇਗਾ। ਰਿਸ਼ਤ ਮਨੀਸ਼ ਸ਼ਾਹ ਨੂੰ ਸਾਢੇ 3 ਸਾਲ ਦੀ ਸਜ਼ਾ ਸੁਣਾਈ ਹੈ। 4 ਹੋਰਾਂ-ਧਰਮਵੀਰ ਪਟੇਲ 5 ਲੱਖ ਯੂਆਨ (80 ਹਜ਼ਾਰ ਡਾਲਰ), ਧਵਲ ਵਿਕੁਲ ਪਟੇਲ, ਮਿਤੁਲ ਮਫਤਲਾਲ, ਨਿਤਿਸ਼ ਸ਼ਾਹ, ਵਿਪੁਲ ਪਟੇਲ ਨੂੰ 3-3 ਸਾਲ ਕੈਦ ਦੀ ਸਜ਼ਾ ਸੁਣਾਈ। ਇਨ੍ਹਾਂ ਹੀਰਾ ਵਪਾਰੀਆਂ ਨੂੰ ਸ਼ੇਜ਼ੈਨ ਪੁਲਿਸ ਨੇ 73 ਲੱਖ ਦੇ ਹੀਰੇ ਗੈਰ-ਕਾਨੂੰਨੀ ਢੰਗ ਨਾਲ ਹਾਂਗਕਾਂਗ ਤੋਂ ਲਿਆ ਕੇ ਚੀਨ 'ਚ ਵੇਚਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ।

## ਸਰਕਾਰ ਵੱਲੋਂ ਪਾਏ ਬੋਝ ਕਾਰਨ ਬਿਜਲੀ ਨਿਗਮ ਹੋਇਆ ਦੀਵਾਲੀਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਬਿਨਾਂ ਸੋਚੇ-ਸਮਝੇ ਫ਼ੈਸਲੇ ਕੀਤੇ ਜਾ ਰਹੇ ਹਨ ਪਰ ਇਸ ਨਾਲ ਪਹਿਲਾਂ ਹੀ ਆਰਥਿਕ ਪੱਖੋਂ ਕੰਗਾਲ ਹੋਇਆ ਬਿਜਲੀ ਬੋਰਡ ਦਮ ਤੋੜਦਾ ਨਜ਼ਰ ਆ ਰਿਹਾ ਹੈ। ਵੋਟਰਾਂ ਨੂੰ ਲੁਭਾਉਣ ਲਈ ਕੀਤੇ ਗਏ ਐਲਾਨ ਨਿਗਮ ਲਈ ਏਨੇ ਘਾਤਕ ਹਨ ਕਿ ਅਧਿਕਾਰੀਆਂ ਨੇ ਪੂਰੀ ਤਰ੍ਹਾਂ ਚੁੱਪ ਵੱਟ ਲਈ ਹੈ। ਨਿਗਮ ਦੇ ਅਧਿਕਾਰੀ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਲੋਕਾਂ ਨੂੰ ਦਿੱਤੀ ਗਈ ਸਬਸਿਡੀ ਦਾ ਭੁਗਤਾਨ ਕਰਨਾ ਸਰਕਾਰ ਦੇ ਵੱਸ ਦੀ ਗੱਲ ਨਹੀਂ ਤੇ ਇਸ ਫੈਸਲੇ ਖ਼ਿਲਾਫ਼ ਉਹ ਬੋਲ ਸਕਦੇ ਨਹੀਂ।

ਹਾਸਲ ਜਾਣਕਾਰੀ ਮੁਤਾਬਕ ਸਾਲ 2011-12 ਲਈ ਬਿਜਲੀ ਸਬਸਿਡੀ ਦੀ ਰਕਮ 4188.92 ਕਰੋੜ ਰੁਪਏ ਬਣਦੀ ਹੈ। ਅਪਰੈਲ ਤੋਂ ਦਸੰਬਰ ਤਕ ਪੰਜਾਬ ਸਰਕਾਰ ਨੇ ਸਬਸਿਡੀ ਦੀ ਰਕਮ ਦੇ 3141.72 ਕਰੋੜ ਰੁਪਏ ਨਿਗਮ ਨੂੰ ਅਦਾ ਕਰਨੇ ਸਨ ਪਰ ਉਹ ਹੁਣ ਤਕ 2076.14 ਕਰੋੜ ਰੁਪਏ ਹੀ ਦੇ ਸਕੀ ਹੈ। ਉਸ ਸਿਰ 1065.58 ਕਰੋੜ ਰੁਪਏ ਹਾਲੇ ਖੜ੍ਹੇ ਹਨ ਤੇ ਉਪਰੋਂ 365 ਕਰੋੜ ਰੁਪਏ ਸਾਲਾਨਾ ਦਾ ਬੋਝ ਹੋਰ ਪਾ ਦਿੱਤਾ ਹੈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ 9 ਮਈ, 2011 ਨੂੰ ਰਾਜ ਸਰਕਾਰ ਨੂੰ ਕਿਹਾ ਸੀ ਕਿ ਉਹ ਨਿਗਮ ਨੂੰ ਹਰ ਮਹੀਨੇ 394.08 ਕਰੋੜ ਰੁਪਏ ਪੇਸ਼ਗੀ ਦੇਵੇ ਪਰ ਸਰਕਾਰ ਨੇ ਅੱਜ ਤਕ ਪੂਰੀ ਰਕਮ ਨਹੀਂ ਦਿੱਤੀ। ਜਨਵਰੀ 2010 ਵਿਚ ਸੁਖਬੀਰ-ਕਾਲੀਆ ਕਮੇਟੀ ਨੇ ਦਲਿਤਾਂ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ ਮਿਲਦੇ 200 ਯੂਨਿਟਾਂ ਨੂੰ ਘਟਾ ਕੇ ਪ੍ਰਤੀ ਮਹੀਨਾ 100 ਯੂਨਿਟ ਕਰ ਦਿੱਤਾ ਸੀ। ਚੋਣਾਂ ਸਿਰ 'ਤੇ ਆਉਣ ਕਾਰਨ ਸਰਕਾਰ ਨੇ ਆਪਣਾ ਉਹ ਹੁਕਮ ਵਾਪਸ ਲੈ ਕੇ 200 ਯੂਨਿਟ ਬਹਾਲ ਕਰ ਦਿੱਤੇ। ਇਸ ਨਾਲ ਸਾਲਾਨਾ ਸਬਸਿਡੀ ਦਾ ਬੋਝ 350 ਕਰੋੜ ਰੁਪਏ ਹੋਰ ਵਧ ਗਿਆ।

ਪੰਜਾਬ ਰਾਜ ਬਿਜਲੀ ਬੋਰਡ ਦੇ ਸਾਬਕਾ ਐਸ.ਈ. ਗੁਰਨੇਕ ਸਿੰਘ ਬਰਾੜ ਨੇ ਇਸ ਬਾਰੇ ਕਿਹਾ ਹੈ ਕਿ ਸਰਕਾਰ ਸਿਰ ਸਬਸਿਡੀ ਦਾ 1065.58 ਕਰੋੜ ਰੁਪਇਆ ਬਕਾਇਆ ਹੈ ਤੇ ਉਪਰੋਂ ਬੀਤੇ ਦਿਨ ਨਵਾਂ ਫੈਸਲਾ ਲੈ ਕੇ ਬਿਜਲੀ ਨਿਗਮ ਦੀ ਹਾਲਤ ਹੋਰ ਖਰਾਬ ਕਰ ਦਿੱਤੀ। ਪੰਜਾਬ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੇ ਕਿਹਾ ਕਿ ਕੈਬਨਿਟ ਵੱਲੋਂ ਲਿਆ ਗਿਆ ਫੈਸਲਾ 1 ਦਸੰਬਰ ਤੋਂ ਲਾਗੂ ਹੋ ਗਿਆ ਹੈ।

## 'ਪੰਥ ਰਤਨ' ਲਈ ਨੇਮ ਤੈਅ ਕਰਨ ਦਾ ਮੁੱਦਾ ਉਠਿਆ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਪੰਥ ਰਤਨ' ਦਾ ਐਵਾਰਡ ਦੇਣ ਦਾ ਸਖ਼ਤ ਵਿਰੋਧ ਹੋਣ ਤੋਂ ਬਾਅਦ ਸਿੱਖ ਬੁੱਧੀਜੀਵੀਆਂ ਤੇ ਧਾਰਮਿਕ ਹਸਤੀਆਂ ਨੇ ਸ੍ਰੀ ਅਕਾਲ ਤਖ਼ਤ ਤੋਂ ਸਨਮਾਨ ਦੇਣ ਲਈ ਨਿਯਮ ਤੈਅ ਕਰਨ ਦਾ ਮੁੱਦਾ ਉਠਾਇਆ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਹਾਮੀ ਭਰੀ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਵਿਸ਼ੇਸ਼ ਖ਼ਿਤਾਬ ਨਾਲ ਸਨਮਾਨੇ ਜਾਣ ਲਈ ਸਿੱਖ ਸ਼ਖ਼ਸੀਅਤਾਂ ਦੀ ਚੋਣ ਕਰਨ ਤੇ ਐਵਾਰਡ ਦੇਣ ਦੀ ਪ੍ਰਕ੍ਰਿਆ ਸਮੇਤ ਇਸ ਬਾਰੇ ਨਿਯਮ ਤੈਅ ਹੋਣੇ ਚਾਹੀਦੇ ਹਨ।

ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਤ ਇਤਿਹਾਸਕ ਯਾਦਗਾਰਾਂ ਉਸਾਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਥ ਰਤਨ ਫਖ਼ਰ-ਏ-ਕੌਮ ਦੀ ਉਪਾਧੀ ਦੇਣ ਸਮੇਂ ਉਭਰੇ ਵਿਵਾਦ ਤੋਂ ਬਾਅਦ ਕੁਝ ਸਿੱਖ ਸ਼ਖ਼ਸੀਅਤਾਂ ਨੇ ਸੁਝਾਅ ਪੇਸ਼ ਕੀਤਾ ਹੈ ਕਿ ਭਵਿੱਖ ਵਿਚ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੇ ਵਿਵਾਦ ਤੋਂ ਬਚਣ ਲਈ ਲੋੜੀਂਦੇ ਨਿਯਮ ਬਣਾ ਲੈਣੇ ਚਾਹੀਦੇ ਹਨ।

ਹੁਣ ਤੱਕ ਇਸ ਬਾਰੇ ਕੋਈ ਨਿਯਮ ਨਹੀਂ ਹਨ ਕਿ ਪੰਥ ਰਤਨ ਦੀ ਉਪਾਧੀ ਕਿਸ ਵਿਅਕਤੀ ਨੂੰ ਤੇ ਕਿਵੇਂ ਦਿੱਤੀ ਜਾਵੇ? ਇਹ ਉਪਾਧੀ ਸਬੰਧਤ ਵਿਅਕਤੀ ਦੇ ਜੀਵਨ ਕਾਲ ਦੌਰਾਨ ਦਿੱਤੀ ਜਾਵੇ ਜਾਂ ਫਿਰ ਮਰਨ ਉਪਰੰਤ ਉਸ ਵੱਲੋਂ ਕੀਤੀਆਂ ਸੇਵਾਵਾਂ ਦਾ ਲੇਖਾ ਜੋਖਾ ਕਰਦਿਆਂ ਦਿੱਤੀ ਜਾਵੇ? ਇਹ ਸੁਝਾਅ ਦੇਣ ਵਾਲਿਆਂ ਵਿਚ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ, ਇੰਸਟੀਚਿਊਟ ਆਫ



*ਗਿਆਨੀ ਗੁਰਬਚਨ ਸਿੰਘ*

ਸਿੱਖ ਸਟੱਡੀਜ਼ ਤੋਂ ਅਸ਼ੋਕ ਸਿੰਘ ਬਾਗੜੀਆ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਸ਼ਰਨਜੀਤ ਸਿੰਘ, ਦਲ ਖਾਲਸਾ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਆਦਿ ਸ਼ਾਮਲ ਹਨ।

ਸਿੱਖ ਜਥੇਬੰਦੀਆਂ ਤੋਂ ਇਲਾਵਾ ਦੋ ਸਿੰਘ ਸਾਹਿਬਾਨ ਵੀ ਪੰਥ ਰਤਨ ਐਵਾਰਡ ਦੇਣ ਦੇ ਤਰੀਕੇ ਤੇ ਚੋਣ ਬਾਰੇ ਸਿੱਧੇ-ਅਸਿੱਧੇ ਢੰਗ ਨਾਲ ਅਸਹਿਮਤੀ ਪ੍ਰਗਟਾ ਚੁੱਕੇ ਹਨ। ਇਸ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਹ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਵਿਸ਼ੇਸ਼ ਐਵਾਰਡ ਦੇਣ ਬਾਰੇ ਨਿਯਮ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਕੋਈ ਸੁਝਾਅ ਭੇਜੇ ਜਾਂਦੇ ਹਨ ਤਾਂ ਉਹ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਰੱਖਣਗੇ ਜਿਥੇ ਵਿਚਾਰਨ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਨਿਯਮ ਬਣਾਉਣ ਲਈ ਆਖਿਆ ਜਾ ਸਕਦਾ ਹੈ।

ਪੰਥ ਰਤਨ ਐਵਾਰਡ ਵਿਸ਼ੇਸ਼ ਉਪਾਧੀ ਹੈ ਜੋ ਸਿੱਖ ਸ਼ਖਸੀਅਤ ਨੂੰ ਉਸ ਵੱਲੋਂ ਆਪਣੇ ਜੀਵਨ ਕਾਲ ਦੌਰਾਨ ਨਿਭਾਈਆਂ ਨਿਸ਼ਕਾਮ ਪੰਥਕ ਸੇਵਾਵਾਂ ਬਦਲੇ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਦਿੱਤੀ ਜਾਂਦੀ ਹੈ। ਸ. ਬਾਦਲ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਵੱਲੋਂ ਇਹ ਐਵਾਰਡ ਜਥੇਦਾਰ ਗੁਰਚਰਨ ਸਿੰਘ ਟੌਹੜਾ, ਕਥਾਕਾਰ ਸੰਤ ਸਿੰਘ ਮਸਕੀਨ ਤੇ ਕੀਰਤਨੀਏ ਭਾਈ ਜਸਬੀਰ ਸਿੰਘ ਖੰਨੇ ਵਾਲੇ ਨੂੰ ਦਿੱਤਾ ਜਾ ਚੁੱਕਾ ਹੈ।

## ਦਸਤਾਰ ਦਾ ਮਾਮਲਾ ਰਾਜ ਸਭਾ 'ਚ ਛਾਇਆ

**ਨਵੀਂ ਦਿੱਲੀ:** ਰਾਜ ਸਭਾ ਨੇ ਵਿਦੇਸ਼ਾਂ ਖਾਸ ਤੌਰ 'ਤੇ ਇਟਲੀ ਵਿਚ ਸੁਰੱਖਿਆ ਦੇ ਨਾਂ 'ਤੇ ਸਿੱਖਾਂ ਦੀਆਂ ਪੱਗਾਂ ਉਤਾਰਨ ਦੀਆਂ ਘਟਨਾਵਾਂ ਦੀ ਨਿਖੇਧੀ ਕੀਤੀ ਹੈ। ਸਦਨ ਵਿਚ ਮੈਂਬਰਾਂ ਨੇ ਇਹ ਮੁੱਦਾ ਸਿਫਰ ਕਾਲ ਦੌਰਾਨ ਚੁੱਕਿਆ ਤੇ ਰਾਜ ਸਭਾ ਦੇ ਡਿਪਟੀ ਸਪੀਕਰ ਕੇ. ਰਹਿਮਾਨ ਖਾਨ ਨੇ ਮੈਂਬਰਾਂ ਦੀ ਸੁਰ ਨਾਲ ਸੁਰ ਮਿਲਾਉਂਦਿਆਂ ਅਜਿਹੀਆਂ ਘਟਨਾਵਾਂ ਦੀ ਨਿਖੇਧੀ ਕੀਤੀ।

ਉਨ੍ਹਾਂ ਵੱਲੋਂ ਉਠਾਏ ਮੁੱਦੇ ਦਾ ਹੋਰ ਮੈਂਬਰਾਂ ਨੇ ਵੀ ਸਾਥ ਦਿੱਤਾ। ਇਸ 'ਤੇ ਉਪ ਚੇਅਰਮੈਨ ਨੇ ਕਿਹਾ ਕਿ ਸਾਰਾ ਸਦਨ ਅਜਿਹੀਆਂ ਘਟਨਾਵਾਂ ਦੀ ਨਿੰਦਾ ਕਰਦਾ ਹੈ। ਸ੍ਰੀ ਗੁਜਰਾਲ ਨੇ ਕਿਹਾ ਕਿ ਸਿੱਖਾਂ ਨੂੰ ਸ਼ਰ੍ਹੇਆਮ ਬੇਇੱਜ਼ਤ ਕੀਤਾ ਜਾ ਰਿਹਾ ਹੈ। ਇਸ ਲਈ ਕੇਂਦਰ ਸਰਕਾਰ ਇਸ ਮਾਮਲੇ ਵਿਚ ਦਖਲ ਦੇ ਕੇ ਸਿੱਖਾਂ ਦੀ ਹੁੰਦੀ ਬੇਇੱਜ਼ਤੀ ਰੁਕਵਾਏ। ਕੇਂਦਰ ਸਰਕਾਰ ਬਗੈਰ ਕਿਸੇ ਦੇਰੀ ਤੋਂ ਇਟਲੀ ਦੇ ਰਾਜਦੂਤ ਨੂੰ ਤਲਬ ਕਰੇ ਤੇ ਸਿੱਖਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਏ। ਉਨ੍ਹਾਂ ਕਿਹਾ ਕਿ ਕੇਂਦਰ ਇਹ ਯਕੀਨੀ ਬਣਾਏ ਕੇ ਸਿੱਖਾਂ ਦੀ ਬਹਾਦਰ ਕੌਮ ਨਾਲ ਭਵਿੱਖ ਵਿਚ ਅਜਿਹੀ ਬਦਸਲੂਕੀ ਨਾ ਹੋਵੇ।

ਭਾਜਪਾ ਦੇ ਸਦਨ ਵਿਚਲੇ ਉਪ ਆਗੂ ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਪੱਗ ਸਿੱਖਾਂ ਦੀ 'ਇੱਜ਼ਤ' ਹੈ ਤੇ ਇਸ ਨੂੰ ਸੁਰੱਖਿਆ ਦੇ ਨਾਂ 'ਤੇ ਲਹਾਉਣਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਖੁਦ ਪੱਗ ਬੰਨ੍ਹਦਾ ਹੋਵੇ, ਉਸੇ ਮੁਲਕ ਦੇ ਸਿੱਖਾਂ ਦੀਆਂ ਪੱਗਾਂ ਵਿਦੇਸ਼ਾਂ ਵਿਚ ਉਤਾਰੀਆਂ ਜਾ ਰਹੀਆਂ ਹਨ।

ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਹਰ ਵਾਰ ਅਜਿਹੀ ਘਟਨਾ ਮਗਰੋਂ ਸਰਕਾਰ ਭਰੋਸਾ ਦਿੰਦੀ ਹੈ ਪਰ ਕਰਦੀ ਕੁਝ ਨਹੀਂ।

## ਭਾਰਤ ਸਰਕਾਰ ਗੰਭੀਰ ਨਹੀਂ: ਜਥੇਦਾਰ ਮੱਕੜ

**ਅੰਮ੍ਰਿਤਸਰ:** ਵੱਖ-ਵੱਖ ਦੇਸ਼ਾਂ ਦੇ ਹਵਾਈ ਅੱਡਿਆਂ 'ਤੇ ਸਿੱਖਾਂ ਨੂੰ ਤਲਾਸ਼ੀ ਦੇ ਬਹਾਨੇ ਦਸਤਾਰ ਉਤਰਵਾ ਕੇ ਬੇਪੱਤ ਕੀਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਸਰਕਾਰ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।

ਜਥੇਦਾਰ ਮੱਕੜ ਨੇ ਕਿਹਾ ਕਿ ਅੱਜ ਸਿੱਖ ਭਾਈਚਾਰਾ ਦੁਨੀਆਂ ਦੇ 161 ਮੁਲਕਾਂ ਵਿਚ ਆਪੋ ਆਪਣੇ ਕਾਰੋਬਾਰੀ ਸਰੋਕਾਰਾਂ ਕਰਕੇ ਵਸਿਆ ਹੋਇਆ ਹੈ ਤੇ ਉਨ੍ਹਾਂ ਦਾ ਆਪਣੀ ਜਨਮ ਭੂਮੀ ਪੰਜਾਬ 'ਚ ਆਉਣਾ-ਜਾਣਾ ਲੱਗਿਆ ਰਹਿੰਦਾ ਹੈ ਪਰ ਸਿੱਖ ਭਾਈਚਾਰੇ ਦੀ ਹਵਾਈ ਅੱਡਿਆਂ 'ਤੇ ਦਸਤਾਰ ਦੀ ਬੇਅਦਬੀ ਕੀਤੀ ਜਾ ਰਹੀ ਹੈ। ਜਿਹੜੇ ਸਿੱਖ ਵੱਖ-ਵੱਖ ਦੇਸ਼ਾਂ ਵਿਚ ਖਾਸਕਰ ਫਰਾਂਸ ਵਿਚ ਦਸਤਾਰ ਬੰਨਣ ਬਾਰੇ ਦ੍ਰਿੜਤਾ ਨਾਲ ਪਹਿਰਾ ਦੇ ਰਹੇ ਹਨ, ਉਨ੍ਹਾਂ ਨੂੰ ਸਥਾਨਕ ਪੱਧਰ 'ਤੇ ਸਰਕਾਰੀ, ਗੈਰ ਸਰਕਾਰੀ ਸਹੂਲਤਾਂ ਤੋਂ ਵਾਂਝੇ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਦਾ ਅਨਿੱਖੜਵਾਂ ਅੰਗ ਹੈ। ਇਸ ਪ੍ਰਤੀ ਸਿੱਖਾਂ ਨੂੰ ਹੋਰ ਜਲੀਲ ਨਹੀਂ ਕੀਤਾ ਜਾਣਾ ਚਾਹੀਦਾ। ਭਾਰਤ ਸਰਕਾਰ ਨੂੰ ਗੰਭੀਰਤਾ ਨਾਲ ਠੋਸ ਕਦਮ ਚੁੱਕਣੇ ਚਾਹੀਦੇ ਹਨ।

## ਭਾਰਤੀ ਡਾਕਟਰ ਦੋਸ਼ੀ ਕਰਾਰ

**ਨਿਊ ਯਾਰਕ:** ਅਮਰੀਕਾ ਵਿਚਲੇ ਭਾਰਤੀ ਮੂਲ ਦੇ ਡਾਕਟਰ ਨੂੰ ਬਗੈਰ ਕਿਸੇ ਮਤਲਬ ਦੇ ਐਚ.ਆਈ.ਵੀ. ਦੀਆਂ ਦਵਾਈਆਂ ਦੇ 7 ਲੱਖ ਡਾਲਰ ਦਾ ਘਪਲਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਆਪਣੇ ਪੇਸ਼ੇ ਨਾਲ ਬੇਇਮਾਨੀ ਕਰਨ ਵਾਲਾ 58 ਸਾਲਾ ਡਾਕਟਰ ਸੁਰੇਸ਼ ਹੇਮਰਾਜਨੀ ਨੇ ਠੀਕ-ਠਾਕ ਲੋਕਾਂ ਨੂੰ ਐਚ.ਆਈ.ਵੀ. ਹੋਣ ਦਾ ਡਰਾਵਾ ਦੇ ਕੇ ਇਸ ਬਿਮਾਰੀ ਲਈ ਦਵਾਈਆਂ ਦਿੱਤੀਆਂ ਤੇ 7 ਲੱਖ ਡਾਲਰ ਦੇ ਝੂਠੇ ਬਿੱਲ ਪੇਸ਼ ਕਰਕੇ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਇਆ।

## ਸਿੱਖ ਯਾਦਗਾਰਾਂ ਦੀ ਸਾਂਭ-ਸੰਭਾਲ ਲਈ ਕਮੇਟੀ ਕਾਇਮ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਵਿਰਾਸਤ-ਏ-ਖਾਲਸਾ ਕੰਪਲੈਕਸ, ਕਾਹਨੂੰਵਾਨ ਛੰਭ (ਗੁਰਦਾਸਪੁਰ) ਵਿਖੇ ਛੋਟਾ ਘੱਲੂਘਾਰਾ ਸ਼ਹੀਦੀ ਯਾਦਗਾਰ, ਕੁੱਪ ਰੋਹੀੜਾ (ਸੰਗਰੂਰ) ਵਿਖੇ ਵੱਡਾ ਘੱਲੂਘਾਰਾ ਸ਼ਹੀਦੀ ਯਾਦਗਾਰ ਤੇ ਚੱਪੜਚਿੜੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ ਮੁੱਖ ਸਕੱਤਰ ਐਸ.ਸੀ. ਅਗਰਵਾਲ ਦੀ ਅਗਵਾਈ ਵਿਚ ਕਮੇਟੀ ਬਣਾਈ ਹੈ।



ਮੁੱਖ ਸਕੱਤਰ ਦੀ ਅਗਵਾਈ ਵਿਚ ਗਠਿਤ ਕੀਤੀ ਗਈ ਕਮੇਟੀ ਵਿਚ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡੀ.ਐਸ. ਗੁਰੂ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਕੇ.ਜੇ.ਐਸ. ਚੀਮਾ ਤੇ ਕਾਹਨ ਸਿੰਘ ਪੰਨੂ, ਸ੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਕਰਮਜੀਤ ਸਿੰਘ ਸਰਾਂ, ਡਿਪਟੀ ਕਮਿਸ਼ਨਰ ਗੁਰਦਾਸਪੁਰ, ਡਾਇਰੈਕਟਰ ਤੇ ਸਕੱਤਰ ਟੂਰਿਜ਼ਮ ਮੈਂਬਰ ਹੋਣਗੇ।

ਮੁੱਖ ਮੰਤਰੀ ਨੇ ਵਿਰਾਸਤ-ਏ-ਖਾਲਸਾ ਕੰਪਲੈਕਸ ਦਾ ਪ੍ਰਬੰਧ ਸ੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ, ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ ਦਾ ਪ੍ਰਬੰਧ ਗਮਾਡਾ, ਵੱਡਾ ਘੱਲੂਘਾਰਾ ਸ਼ਹੀਦੀ ਯਾਦਗਾਰ ਦਾ ਪ੍ਰਬੰਧ ਪਟਿਆਲਾ ਡਿਵੈਲਪਮੈਂਟ ਅਥਾਰਟੀ ਅਤੇ ਛੋਟਾ ਘੱਲੂਘਾਰਾ ਸ਼ਹੀਦੀ ਯਾਦਗਾਰ ਦਾ ਪ੍ਰਬੰਧ ਪੁੱਡਾ ਨੂੰ ਦੇਣ ਦੀ ਵੀ ਪ੍ਰਵਾਨਗੀ ਦਿੱਤੀ।

ਵਿਰਾਸਤ-ਏ-ਖਾਲਸਾ ਦੀ ਸੰਭਾਲ ਦਾ ਜ਼ਿੰਮਾ ਏ ਟੂ ਜ਼ੈਡ ਕੰਪਨੀ ਨੂੰ ਤਿੰਨ ਸਾਲਾਂ ਲਈ ਸੌਂਪਿਆ ਗਿਆ ਹੈ। ਇਹ ਕੰਪਨੀ ਆਪਣੇ 140 ਮੁਲਾਜ਼ਮਾਂ ਦੀ ਟੀਮ ਨਾਲ ਵਿਰਾਸਤ-ਏ-ਖਾਲਸਾ ਦੀ ਸਾਂਭ ਸੰਭਾਲ ਕਰੇਗੀ। ਸ. ਬਾਦਲ ਨੇ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ 'ਚ ਸਥਿਤ ਫਤਿਹ ਬੁਰਜ ਵਿਚ ਲਿਫ਼ਟ ਲਾਉਣ ਲਈ ਤੁਰੰਤ ਇਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦੀ ਵੀ ਪ੍ਰਵਾਨਗੀ ਦਿੱਤੀ। ਇਹ ਲਿਫਟ ਲਾਉਣ ਦਾ ਕਾਰਜ ਵਿਸ਼ਵ ਪ੍ਰਸਿੱਧ ਕੰਪਨੀ ਲਾਰਸਨ ਐਂਡ ਟੂਬਰੋ (ਐਲ ਐਂਡ ਟੀ) ਨੂੰ ਸੌਂਪਿਆ ਹੈ।

**ਸਿਹਤ ਵਿਗਿਆਨ**

# ਦਿਲ ਦਾ ਮਾਮਲਾ...ਗੜਬੜ ਹੈ

**ਡਾ. ਹਰਬੰਸ ਕੌਰ ਦਿਓਲ**

"ਵਾਹ ਬਈ ਵਾਹ! ਅੱਜ ਤਾਂ ਪਟੋਲਾ ਬਣੀ ਫਿਰਦੀ ਐ ਸਾਡੀ ਚਾਚੀ। ਕਿੱਥੇ ਦੀ ਉਡਾਰੀ ਮਾਰਨ ਦੀ ਸਲਾਹ ਐ ਚਾਚੀ?"

"ਚੰਨੀਏ, ਤੇਰੇ ਚਾਚੇ ਨਾਲ ਗਈ ਸੀ ਮੈਂ ਸੈਰ ਨੂੰ। ਉਹ ਜਾਂਦੈ ਮਹੀਨੇ ਦੇ ਮਹੀਨੇ ਪਿਲਸਣ ਲੈਣ। ਸੌਦਾ-ਪੱਤਾ ਵੀ ਖਰੀਦ ਹੋ ਜਾਂਦੈ, ਨਾਲ ਕਬੀਲਦਾਰੀ ਦੀਆਂ ਦੋ ਗੱਲਾਂ ਵੀ ਕਰ ਲਈਦੀਆਂ ਨੇ। ਘਰ ਤਾਂ ਖਸਮਾਂ ਨੂੰ ਖਾਣੇ ਕੰਮ ਈ ਨਹੀਂ ਮੁੱਕਦੇ, ਪਈ ਦੋ ਘੜੀ ਬੰਦਾ ਬੈਠ ਕੇ ਕੋਈ ਗੱਲਾਂ ਈ ਕਰ ਲਵੇ।...ਫਿਰ ਸਵੇਰੇ ਜਾ ਕੇ ਸ਼ਾਮ ਨੂੰ ਈ ਘਰ ਆਈਦੈ ਉਸ ਦਿਨ। ਦੁਪਹਿਰ ਦੀ ਰੋਟੀ ਬਾਹਰ ਈ ਖਾਈਦੀਐ...। ਤੇਰੇ ਚਾਚੇ ਨੂੰ ਪਸੰਦ ਐ ਇਕ ਵਧੀਆ ਜਿਹੀ ਥਾਂ ਅਤੇ ਉਨ੍ਹਾਂ ਦੇ ਗੋਭੀ ਦੇ ਪਰਾਉਂਠੇ। ਬੱਸ ਇਕ ਪਾਸੇ ਨਿਵੇਕਲੀ ਜਿਹੀ ਮੇਜ ਲੈ ਕੇ ਢੇਰ ਸਾਰੀਆਂ ਗੱਲਾਂ ਕਰ ਲਈਦੀਆਂ ਨੇ। ਆਉਂਦੇ-ਆਉਂਦੇ ਢਾਬੇ 'ਤੇ ਚਾਹ ਨਾਲ ਗਰਮ-ਗਰਮ ਜਲੇਬੀਆਂ ਵੀ...।"

"ਅੱਛਾ! ਤਾਂ ਫਿਰ ਹੁੰਦੀਆਂ ਨੇ ਚਾਚੇ ਨਾਲ ਦਿਲਾਂ ਦੀਆਂ ਗੱਲਾਂ ਉਸ ਦਿਨ; ਦੈਟ ਇਜ਼ ਦੀ ਡੇ ਫਾਰ ਰੋਮਾਂਸ! ਹੈ ਨਾ ਚਾਚੀ?"

"ਤੇਰੀ ਅੰਗਰੇਜ਼ੀ ਤਾਂ ਮੇਰੇ ਪੱਲੇ ਨਹੀਂ ਪੈਂਦੀ ਪਰ ਭਾਈ ਇਹ ਸੱਚ ਐ ਦਿਲ ਦੀਆਂ ਗੱਲਾਂ ਜ਼ਰੂਰ ਕਰ ਲਈਦੀਆਂ, ਉਸ ਦਿਨ। ਆਹੋ, ਇਹ ਵੀ ਜ਼ਰੂਰੀ ਐ।...ਗੱਲ ਸੁਣ ਚੰਨੀਏ, ਤੇਰੇ ਦਿਲ ਦੀ ਗੱਲ ਤੋਂ ਤਾਂ ਯਾਦ ਆਇਆ। ਜਿਹੜੀ ਟੋਭੇ ਵਾਲੀ ਸੰਤੀ ਐ ਨਾ, ਉਹਦੇ ਘਰ ਵਾਲੇ ਨੂੰ ਤਾਂ ਬਹੁਤ ਖ਼ਤਰਨਾਕ ਦਿਲ ਦਾ ਦੌਰਾ ਪੈ ਗਿਆ ਅਤੇ ਉਹਦਾ ਪਰੇਸਨ ਵੀ ਹੋਇਆ ਏ। ਕਾਫ਼ੀ ਬੁਰੀ ਹਾਲਤ ਐ ਉਹਦੀ। ਅਸੀਂ ਗਏ ਸੀ ਉਹਦੀ ਖ਼ਬਰਸਾਰ ਲਈ। ਬੂ...ਮੈਂ ਮਰਜ਼ਾਂ। ਉਥੇ ਤਾਂ ਨੱਕ, ਮੂੰਹ ਵਿਚ ਨਾਲੀਆਂ ਈ ਨਾਲੀਆਂ, ਤੇ ਦੁਆਲੇ ਮਸ਼ੀਨਾਂ ਈ ਮਸ਼ੀਨਾਂ ਲੱਗੀਆਂ ਹੋਈਆਂ ਸਨ। ਬਈ ਬੰਦਾ ਤਾਂ ਦਿਸਦਾ ਈ ਨਹੀਂ ਸੀ। ਮੇਰਾ ਤਾਂ ਦਿਲ ਈ ਘਾਬਰ ਗਿਆ। ਮੈਂ ਤਾਂ ਮਾਰੀ ਕੂਹਣੀ ਤੇਰੇ ਚਾਚੇ ਨੂੰ ਅਤੇ ਖਿਸਕਣ ਦੀ ਕੀਤੀ-ਹੋਰ ਨਾ ਮੇਰਾ ਈ ਘੋਗਾ ਚਿੱਤ ਹੋ ਜਾਵੇ, ਮੈਂ ਸੋਚਿਆ।...ਪਰ ਗੱਲ ਸੁਣ ਚੰਨੀਏ, ਉਹ ਤਾਂ ਚੰਗਾ ਹੱਟਾ-ਕੱਟਾ ਬੰਦਾ ਏ ਦੇਖਣ ਨੂੰ, ਉਹਨੂੰ ਕਿਉਂ ਪੈ ਗਿਆ ਦਿਲ ਦਾ ਦੌਰਾ?"

"ਚਾਚੀ, ਪਰੌਬਲਮ ਤਾਂ ਉਹੀ ਹੋਈ ਕਿ ਉਹ ਜ਼ਰਾ ਜ਼ਿਆਦਾ ਈ ਹੱਟਾ-ਕੱਟਾ ਏ। ਇਸ ਤੋਂ ਇਲਾਵਾ ਹੋਰ ਵੀ ਖਤਰੇ (ਰਿਸਕ ਫੈਕਟਰ) ਹਨ ਜਿਵੇਂ ਸ਼ੂਗਰ ਦੀ ਬਿਮਾਰੀ, ਬਲੱਡ ਪ੍ਰੈਸ਼ਰ ਵੀ ਜ਼ਿਆਦਾ ਹੈ। ਇਹ ਦੋਨੋਂ ਆਮ ਤੌਰ 'ਤੇ ਮੋਟਾਪੇ ਨਾਲ ਅਕਸਰ ਹੋ ਜਾਂਦੀਆਂ ਹਨ। ਮੈਨੂੰ ਦੱਸਿਆ ਸੀ, ਉਨ੍ਹਾਂ ਦੀ ਭੋਲੀ ਨੇ ਕਿ ਉਹ ਬਹੁਤ ਸ਼ਰਾਬ ਪੀਂਦਾ ਏ ਅਤੇ ਸਿਗਰਟ ਵੀ ਪੀਂਦਾ ਏ। ਇਹ ਸਾਰਾ ਸਮਾਨਾ ਤਾਂ ਉਪਰ ਦੀ ਟਿਕਟ ਕਟਾਣ ਲਈ ਕਾਫ਼ੀ ਹੈ।"

"ਨਾ ਚੰਨੀਏ, ਇੰਜ ਨਾ ਆਖ। ਉਹਦੀ ਤਾਂ ਸਾਰੀ ਕਬੀਲਦਾਰੀ ਅਜੇ ਨਜਿੱਠਣ ਵਾਲੀ ਐ।"

"ਸ਼ੁਕਰ ਐ ਰੱਬ ਦਾ ਉਹ ਜਿਉਂਦਾ ਐ ਚਾਚੀ। ਹੋ ਸਕਦੈ ਕਿ ਉਸ ਦਾ ਕੋਲੈਸਟਰੌਲ ਵੀ ਜ਼ਿਆਦਾ ਹੋਵੇ।"


"ਚੰਨੀਏ, ਇਹ ਕਿਹੜੀ ਬਲਾ ਦਾ ਨਾਂ ਐ?...ਤੂੰ ਤਾਂ ਜ਼ਿਆਦਾ ਈ ਡੂੰਘੀਆਂ ਗੱਲਾਂ ਕਰਨ ਲੱਗ ਪਈ ਫਿਰ।"

ਇੰਨੇ ਨੂੰ ਪਰੀਤ ਆ ਜਾਂਦੀ ਐ।

"ਚਾਚੀ ਪੈਰੀਂ ਪੈਨੀ ਆਂ...ਦੀਦੀ ਸਤਿ ਸ੍ਰੀ ਅਕਾਲ।"

"ਲੈ ਸ਼ੁਕਰ ਐ ਪਰੀਤ ਤੂੰ ਆ ਗਈ। ਚੰਨੀ ਦੀਆਂ ਗੱਲਾਂ ਤੂੰ ਤਾਂ ਸਮਝ ਲਏਂਗੀ, ਤੂੰ ਲਿਖ ਵੀ ਲਈਂ ਕੀ ਨੁਸਖੇ ਦੱਸਦੀ ਐ।"

"ਹਾਂ ਸੱਚ ਚਾਚੀ! ਆਪਾਂ ਗੱਲਾਂ ਕਰ ਰਹੀਆਂ ਸੀ ਕੋਲੈਸਟਰੌਲ ਦੀਆਂ। ਇਹ ਇਕ ਤਰ੍ਹਾਂ ਦੀ ਫੈਟ ਹੁੰਦੀ ਐ ਆਪਣੇ ਖ਼ੂਨ ਵਿਚ। ਇਸ ਦੇ ਕਈ ਫਰੈਕਸ਼ਨ ਹੁੰਦੇ ਹਨ-ਐਲ.ਡੀ.ਐਲ.,



ਐਚ.ਡੀ.ਐਲ. ਅਤੇ ਟਰਾਈ-ਗਲਿਸਰਾਈਡਜ਼।"

"ਚੰਨੀਏ ਇਹ ਲਾਡਲੀ (ਐਲ.ਡੀ.ਐਲ.) ਅਤੇ ਅੱਜ ਦੀ ਗੱਲ (ਐਚ.ਡੀ.ਐਲ.) ਕੀ ਕਹਿਗੀ।"

"ਚਾਚੀ, ਐਚ.ਡੀ.ਐਲ. ਚੰਗੀ ਫੈਟ ਹੁੰਦੀ ਐ ਜਿਹੜੀ ਹਾਰਟ ਅਟੈਕ ਤੋਂ ਬਚਾਓ ਕਰਾਉਂਦੀ ਐ। ਐਲ.ਡੀ.ਐਲ. ਅਤੇ ਟਰਾਈ-ਗਲਿਸਰਾਈਡਜ਼ ਮਾੜੇ ਹੁੰਦੇ ਹਨ। ਜੇ ਇਨ੍ਹਾਂ ਦਾ ਲੈਵਲ ਖ਼ੂਨ ਦੀਆਂ ਨਾੜੀਆਂ ਵਿਚ ਜ਼ਿਆਦਾ ਹੋ ਜਾਵੇ ਤਾਂ ਖ਼ੂਨ ਗਾੜ੍ਹਾ ਹੋ ਜਾਂਦਾ ਹੈ ਅਤੇ ਖ਼ੂਨ ਦੀਆਂ ਨਾੜੀਆਂ ਵਿਚ ਇਸ ਦੇ ਵਗਣ ਦੀ ਰਫ਼ਤਾਰ ਘਟ ਜਾਂਦੀ ਏ ਜਿਸ ਕਰਕੇ ਕਈ ਪਦਾਰਥ ਖ਼ੂਨ ਵਿਚੋਂ ਅਤੇ ਮਾੜੀ ਕੋਲੈਸਟਰੌਲ, ਖ਼ੂਨ ਦੀਆਂ ਨਾੜੀਆਂ ਦੇ ਅੰਦਰਲੇ ਪਾਸੇ ਜੰਮ ਜਾਂਦੇ ਨੇ। ਨਤੀਜਾ ਇਹ ਹੁੰਦੈ ਕਿ ਖ਼ੂਨ ਦੀਆਂ ਨਾੜੀਆਂ ਭੀੜੀਆਂ ਹੋ ਜਾਂਦੀਆਂ ਹਨ।"

"ਜਿਵੇਂ ਤੰਗ ਗਲੀਆਂ, ਹੈ ਨਾ?" ਚਾਚੀ ਨੇ ਕਿਹਾ।

"ਹਾਂ ਚਾਚੀ, ਤੇ ਇਹ ਹੌਲੀ-ਹੌਲੀ ਬੰਦ ਹੋ ਸਕਦੀਆਂ ਹਨ। ਜੇ ਦਿਲ ਦੀਆਂ ਨਾਲੀਆਂ ਬੰਦ ਹੋ ਜਾਣ ਅਤੇ ਵੇਲੇ ਸਿਰ ਡਾਕਟਰੀ ਇਮਦਾਦ ਨਾ ਮਿਲੇ ਤਾਂ ਦਿਲ ਕੰਮ ਕਰਨੋਂ ਹਟ ਜਾਂਦੈ, ਤੇ ਬੰਦੇ ਦੀ ਅਚਾਨਕ ਮੌਤ ਵੀ ਹੋ ਸਕਦੀ ਐ। ਕਈ ਵਾਰੀ ਸੁਣਿਆ ਹੋਣੈ ਕਿ ਉਹ ਤਾਂ ਸੁੱਤਾ ਪਿਆ ਈ ਰਹਿ ਗਿਆ, ਤੇ ਜੇ ਦਿਮਾਗ ਦੀ ਨਾੜੀ ਬੰਦ ਹੋ ਜਾਵੇ ਤਾਂ ਸਟਰੋਕ ਹੋ ਜਾਂਦੈ ਜਿਸ ਨੂੰ ਅਧਰੰਗ ਆਖਦੇ ਹਨ। ਇਸ ਸਾਰੇ ਪਰੌਸੈਸ ਨੂੰ ਐਥੀਰੋ-ਸਕਲੀਰੌਸਿਸ ਕਹਿੰਦੇ ਹਨ।"

"ਵਾਹਿਗੁਰੂ, ਵਾਹਿਗੁਰੂ। ਇਹ ਲਫ਼ਜ਼ ਕਹਿੰਦੇ ਤਾਂ ਮੂੰਹ ਭਰ ਜਾਂਦੈ। ਜੋ ਵੀ ਤੂੰ ਕਿਹੈ, ਕੰਮ ਦੀ ਗੱਲ ਤਾਂ ਇਹੋ ਹੋਈ ਕਿ ਗ਼ਲਤ ਤਰ੍ਹਾਂ ਦੀ ਚਰਬੀ ਜੇ ਖ਼ੂਨ ਵਿਚ ਜ਼ਿਆਦਾ ਹੋਵੇ ਤਾਂ ਖ਼ੂਨ ਦੀਆਂ ਨਾੜੀਆਂ ਬੰਦ ਹੋ ਜਾਂਦੀਆਂ ਨੇ ਅਤੇ ਬੰਦਾ ਫੌਤ ਹੋ ਜਾਂਦੈ, ਹੈ ਨਾ?"

"ਹਾਂ ਚਾਚੀ, ਤੂੰ ਤਾਂ ਬਹੁਤ ਸਿਆਣੀ ਹੋ ਗਈ ਐਂ। ਪੱਛਮੀ ਮੁਲਕਾਂ ਵਿਚ ਤਾਂ ਦਿਲ ਦੀ ਬਿਮਾਰੀ ਇਕ ਦਰਜੇ 'ਤੇ ਹੈ ਮੌਤ ਦਾ ਕਾਰਨ।"

"ਉਥੇ ਪਾਣੀ ਜਾਂ ਹਵਾ 'ਚ ਕੋਈ ਖ਼ਰਾਬੀ ਹੋਣੀ ਐਂ? ਪਰ ਚੰਨੀਏ, ਫਿਰ ਵੀ ਲੋਕੀਂ ਭੱਜੇ ਜਾਂਦੇ ਨੇ ਅਮਰੀਕਾ ਨੂੰ। ਮੌਕਾ ਮਿਲੇ ਤਾਂ ਸਈ।"

"ਨਹੀਂ ਚਾਚੀ, ਹਾਰਟ ਅਟੈਕ ਤਾਂ ਗਲਤ ਖ਼ੁਰਾਕ ਕਰਕੇ ਅਤੇ ਰਹਿਣ ਦੇ ਗਲਤ ਤੌਰ-ਤਰੀਕੇ ਕਰਕੇ ਹੈ, ਮੁਲਕ ਕਰਕੇ ਨਹੀਂ।"

"ਚੰਨੀਏ, ਇਕ ਵਾਰੀ ਫਿਰ ਦੱਸ ਸਾਰੇ ਰਿਸਫੈਟਰ (ਰਿਸਕ ਫੈਕਟਰ) ਚੰਗੀ ਤਰ੍ਹਾਂ।"

"ਲੈ ਸੁਣੋ ਫ਼ਿਰ ਚਾਚੀ...

-ਮੁਟਾਪਾ ਅਤੇ ਗ਼ਲਤ ਖ਼ੁਰਾਕ ਖਾਣੀ; ਯਾਨਿ ਤਲੀਆਂ ਚੀਜ਼ਾਂ ਖਾਣੀਆਂ-ਜਿਵੇਂ ਪਕੌੜੇ, ਕਚੌਰੀਆਂ, ਸਮੋਸੇ, ਪਰੌਂਠੇ, ਪੰਜੀਰੀ, ਤਲੇ ਆਲੂ (ਫਰਾਈਆਂ), ਮੋਟਾ ਮਾਸ, ਫਾਸਟ ਫੂਡ ਵਗੈਰਾ।

-ਵਧਿਆ ਬਲੱਡ ਪ੍ਰੈਸ਼ਰ।

-ਸ਼ੂਗਰ ਦੀ ਬਿਮਾਰੀ।

-ਤੰਬਾਕੂ ਦਾ ਇਸਤੇਮਾਲ ਅਤੇ ਜ਼ਿਆਦਾ ਸ਼ਰਾਬ ਪੀਣੀ।

-ਘਰ ਵਿਚ ਜੇ ਅਚਾਨਕ ਮੌਤ ਦੀ ਹਿਸਟਰੀ ਹੋਵੇ।

-ਕਸਰਤ ਨਾ ਕਰਨੀ।

-ਜਨਾਨੀਆਂ ਲਈ ਮਾਹਵਾਰੀ ਬੰਦ ਹੋਣ (ਮੀਨੋਪੌਜ਼) ਤੋਂ ਬਾਅਦ ਦਿਲ ਦੀ ਬਿਮਾਰੀ ਦਾ ਰਿਸਕ ਵਧ ਜਾਂਦੈ।

...ਚਾਚੀ ਦਿਲ ਦੀ ਬਿਮਾਰੀ ਤੋਂ ਬਚਣ ਅਤੇ ਇਲਾਜ ਦੀਆਂ ਗੱਲਾਂ ਆਪਾਂ ਫਿਰ ਕਰਾਂਗੀਆਂ, ਹੁਣ ਮੈਨੂੰ ਜਾਣਾ ਪੈਣਾ। ਖਾਣ-ਪੀਣ ਦੀ ਗੱਲ ਕਰੀਏ ਘਰ ਜਾ ਕੇ, ਆਥਣ ਹੋ ਚੱਲੀ ਐ। ਮੇਰੀ ਉਡੀਕ ਕਰਦੇ ਹੋਣਗੇ ਘਰੇ। ਹੁਣ ਮੈਂ ਚਲਦੀ ਆਂ, ਫਿਰ ਆਊਂਗੀ ਕੁਝ ਦਿਨ ਬਾਅਦ...। ਸਤਿ ਸ੍ਰੀ ਅਕਾਲ।"

# ਡੈਟ ਸੈਟਲਮੈਂਟ ਪ੍ਰਕ੍ਰਿਆ ਦੀ ਵਿਆਖਿਆ

**ਵਿੱਤੀ ਮਾਮਲੇ**

ਕਰਜਾ ਚੁਕਤਾ ਕਰਨ ਜਾਂ ਡੈਟ ਸੈਟਲਮੈਂਟ ਦੀ ਪ੍ਰਕ੍ਰਿਆ ਵਿਚ ਆਪਸੀ ਸਹਿਮਤੀ ਨਾਲ ਕੁੱਲ ਕਰਜੇ ਦੇ ਇਕ ਮਿਥੇ ਹੋਏ ਹਿੱਸੇ ਦੇ ਭੁਗਤਾਨ ਲਈ ਲੈਣੇਦਾਰਾਂ ਜਾਂ ਕ੍ਰੈਡਿਟਰਾਂ ਨਾਲ ਲੈਣ-ਦੇਣ ਜਾਂ ਨੈਗੋਸ਼ਿਏਸ਼ਨ ਕਰਨਾ ਸ਼ਾਮਲ ਹੈ। ਇਸ ਦੇ ਲਈ ਆਮ ਤੌਰ 'ਤੇ ਲੋਕ ਕਿਸੇ ਡੈਟ ਸੈਟਲਮੈਂਟ ਕੰਪਨੀ ਦੀਆਂ ਸੇਵਾਵਾਂ ਲੈਂਦੇ ਹਨ। ਇਹ ਪ੍ਰਕ੍ਰਿਆ ਆਮ ਤੌਰ 'ਤੇ 12-36 ਮਹੀਨੇ ਲੈਂਦੀ ਹੈ।

ਕਰਜਦਾਰ ਡੈਟ ਸੈਟਲਮੈਂਟ ਪ੍ਰਕ੍ਰਿਆ ਅਪਨਾ ਕੇ ਲੈਣੇਦਾਰਾਂ ਵੱਲੋਂ ਦਿੱਤੀ ਜਾਂਦੀ ਪ੍ਰੇਸ਼ਾਨੀ ਤੋਂ ਬਚ ਸਕਦਾ ਹੈ। ਡੈਟ ਸੈਟਲਮੈਂਟ ਕੰਪਨੀਆਂ ਆਮ ਤੌਰ 'ਤੇ ਕਰਜਦਾਰ ਦੇ ਸਾਰੇ ਲੈਣੇਦਾਰਾਂ ਨਾਲ ਸੰਪਰਕ ਕਰਕੇ ਦਸਦੀਆਂ ਹਨ ਕਿ ਹੁਣ ਉਹ ਉਨ੍ਹਾਂ ਨਾਲ ਕੰਮ ਕਰ ਰਹੇ ਹੋ ਅਤੇ ਉਹ ਹੁਣ ਕਰਜਦਾਰ ਦੇ ਪ੍ਰਤੀਨਿਧੀ ਹਨ। ਇਸ ਦੇ ਨਾਲ ਲੈਣੇਦਾਰਾਂ ਦੀਆਂ ਕਾਲਾਂ ਘੱਟ ਜਾਣਗੀਆਂ ਜਾਂ ਬੰਦ ਹੋ ਜਾਣਗੀਆਂ। ਹੁਣ ਉਹ ਕਰਜਦਾਰ ਦੀ ਪ੍ਰਤੀਨਿਧ ਕੰਪਨੀ ਨਾਲ ਹੀ ਸੰਪਰਕ ਕਰਨਗੇ ਹਾਲਾਂਕਿ ਇਹ ਉਨ੍ਹਾਂ ਦਾ ਕਨੂੰਨੀ ਫਰਜ਼ ਨਹੀਂ ਹੈ। ਇੱਕ ਵਾਰ ਜਦ ਕਰਜਦਾਰ ਡੈਟ ਸੈਟਲਮੈਂਟ ਕੰਪਨੀ ਨੂੰ ਆਪਣੇ ਲੈਣੇਦਾਰਾਂ ਨਾਲ ਸੌਦੇਬਾਜ਼ੀ ਯਾਨਿ ਨੈਗੋਸ਼ਿਏਟ ਕਰਨ ਦੇ ਅਧਿਕਾਰ ਦੇਣ ਲਈ ਪਾਵਰ ਆਫ ਅਟਾਰਨੀ ਸਾਈਨ ਕਰ ਦਿੰਦਾ ਹੈ ਤਾਂ ਇਹ ਪ੍ਰਕ੍ਰਿਆ ਸ਼ੁਰੂ ਹੋ ਜਾਂਦੀ ਹੈ। ਇਸ ਅਮਲ ਦੌਰਾਨ ਕਰਜਦਾਰ ਨੂੰ ਸੈਟਲਮੈਂਟ ਅਕਾਊਂਟ ਵਿਚ ਹਰ ਮਹੀਨੇ ਇੱਕ ਮਿਥੀ ਹੋਈ ਰਕਮ ਜਮਾ ਕਰਵਾਉਣੀ ਪੈਂਦੀ ਹੈ। ਇਸ ਖਾਤੇ ਵਿਚ ਜਮਾ ਹੋਏ ਪੈਸੇ ਨਾਲ ਕੰਪਨੀ ਕਰਜਦਾਰ ਦਾ ਕਰਜਾ ਚੁਕਾਉਂਦੀ ਹੈ। ਕਰਜਦਾਰ ਦੇ ਸਾਰੇ ਕਰਜਿਆਂ ਦਾ ਭੁਗਤਾਨ ਹੋ ਜਾਣ ਤੋਂ ਬਾਦ ਇਹ ਅਕਾਊਂਟ ਬੰਦ ਹੋ ਜਾਵੇਗਾ।

ਕ੍ਰੈਡਿਟ ਕਾਰਡ ਕਰਜੇ, ਮੈਡੀਕਲ ਅਤੇ ਹਸਪਤਾਲਾਂ ਦੇ ਕਰਜੇ, ਵਪਾਰ ਸਬੰਧੀ ਕਰਜੇ, ਵਿਅਕਤੀਗਤ ਕਰਜੇ, ਯੂਟੀਲਿਟੀ ਕਰਜੇ, ਡਿਪਾਰਟਮੈਂਟ ਸਟੋਰਾਂ ਦੇ ਕ੍ਰੈਡਿਟ ਕਾਰਡ ਅਤੇ ਆਮ ਤੌਰ 'ਤੇ ਹਰ ਅਸੁਰੱਖਿਅਤ ਕਰਜਾ ਇਸ ਪ੍ਰਕ੍ਰਿਆ ਨਾਲ ਨਿਪਟਾਇਆ ਜਾ ਸਕਦਾ ਹੈ। ਡੈਟ ਸੈਟਲਮੈਂਟ ਕੰਪਨੀਆਂ ਕ੍ਰੈਡਿਟਰਾਂ ਨੂੰ ਸੌਦੇਬਾਜ਼ੀ ਰਾਹੀਂ ਕਰਜਦਾਰ ਦੀ ਬਕਾਇਆ ਰਕਮ ਘਟਾਉਣ ਲਈ ਮਨਾ ਸਕਦੀਆਂ ਹਨ। ਇਸ ਤਰ੍ਹਾਂ ਇਸ ਰਕਮ ਦਾ ਭੁਗਤਾਨ ਬਹੁਤ ਘੱਟ ਸਮੇਂ ਵਿਚ ਕਰਵਾ ਦਿੰਦੀਆਂ ਹਨ। ਉਨ੍ਹਾਂ ਦੀ ਸਫਲਤਾ ਕ੍ਰੈਡਿਟਰਾਂ ਨੂੰ ਇਸ ਗੱਲ ਦਾ ਯਕੀਨ ਦੁਆਉਣ ਵਿਚ ਹੈ ਕਿ ਕੁੱਝ ਨਾ ਮਿਲਣ ਨਾਲੋਂ ਆਪਣੀ ਬਕਾਇਆ ਰਕਮ ਹਾਸਲ ਕਰਨ ਦਾ ਇਹੀ ਇੱਕ ਮੌਕਾ ਹੈ। ਡੈਟ ਸੈਟਲਮੈਂਟ ਦੇ ਕਾਮਯਾਬ ਹੋਣ ਲਈ ਕ੍ਰੈਡਿਟਰ ਨੂੰ ਇਸ ਗੱਲ ਦੀ ਤਸੱਲੀ ਹੋਣੀ ਜ਼ਰੂਰੀ ਹੈ ਕਿ ਕਰਜ਼ਦਾਰ ਹੁਣ ਪੂਰਾ ਕਰਜਾ ਵਾਪਸ ਕਰਨ ਦੀ ਹਾਲਤ ਵਿਚ ਨਹੀਂ ਹੈ। ਕਰਜਦਾਰ ਡੈਟ ਸੈਟਲਮੈਂਟ ਦੇ ਕਿਸੇ ਮਾਹਰ ਦੀਆਂ ਸੇਵਾਵਾਂ ਲੈ ਸਕਦਾ ਹੈ। ਜ਼ਿਆਦਾਤਰ ਮਾਹਰ ਮੁਫਤ ਸਲਾਹ ਦਿੰਦੇ ਹਨ। ਇਹ ਸਲਾਹ ਕਰਜਦਾਰ ਲਈ ਬਹੁਤ ਫਾਇਦੇਮੰਦ ਹੋ ਸਕਦੀ ਹੈ। ਮਾਹਰ ਨਾਲ ਕੰਮ ਕਰਕੇ ਕਰਜਦਾਰ ਆਪਣੀ ਜੀਵਨਸ਼ੈਲੀ ਦੇ ਹਿਸਾਬ ਨਾਲ ਸਭ ਤੋਂ ਢੁਕਵੀਂ ਯੋਜਨਾ ਬਣਾ ਸਕਦਾ ਹੈ।

**ਪੇਸ਼ੇਵਰ ਡੈਟ ਸੈਟਲਮੈਂਟ ਮਾਹਰ ਤੋਂ ਆਮ ਪੁੱਛੇ ਜਾਂਦੇ ਸਵਾਲ ਇਹ ਹਨ:**

**ਪ੍ਰਸ਼ਨ:** ਮੈਨੂੰ ਆਪਣੀ ਕੁੱਲ ਬਕਾਇਆ ਰਕਮ ਵਿਚ ਕਿੰਨੀ ਕਟੌਤੀ ਮਿਲੇਗੀ?

-ਇੱਕ ਪੇਸ਼ੇਵਰ ਅਤੇ ਸਿਖਲਾਈ ਪ੍ਰਾਪਤ ਨੈਗੋਸ਼ਿਏਸ਼ਨ ਕੰਪਨੀ ਦੀ ਮਦਦ ਨਾਲ ਤੁਹਾਨੂੰ ਕੁੱਲ ਬਕਾਇਆ ਰਕਮ ਵਿਚ 50-70% ਦੀ ਕਟੌਤੀ ਅਸਾਨੀ ਨਾਲ ਮਿਲ ਜਾਵੇਗੀ।

**ਪ੍ਰਸ਼ਨ:** ਅਸੁਰੱਖਿਅਤ ਕਰਜ਼ਿਆਂ ਤੋਂ ਛੁਟਕਾਰਾ ਮਿਲਣ ਵਿਚ ਕਿੰਨੀ ਦੇਰ ਲੱਗੇਗੀ?

-2/3 ਸਾਲ ਦੇ ਵਕਫੇ ਵਿਚ ਤੁਹਾਨੂੰ ਪੂਰੀ ਤਰ੍ਹਾਂ ਨਾਲ ਕ੍ਰੈਡਿਟ ਕਾਰਡ ਦੇ ਸਾਰੇ ਅਸੁਰੱਖਿਅਤ ਕਰਜ਼ਿਆਂ ਤੋਂ ਛੁਟਕਾਰਾ ਮਿਲ ਜਾਵੇਗਾ।

**ਪ੍ਰਸ਼ਨ:** ਕਿਸ ਪੜਾਅ 'ਤੇ ਆ ਕੇ ਮੈਨੂੰ ਪੇਸ਼ੇਵਰ ਡੈਟ ਸੈਟਲਮੈਂਟ ਕੰਪਨੀਆਂ ਕੋਲ ਜਾਣਾ ਚਾਹੀਦਾ ਹੈ?

-ਜਦੋਂ ਤੁਹਾਡੇ ਸਾਰੇ ਕਰਜਿਆਂ ਦਾ ਬਕਾਇਆ $10,000 ਤੋਂ ਵੱਧ ਜਾਵੇ, ਤਾਂ ਤੁਹਾਨੂੰ ਕਿਸੇ ਡੈਟ ਸੈਟਲਮੈਂਟ ਕੰਪਨੀ ਕੋਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

**ਪ੍ਰਸ਼ਨ:** ਕੀ ਡੈਟ ਸੈਟਲਮੈਂਟ ਦਾ ਮੇਰੀ ਕ੍ਰੈਡਿਟ ਰੈਂਕਿੰਗ 'ਤੇ ਮਾੜਾ ਪ੍ਰਭਾਵ ਪਏਗਾ?

-ਹਾਂ, ਡੈਟ ਸੈਟਲਮੈਂਟ ਕ੍ਰੈਡਿਟ ਰਿਪੋਰਟ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ ਪਰ ਇੱਕ ਵਾਰੀ ਜਦੋਂ ਤੁਸੀਂ ਸਾਰੇ ਕਰਜੇ ਚੁਕਾ ਦਿੰਦੇ ਹੋ ਤਾਂ ਇਹ ਪ੍ਰਭਾਵ ਖਤਮ ਹੋ ਜਾਂਦਾ ਹੈ।

**ਪ੍ਰਸ਼ਨ:** ਜੇ ਮੇਰੀ ਬਕਾਇਆ ਰਕਮ $10,000 ਤੋਂ ਘੱਟ ਹੈ ਤਾਂ ਕੀ ਮੈਂ ਸੈਟਲਮੈਂਟ ਲਈ ਜਾ ਸਕਦਾ ਹਾਂ?

-ਜੇ ਤੁਹਾਡੀ ਕਰਜੇ ਦੀ ਰਕਮ 10,000 ਡਾਲਰ ਤੋਂ ਘੱਟ ਹੈ ਤਾਂ ਤੁਸੀਂ ਸੈਟਲਮੈਂਟ ਨਹੀਂ ਕਰਵਾ ਸਕਦੇ ਹੋ।

***-ਸੁਰਿੰਦਰ ਸਿੰਘ, ਡੈਟ ਸਪੈਸ਼ਲਿਸਟ, ਫੋਨ:818-639-2717***

**ਪਾਠਕਾਂ ਦੀ ਗੱਲ**

# ਸ਼੍ਰੋਮਣੀ ਕਮੇਟੀ ਵੀ ਉਡਾ ਰਹੀ ਹੈ ਚੀਨੇ ਕਬੂਤਰ

ਬਚਪਨ ਤੋਂ ਪੜ੍ਹਦੇ-ਸੁਣਦੇ ਆਏ ਹਾਂ, ਗੁਰੂਘਰ ਦਾ ਧਾਨ ਜੋ ਵੀ ਖਾਵੇਗਾ, ਉਸ ਦੇ ਹੱਡ ਗਲ ਜਾਣਗੇ ਅਤੇ ਸਰੀਰ 'ਤੇ ਕੋਹੜ ਪੈ ਜਾਵੇਗਾ। ਸਦਕੇ ਜਾਈਏ ਮਸੰਦਾਂ ਅਤੇ ਮਹੰਤਾਂ ਦੇ, ਜੋ ਚੜ੍ਹਾਵੇ ਖਾ ਕੇ ਅਤੇ ਗੋਲਕਾਂ ਲੁੱਟ ਕੇ ਡਕਾਰ ਵੀ ਨਹੀਂ ਮਾਰਦੇ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਕੈਂਸਰ-ਵੈਂਸਰ ਦਾ ਡਰ ਸਤਾਉਂਦਾ ਹੈ। ਪੰਜਾਬ ਤੋਂ ਕਬੂਤਰਬਾਜ਼ੀ ਦੇ ਧੰਦੇ ਬਾਰੇ ਅਕਸਰ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਪੰਜਾਬੀ ਗਾਇਕ ਤੇ ਇਧਰਲੇ ਪ੍ਰੋਮੋਟਰ ਗਾਉਣ ਵਾਲੇ ਗਰੁਪਾਂ ਨਾਲ ਵਾਧੂ ਬੰਦੇ ਲੰਘਾ ਲੰਘਾ ਕੇ ਕਰੋੜਾਂ ਦੇ ਹਿਸਾਬ ਨਾਲ ਡਾਲਰ ਕਮਾ ਕੇ ਅਮੀਰ ਹੋ ਚੁੱਕੇ ਹਨ। ਬਹੁਤ ਵਾਰੀ ਇਹ ਗੱਲਾਂ ਵੀ ਸੁਣੀਆਂ ਹਨ ਕਿ ਗੁਰੂਘਰਾਂ ਦੇ ਪ੍ਰਬੰਧਕੀ ਢਾਂਚੇ ਨੂੰ ਲੈ ਕੇ ਜੋ ਝਗੜੇ ਹੁੰਦੇ ਹਨ, ਪੱਗਾਂ ਨੂੰ ਹੱਥ ਪੈਂਦੇ ਹਨ, ਉਸ ਸਭ ਦੇ ਪਿੱਛੇ ਵੀ ਇਹੋ ਕਰਤੂਤ ਕੰਮ ਕਰਦੀ ਏ। ਪ੍ਰਬੰਧਕ ਜਿਹੜੇ ਰਾਗੀਆਂ ਨੂੰ ਸਪਾਂਸਰਸ਼ਿਪ ਭੇਜਦੇ ਹਨ, ਉਨ੍ਹਾਂ ਕੋਲੋਂ ਡਾਲਰ ਵੀ ਲੈਂਦੇ ਹਨ ਅਤੇ ਉਨ੍ਹਾਂ ਦੇ ਨਾਲ ਆਪਣੇ ਰਿਸ਼ਤੇਦਾਰ ਵੀ ਲੰਘਾਉਂਦੇ ਹਨ।

ਲਉ ਜੀ, ਪ੍ਰਬੰਧਕ ਬਣ ਕੇ ਹੋ ਗਈ ਨਾ ਦੋਹਰੀ-ਤੀਹਰੀ ਕਮਾਈ! ਸਹੀ ਕੀਰਤਨ ਕਰਨ ਵਾਲਾ ਇਕ ਹੀ ਹੁੰਦਾ ਏ ਅਤੇ ਨਾਲ ਦੋ ਜਾਂ ਤਿੰਨ ਬੰਦੇ ਜਿਹੜੇ ਵਾਜੇ-ਤਬਲੇ ਫੜ੍ਹ ਕੇ ਲੰਘ ਆਉਂਦੇ ਹਨ, ਉਹ ਪ੍ਰਬੰਧਕਾਂ ਦੇ ਰਿਸ਼ਤੇਦਾਰ ਹੀ ਹੁੰਦੇ ਹਨ, ਤੇ ਜਾਂ ਫਿਰ ਨਕਦ ਡਾਲਰ ਲੈ ਕੇ ਲੋਕਾਂ ਦੇ ਬੰਦੇ ਲੰਘਾਏ ਜਾਂਦੇ ਹਨ ਅਤੇ ਏਅਰ ਪੋਰਟ ਤੋਂ ਬਾਹਰ ਨਿਕਲਦਿਆਂ ਹੀ ਉਹ ਕਬੂਤਰ ਫੁਰਰ ਕਰਕੇ ਉਡਾਰੀ ਮਾਰ ਜਾਂਦੇ ਹਨ।

ਹੁਣ ਤੱਕ ਤਾਂ ਅਸੀਂ ਇਹ ਹੀ ਸੋਚਦੇ ਸੀ ਕਿ ਇਹ ਸਭ ਅਮਰੀਕਾ ਦੇ ਪਉਣ-ਪਾਣੀ ਦਾ ਹੀ ਚਮਤਕਾਰ ਹੈ। ਇਹ ਤਾਂ ਖਿਆਲ ਹੀ ਨਹੀਂ ਆਇਆ ਕਿ ਇਨ੍ਹਾਂ ਸਾਰੀਆਂ ਕਮੇਟੀਆਂ ਦੀ ਮਾਂ ਸ਼੍ਰੋਮਣੀ ਕਮੇਟੀ ਤਾਂ ਉਥੇ ਪੰਜਾਬ ਵਿਚ ਬੈਠੀ ਹੈ ਅਤੇ ਉਸੇ ਮਾਂ ਦੀਆਂ ਸਿੱਖਿਆਵਾਂ ਜਾਂ ਮੱਤਾਂ ਕਰਕੇ ਹੀ ਤਾਂ ਵਿਚਾਰੀਆਂ ਇਥੋਂ ਦੀਆਂ ਕਮੇਟੀਆਂ ਕਦਮ ਪੁੱਟਦੀਆਂ ਹਨ। ਖਬਰ ਛਪੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਦੇ ਇਕ ਚਹੇਤੇ ਸੀਨੀਅਰ ਕਰਮਚਾਰੀ ਨੇ ਇਕ ਰਾਗੀ ਜਥੇ ਨੂੰ ਜਾਅਲੀ ਕਾਗਜ਼ ਤਿਆਰ ਕਰਕੇ ਦਿੱਤੇ ਅਤੇ ਉਨ੍ਹਾਂ ਕਾਗਜ਼ਾਂ ਵਿਚ ਦੱਸਿਆ ਗਿਆ ਕਿ ਇਹ ਰਾਗੀ ਜਥਾ ਸ੍ਰੀ ਹਰਿਮੰਦਰ ਸਾਹਿਬ ਦਾ ਹਜ਼ੂਰੀ ਰਾਗੀ ਜਥਾ ਹੈ। ਉਸ ਜਥੇ ਕੋਲੋਂ ਪ੍ਰਤੀ ਆਦਮੀ 10 ਲੱਖ ਰੁਪਏ ਵਸੂਲ ਕੀਤੇ ਗਏ। ਇਹ ਵੀ ਖ਼ਬਰ ਹੈ ਕਿ ਇਸ ਰਕਮ ਦਾ ਵੱਡਾ ਹਿੱਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਵੀ ਦਿੱਤਾ ਜਾਣਾ ਹੈ। ਸੋ, ਰਾਗੀ ਜਥਾ ਲੱਖਾਂ ਰੁਪਏ ਉਸ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਕਰਮਚਾਰੀ ਦੀ ਝੋਲੀ ਪਾ ਕੇ ਚਾਈਂ-ਚਾਈਂ ਕੈਨੇਡਾ ਪਹੁੰਚਣ ਲਈ ਜਹਾਜ਼ 'ਤੇ ਚੜ੍ਹ ਬੈਠਾ ਪਰ ਭੈੜੀ ਕਿਸਮਤ ਨੂੰ ਅੱਗੇ ਕੈਨੇਡਾ ਦੇ ਏਅਰਪੋਰਟ 'ਤੇ ਇਮੀਗਰੇਸ਼ਨ ਵਾਲਿਆਂ ਨੇ ਜਥੇ ਨੂੰ ਦਬੋਚ ਲਿਆ ਅਤੇ 4 ਨਵੰਬਰ ਨੂੰ ਰਾਗੀ ਜਥਾ ਮੁੜਦੇ ਪੈਰੀਂ ਡਿਪੋਰਟ ਹੋ ਕੇ ਵਾਪਸ ਘਰ ਪਹੁੰਚ ਗਿਆ।

ਕਹਿੰਦੇ ਨੇ, ਇਸ ਮਸਲੇ ਨੂੰ ਅਜੇ ਦਬਾਇਆ ਜਾ ਰਿਹਾ ਸੀ ਕਿ ਇਹ ਮਸਲਾ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਕੋਲ ਪਹੁੰਚ ਗਿਆ। ਉਨ੍ਹਾਂ ਨੇ ਪ੍ਰੈਸ ਕਾਨਫਰੰਸ ਕਰਕੇ ਸ਼੍ਰੋਮਣੀ ਕਮੇਟੀ ਦੀ ਇਸ ਕਾਲੀ ਕਰਤੂਤ ਨੂੰ ਦੁਨੀਆਂ ਦੇ ਸਾਹਮਣੇ ਲਿਆ ਧਰਿਆ। ਹੁਣ ਦੇਖਿਆ ਜਾਵੇ ਤਾਂ ਨਾ ਕਸੂਰ ਮੱਕੜ ਦਾ ਹੈ, ਨਾ ਸੀਨੀਅਰ ਮੁਲਾਜ਼ਮ ਦਾ ਤੇ ਨਾ ਹੀ ਰਾਗੀ ਜਥੇ ਦਾ; ਕਸੂਰ ਤਾਂ ਵਕਤ ਦਾ ਹੈ ਜਿਸ ਨੇ ਪਰਦਾਫ਼ਾਸ਼ ਕਰ ਦਿੱਤਾ। ਨਹੀਂ ਤਾਂ ਇਹ ਕੰਮ ਤਾਂ ਪਤਾ ਨਹੀਂ ਕਿੰਨੇ ਸਾਲਾਂ ਤੋਂ ਚੱਲ ਰਿਹਾ ਹੋਵੇਗਾ।

ਸੰਗਤਾਂ ਨੂੰ ਪਤਾ ਹੈ ਕਿ ਇਹ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤਾਂ ਕਰੋੜਾਂ ਰੁਪਏ ਦਾ ਪੈਟਰੋਲ ਹੀ ਛਕ ਗਿਆ ਹੈ ਅਤੇ ਡਕਾਰ ਵੀ ਨਹੀਂ ਮਾਰਿਆ। ਹੈ ਨਾ ਚਮਤਕਾਰ, ਲੋਕੀਂ ਪਾਣੀ ਪੀਂਦੇ ਹਨ, ਦੁੱਧ ਪੀਂਦੇ ਹਨ, ਜੂਸ ਪੀਂਦੇ ਹਨ, ਸ਼ਰਾਬ ਪੀਂਦੇ ਹਨ ਤੇ ਜਾਂ ਕੌਮ ਦਾ ਖ਼ੂਨ ਪੀਂਦੇ ਹਨ, ਪਰ ਇਹ ਪਹਿਲਾ ਪ੍ਰਧਾਨ ਹੈ ਜੋ ਕਰੋੜਾਂ ਦਾ ਪੈਟਰੋਲ ਪੀ ਗਿਆ। ਪ੍ਰਧਾਨ ਬਣਨਾ ਕੋਈ ਸੌਖਾ ਜਿਹਾ ਕੰਮ ਹੈ? ਪ੍ਰਧਾਨ ਉਹ ਬੰਦਾ ਹੀ ਬਣ ਸਕਦਾ ਹੈ ਜੋ ਪੈਟਰੋਲ ਸਣੇ ਕਾਰ ਦੇ ਛਕ ਕੇ ਪਚਾ ਸਕਦਾ ਹੋਵੇ, ਤੇ ਨਾਲੇ ਇਹਦੇ ਤੋਂ ਪਹਿਲੇ ਪ੍ਰਧਾਨ ਕਿਹੜੇ ਦੁੱਧ ਧੋਤੇ ਸਨ? ਉਹ ਤਾਂ ਬੰਦੇ ਮਾਰ ਕੇ ਪਚਾ ਜਾਂਦੇ ਸਨ। ਇਹ ਤਾਂ ਫ਼ੜੇ ਜਾਣ ਦੀ ਹੀ ਗੱਲ ਹੈ ਕਿ ਫੜਿਆ ਕੌਣ ਜਾਂਦਾ ਹੈ? ਬਾਕੀ, ਬਾਹਰਲੇ ਮੁਲਕਾਂ ਦੇ ਗੁਰੂਘਰਾਂ ਵਿਚ ਤਾਂ ਨਿੱਕੇ-ਨਿੱਕੇ ਘਾਲੇ-ਮਾਲੇ ਹੁੰਦੇ ਹਨ ਪਰ ਸ਼੍ਰੋਮਣੀ ਕਮੇਟੀ ਵਿਚ ਤਾਂ ਕਰੋੜਾਂ ਤੋਂ ਥੱਲੇ ਕੋਈ ਗੱਲ ਮੁੱਕਦੀ ਜਾਂ ਖਲੋਂਦੀ ਹੀ ਨਹੀਂ! ਇਥੋਂ ਦੀਆਂ ਕਮੇਟੀਆਂ ਦੇ ਮੈਂਬਰ ਤਾਂ ਗੋਲਕਾਂ ਗਿਣਦੇ ਸਮੇਂ ਪੈਸੇ ਲਕੋ ਲੈਂਦੇ ਹਨ, ਤੇ ਜਾਂ ਵੈਕਯੂਮ ਨਾਲ ਗੋਲਕਾਂ ਵਿਚੋਂ ਡਾਲਰ ਖਿੱਚ ਲੈਂਦੇ ਹਨ, ਤੇ ਜਾਂ ਫਿਰ ਆਪਣੇ ਖਾਤਿਆਂ ਵਿਚ ਪੈਸੇ ਜਮ੍ਹਾਂ ਕਰਕੇ ਆਪਣੇ ਕਰੈਡਿਟ ਬਣਾ ਲੈਂਦੇ ਹਨ ਪਰ ਸ਼੍ਰੋਮਣੀ ਕਮੇਟੀ ਦੇ ਕੰਮ ਜੱਗੋਂ ਵਾਹਰੇ ਤੇ ਨਿਆਰੇ ਹੁੰਦੇ ਹਨ। ਹਾਥੀ ਦੇ ਪੈਰ ਥੱਲੇ ਸਭ ਦੇ ਪੈਰ।

ਢੋਲ ਦੀ ਪੋਲ ਤਾਂ ਹੁਣ ਖੁੱਲ੍ਹ ਹੀ ਗਈ ਹੈ, ਕੀ ਪਤਾ ਹੈ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਕਿੰਨੇ ਕੁ ਜਾਅਲੀ ਰਾਗੀ ਜਥੇ ਭੇਜੇ ਜਾ ਚੁੱਕੇ ਹਨ? ਸਾਨੂੰ ਕੀ ਪਤਾ ਹੈ? ਅਜੇ ਪਿਛਲੇ ਮਹੀਨੇ ਹੀ ਇਕ ਧੜੇ ਦੇ ਸਮਝਦਾਰ ਅਤੇ ਗਿਆਨਵਾਨ ਵੀਰ ਨੇ ਮੇਰੇ ਨਾਲ ਫੋਨ 'ਤੇ ਗੱਲ ਕਰਦਿਆਂ ਦੱਸਿਆ ਕਿ ਅੱਜ-ਕੱਲ੍ਹ ਜਿਹੜਾ ਵੀ ਰਾਗੀ ਜਥਾ ਇੰਡੀਆ ਤੋਂ ਆਉਂਦਾ ਹੈ, ਉਹ ਆਪਣੇ ਆਪ ਨੂੰ ਹਰਿਮੰਦਰ ਸਾਹਿਬ ਦਾ ਹਜ਼ੂਰੀ ਰਾਗੀ ਹੀ ਦੱਸਦਾ ਹੈ। ਕੀ ਅੱਜ-ਕੱਲ੍ਹ ਸ਼੍ਰੋਮਣੀ ਕਮੇਟੀ ਥੋਕ ਦੇ ਭਾਅ ਰਾਗੀ ਜਥੇ ਕੀਰਤਨ ਲਈ ਰੱਖ ਰਹੀ ਹੈ ਕਿ ਜਾਂ ਸਾਰੇ ਹੀ ਰਾਗੀ ਜਥੇ ਸ਼੍ਰੋਮਣੀ ਕਮੇਟੀ ਨੇ ਹਾਇਰ ਕਰ ਲਏ ਹਨ? ਉਸ ਵੇਲੇ ਤਾਂ ਮੈਨੂੰ ਇਸ ਗੱਲ ਦਾ ਕੋਈ ਵੀ ਜਵਾਬ ਨਾ ਅਹੁੜਿਆ ਪਰ ਹੁਣ ਇਹ ਖ਼ਬਰ ਪੜ੍ਹ ਕੇ ਸਾਰਾ ਕੁਝ ਸ਼ੀਸ਼ੇ ਵਾਂਗ ਸਾਫ਼ ਹੋ ਗਿਆ ਹੈ ਕਿ ਜਦੋਂ ਹਰਿਮੰਦਰ ਸਾਹਿਬ ਦੇ ਪ੍ਰਬੰਧਕ ਗੁਰਬਾਣੀ ਦੇ ਕੀਰਤਨ ਲਈ ਲੋਕਾਂ ਨੂੰ ਜਾਅਲੀ ਪੇਪਰ ਤੇ ਝੂਠੇ ਸਰਟੀਫ਼ਿਕੇਟ ਵੰਡਣਗੇ ਤਾਂ ਗੁਰਬਾਣੀ ਦਾ ਪ੍ਰਚਾਰ ਕਿੰਨੇ ਕੁ ਸਤਿਕਾਰ ਨਾਲ ਹੋ ਸਕੇਗਾ? ਫਿਰ ਜਦੋਂ ਇਹ ਖ਼ਬਰਾਂ ਦੂਜੇ ਧਰਮਾਂ ਦੇ ਲੋਕ ਪੜ੍ਹਨਗੇ ਤਾਂ ਸਾਡੀ ਆਨ, ਬਾਨ ਅਤੇ ਸ਼ਾਨ ਕਿੰਨੀ ਕੁ ਉਚੀ ਹੋਵੇਗੀ? ਇਹ ਕੰਮ ਇਕ ਜਾਂ ਦੋ ਬੰਦਿਆਂ ਦਾ ਨਹੀਂ, ਇਹ ਸਾਰਾ ਤਾਣਾ-ਬਾਣਾ ਹੀ ਉਲਝਿਆ ਪਿਆ ਹੈ ਅਤੇ ਇਸ ਦੇ ਰਖਵਾਲੇ ਪੰਜਾਬ ਦੇ ਖ਼ਜ਼ਾਨੇ ਲੁਟਾ ਕੇ ਅੱਧ ਨੰਗੇ ਜਿਸਮਾਂ ਦੇ ਨਾਚ ਦੇਖ ਰਹੇ ਹਨ, ਨਾਲ ਤਾੜੀਆਂ ਵੀ ਮਾਰ ਰਹੇ ਹਨ। ਪੰਜਾਬ ਜਾਵੇ ਢੱਠੇ ਖੂਹ ਵਿਚ, ਇਨ੍ਹਾਂ ਨੂੰ ਕੀ! ਦੋ ਸ਼ਿਅਰ ਅਰਜ ਹਨ,

ਇਕ ਟੱਬਰ ਦੇ ਪੰਜ ਮਨਿਸਟਰ
ਥੂ ਥੂ ਕਰੇ ਜਹਾਨ ਨੀ ਜਿੰਦੇ।
ਲੋਕੀ ਰੁਲਦੇ ਸੜਕਾਂ 'ਤੇ
ਇਹ ਮਹਿਲੀਂ ਮੌਜ ਉਡਾਉਣ ਨੀ ਜਿੰਦੇ।

ਹਰਸਿਮਰਤ ਤੇ ਸੁਖਬੀਰ ਬਿਨਾ
ਉਹਨੂੰ ਹੋਰ ਨਾ ਦੁਨੀਆਂ ਦਿਸ ਰਹੀ ਏ।
ਬਾਦਲ ਦੀ ਚੱਕੀ ਚੱਲ ਰਹੀ ਏ
ਸਭ ਦੁਨੀਆਂ ਉਸ ਵਿਚ ਪਿਸ ਰਹੀ ਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਮਨੁੱਖ ਹੋਣ ਦਾ ਮਾਣ ਕਰਨ ਵਾਲਾ ਨਾਇਕ ਸੌਕਰੇਟਸ

*(ਸਫਾ 15 ਦੀ ਬਾਕੀ)*

ਲੋਕਾਂ ਦੀ ਖ਼ੁਸ਼ੀ-ਗਮੀ ਇਕੱਠੇ ਵਹਿੰਦੇ ਹਨ। ਅਸੀਂ ਭਾਰਤ ਦੇ ਇਸ ਖ਼ੂਬਸੂਰਤ ਇਲਾਕੇ ਤੋਂ ਹਾਂ ਜਿਸ ਨੂੰ ਉਤਰ-ਪੂਰਬ ਕਿਹਾ ਜਾਂਦਾ ਹੈ। ਅਸੀਂ ਸਾਦ-ਮੁਰਾਦੇ ਲੋਕ ਹਾਂ ਅਤੇ ਆਪਣੇ ਛੋਟੇ-ਛੋਟੇ ਸੁਫ਼ਨਿਆਂ ਵਿਚੋਂ ਖ਼ੁਸ਼ੀ ਭਾਲਦੇ ਹਾਂ। ਸਾਨੂੰ ਖੇਡਣ ਅਤੇ ਜਿੱਤਣ ਦਾ ਜਨੂੰਨ ਹੈ। ਅਸੀਂ ਖੁੱਲ੍ਹ ਕੇ ਮੁਸਕਰਾਉਂਦੇ ਹਾਂ ਅਤੇ ਦੁਨੀਆਂ ਨੂੰ ਦਿਖਾਉਂਦੇ ਹਾਂ ਕਿ ਧਰਤੀ ਦਾ ਇਹ ਹਿੱਸਾ ਕਿੰਨਾ ਮਨਮੋਹਣਾ ਹੈ। ਅਫ਼ਸੋਸ! ਇੰਜ ਹਰ ਵੇਲੇ ਨਹੀਂ ਹੁੰਦਾ।

ਅਸੀਂ ਕੌਮਾਂਤਰੀ ਮੰਚਾਂ ਉਤੇ ਤੁਹਾਡੀ ਨੁਮਾਇੰਦਗੀ ਕਰਨ ਦਾ ਅਨੰਦ ਮਾਣਿਆ ਹੈ। ਸਾਡੇ ਪਿਆਰੇ ਅਤੇ ਖ਼ੂਬਸੂਰਤ ਸੂਬੇ ਮਨੀਪੁਰ ਵਿਚ ਵਾਰ-ਵਾਰ ਵਾਪਰ ਰਹੀਆਂ ਨਾਖ਼ੁਸ਼ਗਵਾਰ ਘਟਨਾਵਾਂ ਨੇ ਸਾਨੂੰ ਉਦਾਸ ਕੀਤਾ ਹੈ। ਮਨੀਪੁਰ ਦਾ ਆਮ ਬੰਦਾ ਆਪਣੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਆਹਰੀ ਹੋਇਆ ਪਿਆ ਹੈ। ਚਾਰ ਮਹੀਨੇ ਲੰਮੀ ਨਾਕਾਬੰਦੀ ਨੇ ਇਸ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਬੇਸੁਰ ਕਰ ਦਿੱਤੀ ਹੈ। ਗੱਲਬਾਤ ਦੀ ਤੰਦ ਟੁੱਟਣ ਨਾਲ ਹਾਲਾਤ ਜ਼ਿਆਦਾ ਵਿਗੜੇ ਹਨ।

ਅਫ਼ਸੋਸ ਦੀ ਗੱਲ ਹੈ ਕਿ ਇਕ ਪਾਸੇ ਮਨੀਪੁਰ ਵਰਗਾ ਚਾਰ ਮਹੀਨਿਆਂ ਤੋਂ ਵੱਧ ਸਮੇਂ ਤੋਂ ਨਾਕਾਬੰਦੀ ਦੇ ਮਾਰੂ ਅਸਰ ਹੇਠ ਹੈ ਪਰ ਮਹਾਨ ਮੁਲਕ ਦੀ ਸਰਕਾਰ ਦੇ ਕੰਨਾਂ ਉਤੇ ਜੂੰ ਨਹੀਂ ਸਰਕਦੀ। ਇਹ ਅਹਿਸਾਸ ਬਹੁਤ ਤਕਲੀਫ਼ਦੇਹ ਹੈ ਕਿ ਚਾਰ ਮਹੀਨਿਆਂ ਤੋਂ ਲੋਕ ਬੁਨਿਆਦੀ ਲੋੜਾਂ ਦੀਆਂ ਵਸਤਾਂ, ਸੰਜੀਵਨੀ ਦਵਾਈਆਂ ਅਤੇ ਹੋਰ ਚੀਜ਼ਾਂ ਦੀ ਕਿੱਲਤ ਦਾ ਸ਼ਿਕਾਰ ਹਨ ਪਰ ਸਰਕਾਰੀ ਪੱਖੋਂ ਕੋਈ ਜ਼ਿੰਮੇਵਾਰਾਨਾ ਪਹਿਲਕਦਮੀ ਨਹੀਂ ਕੀਤੀ ਗਈ।

ਇਹ ਉਹ ਸੂਬਾ ਹੈ ਜਿਸ ਨੇ ਮੁਲਕ ਦੇ ਬਿਹਰਤੀਨ ਖਿਡਾਰੀ ਪੈਦਾ ਕੀਤੇ ਹਨ ਅਤੇ ਉਨ੍ਹਾਂ ਨੇ ਕੌਮਾਂਤਰੀ ਪੱਧਰ ਉਤੇ ਮੁਲਕ ਦਾ ਨਾਮ ਰੋਸ਼ਨ ਕੀਤਾ ਹੈ। ਇਹ ਉਹ ਸੂਬਾ ਹੈ ਕਿ ਜਿਸ ਨੇ ਮੁਲਕ ਨੂੰ ਕਲਾ ਦੀਆਂ ਬਿਹਤਰੀਨ ਵੰਨਗੀਆਂ ਅਤੇ ਕਲਾਕਾਰਾਂ ਨਾਲ ਨਿਵਾਜਿਆ ਹੈ। ਹੁਣ ਇਨ੍ਹਾਂ ਨੂੰ ਤੁਹਾਡੀ ਇਮਦਾਦ ਦਰਕਾਰ ਹੈ। ਇਨ੍ਹਾਂ ਨੂੰ ਹਰ ਜੀਅ ਦੀ ਮਦਦ ਚਾਹੀਦੀ ਹੈ ਤਾਂ ਜੋ ਇਨ੍ਹਾਂ ਦੀਆਂ ਦੁਸ਼ਵਾਰੀਆਂ ਦਾ ਅੰਤ ਕੀਤਾ ਜਾ ਸਕੇ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਰਵਾਂ ਕਰਨ ਵਿਚ ਮਦਦ ਕੀਤੀ ਜਾ ਸਕੇ।

ਅਸੀਂ ਸਭ ਨੂੰ ਬੇਨਤੀ ਕਰਦੇ ਹਾਂ ਕਿ ਮਨੁੱਖੀ ਹਕੂਕ ਦੀ ਕਦਰ ਕਰਦੇ ਹੋਏ ਰੋਹ ਦੇ ਮੁਜ਼ਾਹਰੇ ਵਜੋਂ ਨਾਕਾਬੰਦੀ ਤੋਂ ਗੁਰੇਜ਼ ਕੀਤਾ ਜਾਵੇ ਅਤੇ ਸਭ ਮਸਲਿਆਂ ਦੇ ਹੱਲ ਜਮਹੂਰੀ ਤਰੀਕੇ ਨਾਲ ਲੱਭੇ ਜਾਣ। ਇਸ ਦੇ ਨਾਲ ਹੀ ਅਸੀਂ ਆਪਣੇ ਮੁਲਕ ਵਾਸੀਆਂ ਅਤੇ ਲੋਕਾਂ ਦੇ ਨੁਮਾਇੰਦਿਆਂ ਨੂੰ ਬੇਨਤੀ ਕਰਦੇ ਹਾਂ ਕਿ ਮਨੀਪੁਰ ਨੂੰ ਵਿਕਾਸ ਦੇ ਰਾਹ ਪਾਉਣ ਲਈ ਹਿੱਸਾ ਪਾਉਣ ਤਾਂ ਜੋ ਇਸ ਸੂਬੇ ਨੂੰ ਮੁਲਕ ਦੇ ਵਿਕਾਸ ਦਾ ਅਨਿੱਖਵਾਂ ਹਿੱਸੇਦਾਰ ਬਣਾਇਆ ਜਾ ਸਕੇ।

ਮੁਲਕ ਵਾਸੀਓ ਆਓ, ਭਾਰਤ ਦੇ ਇਸ ਗਹਿਣੇ ਨੂੰ ਬਹਾਲੀ ਦੇ ਰਾਹ ਪਾਈਏ। ਅਸੀਂ ਆਸ ਕਰਦੇ ਹਾਂ ਕਿ ਮਾਣਯੋਗ ਪ੍ਰਧਾਨ ਮੰਤਰੀ 3 ਦਸੰਬਰ 2011 ਨੂੰ ਆਪਣੇ ਮਨੀਪੁਰ ਦੇ ਦੌਰੇ ਦੌਰਾਨ ਅਮਨ ਦੇ ਬੀਜ ਬੀਜਣਗੇ ਅਤੇ ਮਨੀਪੁਰ ਖ਼ੁਸ਼ਹਾਲੀ ਦੀ ਨੀਂਹ ਰੱਖਣਗੇ।

ਦਸਤਖ਼ਤ

(ਕੁੰਜੂਰਾਣੀ ਦੇਵੀ ਤੇ ਮੋਨਿਕਾ ਦੇਵੀ (ਭਾਰ ਤੋਲਕ), ਐਮ.ਸੀ.ਮੈਰੀ ਕੌਮ (ਮੁੱਕੇਬਾਜ਼ੀ), ਬੈਚੁੰਗ ਬੁਤੀਆ, ਗੌਅਰਮੰਗੀ ਸਿੰਘ, ਗੋਬਿੰਦ ਸਿੰਘ, ਸੁਸ਼ੀਲ ਸਿੰਘ, ਲਾਲਰਿੰਦੀਕਾ ਰਾਲਟੇ ਤੇ ਰੋਕਸ ਲਾਮਾਰੇ (ਫੁੱਟਬਾਲ) ਅਤੇ ਸੰਧਿਆ ਰਾਣੀ (ਵੁਸ਼ੂ)।"

ਇਹ ਸਵਾਲ ਤਾਂ ਪੁੱਛਣਾ ਬਣਦਾ ਹੈ ਕਿ ਇਸ ਚਿੱਠੀ ਦੀ ਨਾਕਾਬੰਦੀ ਖ਼ਤਮ ਹੋ ਜਾਣ ਤੋਂ ਬਾਅਦ ਕੀ ਅਹਿਮੀਅਤ ਹੈ? ਇਸ ਚਿੱਠੀ ਦੀ ਸੌਕਰੇਟਸ ਨਾਲ ਕੀ ਸਕੀਰੀ ਜੁੜਦੀ ਹੈ? ਕੋਲਕਾਤਾ ਦੇ ਹਸਪਤਾਲ ਵਿਚ ਲੱਗੀ ਅੱਗ ਦੀ ਸੌਕਰੇਟਸ ਅਤੇ ਇਸ ਚਿੱਠੀ ਨਾਲ ਕਿਹੜੀ ਤੰਦ ਜੁੜਦੀ ਹੈ? ਕੁਕੀ ਕਬੀਲੇ ਦੀ ਸਦਰ ਹਿੱਲ ਡਿਸਟ੍ਰਿਕਟ ਡਿਮਾਂਡ ਕਮੇਟੀ ਨੇ ਵੱਖਰੇ ਜ਼ਿਲ੍ਹੇ ਦੀ ਮੰਗ ਲਈ ਨਾਗਾਲੈਂਡ ਦੀ ਨਾਕਾਬੰਦੀ ਕੀਤੀ ਸੀ। ਉਨ੍ਹਾਂ ਨੇ ਪਹਿਲੀ ਅਗਸਤ ਤੋਂ ਦੋ ਕੌਮੀ ਸੜਕਾਂ ਇੰਫ਼ਾਲ-ਦੀਮਾਪੁਰ-ਗੋਹਾਟੀ (ਕੌਮੀ ਮਾਰਗ 39) ਅਤੇ ਇੰਫ਼ਾਲ-ਜੀਰਾਬਮ-ਸਿਲਚਰ (ਕੌਮੀ ਮਾਰਗ 53) ਨੂੰ ਬੰਦ ਕਰ ਦਿੱਤਾ। ਉਸ ਖ਼ਿਤੇ ਦਾ ਦੂਜੇ ਕਬਾਇਲੀ ਯੂਨਾਈਟਿਡ ਨਾਗਾ ਕੌਂਸਲ ਦੇ ਝੰਡੇ ਹੇਠ ਇਸ ਮੰਗ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਨੇ ਮੰਗ ਦੇ ਵਿਰੋਧ ਵਿਚ ਨਾਕਾਬੰਦੀ ਕਰ ਦਿੱਤੀ। ਇਸ ਨਾਲ ਰੋਜ਼ਾਨਾ ਲੋੜਾਂ ਦੀਆਂ ਵਸਤਾਂ ਦੀ ਕਿੱਲਤ ਆਈ ਅਤੇ ਮਹਿੰਗਾਈ ਵਧੀ। ਰੁਜ਼ਗਾਰ ਤੋਂ ਲੈ ਕੇ ਜ਼ਿੰਦਗੀ ਦੀ ਹਰ ਸਰਗਰਮੀ ਅਸਰਅੰਦਾਜ਼ ਹੋਈ। ਕੇਂਦਰ ਸਰਕਾਰ ਨੇ ਪਿਛਲੇ ਪੰਜਾਹ ਸਾਲਾਂ ਤੋਂ ਲਗਾਤਾਰ ਉਸ ਇਲਾਕੇ ਵਿਚ ਅਫ਼ਸਪਾ ਵਰਗਾ ਕਾਨੂੰਨ ਲਾਗੂ ਕੀਤਾ ਹੋਇਆ ਹੈ। ਫ਼ੌਜ ਦੀਆਂ ਵਧੀਕੀਆਂ ਮਨੋਰਮਾ ਅਤੇ ਸ਼ਰਮੀਲਾ ਇਰੋਮ ਦੇ ਰੂਪ ਵਿਚ ਉਘੜੀਆਂ ਹਨ। ਹੁਣ ਕੇਂਦਰ ਸਰਕਾਰ ਮਣੀਪੁਰ ਦੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪ੍ਰਧਾਨ ਮੰਤਰੀ ਦੇ ਦੌਰੇ ਦੀ ਉਡੀਕ ਕਿਉਂ ਕਰਦੀ ਹੈ? ਕੇਂਦਰ ਖ਼ਿਲਾਫ਼ ਇੱਕਮੁੱਠ ਲੜਾਈ ਕਰਨ ਵਾਲੇ ਹੁਣ ਕਬੀਲਿਆਂ ਦੇ ਨਾਮ ਉਤੇ ਆਪਸ ਵਿਚ ਲੜ ਰਹੇ ਹਨ। ਕੇਂਦਰ ਸਰਕਾਰ ਤਾਂ ਭਰਾ-ਮਾਰ ਲੜਾਈ ਨੂੰ ਆਪਣੀ ਮੁਹਿੰਮ ਦੀ ਕਾਮਯਾਬੀ ਸਮਝਦੀ ਜਾਪਦੀ ਹੈ। ਇਸ ਉਤੇ ਖਿਡਾਰੀਆਂ ਦੀ ਦਰਦਮੰਦੀ ਨੂੰ ਮਾਰੀ ਆਵਾਜ਼ ਦਾ ਕੀ ਅਸਰ ਹੋਣਾ ਹੈ?

ਇਸ ਆਵਾਜ਼ ਦਾ ਮੌਜੂਦਾ ਸਰਕਾਰ ਦੇ ਖ਼ਾਸੇ ਨਾਲ ਟਕਰਾਵਾਂ ਰਿਸ਼ਤਾ ਹੈ। ਨਿੱਜੀਕਰਨ ਦੀਆਂ ਨੀਤੀਆਂ ਤਹਿਤ ਸਰਕਾਰ ਸ਼ਹਿਰੀ ਨੂੰ ਖਪਤਕਾਰ ਬਣਾ ਰਹੀ ਹੈ। ਕਾਰਪੋਰੇਟ ਸਰਪ੍ਰਸਤੀ ਵਿਚ ਖੇਡ ਮੈਦਾਨ ਨੂੰ ਖੁੱਲ੍ਹੀ ਮੰਡੀ ਦਾ ਇਸ਼ਤਿਹਾਰ ਮੰਚ ਬਣਾਇਆ ਜਾ ਰਿਹਾ ਹੈ। ਖੇਡ ਦਰਸ਼ਕਾਂ ਨੂੰ ਖੇਡ ਭਾਵਨਾ ਅਤੇ ਖੇਡਾਂ ਦੇ ਮਨੁੱਖੀ ਖ਼ਾਸੇ ਤੋਂ ਨਿਖੇੜ ਕੇ ਅੰਕੜਾਮੁਖੀ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਸਿਖਾਇਆ ਜਾ ਰਿਹਾ ਹੈ। ਜਦੋਂ ਕ੍ਰਿਕਟ ਮਾਹਿਰ ਰਵੀ ਸ਼ਾਸਤਰੀ ਖਿਡਾਰੀਆਂ ਨੂੰ ਗਲੇਡੀਏਟਰ ਆਖਦਾ ਹੈ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। ਕਦੇ ਰਾਜੇ-ਮਹਾਰਾਜੇ ਅਤੇ ਅਮੀਰਜ਼ਾਦੇ ਜਾਨਵਰਾਂ ਤੋਂ ਬਾਅਦ ਆਪਣੇ ਗ਼ੁਲਾਮਾਂ ਨੂੰ ਲੜਾ ਕੇ ਚਿੱਤ ਪਰਚਾਉਂਦੇ ਸਨ। ਹੁਣ ਕੌਮਾਂਤਰੀ ਖੇਡ ਮੇਲਿਆਂ ਉਤੇ ਕਾਬਜ਼ ਕਾਰਪੋਰੇਟ ਖਿਡਾਰੀਆਂ ਨੂੰ ਖਰੀਦ-ਵੇਚ ਦਾ ਸਾਮਾਨ ਮੰਨਦੀ ਹੈ ਜਿਨ੍ਹਾਂ ਦਾ ਕੰਮ ਖੇਡ ਮੈਦਾਨ ਦੀ ਕਾਰਗੁਜ਼ਾਰੀ ਵਿਚੋਂ ਹਾਸਲ ਮਕਬੂਲੀਅਤ ਨੂੰ ਇਸ਼ਤਿਹਾਰਬਾਜ਼ੀ ਦੇ ਲੇਖੇ ਲਾਉਣਾ ਹੈ।

ਖਿਡਾਰੀ ਆਪਣੀ ਮਕਬੂਲੀਅਤ ਨਾਲ ਆਵਾਮ ਨੂੰ ਸੀਲ ਖਪਤਕਾਰ ਬਣਾਉਣ ਵਿਚ ਰੁਝੇ ਹੋਏ ਹਨ। ਇਸੇ ਮਕਬੂਲੀਅਤ ਨੂੰ ਸੌਕਰੇਟਸ ਲੋਕਾਂ ਦੀ ਦਿੱਤੀ ਤਾਕਤ ਮੰਨਦਾ ਸੀ ਅਤੇ ਲੋਕਾਂ ਦੇ ਨੁਮਾਇੰਦੇ ਵਜੋਂ ਆਵਾਜ਼ ਬੁਲੰਦ ਕਰਦਾ ਸੀ। ਇਸ ਵੇਲੇ ਮੁਕਾਮੀ ਤੇ ਕੌਮਾਂਤਰੀ ਖੇਡ ਪ੍ਰਬੰਧਾਂ ਵਿਚ ਕਾਰਪੋਰੇਟ ਜਗਤ ਅਤੇ ਸਿਆਸਤਦਾਨਾਂ ਦਾ ਗ਼ਲਬਾ ਹੈ। ਖੇਡਾਂ ਦਾ ਵਧੇਰੇ ਪ੍ਰਬੰਧ ਪੁਲਿਸ ਅਤੇ ਫ਼ੌਜ ਦੇ ਪਿਛੋਕੜ ਵਾਲਾ ਹੈ। ਸ੍ਰੀਲੰਕਾ ਦੇ ਰਾਜਾਪਾਕਸ਼ਾ ਕੁਨਬਾ, ਪਾਕਿਸਤਾਨ ਤੇ ਬੰਗਾਲਦੇਸ਼ ਦੇ ਜਰਨੈਲ ਅਤੇ ਭਾਰਤ ਦੇ ਪੁਲਿਸ ਅਫ਼ਸਰ ਇਸੇ ਰੁਝਾਨ ਦੀਆਂ ਕੜੀਆਂ ਹਨ। ਕਿਲਾ ਰਾਏਪੁਰ ਦੀਆਂ ਪੇਂਡੂ ਓਲੰਪਿਕਸ ਤੋਂ ਲੈ ਕੇ ਕੌਮੀ ਹਾਕੀ ਵਿਚ



*ਸੌਕਰੇਟਸ ਬ੍ਰਾਜ਼ੀ-ਲੂਲਾ ਨਾਲ*

ਪੁਲਿਸ ਵਾਲਿਆਂ ਦਾ ਕਬਜ਼ਾ ਹੈ। ਕ੍ਰਿਕਟ ਬੋਰਡ ਵਿਚ ਸਿਆਸਤਦਾਨਾਂ ਅਤੇ ਕਾਰਪੋਰੇਟ ਪ੍ਰਬੰਧਕਾਂ ਦੀ ਜੁੰਡਲੀ ਅਫ਼ਸਰਸ਼ਾਹੀ ਦੀ ਹਮਾਇਤ ਨਾਲ ਹੀ ਚੱਲ ਰਹੀ ਹੈ। ਮੁਨਾਫ਼ੇ ਦੇ ਇਸ ਨਗ਼ਾਰਖ਼ਾਨੇ ਵਿਚ ਮੀਡੀਆ ਮਨੀਪੁਰੀ ਖਿਡਾਰੀਆਂ ਦੀ ਆਵਾਜ਼ ਕਿਵੇਂ ਸੁਣ ਸਕਦਾ ਹੈ?

ਕੋਲਕਾਤਾ ਵਿਚ ਪ੍ਰਾਈਵੇਟ-ਪਬਲਿਕ ਹਿੱਸੇਦਾਰੀ ਵਾਲੇ ਹਸਪਤਾਲ ਵਿਚ ਅੱਗ ਲੱਗੀ ਹੈ। ਇਸ ਹਸਪਤਾਲ ਦੇ ਪ੍ਰਬੰਧ ਵਿਚ ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਤੋਂ ਇਲਾਵਾ ਕਾਰੋਬਾਰੀ ਸ਼ਾਮਿਲ ਹਨ। ਹਰ ਕਾਇਦੇ-ਕਾਨੂੰਨ ਦੀ ਉਲੰਘਣਾ ਕਰਕੇ ਹਸਪਤਾਲ ਦੇ ਸੁਰੱਖਿਆ ਨੇਮਾਂ ਨੂੰ ਦਰਕਿਨਾਰ ਕੀਤਾ ਗਿਆ ਜੋ ਕਰੀਬ ਸੌ ਲੋਕਾਂ ਦੇ ਜਿਉਂਦੇ ਸੜ ਕੇ ਮਰ ਜਾਣ ਦਾ ਸਬੱਬ ਬਣਿਆ ਹੈ। ਹਸਪਤਾਲ ਦਾ ਬੁਨਿਆਦੀ ਕੰਮ ਇਲਾਜ ਕਰਨਾ ਹੈ। ਜਦੋਂ ਅੱਗ ਲੱਗੀ ਤਾਂ ਸੁਰੱਖਿਆ ਅਮਲਾ ਮਰੀਜ਼ਾਂ ਦੀ ਬਾਹਰੋਂ ਦਰਦਮੰਦੀ ਦੇ ਨਾਤੇ ਨਾਲ ਹੋਣ ਵਾਲੀ ਮਦਦ ਦੀ ਨਾਕਾਬੰਦੀ ਕਰਨ ਲੱਗਿਆ ਹੋਇਆ ਸੀ। ਲਾਗੇ ਦੀ ਝੁੱਗੀ-ਝੋਪੜੀ ਬਸਤੀ ਦੇ ਨੌਜਵਾਨਾਂ ਨੇ ਦਰਦਮੰਦੀ ਦੇ ਨਾਤੇ ਨਾਲ ਹਸਪਤਾਲ ਦੀ ਕੰਧ ਤੋੜ ਕੇ ਅੱਗ ਵਿਚ ਘਿਰੇ ਲੋਕਾਂ ਨੂੰ ਬਚਾਉਣ ਲਈ ਜਾਨ ਦੀ ਪਰਵਾਹ ਨਹੀਂ ਕੀਤੀ। ਉਨ੍ਹਾਂ ਨੇ ਬਹੁਤ ਸਾਰੇ ਬੰਦਿਆਂ ਨੂੰ ਕੰਧ ਵਿਚ ਕੀਤੇ ਮਘੋਰੇ ਰਾਹੀਂ ਹੀ ਬਾਹਰ ਕੱਢਿਆ। ਹਸਪਤਾਲ ਦੇ ਬਾਹਰ ਹੋਈ ਨੌਜਵਾਨਾਂ ਅਤੇ ਸੁਰੱਖਿਆ ਅਮਲੇ ਦੀ ਤਕਰਾਰ ਨੂੰ ਸ਼ਾਮਿਲ ਬੰਦਿਆਂ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਹ ਕਦਰਾਂ-ਕੀਮਤਾਂ ਦੀ ਲੜਾਈ ਹੈ। ਨਿੱਜੀਕਰਨ ਤਹਿਤ ਹਸਪਤਾਲ ਲਈ ਮਰੀਜ਼ ਖਪਤਕਾਰ ਹੈ। ਇਲਾਜ ਬਿਮਾਰੀ ਦੀ ਥਾਂ ਪੈਸੇ ਮੁਤਾਬਕ ਹੁੰਦਾ ਹੈ। ਅੱਗ ਵਿਚ ਘਿਰੇ ਲੋਕ ਚੀਕਾਂ ਮਾਰ ਰਹੇ ਸਨ ਤਾਂ ਨੌਜਵਾਨਾਂ ਨੂੰ ਧੂਹ ਪਈ। ਇਸ ਦਰਦਮੰਦੀ ਨਾਲ ਮੁਨਾਫ਼ੇ ਦਾ ਸਿਰ ਵੱਢਵਾਂ ਵੈਰ ਹੈ। ਇਸੇ ਦਰਦਮੰਦੀ ਨੂੰ ਮਨੀਪੁਰ ਦੇ ਖਿਡਾਰੀ ਲੱਭ ਰਹੇ ਹਨ। ਸੌਕਰੇਟਸ ਇਸੇ ਦਰਦਮੰਦੀ ਦਾ ਮੂੰਹ-ਜ਼ੋਰ ਪ੍ਰਗਟਾਵਾ ਸੀ। ਇਸ ਤਰ੍ਹਾਂ ਦਰਦਮੰਦੀ ਅਤੇ ਮੁਨਾਫ਼ੇ ਦੀ ਲੜਾਈ ਮਨੁੱਖੀ ਪਿੰਡੇ ਦੇ ਮਿਡਫੀਲਡ ਵਿਚ ਲੜੀ ਜਾ ਰਹੀ ਹੈ।

ਸਮਾਜੀਕਰਨ ਦੀ ਅਹਿਮ ਸਰਗਰਮੀ ਵਜੋਂ ਖੇਡ ਨੂੰ ਦਰਦਮੰਦ ਤੇ ਜਾਗਰੂਕ ਮਨੁੱਖ ਦੀ ਉਸਾਰੀ ਦਾ ਅਹਿਮ ਮੰਚ ਮੰਨਿਆ ਜਾਂਦਾ ਹੈ, ਇਸੇ ਲਈ ਗੁਰਬਾਣੀ ਖੇਡ ਨੂੰ 'ਮਨ ਕਾ ਚਾਅ' ਕਰਾਰ ਦਿੰਦੀ ਹੈ। ਮਨੁੱਖੀ ਮਨ ਨੂੰ ਹੁਲਾਰਾ ਦੇਣ ਵਾਲਾ ਖੇਡ ਮੈਦਾਨ ਹੁਣ ਮੁਨਾਫ਼ਾਖੋਰਾਂ ਦੀ ਤਾਨਾਸ਼ਾਹੀ ਘੇਰਾਬੰਦੀ ਵਿਚ ਫਸਿਆ ਹੋਇਆ ਹੈ। ਰਾਜਤੰਤਰ ਦੇ ਖ਼ਾਸੇ ਵਿਚੋਂ ਮਨਫ਼ੀ ਦਰਦਮੰਦੀ ਦਾ ਪ੍ਰਗਟਾਵਾ ਖੇਡ ਮੈਦਾਨ ਵਿਚੋਂ ਵੀ ਹੋਣ ਲੱਗਿਆ ਹੈ। ਖਿਡਾਰੀ ਕਾਨੂੰਨੀ ਰੂਪ ਵਿਚ ਖ਼ਤਮ ਕੀਤੇ ਜਾ ਚੁੱਕੇ ਗ਼ੁਲਾਮ ਦੌਰ ਦਾ ਸੱਚ ਹੰਢਾ ਰਹੇ ਹਨ। ਉਨ੍ਹਾਂ ਬੰਦਿਆਂ ਦੀ ਗਿਣਤੀ ਨਿਗੂਣੀ ਤੋਂ ਵੀ ਘਟ ਗਈ ਹੈ ਜੋ ਰਾਜਤੰਤਰ, ਕਾਰਪੋਰੇਟ ਅਤੇ ਤਾਨਾਸ਼ਾਹੀ ਦੇ ਖ਼ਾਨਿਆਂ ਤੋਂ ਨਾਬਰ ਹੋਣ ਅਤੇ ਮਨੁੱਖੀ ਪਛਾਣ ਨੂੰ ਤਰਜੀਹ ਦੇਣ। ਸੌਕਰੇਟਸ ਇਸੇ ਨਾਬਰੀ ਦਾ ਜ਼ਿੰਦਗੀ ਦੇ ਨਾਮ ਲਿਖਿਆ ਗੀਤ ਹੈ।

ਉਹ ਦੁਨੀਆਂ ਦੀ ਆਲਮੀ ਕੱਪ ਨਾ-ਜਿੱਤ ਸਕਣ ਵਾਲੀ ਸਭ ਤੋਂ ਮਜ਼ਬੂਤ ਫੁੱਟਬਾਲ ਟੀਮ ਦਾ ਕਪਤਾਨ ਰਿਹਾ ਹੈ। ਉਹ ਦਰਦਮੰਦੀ ਨੂੰ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਮੰਨਣ ਵਾਲੀ ਮਰਜ਼ਾਂ, ਗ਼ਲਬਿਆਂ ਅਤੇ ਮੁਨਾਫ਼ਿਆਂ ਖ਼ਿਲਾਫ਼ ਲੜਦੀ ਧਿਰ ਦਾ ਨੁਮਾਇੰਦਾ ਹੈ। ਚੀ ਗਵੇਰਾ ਦਾ ਡਾਕਟਰ ਤੋਂ ਜਰਨੈਲ ਬਣ ਜਾਣਾ, ਗੁਰਸ਼ਰਨ ਸਿੰਘ ਦਾ ਇੰਜੀਨੀਅਰ ਤੋਂ ਨਾਟਕਕਾਰ ਬਣ ਜਾਣਾ ਅਤੇ ਸੌਕਰੇਟਸ ਦਾ ਡਾਕਟਰ ਤੋਂ ਫੁੱਟਬਾਲਰ ਬਣ ਜਾਣਾ ਮਨੁੱਖੀ ਦਰਦਮੰਦੀ ਦੀਆਂ ਮਿਸਾਲਾਂ ਹਨ। ਗੁਰਸ਼ਰਨ ਸਿੰਘ ਕਿਹਾ ਕਰਦੇ ਸਨ, "ਮੈਂ ਨਾਟਕਕਾਰ ਨਹੀਂ ਹਾਂ। ਮੈਂ ਕਮਿਊਨਿਸਟ ਹਾਂ।"

ਮਨੀਪੁਰ ਦੇ ਖਿਡਾਰੀਆਂ ਦੀ ਚਿੱਠੀ ਦਾ ਭਾਵੇਂ ਹਵਾਲਾ ਨਹੀਂ ਆਇਆ ਪਰ ਦਿੱਲੀ ਵਿਚ ਮਨੁੱਖੀ ਹਕੂਕ ਦਿਵਸ ਮੌਕੇ ਕੁਝ ਲੋਕਾਂ ਨੇ ਸ਼ਰਮੀਲਾ ਇਰੋਮ ਦੀ ਹਮਾਇਤ ਵਿਚ ਅਤੇ 'ਅਫ਼ਸਪਾ' ਦੇ ਵਿਰੋਧ ਵਿਚ ਰਾਜ ਘਾਟ ਉਤੇ ਨਾਅਰੇ ਲਗਾਏ। ਇਨ੍ਹਾਂ ਨਾਅਰੇ ਲਗਾਉਣ ਵਾਲਿਆਂ ਨੂੰ ਜਦੋਂ ਗ੍ਰਹਿ ਮੰਤਰਾਲੇ ਤੋਂ ਫ਼ੋਨ ਆਇਆ ਕਿ ਤੁਹਾਡੀਆਂ ਕਾਰਵਾਈ ਲਈ ਫੋਟੋਆਂ ਖਿੱਚ ਲਈਆਂ ਗਈਆਂ ਹਨ ਤਾਂ ਹਿਮਾਂਸ਼ੂ ਕੁਮਾਰ ਦਾ ਜਵਾਬ ਸੀ, "ਅਸੀਂ ਜੋ ਕਰਨਾ ਸੀ, ਸੋ ਕਰ ਲਿਆ। ਹੁਣ ਤੁਸੀਂ ਜੋ ਕਰਨਾ ਹੈ, ਉਹ ਕਰ ਲਓ।" ਸੌਕਰੇਟਸ ਕਹਿੰਦਾ ਸੀ, "ਜ਼ਿੰਦਗੀ ਮਿਕਦਾਰ ਦਾ ਨਹੀਂ ਸਗੋਂ ਮਿਆਰ ਦਾ ਨਾਮ ਹੈ।" ਸ਼ਰਾਬ ਅਤੇ ਸਿਗਰਟ ਨੂੰ ਸੌਕਰੇਟਸ ਆਪਣਾ ਸਾਥੀ ਮੰਨਦਾ ਸੀ। ਸ਼ਾਇਦ ਇਹੋ ਉਸ ਦੀ ਚੁੱਪ ਦੀਆਂ ਰਾਜ਼ਦਾਰ ਸਨ। ਜ਼ਿਆਦਾਤਰ ਸ਼ਰਧਾਂਜਲੀ ਲੇਖ ਸਹਿਮਤ ਹਨ ਕਿ ਸ਼ਰਾਬ ਅਤੇ ਸਿਗਰਟ ਉਸ ਦੀ ਮੌਤ ਦੇ ਅਹਿਮ ਕਾਰਨ ਹਨ। ਡਾਕਟਰ ਸੌਕਰੇਟਸ ਹੀ ਦੱਸ ਸਕਦਾ ਹੈ ਕਿ ਇੰਨੀ ਬੇਬਾਕੀ ਅਤੇ ਦਰਦਮੰਦੀ ਨਾਲ ਕੋਈ 58 ਵਰ੍ਹੇ ਕਿਵੇਂ ਜਿਉਂ ਸਕਦਾ ਹੈ?

ਮੌਤ ਤੋਂ ਪਹਿਲਾਂ ਜ਼ਿੰਦਗੀ ਨਾਲ ਕੀਤੀ ਸੌਕਰੇਟਸ ਦੀ ਮਸ਼ਕਰੀ ਦਾ ਜ਼ਿਕਰ ਬੀ.ਬੀ.ਸੀ. ਦਾ ਖੇਡ ਲੇਖਕ ਜੋਨਾਥਨ ਜੁਰੀਜਕੋ ਕਰਦਾ ਹੈ। ਸੌਕਰੇਟਸ ਦੇ ਬੋਲਾਂ ਨੂੰ ਜੋਨਾਥਨ ਨੇ ਦੁਹਰਾਇਆ ਹੈ, "ਜਦੋਂ ਮੈਂ ਆਪਣੇ ਮੁੰਡੇ ਦਾ ਨਾਮ ਫੀਦਲ ਰੱਖਿਆ ਤਾਂ ਮੇਰੀ ਮਾਂ ਨੇ ਉਜਰ ਕੀਤਾ ਸੀ ਕਿ ਇਹ ਬੱਚੇ ਲਈ ਬਹੁਤ ਵੱਡਾ ਨਾਮ ਹੈ। ਮੈਂ ਪੁੱਛਿਆ ਸੀ ਕਿ ਤੂੰ ਮੇਰੇ ਨਾਲ ਕੀ ਕੀਤਾ ਸੀ?" ਸੌਕਰੇਟਸ ਨੇ ਆਪਣੇ ਨਾਂ ਅਤੇ ਸਿਰਨਾਂਵੀਏ ਸੁਕਰਾਤ ਨਾਲ ਤੋੜ ਨਿਭਾਈ ਹੈ। ਉਹ ਆਪਣੇ ਹਿੱਸੇ ਦਾ ਜ਼ਹਿਰ ਪੀ ਕੇ ਪੂਰਾ ਹੋਇਆ ਹੈ ਅਤੇ ਦਰਦਮੰਦੀ ਦੀ ਅਮੀਰ ਵਿਰਾਸਤ ਦਾ ਹਿੱਸਾ ਹੋ ਗਿਆ ਹੈ। ਉਹ ਭਾਵੇਂ ਕਿਸੇ ਖ਼ਾਨੇ ਲਈ ਨਹੀਂ ਬਣਿਆ ਪਰ ਪਾਲਿਆਂ ਦੀ ਬੇਬਾਕ ਚੋਣ ਉਸ ਦਾ ਅਸਲਾ ਰੂਪਮਾਨ ਕਰਦੀ ਹੈ। ਅਲਵਿਦਾ! ਡਾਕਟਰ ਸੌਕਰੇਟਸ।

# *ਮੁੱਦਿਆਂ ਬਿਨਾਂ ਹੀ ਭਖ ਗਿਆ ਚੋਣ ਪਿੜ*

*(ਸਫਾ 14 ਦੀ ਬਾਕੀ)*

ਵਰਗਾਂ ਅਤੇ ਸਾਰੇ ਖੇਤਰਾਂ ਦਾ ਖਿਆਲ ਰੱਖਿਆ ਜਾਵੇ। ਉਨ੍ਹਾਂ ਦੇ ਭਲੇ ਲਈ ਜੋ ਕੁਝ ਵੀ ਸੋਚਿਆ ਜਾ ਸਕਦਾ ਹੈ, ਉਸ ਨੂੰ ਅੰਕਿਤ ਕਰ ਦਿੱਤਾ ਜਾਵੇ। ਚੋਣ ਮੈਨੀਫੈਸਟੋ ਨੂੰ ਵੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਰਿਲੀਜ਼ ਕੀਤਾ ਜਾਂਦਾ ਹੈ। ਚੋਣ ਪ੍ਰਚਾਰ ਦਾ ਇਹ ਆਧਾਰ ਹੋਣਾ ਚਾਹੀਦਾ ਹੈ ਪਰ ਅਜਿਹਾ ਹੁੰਦਾ ਨਹੀਂ ਹੈ। ਪ੍ਰਚਾਰ ਸਮੇਂ ਤਾਂ ਇਕ ਦੂਜੇ ਉੱਤੇ ਚਿੱਕੜ ਸੁੱਟਿਆ ਜਾਂਦਾ ਹੈ, ਦੂਸ਼ਣਬਾਜ਼ੀ ਹੁੰਦੀ ਹੈ ਪਰ ਸੂਬਾ ਅਤੇ ਲੋਕ ਗਾਇਬ ਹੁੰਦੇ ਹਨ। ਹਾਂ, ਜੇ ਕਿਸੇ ਇਕ ਵਰਗ ਦੇ ਚੋਣ ਜਲਸੇ ਵਿਚ ਜਾਣਾ ਹੋਵੇ ਤਾਂ ਉਸ ਵਰਗ ਨੂੰ ਖੁਸ਼ ਕਰਨ ਲਈ ਅਨੇਕਾਂ ਵਾਅਦੇ ਕੀਤੇ ਜਾਂਦੇ ਹਨ। ਕਿਸੇ ਵਿਸ਼ੇਸ਼ ਇਲਾਕੇ ਦੇ ਵਿਕਾਸ ਲਈ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਇਹ ਵੀ ਸੱਚ ਹੈ ਕਿ ਚੋਣਾਂ ਪਿੱਛੋਂ ਇਹ ਵਾਅਦੇ ਵਫ਼ਾ ਕਦੇ ਨਹੀਂ ਹੋਏ। ਇਸੇ ਕਰਕੇ ਹਰੇਕ ਵਰਗ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਸਰਕਾਰ ਕੋਲੋਂ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ। ਸਰਕਾਰ ਵੱਲੋਂ ਵੀ ਆਖਰੀ ਵਰ੍ਹੇ ਖ਼ਜ਼ਾਨੇ ਦਾ ਮੂੰਹ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਂਦਾ ਹੈ। ਵੋਟ ਰਾਜਨੀਤੀ ਵਿਚ ਵੋਟ ਹੀ ਪ੍ਰਧਾਨ ਹੈ। ਜਿਸ ਕੋਲ ਵੱਧ ਵੋਟਾਂ ਹਨ, ਉਹੀ ਸਰਕਾਰ ਤੋਂ ਵੱਧ ਲਾਹਾ ਪ੍ਰਾਪਤ ਕਰ ਸਕਦਾ ਹੈ ਪਰ ਅਜਿਹਾ ਇਸੇ ਕਰਕੇ ਹੁੰਦਾ ਹੈ ਕਿਉਂਕਿ ਕਿਸੇ ਵੀ ਪਾਰਟੀ ਕੋਲ ਭਵਿੱਖ ਲਈ ਕੋਈ ਠੋਸ ਪ੍ਰੋਗਰਾਮ ਨਹੀਂ ਹੈ।

ਚੋਣ ਮਨੋਰਥ ਪੱਤਰ ਦਾ ਮੁੱਖ ਮੰਤਵ ਇਹ ਹੈ ਕਿ ਪਾਰਟੀ ਆਪਣਾ ਆਗਾਮੀ ਪ੍ਰੋਗਰਾਮ ਤਿਆਰ ਕਰੇ ਅਤੇ ਵੋਟਰਾਂ ਨਾਲ ਸਾਂਝਾ ਕਰੇ। ਸਾਰੀਆਂ ਪਾਰਟੀਆਂ ਦੇ ਮਨੋਰਥ ਪੱਤਰ ਜਨਤਾ ਅੱਗੇ ਰੱਖੇ ਜਾਣ ਤਾਂ ਜੋ ਉਹ ਇਸੇ ਆਧਾਰ ਉੱਤੇ ਹੀ ਆਪਣੀ ਵੋਟ ਦੀ ਵਰਤੋਂ ਬਾਰੇ ਫ਼ੈਸਲਾ ਕਰ ਸਕੇ ਪਰ ਅਜਿਹਾ ਨਹੀਂ ਕੀਤਾ ਜਾ ਰਿਹਾ। ਪ੍ਰੋਗਰਾਮ ਦੀ ਥਾਂ ਵੋਟ ਪ੍ਰਾਪਤੀ ਲਈ ਗ਼ਲਤ ਹੱਥਕੰਡੇ ਅਪਣਾਏ ਜਾਣ ਲੱਗ ਪਏ ਹਨ ਜਿਹੜੇ ਲੋਕਰਾਜ ਲਈ ਹੀ ਨਹੀਂ ਸਗੋਂ ਪੰਜਾਬ ਅਤੇ ਪੰਜਾਬੀਆਂ ਲਈ ਵੀ ਘਾਤਕ ਹਨ।

**ਫੋਨ:91-94170-87328*

## ਕਾਰਟੂਨਿਸਟ ਮਾਰਿਓ ਮਿਰਾਂਡਾ ਨਹੀਂ ਰਹੇ

**ਪਣਜੀ:** ਪਦਮ ਭੂਸ਼ਨ ਤੇ ਪਦਮਸ੍ਰੀ ਨਾਲ ਸਨਮਾਨਤ 85 ਸਾਲਾ ਪ੍ਰਸਿੱਧ ਕਾਰਟੂਨਿਸਟ ਮਾਰਿਓ ਮਿਰਾਂਡਾ ਦੀ ਲੰਬੀ ਬਿਮਾਰੀ ਤੋਂ ਬਾਅਦ ਗੋਆ ਵਿਚ ਮੌਤ ਹੋ ਗਈ।



ਮਿਰਾਂਡਾ ਨੇ ਆਪਣੇ ਜੀਵਨ ਦੌਰਾਨ ਬਹੁਤ ਸਾਰੀਆਂ ਕਿਤਾਬਾਂ ਦੀ ਰੂਪ-ਰੇਖਾ ਤਿਆਰ ਕੀਤੀ ਸੀ। ਉਨ੍ਹਾਂ ਦੀ ਪਤਨੀ ਹਬੀਬਾ ਨੇ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਬਿਮਾਰ ਸਨ ਤੇ ਨੀਂਦ ਵਿਚ ਸੁੱਤੇ ਹੀ ਨਹੀਂ ਉਠੇ। ਉਹ ਆਪਣੇ ਪਿੱਛੇ ਪਤਨੀ ਤੇ ਦੋ ਪੁੱਤਰਾਂ ਨੂੰ ਛੱਡ ਗਏ ਹਨ। ਪਿਛਲੇ ਕਈ ਸਾਲਾਂ ਤੋਂ ਬਿਮਾਰ ਹੋਣ ਕਾਰਨ ਉਹ ਕਲਾ ਕਲਾ ਬਾਰੇ ਸਰਗਰਮੀਆਂ ਵਿਚ ਸ਼ਾਮਲ ਨਹੀਂ ਸਨ।

# ਇਜ਼ਹਾਰ ਆਲਮ ਅਜੇ ਵੀ ਟਿਕਟ ਦਾ ਦਾਅਵੇਦਾਰ

**ਚੰਡੀਗੜ੍ਹ:** ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਮੁਸਲਿਮ ਬਹੁਗਿਣਤੀ ਵਾਲੇ ਹਲਕਾ ਮਾਲੇਰਕੋਟਲਾ 'ਤੇ ਸਭ ਸਿਆਸੀ ਮਾਹਿਰਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਥੋਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਲਈ ਉਮੀਦਵਾਰ ਦੀ ਚੋਣ ਮੁਸੀਬਤ ਬਣੀ ਹੋਈ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਜੇ ਵੀ ਅੰਦਰੋ-ਅੰਦਰੀ ਇਜ਼ਹਾਰ ਆਲਮ ਨੂੰ ਥਾਪੜਾ ਜਾਰੀ ਹੈ।

ਇਥੋਂ ਪਿਛਲੇ ਕੁਝ ਸਮੇਂ ਤੋਂ ਵਿਵਾਦਾਂ 'ਚ ਘਿਰੇ ਸਾਬਕਾ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਨੂੰ ਅਕਾਲੀ ਦਲ ਹਾਈ ਕਮਾਨ ਵੱਲੋਂ ਉਮੀਦਵਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਕੁਝ ਸਿੱਖ ਜਥੇਬੰਦੀਆਂ ਵੱਲੋਂ ਖਾੜਕੂਵਾਦ ਸਮੇਂ ਸ੍ਰੀ ਆਲਮ ਵੱਲੋਂ ਨਿਭਾਈ ਭੂਮਿਕਾ 'ਤੇ ਇਤਰਾਜ਼ ਉਠਾਏ ਜਾਣ ਨੇ ਅਕਾਲੀ ਦਲ ਨੂੰ ਮੁਸੀਬਤ ਵਿਚ ਪਾ ਦਿੱਤਾ ਹੈ। ਮੁੱਖ ਮੰਤਰੀ ਸ. ਬਾਦਲ ਵੱਲੋਂ ਪਿਛਲੇ ਮਹੀਨੇ ਮਾਲੇਰਕੋਟਲਾ ਦੀ ਫੇਰੀ ਦੌਰਾਨ ਇਜ਼ਹਾਰ ਆਲਮ ਨਾਲ ਬੰਦ ਕਮਰਾ ਮੀਟਿੰਗ ਨੇ ਆਲਮ ਦੀ ਟਿਕਟ ਕੱਟੇ ਜਾਣ ਦੀਆਂ ਅਫਵਾਹਾਂ 'ਤੇ ਵਿਰਾਮ ਜ਼ਰੂਰ ਲਾ ਦਿੱਤਾ ਹੈ।

ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ ਖਾਸਮਖਾਸ ਸਮਝੇ ਜਾਂਦੇ ਸ੍ਰੀ ਆਲਮ ਨੂੰ ਸ. ਢੀਂਡਸਾ ਦਾ ਸਮਰਥਨ ਵੀ ਹਾਸਲ ਹੈ। ਸ੍ਰੀ ਆਲਮ ਦੀ ਦਾਅਵੇਦਾਰੀ ਇਸ ਗੱਲੋਂ ਵੀ ਮਜ਼ਬੂਤ ਮੰਨੀ ਜਾਂਦੀ ਹੈ ਕਿ ਪੰਜਾਬ ਵਕਫ ਬੋਰਡ ਦੀ ਚੇਅਰਮੈਨੀ ਸੰਭਾਲਣ ਤੋਂ ਬਾਅਦ ਉਹ ਹਲਕਾ ਮਾਲੇਰਕੋਟਲਾ ਅੰਦਰਲੀ ਅਕਾਲੀ ਦਲ ਦੀ ਧੜੇਬੰਦੀ ਨੂੰ ਖਤਮ ਕਰਨ ਵਿਚ ਕਾਫੀ ਹੱਦ ਤੱਕ ਸਫਲ ਰਹੇ ਹਨ।

ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿਸ ਅੰਦਾਜ਼ ਨਾਲ ਉਨ੍ਹਾਂ ਨੇ ਸਾਰੇ ਧੜਿਆਂ ਨੂੰ ਇਕੱਠਾ ਕਰਕੇ ਪਾਰਟੀ ਉਮੀਦਵਾਰ ਨੂੰ ਜੇਤੂ ਬਣਾਉਣ ਵਿਚ ਭੂਮਿਕਾ ਨਿਭਾਈ, ਉਹ ਵੀ ਉਨ੍ਹਾਂ ਲਈ ਮਦਦਗਾਰ ਸਾਬਤ ਹੋ ਸਕਦੀ ਹੈ। ਉਧਰ ਕਾਂਗਰਸ ਲਈ ਹਲਕੇ ਤੋਂ ਇਕੋ ਇਕ ਉਮੀਦਵਾਰ ਬੇਗਮ ਰਜ਼ੀਆ ਸੁਲਤਾਨਾ ਹਨ। ਉਹ ਪਹਿਲਾਂ ਵੀ ਦੋ ਵਾਰ ਇਸ ਹਲਕੇ ਤੋਂ ਜਿੱਤ ਚੁੱਕੇ ਹਨ।

# ਕਹਾਂ ਜੀਤਬ ਕਹਾਂ ਮਰਨ ਹੈ?

ਪਿਛਲੇ ਲੇਖ ਵਿਚ ਅਸੀਂ ਧਰਮ ਅਤੇ ਧਾਰਮਿਕ ਕਰਮਾਂ ਬਾਰੇ ਵਿਚਾਰ ਕੀਤੀ ਸੀ। ਹਥਲੇ ਲੇਖ ਵਿਚ ਇਸੇ ਲੜੀ ਵਿਚ ਪੁੱਛੇ ਗਏ ਪ੍ਰਸ਼ਨ 'ਜੀਵਨ ਕੀ ਹੈ ਅਤੇ ਮੌਤ ਕੀ ਹੈ' ਉਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਭਾਈ ਕਾਹਨ ਸਿੰਘ ਨਾਭਾ ਦੀ ਇਸ ਸਬੰਧ ਵਿਚ ਕੀਤੀ ਗਈ ਟਿੱਪਣੀ ਨੂੰ ਧਿਆਨ ਵਿਚ ਰੱਖਦਿਆਂ ਗੁਰਮਤਿ ਅਨੁਸਾਰ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਲੱਭਣ ਦਾ ਉਪਰਾਲਾ ਕਰਨ ਦੀ ਇਹ ਬਿਲਕੁਲ ਹੀ ਇੱਕ ਮੁੱਢਲੀ ਕੋਸ਼ਿਸ਼ ਹੈ। ਗੁਰਮਤਿ ਦਰਸ਼ਨ ਅਨੁਸਾਰ ਮਨੁੱਖ ਨੂੰ ਜਗਦੀਸ਼ੈ-ਅੰਸ਼ ਪਰਵਾਨ ਕੀਤਾ ਗਿਆ ਹੈ ਅਤੇ ਮਨੁੱਖ ਇਸ ਸੰਸਾਰ ਉਪਰ



**ਡਾ. ਗੁਰਨਾਮ ਕੌਰ**

ਉਦੋਂ ਆਉਂਦਾ ਹੈ ਜਦੋਂ ਅਕਾਲ ਪੁਰਖ ਉਸ ਵਿਚ ਆਪਣੀ ਜੋਤਿ ਰੱਖਦਾ ਹੈ। ਉਸ ਅਕਾਲ ਪੁਰਖ ਨੂੰ ਇਸ ਸੰਸਾਰ ਦਾ ਮੂਲ, ਅਰਥਾਤ ਸੋਮਾ ਪ੍ਰਵਾਨ ਕੀਤਾ ਗਿਆ ਹੈ। ਇਸ ਲਈ ਉਸ ਦੀ ਜੋਤਿ ਇਸ ਸਮੁੱਚੀ ਸੰਸਾਰਕ ਰਚਨਾ ਵਿਚ ਵਿਆਪਕ ਹੈ। ਤੀਸਰੇ ਗੁਰੂ ਅਮਰਦਾਸ 'ਅਨੰਦ' ਬਾਣੀ ਵਿਚ ਫੁਰਮਾਉਂਦੇ ਹਨ,

ਏ ਸਰੀਰਾ ਮੇਰਿਆ ਹਰਿ ਤੁਮ ਮਹਿ
ਜੋਤਿ ਰਖੀ ਤਾ ਤੂ ਜਗ ਮਹਿ ਆਇਆ॥
ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਏ ਜਗਤੁ ਦਿਖਾਇਆ॥
ਗੁਰ ਪਰਸਾਦੀ ਬੁਝਿਆ ਤਾ
ਚਲਤੁ ਹੋਆ ਚਲਤੁ ਨਦਰੀ ਆਇਆ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲ ਰਚਿਆ
ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥
(ਪੰਨਾ 921)

ਇਸ ਤਰ੍ਹਾਂ ਇਹ ਮਨੁੱਖੀ ਸਰੀਰ ਪਰਮਾਤਮਾ ਦੀ ਬਖਸ਼ੀ ਹੋਈ ਦਾਤ ਹੈ। ਇਹ ਮਨੁੱਖਾ ਜਨਮ ਉਸੇ ਦੀ ਮਿਹਰ ਸਦਕਾ ਹੈ। ਗੁਰਮਤਿ ਦਰਸ਼ਨ ਵਿਚ ਮਨੁੱਖ ਦੇ ਜਨਮ ਨੂੰ ਪਰਮਾਤਮਾ ਵੱਲੋਂ ਬਖਸ਼ਿਸ਼ ਕੀਤਾ ਇੱਕ ਸੁਨਿਹਰੀ ਅਵਸਰ ਮੰਨਿਆ ਗਿਆ ਹੈ ਜੋ ਉਸ ਨੂੰ ਆਪਣੇ ਮੂਲ ਨਾਲ ਇੱਕਸੁਰ ਹੋਣ, ਉਸ ਦੇ ਸਿਮਰਨ ਰਾਹੀਂ ਉਸ ਵਿਚ ਮਿਲ ਜਾਣ ਲਈ ਅਕਾਲ ਪੁਰਖ ਵੱਲੋਂ ਦਿੱਤਾ ਗਿਆ ਹੈ ਕਿਉਂਕਿ ਇਹ ਧਰਤੀ ਪਰਮਾਤਮਾ ਨੇ 'ਧਰਮਸਾਲ' ਕਰਕੇ ਥਾਪੀ ਹੈ ਜਿਥੇ ਜੀਵ ਧਰਮ ਕਮਾਉਣ ਲਈ ਆਉਂਦਾ ਹੈ। ਪੰਜਵੇਂ ਪਾਤਿਸ਼ਾਹ ਨੇ ਮਨੁੱਖ ਨੂੰ ਸੰਬੋਧਨ ਕਰਦਿਆਂ ਫੁਰਮਾਇਆ ਹੈ ਕਿ ਇਹ ਮਨੁੱਖੀ ਦੇਹ ਜਿਹੜੀ ਤੂੰ ਪ੍ਰਾਪਤ ਕੀਤੀ ਹੈ, ਇਹ ਤੈਨੂੰ ਪਰਮਾਤਮਾ ਨੂੰ ਮਿਲਣ ਦਾ ਇੱਕ ਮੌਕਾ ਮਿਲਿਆ ਹੈ। ਸਾਰੇ ਜੀਵਾਂ ਵਿਚ ਮਨੁੱਖ ਨੂੰ ਇਸੇ ਲਈ ਉਤਮ ਪ੍ਰਵਾਨ ਕੀਤਾ ਗਿਆ ਹੈ ਕਿਉਂਕਿ ਉਸ ਦੀ ਜੂਨ ਹੀ ਇੱਕ ਐਸੀ ਜੂਨ ਹੈ ਜੋ ਸੋਚ ਸਕਣ ਅਤੇ ਉਸ ਸੋਚ ਦਾ ਪ੍ਰਗਟਾਵਾ ਕਰ ਸਕਣ ਕਰਕੇ ਪਰਮਾਤਮ-ਅਨੁਭਵ ਕਰ ਸਕਦੀ ਹੈ। ਇਸੇ ਲਈ ਮਾਣਸ ਜਨਮ ਜਾਂ ਦੇਹੀ ਨੂੰ ਉਤਮ ਪ੍ਰਵਾਨ ਕੀਤਾ ਗਿਆ ਹੈ,

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
(ਪੰਨਾ 378)

ਭਗਤ ਕਬੀਰ ਜੀ ਕਹਿੰਦੇ ਹਨ ਕਿ ਮਨੁੱਖ ਦਾ ਸਰੀਰ ਐਸੀ ਵਸਤੂ ਹੈ ਜਿਸ ਨੂੰ ਪਾਉਣ ਦੀ ਇੱਛਾ ਦੇਵਤੇ ਵੀ ਕਰਦੇ ਹਨ। ਜੇ ਗੁਰੂ ਦੀ ਸੇਵਾ ਰਾਹੀਂ ਬੰਦਗੀ ਦੀ ਕਮਾਈ ਕੀਤੀ ਜਾਵੇ, ਤਾਂ ਹੀ ਮਨੁੱਖਾ ਸਰੀਰ ਪ੍ਰਾਪਤ ਹੋਇਆ ਸਮਝਣਾ ਚਾਹੀਦਾ ਹੈ। ਮਨੁੱਖ ਨੂੰ ਉਹ ਨਸੀਹਤ ਕਰਦੇ ਹਨ, ਇਹ ਸਰੀਰ ਜਿਸ ਦੀ ਖ਼ਾਤਰ ਦੇਵਤੇ ਵੀ ਤਾਂਘਦੇ ਹਨ, ਤੈਨੂੰ ਮਿਲਿਆ ਹੈ ਤਾਂ ਇਸ ਰਾਹੀਂ ਨਾਮ ਦਾ ਸਿਮਰਨ ਕਰ। ਕਬੀਰ ਜੀ ਅੱਗੇ ਫੁਰਮਾਉਂਦੇ ਹਨ ਕਿ ਆਪਣੇ ਮਨ ਵਿਚ ਵਿਚਾਰ ਕੇ ਦੇਖ ਲੈ ਕਿ ਇਹ ਹੀ ਤੇਰੀ ਵਾਰੀ ਹੈ ਅਤੇ ਇਹੀ ਤੈਨੂੰ ਪਰਮਾਤਮਾ ਵੱਲੋਂ ਦਿੱਤਾ ਹੋਇਆ ਮੌਕਾ ਹੈ। ਇਹ ਹੁਣ ਤੇਰੇ ਤੇ ਮੁਨੱਸਰ ਹੈ ਕਿ ਭਾਵੇਂ ਪਰਮਾਤਮਾ ਦੇ ਸਿਮਰਨ ਰਾਹੀਂ ਇਸ ਨੂੰ ਸਫਲ ਬਣਾ ਲੈ, ਜਿੱਤ ਲੈ ਅਤੇ ਭਾਵੇਂ ਇਸ ਨੂੰ ਅਜਾਈਂ ਗੁਆ ਕੇ ਹਾਰ ਲੈ,

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸੁ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥1॥...
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥
ਘਟ ਭੀਤਰਿ ਤੂ ਦੇਖੁ ਬਿਚਾਰਿ॥
(ਪੰਨਾ 1159)

ਇਸੇ ਵਿਚਾਰ ਦੀ ਵਿਆਖਿਆ ਕਰਦੇ ਹੋਏ ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਮਨੁੱਖਾ ਸਰੀਰ ਦੁਰਲੱਭ ਹੈ ਜੋ ਵੱਡੇ ਭਾਗਾਂ ਨਾਲ ਅਤੇ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦਾ ਹੈ, ਜਿਹੜੇ ਮਨੁੱਖ ਇਸ ਸਰੀਰ ਨੂੰ ਪ੍ਰਾਪਤ ਕਰਕੇ ਵੀ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕਰਦੇ ਉਹ ਮਨੁੱਖ ਆਤਮਿਕ ਮੌਤ ਸਹੇੜ ਲੈਂਦੇ ਹਨ। ਅਜਿਹੇ ਮਨੁੱਖ ਖਾਣ-ਪੀਣ, ਹੱਸਣ-ਖੇਡਣ ਦੇ ਖਿਲਾਰੇ ਖਿਲਾਰਦੇ ਹਨ ਪਰ ਇਹ ਇਵੇਂ ਹੀ ਹੈ ਜਿਵੇਂ ਕਿਸੇ ਮੁਰਦੇ ਨੂੰ ਹਾਰ-ਸ਼ਿੰਗਾਰ ਲਾਉਣੇ, ਅਤੇ ਮੁਰਦੇ ਨੂੰ ਸ਼ਿੰਗਾਰਨ ਦਾ ਕੋਈ ਲਾਭ ਨਹੀਂ ਹੁੰਦਾ। ਜਿਹੜੇ ਮਨੁੱਖ ਪਰਮ ਅਨੰਦ ਦੇ ਮਾਲਕ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਨਹੀਂ ਸੁਣਦੇ ਉਨ੍ਹਾਂ ਦੀ ਜੂਨ ਜ਼ਮੀਨ 'ਤੇ ਟੇਢੇ ਤੁਰਨ ਵਾਲੇ ਜੀਵਾਂ ਨਾਲੋਂ ਵੀ ਭੈੜੀ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਨੇ ਆਪਣੀ ਸਿੱਖਿਆ ਪੱਕੀ ਕਰ ਦਿੱਤੀ ਹੈ, ਉਸ ਦੇ ਹਿਰਦੇ ਵਿਚ ਸਿਰਫ਼ ਪਰਮਾਤਮਾ ਦਾ ਨਾਮ ਹੀ ਸਦਾ ਟਿਕਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਮੌਤ ਕੀ ਹੈ? ਇਸ ਨੂੰ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਇਹ ਮਨੁੱਖੀ ਰਿਸ਼ਤੇ ਕੀ ਹਨ? ਅਸਲੀਅਤ ਵਿਚ ਇਹ ਰਿਸ਼ਤੇ ਸਦੀਵੀ ਨਹੀਂ ਹਨ। ਨਾ ਕੋਈ ਸਦਾ ਲਈ ਕਿਸੇ ਦੀ ਮਾਂ ਹੈ ਅਤੇ ਨਾ ਹੀ ਕੋਈ ਸਦਾ ਲਈ ਕਿਸੇ ਦਾ ਬਾਪ ਹੈ। ਮਾਂ-ਪਿਓ, ਭੈਣ-ਭਰਾ, ਪੁੱਤਰ, ਇਸਤਰੀ ਆਦਿ ਸਦੀਵੀ ਰਹਿਣ ਵਾਲੇ ਰਿਸ਼ਤੇ ਨਹੀਂ ਹਨ, ਥੋੜ-ਚਿਰੇ ਹਨ। ਸਾਰੇ ਜੀਵ ਇੱਕੋ ਹੀ ਮਿੱਟੀ ਤੋਂ ਬਣੇ ਹਨ ਅਤੇ ਸਾਰਿਆਂ ਵਿਚ ਇੱਕੋ ਹੀ ਕਰਤਾਰੀ ਜੋਤਿ ਮੌਜੂਦ ਹੈ। ਸਾਰਿਆਂ ਵਿਚ ਇੱਕੋ ਹੀ ਪ੍ਰਾਣ ਹਨ, ਜਿੰਨਾ ਚਿਰ ਤੱਤਾਂ ਨਾਲ ਪ੍ਰਾਣਾਂ ਦਾ ਇਹ ਸੰਜੋਗ ਬਣਿਆ ਰਹਿੰਦਾ ਹੈ, ਤੱਤ ਇਕੱਠੇ ਹਨ। ਜਦੋਂ ਇਹ ਸੰਜੋਗ ਮੁੱਕ ਜਾਂਦਾ ਹੈ ਤਾਂ ਤੱਤ ਵੱਖ ਵੱਖ ਹੋ ਜਾਂਦੇ ਹਨ। ਕਿਸੇ ਮਨੁੱਖ ਦੇ ਵਿਛੋੜੇ ਤੇ ਸਬੰਧੀ ਮੇਰਾ ਮੇਰਾ ਕਹਿਕੇ ਰੋਂਦੇ ਹਨ ਜਿਸ ਦਾ ਕੋਈ ਲਾਭ ਨਹੀਂ ਹੈ। ਮਨੁੱਖੀ ਦੇਹ ਬਿਨਸਣਹਾਰ ਹੈ ਪਰ ਇਸ ਵਿਚ ਮੌਜੂਦ ਜੀਵ-ਆਤਮਾ ਅਰਥਾਤ ਰੱਬੀ-ਜੋਤਿ ਸਦੀਵੀ ਹੈ, ਉਹ ਕਦੇ ਨਹੀਂ ਮਰਦੀ। ਜਿਨ੍ਹਾਂ ਮਨੁੱਖਾਂ ਨੂੰ ਗੁਰੂ ਦੀ ਸਿੱਖਿਆ ਰਾਹੀਂ ਇਸ ਗੱਲ ਦੀ ਸੋਝੀ ਹੋ ਗਈ ਹੈ, ਉਹ ਮੋਹ ਦੇ ਬੰਧਨਾਂ ਤੋਂ ਸੁਤੰਤਰ ਹੋ ਗਏ ਹਨ, ਉਨ੍ਹਾਂ ਦੇ ਮੋਹ ਦੇ ਭਟਕਣਾਂ ਵਾਲੇ ਸਾਰੇ ਪਸਾਰੇ ਮੁੱਕ ਗਏ ਹਨ,

ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮਘਾਤੀ॥1॥...
ਕਹੁ ਨਾਨਕ ਗੁਰਿ ਖੋਲੇ ਕਪਾਟ॥
ਮੁਕਤੁ ਭਏ ਬਿਨਸੇ ਭ੍ਰਮ ਥਾਟ॥4॥
(ਪੰਨਾ 188)

ਇਸ ਲਈ ਮਨੁੱਖ ਦੇ ਜੀਵਨ ਦਾ ਮਕਸਦ, ਉਸ ਦੇ ਇਸ ਸੰਸਾਰ ਤੇ ਆਉਣ ਦਾ ਨਿਸ਼ਾਨਾ ਉਸ ਪਰਮ-ਪੁਰਖ ਨਾਲ ਮਿਲਾਪ ਅਤੇ ਮਿਲਾਪ ਰਾਹੀਂ ਪਰਮ ਪਦ ਦੀ ਪ੍ਰਾਪਤੀ ਕਰਨਾ ਹੈ ਕਿਉਂਕਿ ਉਹ ਪਰਮ ਹਸਤੀ ਹੀ ਸਭ ਦਾ ਜੀਵਨ ਹੈ। ਇਸ ਪ੍ਰਾਪਤੀ ਵਾਲੇ ਮਨੁੱਖ ਦਾ ਜਨਮ ਸਫਲ ਹੋ ਜਾਂਦਾ ਹੈ। ਅਜਿਹੇ ਮਨੁੱਖ ਪਰਮਾਤਮਾ ਦੇ ਭਗਤ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ ਅਤੇ ਅਜਿਹੇ ਮਨੁੱਖਾਂ ਨੂੰ ਮਿਲਣ ਨਾਲ ਦੂਸਰਿਆਂ ਨੂੰ ਵੀ ਆਤਮਕ ਚਾਨਣਾ ਮਿਲਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਮਨੁੱਖ ਦਾ ਜਨਮ ਸਫਲ ਹੋ ਜਾਂਦਾ ਹੈ ਕਿਉਂਕਿ ਉਸ ਦਾ ਨਾਮ ਹੀ ਆਤਮਿਕ ਜੀਵਨ ਦੇਣ ਵਾਲਾ ਹੈ। ਮਨੁੱਖ ਦਾ ਅਸਲੀ ਮਿੱਤਰ ਅਤੇ ਭਰਾ ਉਹੀ ਹੈ ਜਿਸ ਦੀ ਸੰਗਤਿ ਵਿਚ ਪਰਮਾਤਮਾ ਦੀ ਸਿਫ਼ਤ-ਸਾਲਾਹ ਸੁਣਨ ਨੂੰ ਮਿਲਦੀ ਹੈ। ਪਰਮਾਤਮਾ ਦਾ ਨਾਮ ਹੀ ਇਸ ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਾਲਾ ਹੈ ਅਤੇ ਉਸ ਦੇ ਨਾਮ ਦਾ ਸਿਮਰਨ ਕਰਨ ਨਾਲ ਹੀ ਆਤਮਿਕ ਪਦ ਦੀ ਪ੍ਰਾਪਤੀ ਰਾਹੀਂ ਜਨਮ ਪ੍ਰਵਾਨ ਹੋ ਜਾਂਦਾ ਹੈ ਅਤੇ ਜੀਵਨ ਅਤੇ ਮਰਨ ਦੋਵੇਂ ਸਫ਼ਲ ਹੋ ਜਾਂਦੇ ਹਨ,

ਜੀਵਨ ਮਰਣੁ ਜਨਮੁ ਪਰਵਾਨੁ॥
ਜਾ ਕੈ ਰਿਦੈ ਵਸੈ ਭਗਵਾਨ॥ (ਪੰਨਾ 195)

ਗੁਰਮਤਿ ਦਰਸ਼ਨ ਵਿਚ ਜੀਵਨ ਉਪਰੰਤ ਮੁਕਤੀ ਪ੍ਰਾਪਤੀ ਨਾਲੋਂ ਜੀਵਨ-ਮੁਕਤੀ ਦੇ ਸਿਧਾਂਤ ਨੂੰ ਪਹਿਲ ਦਿੱਤੀ ਗਈ ਹੈ। ਜੀਵਨ-ਮੁਕਤੀ ਦਾ ਅਰਥ ਹੈ ਕਿ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ, ਇਸ ਸੰਸਾਰਕ-ਜੀਵਨ ਦੇ ਸਮੇਂ ਅੰਦਰ ਹੀ ਮੁਕਤੀ-ਪਦ ਪ੍ਰਾਪਤ ਕਰ ਲੈਣਾ ਅਰਥਾਤ ਸੰਸਾਰਕ ਵਿਸ਼ੇ ਵਿਕਾਰਾਂ ਦੇ ਬੰਧਨਾਂ ਤੋਂ ਅਜ਼ਾਦੀ ਪਾ ਲੈਣਾ ਅਤੇ ਪਰਮਾਤਮ-ਜੋਤਿ ਨੂੰ ਆਪਣੇ ਅੰਦਰ ਅਨੁਭਵ ਕਰ ਲੈਣਾ। ਇਸੇ ਨੂੰ ਹੀ 'ਜੀਵਤਿਆ ਮਰਿ ਰਹੀਐ' ਕਿਹਾ ਹੈ। ਇਸ ਜੀਵਨ-ਮੁਕਤਿ ਪਦ ਦੀ ਪ੍ਰਾਪਤੀ ਨਾਲ ਮਨੁੱਖ ਜਨਮ ਅਤੇ ਮਰਨ ਦੇ ਚੱਕਰ ਤੋਂ ਨਿਜ਼ਾਤ ਪਾ ਲੈਂਦਾ ਹੈ ਅਤੇ ਉਸ ਦਾ ਜਨਮ-ਮਰਨ ਦਾ ਦੁੱਖ ਕੱਟਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਇਸੇ ਸਬੰਧ ਵਿਚ ਫੁਰਮਾਉਂਦੇ ਹਨ ਕਿ ਜਿਸ ਹਾਲਤ ਨੂੰ ਮਰ ਕੇ ਪੁੱਜਣਾ ਹੈ, ਉਸ ਲਈ ਜਿਉਂਦਿਆਂ ਹੀ ਮੰਦੀਆਂ

**ਦਸਮ ਗ੍ਰੰਥ ਅਧਿਐਨ**

ਵਾਸ਼ਨਾਵਾਂ ਨੂੰ ਮਾਰ ਕੇ ਮਰੋ। ਜੋ ਕੁੱਝ ਅਨਹਦ ਸ਼ਬਦ ਦੁਆਰਾ ਪ੍ਰਾਪਤ ਹੋਇਆ ਦੱਸਦੇ ਹਨ (ਯੋਗੀਆਂ ਅਨੁਸਾਰ) ਉਹ ਗੁਰੂ ਦੇ ਸ਼ਬਦ ਦੀ ਵੀਚਾਰ ਤੋਂ ਮਿਲ ਜਾਂਦਾ ਹੈ। ਇਸ ਲਈ ਹਰ ਤਰ੍ਹਾਂ ਦੀ ਹਿਚਕਚਾਹਟ ਦੂਰ ਕਰਕੇ ਗੁਰੂ ਨੂੰ ਮਿਲਣਾ ਚਾਹੀਦਾ ਹੈ ਕਿਉਂਕਿ ਗੁਰੂ ਦੇ ਸ਼ਬਦ ਰਾਹੀਂ ਹੀ ਜੀਵਨ-ਮੁਕਤੀ ਦੀ ਸੋਝੀ ਪ੍ਰਾਪਤ ਹੁੰਦੀ ਹੈ,

ਅੰਤਰ ਕੀ ਗਤਿ ਜਾਣੀਐ
ਗੁਰ ਮਿਲੀਐ ਸੰਕ ਉਤਾਰਿ॥
ਮੁਇਆ ਜਿਤੁ ਘਰਿ ਜਾਈਐ
ਤਿਤੁ ਜੀਵਦਿਆ ਮਰੁ ਮਾਰਿ॥ (ਪੰਨਾ 21)

ਜਪੁਜੀ ਸਾਹਿਬ ਵਿਚ 'ਸਚਿਆਰ' ਪਦ ਦੀ ਪ੍ਰਾਪਤੀ ਦੀ ਗੱਲ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ 'ਹਉਮੈ' ਨੂੰ 'ਕੂੜੈ ਪਾਲਿ' ਕਿਹਾ ਹੈ ਜੋ ਮਨੁੱਖ ਅਤੇ ਅਕਾਲ ਪੁਰਖ ਵਿਚ ਵਿੱਥ ਦਾ ਕਾਰਨ ਬਣਦੀ ਹੈ ਅਤੇ ਸਚਿਆਰ ਬਣਨ ਲਈ ਇਸ ਕੂੜ ਦੀ ਕੰਧ ਨੂੰ ਤੋੜਨਾ ਜ਼ਰੂਰੀ ਹੈ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਦੋਂ ਗੁਰੂ ਦੀ ਦੱਸੀ ਕਾਰ ਕਮਾ ਕੇ ਹਰ ਥਾਂ ਉਸ ਪਰਮਾਤਮਾ ਦੀ ਵਿਆਪਕਤਾ ਨੂੰ ਪਛਾਣ ਲਈਦਾ ਹੈ ਫਿਰ ਜੰਗਲਾਂ ਵਿਚ ਜਾ ਕੇ ਉਸ ਨੂੰ ਲੱਭਣ ਦੀ ਕੀ ਲੋੜ ਹੈ? ਜਿਸ ਮਨੁੱਖ ਨੂੰ ਹਰ ਥਾਂ ਪਰਮਾਤਮਾ ਦੀ ਵਿਆਪਕਤਾ ਦਾ ਅਹਿਸਾਸ ਹੋ ਜਾਵੇ ਉਸ ਨੂੰ ਘਰ ਅੰਦਰ ਹੀ ਸੰਘਣਾ ਅਤੇ ਹਰਿਆਵਲਾ ਜੰਗਲ ਨਜ਼ਰ ਆਉਂਦਾ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਰਾਹੀਂ ਉਸ ਸਦਾ ਰਹਿਣ ਵਾਲੇ ਪਰਮਾਤਮਾ ਵਿਚ ਟਿਕਦਾ ਹੈ, ਪਰਮਾਤਮਾ ਤੁਰਤ ਉਸ ਦੇ ਹਿਰਦੇ ਘਰ ਵਿਚ ਆ ਵਸਦਾ ਹੈ। ਹਰ ਕੋਈ ਜਨਮ ਅਤੇ ਮਰਨ ਦੇ ਚੱਕਰ ਦੀ ਗੱਲ ਕਰਦਾ ਹੈ। ਜਿਸ ਨੂੰ ਅਸੀਂ ਜੰਮਣਾ ਜਾਂ ਮਰਨਾ ਆਖਦੇ ਹਾਂ, ਉਹ ਸਭ ਉਸ ਅਕਾਲ ਪੁਰਖ ਨੇ ਬਣਾਇਆ ਹੈ। ਇਹ ਉਸ ਦਾ ਖੇਲ ਹੈ। ਜਿਹੜੇ ਮਨੁੱਖ ਆਪਣੇ ਅੰਦਰੋਂ ਆਪਾ ਭਾਵ ਅਰਥਾਤ ਹਉਮੈ ਗੁਆ ਕੇ ਮਾਇਆ-ਮੋਹ ਵੱਲੋਂ ਆਪਣੇ ਮਨ ਨੂੰ ਮਾਰ ਲੈਂਦੇ ਹਨ ਉਨ੍ਹਾਂ ਨੂੰ ਇਹ ਜਨਮ-ਮਰਨ ਦਾ ਚੱਕਰ ਨਹੀਂ ਵਿਆਪਦਾ,

ਕਿਆ ਜੰਗਲ ਢੂਢੀ ਜਾਇ
ਮੈ ਘਰਿ ਬਨੁ ਹਰੀਆਵਲਾ॥
ਸਚਿ ਟਿਕੈ ਘਰਿ ਆਇ
ਸਬਦ ਉਤਾਵਲਾ॥1॥
ਜੰਮਣ ਮਰਣਾ ਆਖੀਐ
ਤਿਨਿ ਕਰਤੈ ਕੀਆ॥
ਆਪੁ ਗਵਾਇਆ ਮਰਿ ਰਹੇ
ਫਿਰਿ ਮਰਣੁ ਨ ਥੀਆ॥6॥ (ਪੰਨਾ 420)

ਜਨਮ ਤੱਤਾਂ ਦਾ ਪਰਮ ਜੋਤਿ ਨਾਲ ਸੰਜੋਗ ਹੈ ਅਤੇ ਮਰਨ ਪਰਮ ਜੋਤਿ ਦਾ ਤੱਤਾਂ ਨਾਲੋਂ ਵਿਜੋਗ ਹੈ ਜਿਸ ਉਪਰੰਤ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ। ਇਹ ਕਰਤਾ ਪੁਰਖ ਦਾ ਆਪ ਕੀਤਾ ਵਰਤਾਰਾ ਹੈ ਜਿਸ ਦੀ ਪਹਿਲਾਂ ਵੀ ਗੱਲ ਕੀਤੀ ਹੈ। ਰਾਗੁ ਵਡਹੰਸੁ ਵਿਚ ਅਲਾਹੁਣੀਆਂ ਦੇ ਸਿਰਲੇਖ ਹੇਠ ਰਚੀ ਬਾਣੀ ਵਿਚ ਗੁਰੂ ਨਾਨਕ ਦੇਵ ਮੌਤ ਜਾਂ ਮਰਨ ਦਾ ਅਰਥ ਸਪਸ਼ਟ ਕਰਦੇ ਹਨ। ਅਲਾਹੁਣੀਆਂ ਅਸਲ ਵਿਚ ਕਿਸੇ ਪਿਆਰੇ ਦੀ ਮੌਤ ਸਮੇਂ ਸਕੀਆਂ-ਸਬੰਧੀ ਔਰਤਾਂ ਵੱਲੋਂ ਮਿਲ ਕੇ ਰੋਣ ਦੇ ਲਹਿਜੇ ਵਿਚ ਅਲਾਪੀਆਂ ਜਾਂਦੀਆਂ ਹਨ। ਇਸੇ ਲੋਕ-ਰਵਾਇਤ ਦੀ ਤਰਜ਼ 'ਤੇ ਰਚੀ ਬਾਣੀ ਵਿਚ ਗੁਰੂ ਨਾਨਕ ਮੌਤ ਦੇ ਗੁਰਮਤਿ ਸਿਧਾਂਤ ਨੂੰ ਸਪਸ਼ਟ ਕਰਦੇ ਹਨ। ਇਥੇ ਗੁਰੂ ਨਾਨਕ ਸਾਹਿਬ ਸਤਿਸੰਗੀਆਂ ਨੂੰ ਸਹੇਲੀਆਂ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਰਲ ਕੇ ਉਸ ਪਰਮਾਤਮਾ ਨਾਲੋਂ ਵਿਛੋੜੇ ਦਾ ਵਾਰ ਵਾਰ ਚੇਤਾ ਕਰਨ ਨੂੰ ਕਹਿੰਦੇ ਹਨ ਤਾਂ ਕਿ ਉਸ ਮਾਲਕ ਨੂੰ ਯਾਦ ਕੀਤਾ ਜਾ ਸਕੇ। ਉਸ ਮਾਲਕ ਨੂੰ ਹਿਰਦੇ ਵਿਚ ਵਸਾ ਕੇ ਉਸ ਰਸਤੇ ਨੂੰ ਯਾਦ ਕਰਨ ਦੀ ਤਾਕੀਦ ਕਰਦੇ ਹਨ ਜਿਸ ਉਤੇ ਲੋਕ ਜਾ ਰਹੇ ਹਨ ਅਤੇ ਜਿਸ ਉਤੇ ਇੱਕ ਦਿਨ ਸਭ ਨੇ ਪਰਲੋਕ ਵਿਚ ਜਾਣਾ ਹੈ। ਮਰਨ ਉਤੇ ਰੋਣਾ ਵਿਅਰਥ ਹੈ ਕਿਉਂਕਿ ਇਹ ਸਭ ਕਰਤਾ ਪੁਰਖ ਦੀ ਰਜ਼ਾ ਵਿਚ ਹੋ ਰਿਹਾ ਹੈ। ਜਿਸ ਨੇ ਪੈਦਾ ਕੀਤਾ ਸੀ, ਸੰਸਾਰ ਉਤੇ ਭੇਜਿਆ ਸੀ ਉਸੇ ਨੇ ਵਾਪਸ ਬੁਲਾ ਲਿਆ ਹੈ। ਸੰਸਾਰ ਵਿਚ ਰਹਿੰਦਿਆਂ ਜੋ ਕੁੱਝ ਵੀ ਜੀਵ ਕਰਦਾ ਹੈ ਉਹੀ ਉਸ ਦੇ ਅੱਗੇ ਆਉਂਦਾ ਹੈ। ਮੌਤ ਦੇ ਇਸ ਰੱਬੀ ਨਿਯਮ ਅੱਗੇ ਮਨੁੱਖ ਦਾ ਕੋਈ ਜ਼ੋਰ ਨਹੀਂ ਹੈ। ਇਸ ਕਰਕੇ ਰਲ ਮਿਲ ਕੇ ਉਸ ਸਦੀਵੀ ਰਹਿਣ ਵਾਲੇ ਪਰਮਾਤਮਾ ਦਾ ਨਾਮ ਸਿਮਰਨ ਦਾ ਆਦੇਸ਼ ਕੀਤਾ ਹੈ। ਗੁਰੂ ਨਾਨਕ ਅੱਗੇ ਦੱਸਦੇ ਹਨ ਕਿ ਹੇ ਲੋਕੋ! ਮੌਤ ਨੂੰ ਬੁਰਾ ਨਾ ਆਖੋ। ਮੌਤ ਚੰਗੀ ਹੈ ਪਰ ਜੇ ਮਰਨਾ ਸੱਚੇ ਪਰਮਾਤਮਾ ਅੱਗੇ ਪ੍ਰਵਾਨ ਹੋਵੇ ਅਰਥਾਤ ਜੇ ਕੋਈ ਮਨੁੱਖ ਉਸ ਤਰੀਕੇ ਨਾਲ ਜਿਉਣ ਉਪਰੰਤ ਮਰਦਾ ਹੈ ਜਿਸ ਜੀਵਨ ਵਿਚ ਸਰਬ-ਸ਼ਕਤੀਮਾਨ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ, ਉਸ ਦਾ ਅਨੁਸਾਰੀ ਹੋ ਕੇ ਜੀਵਨ ਬਸਰ ਕੀਤਾ ਜਾਂਦਾ ਹੈ ਜਿਸ ਨਾਲ ਇਹ ਜੀਵਨ ਰਸਤਾ ਸੌਖਾ ਹੋ ਜਾਂਦਾ ਹੈ। ਇਸ ਰਸਤੇ ਤੇ ਤੁਰਨ ਨਾਲ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਮਿਲਦੀ ਹੈ। ਜੇ ਮਨੁੱਖ ਇਥੋਂ ਪਰਮਾਤਮਾ ਦੇ ਨਾਮ ਦੀ ਭੇਟਾ ਲੈ ਕੇ ਜਾਂਦਾ ਹੈ ਉਹ ਪਰਮਾਤਮਾ ਨੂੰ ਚੰਗਾ ਲਗਦਾ ਹੈ ਅਤੇ ਆਤਮਿਕ ਅਨੰਦ ਮਾਣਦਾ ਹੈ। ਮੌਤ ਨੂੰ ਮਾੜਾ ਨਾ ਆਖੋ ਪਰ ਇਸ ਦੀ ਸਮਝ ਉਸੇ ਨੂੰ ਲਗਦੀ ਹੈ ਜੋ ਮਨੁੱਖ ਇਸ ਤਰੀਕੇ ਨਾਲ ਮਰਨਾ ਜਾਣਦਾ ਹੋਵੇ। ਉਨ੍ਹਾਂ ਸੂਰਮੇ ਮਨੁੱਖਾਂ ਦਾ ਮਰਨਾ ਸੱਚਾ ਅਤੇ ਸਫ਼ਲ ਹੈ ਜਿਹੜੇ ਪ੍ਰਵਾਨ ਹੋ ਕੇ ਮਰਦੇ ਹਨ। ਐਵੇਂ ਜ਼ਿਦ ਜਾਂ ਭਰਮ ਕਰਕੇ ਮਰ ਜਾਣਾ ਕੋਈ ਮਾਇਨੇ ਨਹੀਂ ਰੱਖਦਾ ਜਦ ਤੱਕ ਕਿਸੇ ਪ੍ਰਮਾਣੀਕ ਕੰਮ ਅਰਥਾਤ ਧਰਮ ਜਾਂ ਕੌਮ ਦੀ ਸੇਵਾ ਵਿਚ ਜੀਵਨ ਨਾ ਲੱਗੇ। ਸੂਰਮੇ ਅਤੇ ਬਹਾਦਰ ਉਹ ਅਖਵਾਉਂਦੇ ਹਨ ਜਿਹੜੇ ਸੱਚੀ ਦਰਗਾਹ ਵਿਚ ਮਾਣ, ਇਜ਼ਤ ਪਾਉਂਦੇ ਹਨ। ਇੱਜ਼ਤ ਨਾਲ ਇਸ ਸੰਸਾਰ ਤੋਂ ਜਾਂਦੇ ਹਨ। ਪਰਮਾਤਮਾ ਨੂੰ ਇੱਕ ਜਾਣ ਕੇ ਉਸ ਦਾ ਸਿਮਰਨ ਕਰਦੇ ਹਨ ਅਤੇ ਉਨ੍ਹਾਂ ਨੂੰ ਉਸ ਦਾ ਫਲ ਪ੍ਰਾਪਤ ਹੁੰਦਾ ਹੈ ਅਤੇ ਸਿਮਰਨ ਨਾਲ ਉਨ੍ਹਾਂ ਦਾ ਭੈ ਦੂਰ ਹੋ ਜਾਂਦਾ ਹੈ। ਮਨੁੱਖ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਅਤੇ ਆਪਣੇ ਮਨ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ। ਅਜਿਹੇ ਬਹਾਦਰ ਮਨੁੱਖਾਂ ਦਾ ਮਰਨਾ ਸੱਚਾ ਹੈ ਜੋ ਪ੍ਰਵਾਨ ਹੋ ਕੇ ਮਰਦੇ ਹਨ,

ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ॥...
ਊਚਾ ਨਹੀ ਕਹਣਾ ਮਨ ਮਹਿ
ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ॥3॥
(ਪੰਨਾ 579-80)

ਗੁਰਮਤਿ ਦਰਸ਼ਨ ਅਨੁਸਾਰ ਜੰਮਣਾ ਅਤੇ ਮਰਨਾ ਉਸ ਅਕਾਲ ਪੁਰਖ ਦਾ ਹੁਕਮ ਹੈ ਅਤੇ ਉਸ ਦੇ ਭਾਣੇ ਵਿਚ ਮਨੁੱਖ ਇਸ ਸੰਸਾਰ 'ਤੇ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਜਨਮ ਅਤੇ ਮੌਤ ਨਾਲ ਕਿਸੇ ਕਿਸਮ ਦੇ ਸੂਤਕ ਨੂੰ ਜੋੜਨਾ ਵੀ ਭਰਮ-ਮੂਲਕ ਹੈ, ਵਹਿਮ ਹੈ। ਗੁਰੂ ਸਾਹਿਬ ਨੇ ਤਾਂ ਖਾਣ-ਪੀਣ ਨੂੰ ਵੀ ਪਵਿੱਤਰ ਮੰਨਿਆ ਹੈ ਅਤੇ ਇਸ ਨਾਲ ਕਿਸੇ ਕਿਸਮ ਦੇ ਸੂਤਕ ਨੂੰ ਜੋੜਨਾ ਭਰਮ-ਮੂਲਕ ਕਿਹਾ ਹੈ ਕਿਉਂਕਿ ਇਹ ਰਿਜ਼ਕ ਪਰਮਾਤਮਾ ਨੇ ਦਿੱਤਾ ਹੈ। ਇਸ ਲਈ ਉਸ ਦੀਆਂ ਦਿੱਤੀਆਂ ਨਿਆਮਤਾਂ ਕਾਰਨ ਉਸ ਦਾ ਸ਼ੁਕਰ-ਗੁਜ਼ਾਰ ਹੋ ਕੇ, ਉਸ ਦਾ ਸਿਮਰਨ ਕਰਦਿਆਂ ਜੀਵਨ ਜਿਉਣ ਦਾ ਆਦੇਸ਼ ਕੀਤਾ ਹੈ ਅਤੇ ਸਹਿਜ ਵਿਚ ਇਸ ਸੰਸਾਰ ਤੋਂ ਤੁਰ ਜਾਣਾ ਉਸ ਦੇ ਭਾਣੇ ਨੂੰ ਮੰਨਣਾ ਹੈ,

ਸਭੋ ਸੂਤਕ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ
ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰ ਹੈ
ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ
ਤਿਨ੍ਹਾ ਸੂਤਕੁ ਨਾਹਿ॥ (ਪੰਨਾ 472)

**ਚਲਦਾ**

## ਸਿਆਣਿਆਂ ਦਾ ਕਿਹਾ

(1) ਜਦੋਂ ਤੀਵੀਂ ਘਰੋਂ ਰੁਸ ਕੇ ਨਿਕਲਦੀ ਹੈ ਤਾਂ ਪਿਛਾਂਹ ਮੁੜ ਕੇ ਵੀ ਜ਼ਰੂਰ ਦੇਖਦੀ ਹੈ ਕਿ ਮੇਰੇ ਮਗਰ ਤਾਂ ਨਹੀਂ ਕੋਈ ਆਉਂਦਾ।

(2) ਸਿੱਖ ਧਰਮ ਨੂੰ ਬਚਾਉਣਾ ਹੈ ਤਾਂ ਡੇਰਿਆਂ ਦੀ ਮਰਿਯਾਦਾ 'ਚੋਂ ਬਾਹਰ ਨਿਕਲੋ।

(3) 15 ਅਗਸਤ ਆ ਗਈ ਫਿਰ ਝੰਡੇ ਚੜ੍ਹਾਏ ਜਾਣਗੇ, ਸਾਰਾ ਸਾਲ ਗਲੀਆਂ ਵਿਚ ਫਿਰ ਦੰਗੇ ਕਰਾਏ ਜਾਣਗੇ।

(4) ਸ਼ਰਾਬੀ ਵੀ ਬੜੇ ਕਮਾਲ ਦੇ ਬੰਦੇ ਹਨ, ਘੁੱਟ ਪੀ ਕੇ ਲੜ ਪੈਣ ਤਾਂ ਘਰ ਦੇ ਭਾਂਡੇ ਭੰਨ ਸੁੱਟਦੇ ਹਨ ਤੇ ਜੇ ਦਿਆਲ ਹੋ ਜਾਣ ਤਾਂ ਲਾਰਿਆਂ ਦੇ ਪੁੱਲ ਬੰਨ੍ਹ ਦਿੰਦੇ ਹਨ।

(5) ਵਾਹ ਬਈ ਵਾਹ ਸ਼ਰਾਬੀਆ, ਪੀਤੀ ਹੋਈ 'ਚ ਤਾਂ ਹਵਾਈ ਜਹਾਜ ਵੀ ਮੱਛਰ ਹੀ ਦਿਸਦੈ।

(6) ਬੰਦਾ ਇਕ ਪੈਗ ਨਾਲ ਤੋਤਾ, ਦੂਜੇ ਨਾਲ ਸ਼ੇਰ, ਤੀਜੇ ਨਾਲ ਹਾਥੀ, ਚੌਥੇ ਨਾਲ ਖੋਤਾ ਬਣ ਜਾਂਦਾ ਹੈ।

(7) ਅੱਜ ਦੀ ਆਜ਼ਾਦੀ ਦਾ ਮਾਹੌਲ ਜੋ ਤਿਰੰਗਿਆ, ਇਹੋ ਜਿਹਾ ਦੌਰ ਤੈਥੋਂ ਕਦੋਂ ਸੀ ਮੰਗਿਆ।

(8) ਮੱਕੀ ਗੁੱਡਣ ਜਾਣਾ ਬਾਪੂ ਨਾਲ ਬਹੁਤ ਸੀ ਮਨ ਨੂੰ ਭਾਉਂਦਾ, ਰੋਟੀ ਖਾ ਆਚਾਰ ਨਾਲ ਬੜਾ ਮਜ਼ਾ ਸੀ ਆਉਂਦਾ।

(9) ਨਸ਼ਾ ਉਤਰਨ ਤੋਂ ਮਗਰੋਂ ਸ਼ਰਾਬੀ ਦੇ ਪੱਲੇ ਨਮੋਸ਼ੀ ਤੇ ਸ਼ਰਮਿੰਦਗੀ ਤੋਂ ਸਿਵਾ ਹੋਰ ਕੁੱਝ ਵੀ ਨਹੀਂ ਰਹਿ ਜਾਂਦਾ।

(10) ਕੁਰਸੀ ਦਾ ਨਸ਼ਾ ਸ਼ਰਾਬ ਨਾਲੋਂ ਵੀ ਭੈੜਾ ਹੈ।

(11) ਭਾਰਤੀ ਸਿਸਟਮ ਵਿਚ ਜੱਟ ਤਾਂ ਹਰ ਥਾਂ ਹੀ ਤਾਸ਼ ਦੇ ਠੋਕੇ ਵਾਂਗ ਠੋਕਿਆ ਜਾਂਦਾ ਹੈ।

(12) ਖਾੜਕੂ ਵਿਅਕਤੀ ਜੋ ਲੋਕਾਂ ਦੀ ਅਣਖ ਦਾ ਪ੍ਰਤੀਕ ਬਣ ਚੁਕਾ ਹੋਵੇ, ਜੇ ਥੋੜ੍ਹਾ ਜਿਹਾ ਵੀ ਥਿੜ੍ਹਕੇ ਤਾਂ ਇਹ ਲੋਕਾਂ ਦੇ ਜਜ਼ਬਾਤ ਦੀ ਮੌਤ ਹੁੰਦੀ ਹੈ।

(13) ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਨ ਲਈ ਘਰੋਂ ਤੁਰੇ ਵਿਅਕਤੀ ਲਈ ਤਿੰਨ ਹੀ ਰਾਹ ਬਚਦੇ ਹਨ, ਕੁੱਝ ਪ੍ਰਾਪਤ ਕਰ ਕੇ ਵਾਪਸ ਆਵੇ, ਸ਼ਹੀਦੀ ਪਾਵੇ ਜਾਂ ਖ਼ੁਦਕੁਸ਼ੀ ਕਰ ਲਵੇ। ਨਹੀਂ ਤਾਂ ਗੱਦਾਰ ਵੀ ਕਹਾਏਗਾ।

(14) ਹਿੰਦੂ ਸਾਮਰਾਜ, ਪੰਜਾਬ ਨੂੰ, ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ, ਇਕਾਈ ਵਜੋਂ ਮਾਰਨਾ ਚਾਹੁੰਦਾ ਹੈ।

(15) ਭਾਰਤੀ ਹੁਕਮਰਾਨਾ, ਸੱਚ ਮੂਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ, ਗੱਲ ਨਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ।

(16) ਜਿਹੜੇ ਮੈਦਾਨੇ-ਜੰਗ 'ਚੋਂ ਪਿਠ ਦਿਖਾ ਗਏ ਹਨ ਉਹ ਭੁੱਖ ਹੜਤਾਲਾਂ 'ਚੋਂ ਕੀ ਪ੍ਰਾਪਤ ਕਰ ਲੈਣਗੇ।

(17) ਸਿੱਖ ਕੌਮ ਨੇ ਤੇਗਾਂ ਦੀਆਂ ਨੋਕਾਂ ਤੇ ਤੁਰ ਕੇ ਲਹੂ ਰੱਤੇ ਇਤਿਹਾਸ ਦੀ ਸਿਰਜਣਾ ਕੀਤੀ ਹੈ, ਇਤਿਹਾਸ ਸਿਰਜਿਆ ਬਹੁਤ ਪ੍ਰੰਤੂ ਸੰਭਾਲਿਆ ਬਹੁਤ ਘੱਟ।

(18) ਜੋਸ਼ 'ਚ ਹੋਸ਼ ਦੀ ਵਰਤੋਂ ਗੁਰੀਲਾ ਯੁੱਧ ਦੀ ਨੀਤੀ ਦਾ ਅਹਿਮ ਅੰਗ ਹੈ।

(19) ਧਰਮ ਦਾ ਵਿਸਥਾਰ ਵੀ ਨੀਤੀ ਨਾਲ ਹੀ ਕੀਤਾ ਜਾ ਸਕਦਾ ਹੈ।

(20) ਯੁੱਧ ਦੌਰਾਨ ਚੰਗੇਰੀ ਨੀਤੀ ਦੇ ਧਾਰਨੀ ਰਾਜ ਦੇ ਅਧਿਕਾਰੀ ਬਣਦੇ ਹਨ।

(21) ਕਾਹਲੀ 'ਚ ਅਤੇ ਨੀਤੀ ਤਿਆਗ ਕੇ ਵਿਚਰਨਾ ਸ਼ੈਤਾਨ ਅਤੇ ਮੂਰਖ ਦਾ ਕੰਮ ਹੈ। ਨੀਤੀ ਅਤੇ ਹੋਸ਼ ਤੋਂ ਬਿਨਾਂ ਕੋਈ ਸੰਘਰਸ਼ ਲੰਮੇ ਸਮੇਂ ਲਈ ਨਹੀਂ ਲੜਿਆ ਜਾ ਸਕਦਾ।

(22) ਜੇ ਦੁਸ਼ਮਣ ਵਧੇਰੇ ਤਾਕਤਵਰ ਹੈ ਤਾਂ ਦੁਸ਼ਮਣ ਦੇ ਦੁਸ਼ਮਣ ਨਾਲ ਸੰਧੀ ਕਰਕੇ ਆਪਣੀ ਤਾਕਤ ਨੂੰ ਵਧਾਉਣਾ ਅਤੇ ਦੁਸ਼ਮਣ ਦੀ ਤਾਕਤ ਨੂੰ ਘਟਾਉਣਾ ਜਾਇਜ਼ ਹੈ।

(23) ਆਪਣੇ ਤੋਂ ਉਮਰ ਅਤੇ ਵਿਦਿਆ ਵਿਚ ਵਡੇਰੇ ਲੋਕਾਂ ਦਾ ਸਤਿਕਾਰ, ਸੰਗਤ ਅਤੇ ਸੂਝਬੂਝ ਦਾ ਫਾਇਦਾ ਜ਼ਰੂਰ ਉਠਾਉਣਾ ਚਾਹੀਦਾ ਹੈ।

(24) ਕੱਚੀਆਂ ਅੰਬੀਆਂ, ਬੇਰ, ਜਾਮਣਾਂ ਅੱਜ ਵੀ ਚੇਤੇ ਆਉਂਦੇ, ਤੂਤਾਂ ਉਪਰ ਚੜ੍ਹ ਕੇ ਗੋਲ੍ਹਾਂ ਗਾਲ੍ਹੜ ਵਾਂਗੂ ਲਾਹੁੰਦੇ।

(25) ਸੰਘਰਸ਼ 'ਚੋਂ ਭਗੌੜਿਆਂ ਨੂੰ ਮੁੜ ਆਗੂ ਚੁਣਨਾ, ਕੌਮ ਨੂੰ ਮੌਤ ਦੇ ਮੂੰਹ ਵਿਚ ਸੁਟਣ ਤੋਂ ਘੱਟ ਨਹੀਂ ਹੈ।

(26) ਅਜੋਕਾ ਸੰਘਰਸ਼ ਅਕਾਲੀਆਂ ਦੇ ਵੱਸ ਦਾ ਨਹੀਂ ਪਰ ਉਨ੍ਹਾਂ ਦੀ ਨੇਤੜਤਾ ਜ਼ਰੂਰ ਮੰਗਦਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

# ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ

**ਯਾਦਾਂ ਦੇ ਝਰੋਖੇ 'ਚੋਂ**

### ਪ੍ਰਿੰ. ਸਰਵਣ ਸਿੰਘ

ਸੰਤ ਰਾਮ ਉਦਾਸੀ ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ ਸੀ ਜੋ ਸਿਖਰ ਦੁਪਹਿਰੇ ਛਿਪ ਗਿਆ। ਉਹ ਖ਼ੁਦ ਭਾਵੇਂ ਛਿਪ ਗਿਆ ਪਰ ਉਹਦੇ ਗੀਤਾਂ ਤੇ ਨਜ਼ਮਾਂ ਦਾ ਤਪ-ਤੇਜ ਸਦਾ ਕਾਇਮ ਰਹੇਗਾ ਤੇ ਕਿਰਤੀ ਕਾਮਿਆਂ ਅੰਦਰ ਚਿਣਗਾਂ ਬਾਲਦਾ ਰਹੇਗਾ। ਉਦਾਸੀ ਨੇ ਆਪਣੇ ਗੀਤਾਂ, ਕਵਿਤਾਵਾਂ ਤੇ ਗਾਇਕੀ ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਲਈ ਐਸੀ ਅੱਗ ਬਾਲੀ ਜੋ ਹਾਕਮਾਂ ਤੇ ਲੋਟੂਆਂ ਦੇ ਬੁਝਾਉਣ ਦੇ ਬਾਵਜੂਦ ਬੁਝਣ ਵਾਲੀ ਨਹੀਂ। ਉਹਦੇ ਗੀਤਾਂ ਵਿਚ ਰੋਹ ਭਰੀ ਲਲਕਾਰ ਸੀ ਤੇ ਜਦੋਂ ਉਹ ਗਾਉਂਦਾ ਤਾਂ ਉਹ ਹੋਰ ਵੀ ਪ੍ਰਚੰਡ ਹੋ ਜਾਂਦੀ। ਉਹ ਖੱਬਾ ਹੱਥ ਕੰਨ 'ਤੇ ਧਰ ਕੇ ਸੱਜੀ ਬਾਂਹ ਅਸਮਾਨ ਵੱਲ ਉਗਾਸਦਾ ਤਾਂ ਉਹਦੀ ਆਵਾਜ਼ ਦੂਰ-ਦੂਰ ਤਕ ਗੂੰਜਦੀ। ਮਲਵਈ ਲਹਿਜੇ ਵਾਲੀ ਗੜਾਰੀਦਾਰ ਆਵਾਜ਼ ਦੀਆਂ ਤਰੰਗਾਂ ਨਾਲ ਚਾਰ-ਚੁਫੇਰਾ ਲਰਜ਼ ਉਠਦਾ। ਉਹ ਆਪਣੀ ਸੰਖ ਵਰਗੀ ਉਚੀ ਆਵਾਜ਼ ਨਾਲ ਹਜ਼ਾਰਾਂ ਸਰੋਤਿਆਂ ਦੇ 'ਕੰਨਾਂ ਨੂੰ ਕੀਲ ਲੈਂਦਾ। ਲੋਕ ਪੱਬਾਂ ਭਾਰ ਹੋ ਕੇ ਉਦਾਸੀ ਨੂੰ ਸੁਣਦੇ ਤੇ ਉਹਦੇ ਗੀਤਾਂ ਦੇ ਰੰਗ ਵਿਚ ਰੰਗੇ ਜਾਂਦੇ। ਜਿੰਨੇ ਜਾਨਦਾਰ ਉਸ ਦੇ ਗੀਤ ਹਨ, ਉਨੀ ਹੀ ਧੜੱਲੇਦਾਰ ਉਸ ਦੀ ਆਵਾਜ਼ ਸੀ। ਗੀਤਾਂ ਤੇ ਕਵਿਤਾਵਾਂ ਨੂੰ ਪੇਸ਼ ਕਰਨ ਦਾ ਉਹਦਾ ਅੰਦਾਜ਼ ਵੀ ਅਦੁੱਤੀ ਸੀ। ਉਹ ਹਿੱਕ ਦੇ ਤਾਣ ਨਾਲ ਗਾਉਂਦਾ,

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,  
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ।  
ਅਸਾਂ ਤੋੜ ਦੇਣੀ, ਅਸਾਂ ਤੋੜ ਦੇਣੀ  
ਲਹੂ ਪੀਣੀ ਜੋਕ ਹਾਣੀਆਂ...।  
ਰੁੱਸੀਆਂ ਬਹਾਰਾਂ ਅਸੀਂ ਮੋੜ ਕੇ ਲਿਆਉਣੀਆਂ ਨੇ,  
ਆਖਦੇ ਨੇ ਲੋਕੀਂ ਹਿੱਕਾਂ ਠੋਕ ਹਾਣੀਆਂ।  
ਹੜ੍ਹ ਲੋਕਤਾ ਦਾ, ਹੜ੍ਹ ਲੋਕਤਾ ਦਾ  
ਕਿਹੜਾ ਸਕੂ ਰੋਕ ਹਾਣੀਆਂ...।  
ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ,  
ਰੱਜਣਗੇ ਕਿਰਤੀ ਕਿਸਾਨ ਮੁੜ ਕੇ।  
ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ,  
ਕਿਰਤੀ ਕਿਸਾਨ ਜੁੜ ਕੇ...।

ਉਦਾਸੀ ਮੈਥੋਂ ਇਕ ਸਾਲ ਵੱਡਾ ਸੀ ਤੇ ਅਸੀਂ ਕਈ ਸਾਲ ਨੇੜੇ-ਤੇੜੇ ਵਿਚਰੇ। ਉਹ 20 ਅਪਰੈਲ 1939 ਨੂੰ ਬਰਨਾਲੇ ਨੇੜੇ ਪਿੰਡ ਰਾਏਸਰ ਵਿਚ ਕੰਮੀਆਂ ਦੇ ਵਿਹੜੇ ਜੰਮਿਆ। ਮੇਰਾ ਪਿੰਡ ਚਕਰ ਉਹਦੇ ਪਿੰਡ ਤੋਂ ਪੰਦਰਾਂ ਸੋਲਾਂ ਮੀਲ ਦੂਰ ਹੈ ਜਿਥੇ ਉਹ ਕਈ ਵਾਰ ਆਇਆ। ਸਾਡੇ ਗੁਆਂਢੀ ਮਾਸਟਰ ਗੁਰਪ੍ਰੀਤ ਸਿੰਘ ਦਾ ਉਹ ਦੋਸਤ ਸੀ ਜੋ ਉਦਾਸੀ ਦੇ ਗੀਤ ਗਾਇਆ ਕਰਦਾ ਸੀ। ਜਦੋਂ ਉਹ ਚਕਰ ਆਇਆ ਹੁੰਦਾ ਤਾਂ ਗੁਆਢ ਵਿਚ ਉਹਦੇ ਗੀਤ ਸੁਣਨ ਦਾ ਮੌਕਾ ਮਿਲਦਾ। ਉਹ ਕਦੇ ਕਦੇ ਢੁੱਡੀਕੇ ਕਾਲਜ ਵਿਚ ਵੀ ਫੇਰਾ ਪਾਉਂਦਾ, ਜਿਥੇ ਮੈਂ ਤੀਹ ਸਾਲ ਦੇ ਕਰੀਬ ਪੜ੍ਹਾਇਆ। ਉਹਦੀਆਂ ਕਵਿਤਾਵਾਂ ਤੇ ਗੀਤ ਕਾਲਜ ਦੇ ਵਿਦਿਆਰਥੀ ਹੁੱਬ ਕੇ ਗਾਉਂਦੇ। ਜਿਨ੍ਹਾਂ ਦਿਨਾਂ ਵਿਚ ਢੁੱਡੀਕੇ ਕਾਲਜ ਚਾਲੂ ਹੋਇਆ ਤੇ ਮੈਂ ਦਿੱਲੀ ਦਾ ਖਾਲਸਾ ਕਾਲਜ ਛੱਡ ਕੇ ਢੁੱਡੀਕੇ ਆਇਆ ਉਨ੍ਹਾਂ ਦਿਨਾਂ 'ਚ ਉਦਾਸੀ ਦੀਆਂ ਕਵਿਤਾਵਾਂ ਤੇ ਗੀਤਾਂ ਦੀ ਗੁੱਡੀ ਚੜ੍ਹੀ ਹੋਈ ਸੀ। ਮੋਗਾ-ਜਗਰਾਓਂ ਤੇ ਬਰਨਾਲੇ-ਬਠਿੰਡੇ ਦੇ ਇਲਾਕੇ ਵਿਚ ਉਦਾਸੀ-ਉਦਾਸੀ ਹੋ ਰਹੀ ਸੀ। ਉਦੋਂ ਪੰਜਾਬ ਵਿਚ ਨਕਸਲਬਾੜੀ ਲਹਿਰ ਜ਼ੋਰਾਂ ਉਤੇ ਸੀ। ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਿਆ ਸੀ ਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ ਸੀ।

ਸੰਤ ਰਾਮ ਉਦਾਸੀ ਦਾ ਬਚਪਨ ਆਮ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀ ਤੁਰਸ਼ੀ ਵਿਚ ਬੀਤਿਆ ਪਰ ਇਸ ਗੱਲੋਂ ਉਹ ਖ਼ੁਸ਼ਕਿਸਮਤ ਰਿਹਾ ਕਿ ਪਛੜੇ ਇਲਾਕੇ ਦੇ ਪਛੜੇ ਪਿੰਡ ਵਿਚ ਵੀ ਦਸਵੀਂ ਤਕ ਪੜ੍ਹ ਗਿਆ। ਅੱਖਰਾਂ ਦੀ ਜਾਣਕਾਰੀ ਨੇ ਉਸ ਲਈ ਗਿਆਨ ਦੇ ਬੂਹੇ ਖੋਲ੍ਹ ਦਿੱਤੇ। ਉਹ ਜੇ ਬੀ ਟੀ ਦਾ ਕੋਰਸ ਕਰ ਕੇ ਪ੍ਰਾਇਮਰੀ ਸਕੂਲ ਦਾ ਅਧਿਆਪਕ ਲੱਗ ਗਿਆ ਜਿਸ ਨਾਲ ਉਹਦੇ ਗਿਆਨ ਤੇ ਤਜਰਬੇ ਵਿਚ ਵਾਧਾ ਹੋਇਆ ਤੇ ਅਧਿਆਪਕਾਂ ਵਿਚ ਉਹਦਾ ਦਾਇਰਾ ਖੁੱਲ੍ਹ ਗਿਆ। ਬਚਪਨ ਵਿਚ ਉਹ ਧਾਰਮਿਕ ਕਵਿਤਾਵਾਂ ਪੜ੍ਹਦਾ ਤੇ ਧਾਰਮਿਕ ਸਮਾਗਮਾਂ 'ਤੇ ਸੁਣਾਉਂਦਾ। ਉਹਦੇ ਮਾਪੇ ਨਾਮਧਾਰੀਏ ਸਨ ਜਿਨ੍ਹਾਂ ਤੋਂ ਉਸ ਨੂੰ ਧਰਮ ਦੀ ਗੁੜ੍ਹਤੀ ਮਿਲੀ। ਸਿੱਖ ਧਰਮ ਦਾ ਵਿਰਸਾ ਉਹਦੇ ਹੱਡਾਂ 'ਚ ਰਚ ਗਿਆ ਜੋ ਉਹਦੀਆਂ ਰਚਨਾਵਾਂ ਵਿਚ ਨਮੂਦਾਰ ਹੁੰਦਾ ਰਿਹਾ। ਉਹ ਬਾਹਰੋਂ ਖੋਗ ਕੇ ਲਿਆਂਦੀ ਪਰਾਈ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਨਹੀਂ ਸਗੋਂ ਪੰਜਾਬ ਦੀ ਧਰਤੀ ਵਿਚੋਂ ਉਗੀ ਆਪਣੀ ਇਨਕਲਾਬੀ ਸਿੱਖ ਵਿਚਾਰਧਾਰਾ ਦੇ ਅਨੁਕੂਲ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਸੀ। ਉਸ ਨੇ ਆਪਣੇ ਗੀਤਾਂ ਤੇ ਨਜ਼ਮਾਂ ਵਿਚ ਇਨਕਲਾਬੀ ਸਿੱਖ ਵਿਰਸੇ ਦੇ ਵੇਰਵਿਆਂ ਤੇ ਬਿੰਬਾਂ ਦੀ ਰੂਹ ਨਾਲ ਵਰਤੋਂ ਕੀਤੀ। ਉਹ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬਾਂ 'ਤੇ ਗਾਉਂਦਾ,

ਮੈਂ ਏਸੇ ਲਈ ਮੰਨਿਆ ਸੀ  
ਆਪਣੇ ਆਪ ਨੂੰ ਗੁਰੂ-ਚੇਲਾ,  
ਕਿ ਰਿਸ਼ਤਾ ਜੱਗ ਤੋਂ ਮਾਲਕ  
ਤੇ ਸੇਵਾਦਾਰ ਦਾ ਮੁੱਕ ਜਾਵੇ।  
ਮੈਂ ਏਸੇ ਲਈ ਗੜ੍ਹੀ ਚਮਕੌਰ ਦੀ ਵਿਚ  
ਜੰਗ ਲੜਿਆ ਸੀ,  
ਕਿ ਕੱਚੇ ਕੋਠੜੇ ਮੂਹਰੇ  
ਮਹਿਲ ਮਿਨਾਰ ਝੁਕ ਜਾਵੇ।  
ਜੇਕਰ ਤੁਸੀਂ ਮੈਨੂੰ ਆਪਣਾ  
ਸਰਦਾਰ ਮੰਨਿਆ ਹੈ,  
ਤਾਂ ਮੈਂ ਮੁੱਲ ਵੀ ਸਰਦਾਰੀਆਂ ਦਾ  
ਤਾਰ ਚੱਲਿਆ ਹਾਂ।  
ਮੈਂ ਦੇਵਣ ਲਈ ਉਦਾਹਰਣ  
ਜੱਗ ਦੇ ਕੌਮੀ ਨੇਤਾਵਾਂ ਨੂੰ,  
ਵਾਰ ਲੋਕਾਂ ਤੋਂ ਪਹਿਲਾਂ  
ਆਪਣਾ ਪਰਿਵਾਰ ਚੱਲਿਆ ਹਾਂ।  
ਰੰਘਰੇਟੇ ਆਖ ਕੇ ਕਿਰਤੀ ਦਾ  
ਮੈਂ ਸਤਿਕਾਰ ਕਰਦਾ ਹਾਂ,  
ਇਹਨਾਂ ਨੇ ਦਰਸ਼ ਅੰਤਮ ਬਾਪ ਦਾ  
ਮੈਨੂੰ ਕਰਾਇਆ ਸੀ।  
ਮੈਂ ਨਾਈਆਂ, ਛੀਂਬਿਆਂ, ਝਿਊਰਾਂ ਤੋਂ  
ਜ਼ੁਲਮੀ ਛੱਟ ਲਾਹੁਣੀ ਸੀ,



*ਸੰਤ ਰਾਮ ਉਦਾਸੀ*

ਮੈਂ ਸਾਂਝਾ ਪੰਥ ਸਾਜਣ ਦਾ  
ਤਾਹੀਓਂ ਕੌਤਕ ਰਚਾਇਆ ਸੀ।  
ਤੇ ਗੁਰੂ ਨਾਨਕ ਦੇ ਗੁਰਪੁਰਬਾਂ 'ਤੇ ਕਹਿੰਦਾ,  
ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,  
ਸਾਰੀ ਧਰਤ ਦੇ ਉਤੇ ਪਰਚਾਰਿਆ ਸੀ।  
ਭੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ,  
ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।  
ਜਿਹੜਾ ਕਰੇ ਸੇਵਾ ਉਹੀ ਖਾਵੇ ਮੇਵਾ,  
ਦੈਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।  
ਰਾਜੇ ਅਫ਼ਸਰਾਂ ਤੋਂ ਕਦੇ ਭਲਾ ਨਾਹੀਂ,  
ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।

ਉਦਾਸੀ ਦੇ ਗੀਤਾਂ ਤੇ ਕਵਿਤਾਵਾਂ ਉਤੇ ਕੁਝ ਕੱਟੜ ਮਾਰਕਸਵਾਦੀ ਆਲੋਚਕਾਂ ਦਾ ਕਿੰਤੂ ਹੈ ਕਿ ਉਸ ਵਿਚ ਧਾਰਮਿਕਤਾ ਦਾ ਅੰਸ਼ ਹੱਦੋਂ ਵੱਧ ਹੈ। ਇਸ ਦਾ ਕਾਰਨ ਹੈ ਕਿ ਉਦਾਸੀ ਪੰਜਾਬ ਦੇ ਇਤਿਹਾਸ ਤੇ ਮਿਥਿਹਾਸ ਵਿਚ ਦਿਲ ਦੀਆਂ ਡੂੰਘਾਣਾਂ ਤਕ ਭਿੱਜਿਆ ਹੋਇਆ ਸੀ। ਉਸ ਨੇ ਪੰਜਾਬ ਤੇ ਖ਼ਾਸ ਕਰ ਕੇ ਸਿੱਖ ਧਰਮ ਦੇ ਇਨਕਲਾਬੀ ਵਿਰਸੇ ਨੂੰ ਸਮਾਜਵਾਦੀ ਇਨਕਲਾਬ ਲਿਆਉਣ ਲਈ ਰੱਜ ਕੇ ਵਰਤਿਆ। ਉਸ ਨੇ ਲਿਖਿਆ ਤੇ ਉਚੀ ਸੁਰ ਵਿਚ ਗਾਇਆ,

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,  
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।  
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,  
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।  
ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,  
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।  
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,  
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਉਸ ਦੀ ਕਵਿਤਾ 'ਦਿੱਲੀਏ ਦਿਆਲਾ ਦੇਖ' ਨੀਝ ਨਾਲ ਪੜ੍ਹਨ ਤੇ ਸੁਣਨ ਵਾਲੀ ਹੈ,

ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ,  
ਅਜੇ ਤੇਰਾ ਦਿਲ ਨਾ ਠਰੇ।  
ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ,  
ਅਜੇ ਮਨ ਮੱਤੀਆਂ ਕਰੇ।  
ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ,  
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।  
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,  
ਤੇਰੇ ਮਹਿਲੀਂ ਵੜੇ ਕਿ ਵੜੇ।  
ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ,  
ਇਕ ਦਾ ਤੂੰ ਮੁੱਲ ਭਾਵੇਂ ਰੱਖਦੀ ਕਰੋੜ ਨੀ।  
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,  
ਸਿੰਘ ਤੈਥੋਂ ਜਾਣੇ ਨਾ ਫੜੇ...।

ਉਹ ਗੁਰੂ ਦੇ ਸਿੰਘਾਂ ਨੂੰ ਨਕਸਲਬਾੜੀਏ ਤੇ ਨਕਸਲਬਾੜੀਆਂ ਨੂੰ ਗੁਰੂ ਦੇ ਸਿੰਘ ਸਮਝਦਾ ਸੀ।

ਸੰਤ ਰਾਮ ਉਦਾਸੀ ਕਿਤਾਬਾਂ ਦੇ ਵਿਦਵਾਨ ਪਾਠਕਾਂ ਦੀ ਥਾਂ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਗੀਤਾਂ ਦੀ ਲੈਅ ਤੇ ਦਰਦ ਭਿੱਜੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ। ਉਸ ਦੇ ਗੀਤਾਂ ਤੇ ਨਜ਼ਮਾਂ ਦੇ ਵਿਸ਼ੇ ਵੀ ਵੰਨਗੀ ਭਰਪੂਰ ਹਨ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਲਿਖਦਾ, ਕਦੇ ਦੇਸ਼ ਪਿਆਰ ਦਾ, ਕਦੇ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ, ਕਦੇ ਮਲੰਗ ਲੱਖੇ ਦੇ ਨਾਂ ਗੀਤ ਲਿਖਦਾ ਤੇ ਕਦੇ ਕਿਰਤੀ ਨੂੰ ਉਠਣ ਦਾ ਸੱਦਾ ਦਿੰਦਾ,

ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ,  
ਜੜ੍ਹ ਵੈਰੀ ਪੁੱਟ ਵੇ, ਪੁੱਟ ਵੇ ਪੁੱਟਣ ਦਾ ਵੇਲਾ...।

ਉਸ ਨੇ ਚੂੜੀਆਂ ਦਾ ਹੋਕਾ ਵੀ ਦਿੱਤਾ ਤੇ ਮਾਰੇ ਗਏ ਮਿੱਤਰਾਂ ਬਾਰੇ ਵੀ ਲਿਖਿਆ,

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,  
ਖ਼ੈਰ-ਸੁੱਖ ਦਾ ਸੁਨੇਹੜਾ ਲਿਆ।  
ਓਸ ਮਾਂ ਦਾ ਬਣਿਆ ਕੀ, 'ਆਂਦਰਾਂ ਦੀ ਅੱਗ'  
ਜੀਹਦੀ, ਗਈ ਕਸਤੂਰੀਆਂ ਖਿੰਡਾ...।

ਸੰਤ ਰਾਮ ਉਦਾਸੀ ਇਨਕਲਾਬੀ ਜੁਝਾਰੂਆਂ ਵੱਲੋਂ ਵਾਰਸਾਂ ਦੇ ਨਾਂ ਲਿਖਦਾ ਹੈ,

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,  
ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।  
ਬਦਲਾ ਲਏ ਤੋਂ ਵੀ ਜਿਹੜੀ ਟੁੱਟਣੀ ਨਾ,  
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।

ਉਹਦੇ ਗੀਤਾਂ ਦੇ ਬਿੰਬ, ਤੁਲਨਾਵਾਂ ਤੇ ਅਲੰਕਾਰ ਵੇਖੋ,

ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,  
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।  
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ 'ਤੇ,  
ਅਸੀਂ ਲੁੱਟ ਦਾ ਤਾਪ ਨਾ ਚੜ੍ਹਨ ਦੇਣਾ।  
ਅਸੀਂ ਗੱਭਰੂ ਤੂਤ ਦੀ ਛਿਟੀ ਵਰਗੇ  
ਜਿੰਨਾ ਛਾਂਗੋਗੇ ਓਨਾ ਹੀ ਫੈਲਾਂਗੇ...।

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,  
ਬੋਹਲਾਂ ਵਿਚੋਂ ਨੀਰ ਵਗਿਆ।  
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,  
ਤੂੜੀ ਵਿਚੋਂ ਪੁੱਤ 'ਜਗਿਆ'।  
ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ,  
ਤੇ ਖਾਦ ਖਾ ਗੀ ਹੱਡ ਖਾਰ ਕੇ।  
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,  
ਬੋਹਲ ਨੂੰ ਘੁੰਗਰੂ ਮਾਰ ਕੇ।  
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,  
ਕਿ ਸੱਧਰਾਂ ਨੂੰ ਲਾਂਬੂ ਲੱਗਿਆ।  
ਗਲ ਲੱਗ ਕੇ...।

ਇਕ ਵਾਰ ਉਹ ਵਿਦੇਸ਼ ਗਿਆ ਤਾਂ ਉਸ ਨੂੰ ਪਰਵਾਸੀਆਂ ਦੇ ਦੁੱਖ ਦਾ ਨੇੜਿਓਂ ਅਹਿਸਾਸ ਹੋਇਆ। ਇਸੇ ਅਹਿਸਾਸ ਵਿਚੋਂ ਉਸ ਨੇ ਗੀਤ ਗਾਇਆ,

ਮੈਨੂੰ ਲੈ ਜਾ ਨੀ ਹਵਾਏ ਮੇਰੇ ਦੇਸ਼,  
ਕਰੇ ਜੋਦੜੀ ਨੀ ਇਕ ਦਰਵੇਸ਼।  
ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ,  
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ,  
ਮੈਨੂੰ ਖਿਤਿਆ ਕਪਾਹ ਦੇ ਵਾਂਗ ਰਹਿਣ ਦੇ,  
ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ,  
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼,  
ਕਰੇ ਜੋਦੜੀ ਨੀ ਇਕ ਦਰਵੇਸ਼...।

ਸੰਤ ਰਾਮ ਉਦਾਸੀ ਦਾ ਜੁੱਸਾ ਇਕਹਿਰਾ ਤੇ ਕੱਦ ਪੌਣੇ ਛੇ ਫੁੱਟ ਸੀ। ਉਹ ਨੰਗੇ ਪੈਰੀਂ ਪੜ੍ਹਿਆ ਤੇ ਸਾਈਕਲ ਉਤੇ ਮਾਸਟਰੀ ਕਰਦਾ ਰਿਹਾ। ਉਹਦੀਆਂ ਅੱਖਾਂ ਰਤਾ ਕੁ ਚੁੰਨ੍ਹੀਆਂ ਸਨ। ਦਾੜ੍ਹੀ ਖੋਦੀ ਸੀ ਜੋ ਠੋਡੀ ਉਤੇ ਵੱਧ ਤੇ ਜਾਭਾਂ ਉਤੇ ਘੱਟ ਸੀ। ਨੱਕ ਤਿੱਖਾ ਸੀ ਤੇ ਰੰਗ ਸਾਂਵਲਾ ਕਣਕਵੰਨਾ। ਉਹ ਬਣਦੀ ਸਰਦੀ ਸੁਕੀਨੀ ਵੀ ਲਾਉਂਦਾ ਸੀ ਪਰ ਫੈਸ਼ਨਾਂ ਨੇ ਨਹੀਂ ਸੀ ਪੱਟਿਆ। ਉਹਦੀ ਖੱਬੀ ਅੱਖ ਵਿਚ ਟੀਰ ਸੀ ਤੇ ਪੁਲਿਸ ਦੇ ਤਸ਼ੱਦਦ ਨਾਲ ਅੱਖਾਂ ਦੀ ਜੋਤ ਘਟ ਗਈ ਸੀ। ਨਕਸਲਬਾੜੀ ਦੌਰ ਵਿਚ ਉਸ ਉਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਉਸ ਦੀ ਨੌਕਰੀ ਵੀ ਖ਼ਤਰੇ ਵਿਚ ਪਈ ਪਰ ਉਹ ਦੁੱਖ ਤਕਲੀਫ਼ਾਂ ਸਹਿੰਦਾ ਗਾਉਂਦਾ ਰਿਹਾ,

ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ  
ਤੇ ਸਾਡੀ ਭਾਵੇਂ ਜੜ੍ਹ ਨਾ ਰਹੇ, ਲੋਕ ਵੇ!  
ਅੱਗ ਵਿਚ ਜਿੰਦੜੀ ਨੂੰ ਦੇਣਾ ਝੋਕ ਵੇ।  
ਜਿਹੜੀ ਖ਼ੂਨ ਹੈ ਕਿਰਤ ਦਾ ਪੀਂਦੀ,  
ਤੋੜ ਦੇਣੀ ਤਨ ਦੇ ਉਤੋਂ, ਜੋਕ ਵੇ!  
ਲੋਕੀਂ ਹੁਣ ਨਿਕਲ ਪਏ ਹਿੱਕਾਂ ਠੋਕ ਵੇ।

ਉਦਾਸੀ ਨੇ ਆਪਣੇ ਗੀਤਾਂ ਨੂੰ ਲੋਕਾਂ ਦੇ ਮੂੰਹ ਚੜ੍ਹਾਉਣ ਲਈ ਲੋਕ ਗੀਤਾਂ ਤੇ ਕਿੱਸਾਕਾਰੀ ਦੇ ਛੰਦਾਂ ਦੀ ਭਰਪੂਰ ਵਰਤੋਂ ਕੀਤੀ। ਕਿਤੇ ਕੋਰੜਾ ਛੰਦ ਵਰਤਿਆ, ਕਿਤੇ ਕਬਿੱਤ ਤੇ ਕਿਤੇ ਕਲੀ,

ਤੇਰਾ ਭੋਲੂ ਤਾਂ ਨਿੱਤ ਰੀਂ ਰੀਂ ਕਰਦਾ ਰਹਿੰਦਾ ਹੈ,  
ਧੀ ਹੈ ਤੇਰੀ ਜਾਂਦੀ ਬੰਗਲੀਂ ਬਾਲ ਖਿਡਾਉਣ ਨੂੰ।  
ਤੇਰੇ ਮਿੱਠੂ ਦੀ ਨਿੱਤ ਜਾਏ ਤੜਾਗੀ ਢਿਲਕਦੀ,  
ਭੁੱਖੀ ਪਤਨੀ ਨੂੰ ਨਾ ਉਤਰੇ ਦੁੱਧ ਚੁੰਘਾਉਣ ਨੂੰ।  
ਤੈਨੂੰ ਪਿਆ ਭੁਲੇਖਾ ਭਗਤੀ ਦੇ ਵਿਚ ਭੰਗਣਾ ਦਾ,  
ਤਾਹੀਓਂ ਸਾਧਾਂ ਤੋਂ ਨਿੱਤ ਫਿਰਦਾ ਉਨ ਲਹਾਉਣ ਨੂੰ।  
ਤੇਰੀ ਕਿਰਤ ਤਾਂ ਭਾਵੇਂ ਜੱਸ ਘੱਟ ਲੈਂਦੀ ਰਾਠਾਂ ਦਾ,  
ਐਪਰ ਜਾਤ ਤਾਂ ਤੇਰੀ, ਗਿੱਟਲ ਢੇਡ ਕਹਾਉਣ ਨੂੰ।  
ਕਦੋਂ ਕੁ ਪਿੰਡੇ ਉਤੋਂ ਉਤਰੂਗੀ ਪੰਡ ਜੂੰਆਂ ਦੀ,  
ਕਦੋਂ ਕੁ ਤੁਰਨਾ ਹੈ ਤੂੰ ਚਾਨਣ ਵਿਚ ਨਹਾਉਣ ਨੂੰ।

ਜਿਥੇ ਉਦਾਸੀ ਦੀ ਕਵਿਤਾ ਤੇ ਗੀਤਾਂ ਵਿਚ ਕਮਾਲ ਦੀ ਕਾਵਿਕਤਾ ਤੇ ਗਾਉਣ ਦੀ ਬੁਲੰਦੀ ਹੈ ਉਥੇ ਉਸ ਦੀ ਸ਼ਖ਼ਸੀਅਤ ਦੇ ਕੁਝ ਉਲਰਵੇਂ ਪੱਖ ਵੀ ਸਨ। ਕੁਝ ਐਬ ਉਹਦੇ ਦੋਸਤਾਂ ਨੇ ਕੋਲੋਂ ਘੜ ਕੇ ਉਹਦੇ ਨਾਂ ਜੋੜ ਰੱਖੇ ਸਨ। ਮਸਲਨ ਉਹ ਤਸ਼ੱਦਦ ਸੈਂਟਰ ਦਾ ਤਸ਼ੱਦਦ ਝੱਲ ਕੇ ਬਾਹਰ ਆਉਂਦਾ ਹੈ। ਕਿਸੇ ਸਾਹਿਤ ਸਭਾ ਦੇ ਸਮਾਗਮ ਵਿਚ ਹੱਡਬੀਤੀ ਬਿਆਨਦਾ ਹੈ। ਦੱਸਦਾ ਹੈ ਕਿ ਤਸ਼ੱਦਦ ਸੈਂਟਰ ਵਿਚ ਉਹਦੇ ਉਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਜਿਸ ਨਾਲ ਉਹਦੀ ਨਿਗ੍ਹਾ ਘਟ ਗਈ ਤੇ ਹੁਣ ਬੜਾ ਘੱਟ ਦਿਸਦਾ ਹੈ। ਸਾਹਮਣੇ ਬੈਠੇ ਸਰੋਤਿਆਂ ਦਾ ਵੀ ਬੱਸ ਝੌਲਾ ਈ ਪੈਂਦੈ। ਸਭਾ ਸਮਾਪਤ ਹੋਣ ਉਤੇ ਯਾਰ ਬੇਲੀ ਢਾਣੀਆਂ ਵਿਚ ਖਿੰਡ ਜਾਂਦੇ ਹਨ। ਉਦਾਸੀ ਦੀ ਢਾਣੀ ਚਾਰ ਜਣਿਆਂ ਦੀ ਹੈ। ਸਭ ਨੇ ਸਾਈਕਲਾਂ ਉਤੇ ਆਪੋ ਆਪਣੇ ਪਿੰਡੀਂ ਜਾਣਾ ਹੈ ਜੋ ਕਈ ਕਈ ਮੀਲ ਦੂਰ ਹਨ। ਪ੍ਰੋਗਰਾਮ ਬਣਦਾ ਹੈ ਕਿ ਠੇਕੇ ਤੋਂ ਪਊਆ ਪਊਆ ਪੀ ਕੇ ਸਾਈਕਲਾਂ 'ਤੇ ਲੱਤ ਦਿੱਤੀ ਜਾਵੇ। ਉਦਾਸੀ ਨੂੰ ਇਹ ਪ੍ਰੋਗਰਾਮ ਪਸੰਦ ਹੈ ਕਿਉਂਕਿ ਸਾਈਕਲ ਉਤੇ ਜਾਂਦਿਆਂ ਉਸ ਨੇ ਕੋਈ ਗੀਤ ਜੋੜ ਲੈਣਾ ਹੈ। ਉਸ ਨੇ ਬਹੁਤ ਸਾਰੇ ਗੀਤ ਸਾਈਕਲ 'ਤੇ ਸਫ਼ਰ ਕਰਦਿਆਂ ਜੋੜੇ ਜਿਵੇਂ ਬਾਬੂ ਰਜਬ ਅਲੀ ਨੇ ਬਹੁਤੀ ਕਵੀਸ਼ਰੀ ਨਹਿਰੀ ਬਾਬੂ ਬਣ ਕੇ ਘੋੜੀ ਦੀ ਸਵਾਰੀ ਕਰਦਿਆਂ ਜੋੜੀ ਸੀ।

ਜੇ ਚਾਰੇ ਜਣੇ ਆਪੋ-ਆਪਣੇ ਪਊਏ ਲੈਂਦੇ ਹਨ ਤਾਂ ਮਹਿੰਗੇ ਪੈਂਦੇ ਹਨ। ਉਨ੍ਹੀਂ ਦਿਨੀਂ ਬੋਤਲ ਅੱਠ ਰੁਪਿਆਂ ਦੀ ਮਿਲਦੀ ਸੀ ਤੇ ਪਊਆ ਤਿੰਨਾਂ ਰੁਪਿਆਂ ਦਾ। ਸਰਫੇ-ਹੱਥੇ ਚਾਰੇ ਜਣੇ ਦੋ-ਦੋ ਰੁਪਏ ਪਾਉਂਦੇ ਹਨ ਤੇ ਸਾਂਝੀ ਬੋਤਲ ਖਰੀਦ ਲੈਂਦੇ ਹਨ। ਚਾਰ ਗਲਾਸਾਂ ਦਾ ਵੀ ਪ੍ਰਬੰਧ ਹੋ ਜਾਂਦੈ। ਉਤੋਂ ਹਨ੍ਹੇਰਾ ਉਤਰਦਾ ਆਉਂਦੈ। ਉਦਾਸੀ ਦੇ ਕਾਲੀਆਂ ਐਨਕਾਂ ਲਾਈਆਂ ਹੁੰਦੀਆਂ। ਗਲਾਸਾਂ 'ਚ ਦਾਰੂ ਵੰਡਣ ਵਾਲਾ ਸੋਚਦੈ, ਉਦਾਸੀ ਨੂੰ ਕਿਹੜਾ ਦਿਸਦੈ! ਉਹ ਉਹਦੇ ਗਲਾਸ ਵਿਚ ਘੱਟ ਪਾਉਂਦਾ ਤੇ ਬਾਕੀ ਗਲਾਸ ਪੂਰੇ ਭਰ ਲੈਂਦਾ। ਉਦਾਸੀ ਕਾਲੀਆਂ ਐਨਕਾਂ 'ਚੋਂ ਝਾਕਦਾ ਹੋਇਆ ਆਖਦੈ, "ਪਤੰਦਰੋ, ਮੈਨੂੰ ਏਨਾ ਘੱਟ ਵੀ ਨਈਂ ਦੀਂਹਦਾ ਬਈ ਪਤਾ ਨਾ ਲੱਗੇ ਤੁਸੀਂ ਮੇਰੇ ਗਲਾਸ 'ਚ

*(ਅਗਲੇ ਸਫੇ 'ਤੇ ਜਾਰੀ)*

## ਦਿੱਲੀਏ ਦਿਆਲਾ ਵੇਖ

ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ,  
ਅਜੇ ਤੇਰਾ ਦਿਲ ਨਾ ਠਰੇ।  
ਮਤੀ ਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,  
ਅਜੇ ਮਨ ਮਤੀਆਂ ਕਰੇ।

ਲੋਕਾਂ ਦੀਆਂ ਭੁੱਖਾਂ ਉਤੇ ਫਤਹਿ ਸਾਡੀ ਦੇਗ ਦੀ।  
ਲੋਕਾਂ ਦਿਆਂ ਦੁੱਖਾਂ ਉਤੇ ਫਤਹਿ ਸਾਡੀ ਤੇਗ ਦੀ।  
ਅਸੀਂ ਤਾਂ ਆ ਮੌਤ ਦੇ ਚਬੂਤਰੇ 'ਤੇ ਆਣ ਖੜ੍ਹੇ।  
ਇਹ ਤਾਂ ਭਾਵੇਂ ਖੜ੍ਹੇ ਨਾ ਖੜ੍ਹੇ।

ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪ੍ਰੇਤ ਨੀ।  
ਤਿਲਾਂ ਦੀ ਤਾਂ ਪੂਲੀ ਵਾਂਗੂੰ ਝਾੜ ਲੈਂਦੇ ਖੇਤ ਨੀ।  
ਵੇਖ ਕਿਵੇਂ ਨਰਮੇ ਦੇ ਢੇਰਾਂ ਦੇ ਵਿਚਾਲੇ ਲੋਕੀਂ,  
ਸੌਂਦੇ ਨੇ ਘਰੋੜੇ ਤੇ ਰੜੇ।

ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ।  
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।  
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,  
ਤੇਰੇ ਮਹਿਲੀਂ ਵੜੇ ਕਿ ਵੜੇ।

ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ।  
ਇਕ ਦਾ ਤੂੰ ਮੁੱਲ ਭਾਵੇਂ ਰੱਖਦੀ ਕਰੋੜ ਨੀ।  
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,  
ਸਿੰਘ ਤੈਥੋਂ ਜਾਣੇ ਨਾ ਫੜੇ।

ਸੱਚ ਮੂਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ।  
ਗੱਲ ਨਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ।  
ਸੰਗਤਾਂ ਦੀ ਸੱਥ ਵਿਚ ਜਦੋਂ ਤੈਨੂੰ ਖੂਣਨੇ ਨੀ,  
ਲੈ ਕੇ ਫੌਜੀ ਖ਼ਾਲਸੇ ਖੜ੍ਹੇ।

ਦਿੱਲੀਏ ਦਿਆਲਾ ਵੇਖ ਦੇਗ 'ਚ ਉਬਲਦਾ ਨੀ।  
ਅਜੇ ਤੇਰਾ ਦਿਲ ਨਾ ਠਰੇ।  
ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ,  
ਅਜੇ ਮਨ ਮਤੀਆਂ ਕਰੇ। **-ਸੰਤ ਰਾਮ ਉਦਾਸੀ**

ਪੂਰਾ ਹਿੱਸਾ ਨੀ ਪਾਇਆ!"

ਬਣਦਾ ਹਿੱਸਾ ਲੈਣ ਬਾਰੇ ਤਾਂ ਉਦਾਸੀ ਨੇ ਕਵਿਤਾ ਵੀ ਲਿਖੀ ਸੀ,

ਉਚੀ ਕਰ ਕੇ ਆਵਾਜ਼ ਮਜ਼ਦੂਰ ਨੇ ਹੈ ਕਹਿਣਾ,
ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ।

ਉਦਾਸੀ ਦਾ ਪਰਿਵਾਰ ਜਿਵੇਂ ਜਿਵੇਂ ਵਧ ਰਿਹਾ ਸੀ ਉਸ ਦੇ ਖਰਚੇ ਵੀ ਵਧ ਰਹੇ ਸਨ ਜੋ ਇਕੱਲੇ ਜਣੇ ਦੀ ਤਨਖਾਹ ਨਾਲ ਪੂਰੇ ਨਹੀਂ ਸਨ ਹੋ ਰਹੇ। ਉਹਦਾ ਹੱਥ ਅਕਸਰ ਤੰਗ ਰਹਿੰਦਾ। ਯਾਰ ਬੇਲੀ ਵੀ ਮਦਦ ਕਰਨ ਦੀ ਹੈਸੀਅਤ ਵਿਚ ਨਹੀਂ ਸਨ। ਹੱਥ ਸੁਖਾਲਾ ਕਰਨ ਲਈ ਉਹ ਵਿਆਹਾਂ ਦੇ ਅਨੰਦ ਕਾਰਜਾਂ ਉਤੇ ਕਵਿਤਾਵਾਂ ਪੜ੍ਹਨ ਤੇ ਗੀਤ ਗਾਉਣ ਲੱਗ ਪਿਆ। ਜਿਹੜੇ ਪੈਸੇ ਸਿਹਰੇ ਤੇ ਸਿੱਖਿਆ ਪੜ੍ਹਨ ਵਾਲਿਆਂ ਨੂੰ ਮਿਲਣੇ ਹੁੰਦੇ ਉਹ ਉਦਾਸੀ ਨੂੰ ਮਿਲ ਜਾਂਦੇ ਬਲਕਿ ਉਹਦੇ ਗੀਤਾਂ ਤੋਂ ਖੁਸ਼ ਹੋ ਕੇ ਉਸ ਦੇ ਪ੍ਰਸ਼ੰਸਕ ਵੱਧ ਹੀ ਦੇ ਦਿੰਦੇ। ਉਦਾਸੀ ਨੂੰ ਪੈਸਿਆਂ ਦੀ ਲੋੜ ਸੀ ਤੇ ਉਹ ਅਨੰਦ ਕਾਰਜਾਂ ਤੋਂ ਅਗਾਂਹ ਗੁਰਦੁਆਰਿਆਂ ਵਿਚ ਦੀਵਾਨਾਂ ਮੌਕੇ ਗੀਤ-ਕਵਿਤਾਵਾਂ ਗਾਉਣ ਲੱਗ ਪਿਆ ਤੇ ਮਾਇਆ ਕਮਾਉਣ ਲੱਗ ਪਿਆ।

ਉਹ ਬੇਸ਼ੱਕ ਗੁਰਦੁਆਰੇ ਦੀ ਸਟੇਜ 'ਤੇ ਗਾਉਂਦਾ, ਬੇਸ਼ਕ ਸਰਕਾਰੀ ਕਵੀ ਦਰਬਾਰ ਵਿਚ ਤੇ ਬੇਸ਼ੱਕ ਅਨੰਦ ਕਾਰਜਾਂ ਸਮੇਂ, ਉਹਦੇ ਗੀਤ ਹਮੇਸ਼ਾ ਉਸਾਰੂ ਹੁੰਦੇ। ਕੋਈ ਉਸ ਦੇ ਗੀਤਾਂ 'ਚ ਨੁਕਸ ਨਹੀਂ ਸੀ ਕੱਢ ਸਕਦਾ। ਉਹਦੇ ਇਨਕਲਾਬੀ ਸਾਥੀ ਉਦਾਸੀ ਦੇ ਇਸ ਤਰ੍ਹਾਂ ਪੈਸੇ ਕਮਾਉਣ ਦੀ ਨੁਕਤਾਚੀਨੀ ਕਰਦੇ ਪਰ ਇਹਦਾ ਕੋਈ ਹੋਰ ਇਲਾਜ ਨਾ ਸੋਚਦੇ। ਉਦਾਸੀ ਨੂੰ ਘਰ ਦੇ ਗੁਜ਼ਾਰੇ ਲਈ ਪੈਸਿਆਂ ਦੀ ਲੋੜ ਸੀ ਜੋ ਹੋਰ ਕਿਸੇ ਤਰ੍ਹਾਂ ਪੂਰੀ ਨਾ ਹੁੰਦੀ। ਇਸ ਸਥਿਤੀ ਵਿਚ ਜੋ ਉਦਾਸੀ ਦੇ ਦਿਲ 'ਤੇ ਬੀਤਦੀ ਉਹਦਾ ਦੁੱਖ ਓਹੀ ਜਾਣਦਾ ਸੀ।

ਗੁਰਦੁਆਰਿਆਂ ਦੀ ਸਟੇਜ ਉਤੇ ਉਹ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ਵਿਚ ਸਰਕਾਰ ਵਿਰੋਧੀ ਕਵਿਤਾਵਾਂ ਪੜ੍ਹਦਾ। 'ਦਿੱਲੀਏ ਦਿਆਲਾ ਦੇਖ' ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ। ਅਨੰਦ ਕਾਰਜਾਂ ਉਤੇ ਉਹ ਅਕਸਰ 'ਡੋਲੀ' ਨਾਂ ਦੀ ਕਵਿਤਾ ਸੁਣਾਉਂਦਾ,

ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ...।

ਇਕ ਤਲਵਾਰ ਮੇਰੀ ਡੋਲੀ ਵਿਚ ਰੱਖ ਦਿਓ,
ਹੋਰ ਵੀਰੋ ਦਿਓ ਨਾ ਵੇ ਦਾਜ।
ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇ ਸਕੇ,
ਸਾਡਾ ਰਸਮੀ ਤੇ ਵਹਿਮੀ ਇਹ ਸਮਾਜ।
ਰਾਹਾਂ ਵਿਚ ਪਿੰਡ ਦਿਆਂ ਲੰਬੜਾਂ ਨੇ ਘਾਤ ਲਾਈ,
ਜ਼ੁਰਮਾਂ ਦਾ ਜਿਨ੍ਹਾਂ ਨੂੰ ਗ਼ਰੂਰ।
ਜਿਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਹੈ,
ਮਾਂਗ ਮੇਰੀ ਮੰਗਦੀ ਸੰਧੂਰ।

ਉਹ ਅਨੰਦ ਕਾਰਜਾਂ 'ਤੇ ਜਾਂਦਾ ਤਾਂ ਵਿਆਹਾਂ ਵਾਲਾ ਖਾਣ ਪੀਣ ਵੀ ਕਰ ਲੈਂਦਾ। ਉਹਦੇ ਪ੍ਰਸ਼ੰਸਕ ਉਹਨੂੰ ਦਾਰੂ ਪਿਆ ਕੇ ਗੀਤ ਸੁਣਦੇ ਤੇ ਪਿੱਛੋਂ ਉਹਦੀ ਪੀਤੀ ਦੀਆਂ ਗੱਲਾਂ ਕਰਦੇ। ਕਦੇ ਕਦੇ ਸ਼ਰਾਬ ਉਹਦੇ ਉਤੋਂ ਦੀ ਵੀ ਹੋ ਜਾਂਦੀ ਤੇ ਉਹ ਜਿਥੇ ਹੁੰਦਾ ਉਥੇ ਹੀ ਡਿੱਗ ਢਹਿ ਪੈਂਦਾ। ਸ਼ਰਾਬ ਸਾਡੇ ਕਈ ਕਵੀਆਂ ਤੇ ਸਾਹਿਤਕਾਰਾਂ ਦੀ ਕਮਜ਼ੋਰੀ ਬਣ ਚੁੱਕੀ ਹੈ। ਸ਼ਿਵ ਕੁਮਾਰ ਕਮਾਲ ਦਾ ਕਵੀ ਸੀ ਪਰ ਉਸ ਨੂੰ ਸ਼ਰਾਬ ਲੈ ਬੈਠੀ। ਕਰਮਜੀਤ ਕੁੱਸਾ ਬੜਾ ਹੋਣਹਾਰ ਨਾਵਲਕਾਰ ਸੀ ਪਰ ਸ਼ਰਾਬ ਨੇ ਉਹ ਛੋਟੀ ਉਮਰ ਵਿਚ ਖਾ ਲਿਆ। ਮੀਸ਼ੇ ਦੀ ਮੌਤ ਵੀ ਸ਼ਰਾਬ ਨਾਲ ਜੋੜੀ ਜਾਂਦੀ ਹੈ। ਨੰਦ ਲਾਲ ਨੂਰਪੁਰੀ ਸ਼ਰਾਬ ਦੇ ਦੁੱਖੋਂ ਖੁਦਕਸ਼ੀ ਕਰ ਗਿਆ। ਸੰਭਵ ਹੈ ਸੰਤ ਰਾਮ ਉਦਾਸੀ ਦੇ ਛੋਟੀ ਉਮਰ ਵਿਚ ਅਕਾਲ ਚਲਾਣੇ 'ਚ ਸ਼ਰਾਬ ਦਾ ਵੀ ਦਖਲ ਹੋਵੇ।

ਮੈਂ ਉਦਾਸੀ ਨਾਲ ਆਪ ਤਾਂ ਘੱਟ ਹੀ ਪੀਤੀ ਪਰ ਉਸ ਨੂੰ ਰੱਜ ਕੇ ਪੀਂਦੇ ਜ਼ਰੂਰ ਵੇਖਿਆ। ਇਕ ਵਾਰ ਅਸੀਂ ਕੁੱਸੇ 'ਕੱਠੇ ਹੋਏ। ਕਰਮਜੀਤ ਕੁੱਸੇ ਦੀ ਭੈਣ ਦਾ ਵਿਆਹ ਸੀ। ਉਹਦੀ ਸ਼ਾਦੀ ਅਨੰਦ ਕਾਰਜ ਦੀ ਰਸਮ ਤੋਂ ਬਿਨਾਂ ਕੀਤੀ ਗਈ ਸੀ। ਉਦਾਸੀ ਨੂੰ ਗੀਤ ਗਾਉਣ ਦੀ ਲੋੜ ਨਹੀਂ ਸੀ ਪਈ। ਕੁਝ ਅਧਿਆਪਕ ਤੇ ਦੋਸਤ ਮਿੱਤਰ ਕਰਮਜੀਤ ਕੁੱਸੇ ਦੇ ਬਾਹਰਲੇ ਘਰ 'ਕੱਠੇ ਹੋ ਗਏ ਜਿਥੇ ਬੋਤਲਾਂ ਦੇ ਡੱਟ ਖੁੱਲ੍ਹ ਗਏ। ਸ਼ਰਾਬ ਦੀ ਲੋਰ ਵਿਚ ਉਦਾਸੀ ਚੜ੍ਹਦੇ ਤੋਂ ਚੜ੍ਹਦਾ ਗੀਤ ਗਾਉਂਦਾ ਗਿਆ। ਡੋਲੀ ਤੋਰਨ ਦਾ ਵਕਤ ਹੋਇਆ ਤਾਂ ਮਹਿਫਿਲ ਉਠ ਖੜ੍ਹੀ ਹੋਈ ਪਰ ਉਦਾਸੀ ਤੋਂ ਉਠਿਆ ਨਾ ਗਿਆ। ਉਹਨੂੰ ਉਵੇਂ ਹੀ ਘਰੋੜੇ ਮੰਜੇ ਉਤੇ ਪਾ ਕੇ ਉਹਦੇ ਸਾਥੀ ਉਹਨੂੰ ਛੱਡ ਗਏ। ਛੱਡ ਹੀ ਨਹੀਂ ਗਏ ਬਲਕਿ ਉਹਦੀ ਵੱਧ ਪੀਤੀ ਉਤੇ ਆਪਣੀ ਘੱਟ ਪੀਤੀ ਖੋੜਦੇ ਗਏ!

ਇਕ ਵਾਰ ਉਹ ਮੇਰੇ ਸਨਮਾਨ ਵਿਚ ਕੀਤੇ ਜਾ ਰਹੇ ਢੁੱਡੀਕੇ ਸਾਹਿਤ ਸਭਾ ਦੇ ਸਮਾਗਮ ਵਿਚ ਮੇਰੇ ਪਿੰਡ ਚਕਰ ਆਇਆ। ਸਮਾਗਮ ਉਹਦੇ ਗੀਤਾਂ ਨਾਲ ਰੰਗਿਆ ਗਿਆ ਤੇ ਸਫਲ ਸਮਝਿਆ ਗਿਆ। ਉਹਦਾ ਗੀਝਾ ਵੀ ਭਰ ਗਿਆ ਜਿਸ ਨਾਲ ਉਹ ਸੰਤੁਸ਼ਟ ਹੋਇਆ ਲੱਗਾ। ਮੈਨੂੰ ਡਰ ਸੀ ਕਿ ਖਾਣ ਪੀਣ ਵੇਲੇ ਕਿਤੇ ਉਦਾਸੀ ਕੁੱਸੇ ਵਾਲੀ ਨਾ ਕਰ ਬਹੇ। ਇਸ ਲਈ ਮੈਂ ਸੰਕੋਚ ਰੱਖਿਆ ਤੇ ਉਦਾਸੀ ਬਿਨ ਪੀਤਿਆਂ ਬੱਸ ਉਤੇ ਚੜ੍ਹ ਕੇ ਰਾਏਸਰ ਚਲਾ ਗਿਆ। ਫਿਰ ਉਹ ਮੇਰੇ ਭਰਾ ਦੇ ਵਿਆਹ ਦੀ ਖੁਸ਼ੀ ਵਿਚ ਰੱਖੇ ਅਖੰਡ ਪਾਠ ਦੇ ਭੋਗ 'ਤੇ ਆਇਆ। ਉਸ ਨੇ ਕਵਿਤਾਵਾਂ ਪੜ੍ਹੀਆਂ ਜੋ ਪਿੰਡ ਦੀ ਸੰਗਤ ਵੱਲੋਂ ਸਲਾਹੀਆਂ ਗਈਆਂ। ਬਾਅਦ ਦੁਪਹਿਰ ਢੁੱਡੀਕੇ ਦੇ ਪ੍ਰੋਫੈਸਰ ਕਹਿਣ ਲੱਗੇ, "ਉਦਾਸੀ ਆਇਆ ਵਿਐ। ਅਖੰਡ ਪਾਠ ਵਾਲੇ ਘਰੋਂ ਉਠੀਏ ਤੇ ਕਿਸੇ ਹੋਰ ਘਰ ਜਾ ਕੇ ਉਦਾਸੀ ਦੇ ਗੀਤ ਸੁਣਨ ਦੀ ਮਹਿਫਿਲ ਲਾਈਏ।"


ਉਦਣ ਸਾਹਿਤ ਸਭਾ ਦੀ ਥਾਂ ਵਿਆਹ ਦੀ ਖੁਸ਼ੀ ਦਾ ਮੌਕਾ ਸੀ। ਖੁਸ਼ੀ 'ਚ ਸੰਕੋਚ ਕਰਨਾ ਵਾਜਬ ਨਹੀਂ ਸੀ। ਮਾਸਟਰ ਗੁਰਪ੍ਰੀਤ ਦੇ ਚੁਬਾਰੇ ਵਿਚ ਖਾਣ ਪੀਣ ਦਾ ਪ੍ਰਬੰਧ ਕਰ ਦਿੱਤਾ। ਬਾਅਦ ਦੁਪਹਿਰ ਲੱਗੀ ਮਹਿਫਿਲ ਢੂੰਘੀ ਸ਼ਾਮ ਤਕ ਲੱਗੀ ਰਹੀ। ਚੁਬਾਰੇ ਦੀਆਂ ਕੰਧਾਂ ਉਦਾਸੀ ਦੇ ਗੀਤਾਂ ਨਾਲ ਲਰਜ਼ਦੀਆਂ ਰਹੀਆਂ। ਮੇਰੀ ਤੇ ਗੁਰਪ੍ਰੀਤ ਦੀ ਕੋਸ਼ਿਸ਼ ਸੀ ਕਿ ਉਦਾਸੀ ਠੀਕ ਠਾਕ ਰਹੇ ਪਰ ਕਿਸੇ ਪ੍ਰੋਫੈਸਰ ਨੇ ਪਤਾ ਨਹੀਂ ਕਦੋਂ ਉਹਨੂੰ ਭਰਵਾਂ ਹਾੜਾ ਲੁਆ ਕੇ ਤਾਲੋਂ ਬੇਤਾਲ ਕਰ ਦਿੱਤਾ। ਫਿਰ ਉਹੀ ਗੱਲ ਹੋਈ ਜੀਹਦਾ ਡਰ ਸੀ। ਉਦਾਸੀ ਘਿਆਕੇ ਬਿੱਲੀਆਂ ਬੁਲਾਉਣ ਲੱਗਾ। ਬਾਕੀ ਤਾਂ ਸਾਰੇ ਆਪੋ ਆਪਣੇ ਰਾਹ ਪੈ ਗਏ ਤੇ ਉਦਾਸੀ ਚੁਬਾਰੇ ਤੋਂ ਉਤਰਨ ਜੋਗਾ ਵੀ ਨਾ ਰਿਹਾ। ਅਗਲੇ ਦਿਨ ਪਤਾ ਲੱਗਾ ਕਿ ਗੁਰਪ੍ਰੀਤ ਹੋਰੀਂ ਸਾਰੀ ਰਾਤ ਜਾਗਦੇ ਰਹੇ ਕਿ ਹਾਏ ਹਾਏ ਕਰਦੇ ਉਦਾਸੀ ਨੂੰ ਕੁਝ ਹੋ ਨਾ ਜਾਵੇ। ਸਵੇਰੇ ਉਹ ਸ਼ਰਮ ਦਾ ਮਾਰਿਆ ਮੈਨੂੰ ਮਿਲੇ ਬਿਨਾਂ ਚਲਾ ਗਿਆ। ਮੈਨੂੰ ਯਾਦ ਆਉਂਦੈ ਕਿ ਉਸ ਤੋਂ ਬਾਅਦ ਮੇਰਾ ਉਦਾਸੀ ਨਾਲ ਮੇਲ ਨਹੀਂ ਹੋ ਸਕਿਆ। ਉਸ ਤੋਂ ਬਾਅਦ ਤਾਂ 1986 ਵਿਚ ਇਹ ਖ਼ਬਰ ਹੀ ਮਿਲੀ ਕਿ ਉਹ ਹਜ਼ੂਰ ਸਾਹਿਬ ਕਵੀ ਦਰਬਾਰ ਵਿਚ ਕਵਿਤਾਵਾਂ ਪੜ੍ਹਨ ਗਿਆ ਸੀ। ਉਸ ਨੇ ਬਹੁਤ ਉਚੀ ਸੁਰ ਵਿਚ ਗੀਤ ਗਾਏ ਸਨ। ਕਈ ਤਾਂ ਇਹ ਵੀ ਕਹਿੰਦੇ ਹਨ ਕਿ ਕਿੱਲ੍ਹ-ਕਿੱਲ੍ਹ ਕੇ ਗਾਏ ਸਨ। ਫਿਰ ਉਸ ਦੀ ਤਬੀਅਤ ਨਾਸਾਜ਼ ਹੋ ਗਈ। ਹਜ਼ੂਰ ਸਾਹਿਬ ਤੋਂ ਰੇਲ ਗੱਡੀ ਵਿਚ ਆਉਂਦਿਆਂ ਉਹ ਮਹਾਰਾਸ਼ਟਰ ਵਿਚ ਹੀ ਪਰਲੋਕ ਸਿਧਾਰ ਗਿਆ। ਉਹਦੀ ਦੇਹ ਦਾ ਸਸਕਾਰ ਲਾਵਾਰਸ ਲਾਸ਼ ਵਜੋਂ ਉਥੇ ਹੀ ਕਰ ਦਿੱਤਾ ਗਿਆ। ਲੋਕ ਕਵੀ ਦੀ ਮੌਤ ਦਾ ਪਤਾ ਲੋਕਾਂ ਨੂੰ ਉਸ ਦੇ ਸਸਕਾਰ ਮਗਰੋਂ ਲੱਗਾ। ਅਜਿਹੀ ਹੋਣੀ ਸੀ ਪੰਜਾਬੀ ਦੇ ਆਵਾਮੀ ਕਵੀ ਦੀ!

ਸੰਤ ਰਾਮ ਉਦਾਸੀ ਪੰਜਾਬੀ ਦਾ ਅਜ਼ੀਮ ਸ਼ਾਇਰ ਸੀ ਜੋ 1939 ਤੋਂ 1986 ਤਕ ਸੰਤਾਲੀ ਸਾਲ ਜੀਵਿਆ। ਉਸ ਨੇ ਲਿਖਿਆ ਸੀ, "ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।" ਉਸ ਦੇ ਤਿੰਨ ਕਾਵਿ ਸੰਗ੍ਰਹਿ 'ਲਹੂ ਭਿੱਜੇ ਬੋਲ', 'ਚੌ-ਨੁਕਰੀਆਂ ਸੀਖਾਂ' ਤੇ 'ਸੈਨਤਾਂ' ਉਸ ਦੀ ਹਯਾਤੀ ਵਿਚ ਛਪੇ। ਉਸ ਦੀਆਂ ਕੁਝ ਕਵਿਤਾਵਾਂ ਅਣਛਪੀਆਂ ਵੀ ਰਹਿ ਗਈਆਂ ਜੋ ਬਾਅਦ ਵਿਚ ਛਪਦੀਆਂ ਰਹੀਆਂ। ਜੀਂਦੇ ਜੀਅ ਉਸ ਦੀ ਕਦਰ ਤਾਂ ਪਈ ਪਰ ਉਨੀ ਨਹੀਂ ਪੈ ਸਕੀ ਜਿੰਨੀ ਦਾ ਉਹ ਹੱਕਦਾਰ ਸੀ। ਜਸਵੰਤ ਸਿੰਘ ਕੰਵਲ ਨੇ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਪਹਿਲਾ ਬਾਵਾ ਬਲਵੰਤ ਅਵਾਰਡ ਉਦਾਸੀ ਨੂੰ ਦਿੱਤਾ ਸੀ। ਅਵਾਰਡ ਦੀ ਰਾਸ਼ੀ ਤੇ ਸਨਮਾਨ ਚਿੰਨ੍ਹ ਲੈ ਕੇ ਅਸੀਂ ਢੁੱਡੀਕੇ ਤੋਂ ਲੁਧਿਆਣੇ ਗਏ ਸਾਂ। ਸਨਮਾਨ ਸਮਾਗਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਾਲ ਆਡੀਟੋਰੀਅਮ ਵਿਚ ਹੋਣਾ ਸੀ। ਉਦਾਸੀ ਆਪਣੇ ਪਰਿਵਾਰ ਦੇ ਜੀਆਂ ਨੂੰ ਵੀ ਨਾਲ ਲੈ ਕੇ ਆਇਆ ਸੀ। ਉਸ ਸਮਾਗਮ ਲਈ ਉਸ ਨੇ ਨਵਾਂ ਗੀਤ ਲਿਖਿਆ ਸੀ ਤੇ ਆਪਣੀ ਬੁਲੰਦ ਆਵਾਜ਼ ਵਿਚ ਗਾਇਆ ਸੀ,

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।
ਜਿਥੇ ਜੰਮਦਾ ਬੰਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ,
ਜਿਥੇ ਕਰਜ਼ੇ ਹੇਠ ਪੰਜੀਰੀ ਹੈ...
ਜਿਥੇ ਹਾਰ ਮੰਨ ਲਈ ਚਾਵਾਂ ਨੇ,
ਜਿਥੇ ਕੂੰਜ ਘੇਰ ਲਈ ਕਾਂਵਾਂ ਨੇ,
ਜਿਥੇ ਅਣਵਿਆਹੀਆਂ ਹੀ ਮਾਂਵਾਂ ਨੇ,
ਜਿਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜੜੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

# ਪੀਰੇ ਮੁਗ਼ਾਂ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਉਰਦੂ ਫਾਰਸੀ ਸ਼ਾਇਰੀ ਵਿਚ 'ਪੀਰੇ ਮੁਗ਼ਾਂ' ਲਕਬ ਬਹੁਤ ਵਾਰ ਆਉਂਦਾ ਹੈ। ਨੁਸਰਤ ਫਤਿਹ ਅਲੀ ਖਾਂ ਦੀ ਇਕ ਕੱਵਾਲੀ ਵਿਚ ਇਸ ਦਾ ਬਹੁਤ ਦੁਹਰਾਓ ਹੈ। ਸ਼ਾਇਦ ਹੇਠ ਲਿਖੀ ਰੁਬਾਈ ਪਾਠਕਾਂ ਨੇ ਸੁਣੀ ਹੋਵੇ,

ਪੀਨਾ ਹਰਾਮ ਹੈ, ਨਾ ਪਿਲਾਨਾ ਹਰਾਮ ਹੈ।
ਪੀਨੇ ਕੇ ਬਾਅਦ ਹੋਸ਼ ਮੇਂ ਆਨਾ ਹਰਾਮ ਹੈ।
ਲਿਖਾ ਹੁਆ ਹੈ ਪੀਰੇ ਮੁਗ਼ਾਂ ਕੀ ਦੁਕਾਨ ਪਰ
ਕਮ'ਜ਼ਰਫ਼ ਕੋ ਸ਼ਰਾਬ ਪਿਲਾਨਾ ਹਰਾਮ ਹੈ।

ਪਰ ਪੰਜਾਬੀ ਦੇ ਸੂਫ਼ੀ ਕਵੀ ਕਿਹੜੇ 'ਪਾਪੜੇ' ਸਨ, ਪੂਰੀ ਅਰਬੀ, ਫਾਰਸੀ ਪੜ੍ਹੇ ਸਨ। ਬੁਲ੍ਹੇ ਸ਼ਾਹ ਸ਼ਾਇਦ ਇਨ੍ਹਾਂ ਜ਼ਬਾਨਾਂ ਦੇ ਸਭ ਤੋਂ ਵਧ ਆਲਿਮ ਫ਼ਾਜ਼ਿਲ ਸਨ। ਘਟੋ ਘਟ ਉਨ੍ਹਾਂ ਦੀ ਕਾਫੀ ਵਿਚ ਮੈਨੂੰ ਇਹ ਲਕਬ ਜ਼ਰੂਰ ਮਿਲ ਗਿਆ,

ਕਦੀ ਜਾ ਅਸਮਾਨ ਬਹਿੰਦੇ ਹੋ,
ਕਦੀ ਇਸ ਜਗ ਦੇ ਦੁੱਖ ਸਹਿੰਦੇ ਹੋ,
ਕਦੀ ਪੀਰੇ ਮੁਗਾਂ ਬਣ ਬਹਿੰਦੇ ਹੋ,
ਮੈਂ ਤਾਂ ਇਕਸੇ ਨਾਚ ਨਚਾਈ।
ਜਬ ਕੀ ਤੁਮ ਸੰਗ ਪ੍ਰੀਤ ਲਗਾਈ...।

ਇਹ ਪੀਰੇ ਮੁਗਾਂ ਕੀ ਬਲਾ ਹੈ ਜਿਸ ਦੀ ਪਦਵੀ ਬੁਲ੍ਹਾ ਆਪਣੇ ਮੁਰਸ਼ਿਦ ਨੂੰ ਵੀ ਦੇ ਰਿਹਾ ਹੈ? ਇਹ ਜਾਣਨ ਲਈ ਸਾਨੂੰ ਫਿਰ ਪ੍ਰਾਚੀਨ ਅਗਨੀਪੂਜ ਇਰਾਨੀਆਂ ਦੀਆਂ ਰਵਾਇਤਾਂ ਵਿਚੀਂ ਗੁਜ਼ਰਨਾ ਪਵੇਗਾ। ਪ੍ਰਾਚੀਨ ਹਿੰਦ-ਇਰਾਨੀਆਂ ਦਾ ਮੂਲ ਪ੍ਰਾਗ ਹਿੰਦ-ਯੂਰਪੀ ਆਰੀਅਨ ਲੋਕ ਸਨ। ਬਾਅਦ ਵਿਚ ਇਨ੍ਹਾਂ ਦਾ ਭਾਰਤੀ ਆਰੀਆਂ ਨਾਲੋਂ ਨਿਖੇੜਾ ਹੋ ਗਿਆ। ਅਵੇਸਤਾ ਅਤੇ ਵੇਦਾਂ ਦੀ ਭਾਸ਼ਾਈ ਸਮਾਨਤਾ ਤੋਂ ਇਸ ਗੱਲ ਦਾ ਪਤਾ ਲਗਦਾ ਹੈ। ਦਰਅਸਲ ਅਵੇਸਤਾ ਦੀ ਭਾਸ਼ਾ ਸਮਝਣ ਲਈ ਵੈਦਿਕ ਸੰਸਕ੍ਰਿਤ ਦਾ ਸਹਾਰਾ ਲੈਣ ਦੀ ਮਜਬੂਰੀ ਬਣੀ ਹੋਈ ਹੈ। ਦੋਨਾਂ ਦੀਆਂ ਰੀਤਾਂ-ਰਸਮਾਂ ਤੇ ਕਰਮਕਾਂਡ ਵੀ ਸਮਾਨ ਸਨ। ਦੋਨੋਂ ਅਗਨੀਪੂਜ ਸਨ। ਜੇ ਜਰਥੁਸਤਰਪਰਸਤ ਇਰਾਨੀਆਂ (ਅਜੋਕੇ ਪਾਰਸੀਆਂ ਦੇ ਪੁਰਵਜ) ਦੀ ਧਾਰਮਕ ਪੁਸਤਕ ਅਵੇਸਤਾ ਦੇ ਇਕ ਹਿੱਸੇ ਅਤੇ ਗਾਥਾਵਾਂ ਦੇ ਵਿਧੀਪੂਰਵਕ ਜਾਪ ਨੂੰ 'ਯਸਨ' ਆਖਿਆ ਜਾਂਦਾ ਸੀ ਤਾਂ ਹਿੰਦ-ਆਰਿਆਈ ਲੋਕਾਂ ਦੇ ਅਜਿਹੇ ਕਰਮ ਲਈ 'ਯਜਨ' (ਯਗ) ਸ਼ਬਦ ਚਲਦਾ ਸੀ ਪਰ ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪ੍ਰਾਚੀਨ ਇਰਾਨੀ ਭਾਵੇਂ ਅਗਨੀਪੂਜ ਸਨ ਪਰ ਘਟੋ ਘਟ ਇਸ ਰਸਮ ਵਿਚ ਉਹ ਅੱਗ ਦੀ ਥਾਂ ਤੇ ਪਾਣੀ ਦੀ ਅਰਾਧਨਾ (ਆਬ-ਜ਼ੋਰ) ਕਰਦੇ ਸਨ।

ਯਜਨ ਤੇ ਯਸਨ ਦੋਨੋਂ ਸ਼ਬਦ ਸਕੇ ਹਨ। ਅਜੋਕੀ ਫਾਰਸੀ 'ਚ ਇਹ ਸ਼ਬਦ 'ਜਸ਼ਨ' ਦਾ ਰੂਪ ਧਾਰ ਲੈਂਦਾ ਹੈ ਤੇ ਫਿਰ ਸਾਡੀਆਂ ਭਾਸ਼ਾਵਾਂ ਵਿਚ ਇਸੇ ਰੂਪ 'ਚ ਦਰਾਮਦ ਹੋ ਜਾਂਦਾ ਹੈ ਪਰ ਬਦਲੇ ਹੋਏ ਅਰਥਾਂ 'ਚ ਭਾਵ ਰੌਣਕ-ਮੇਲਾ, ਉਤਸਵ। ਏਧਰ ਕਰਮਕਾਂਡਾਂ ਤੋਂ ਉਦਾਸੀਨ ਪੰਜਾਬੀਆਂ ਨੇ ਖਿਲਵਾੜ ਭਾਵ ਨਾਲ ਯਜਨ ਨੂੰ ਵਾਧੂ ਦਾ ਖਿਲਾਰਾ ਸਮਝਦਿਆਂ 'ਖਲਜਗਣ' ਬਣਾ ਲਿਆ।

ਇਥੇ ਏਨਾ ਕੁ ਦੱਸਣਾ ਕਾਫੀ ਹੈ ਕਿ ਪਾਰਸੀ ਧਰਮ ਦੇ ਬਾਨੀ ਜਰਥੁਸਤਰ ਦੇ ਨਾਂ ਦੇ ਅਰਥਾਂ ਬਾਰੇ ਕਾਫੀ ਮਤਭੇਦ ਹਨ। ਇਕ ਮਤ ਅਨੁਸਾਰ ਇਹ ਪ੍ਰਾਚੀਨ ਇਰਾਨੀ 'ਜ਼ਰਤਉਸਤਰ' ਤੋਂ ਬਣਿਆ ਹੈ। ਇਸ ਵਿਚਲੇ 'ਜ਼ਰਤ' ਦਾ ਅਰਥ ਸੁਨਹਿਰੀ ਹੈ (ਪੁਰਾਣਾ ਰੂਪ ਜ਼ਰ=ਸੋਨਾ, ਜ਼ਰਦ=ਪੀਲਾ) ਅਤੇ ਉਸਤਰਾ ਦਾ ਅਰਥ ਊਠ। ਸ਼ਬਦ ਦੇ ਦੂਜੇ ਭਾਗ ਬਾਰੇ ਲਗਭਗ ਸਾਰੇ ਵਿਦਵਾਨਾਂ ਵਿਚ ਸਹਿਮਤੀ ਹੈ। ਸੋ ਪੂਰਾ ਅਰਥ ਬਣਿਆ, ਸੁਨਹਿਰੀ ਊਠ। ਪਛਮੀ ਏਸ਼ੀਆ ਵਿਚ ਊਠ ਦੀ ਮਹੱਤਤਾ ਬਾਰੇ ਪਾਠਕ ਜਾਣਦੇ ਹੀ ਹਨ। ਉਸਤਰਾ ਸ਼ਬਦ ਸੰਸਕ੍ਰਿਤ 'ਉਸ਼ਟਰ' ਰਾਹੀਂ ਪੰਜਾਬੀ ਊਠ ਦਾ ਸਕਾ-ਸੋਦਰਾ ਹੈ।

ਆਪਸ ਵਿਚ ਨਿਖੜ ਕੇ ਜਰਥੁਸਤਰਪਰਸਤ ਇਰਾਨੀਆਂ ਲਈ ਅਸੁਰ ਤਾਂ ਦੇਵਸਰੂਪ ਹੋ ਗਏ ਪਰ 'ਦੇਵਤਾ ਡਿਗ ਪਿਆ'। ਉਨ੍ਹਾਂ ਦਾ ਸਰਬਗਿਆਤਾ ਈਸ਼ਵਰ ਅਹੁਰਮਜ਼ਦਾ ਬਣ ਗਿਆ। ਇਸ ਵਿਚ 'ਅਹੁਰ' ਅਸੁਰ ਦਾ ਹੀ ਰੂਪਾਂਤਰ ਹੈ। ਪੰਜਾਬੀ 'ਦਿਓ' ਭਾਵੇਂ ਦੇਵ ਦਾ ਸੁਜਾਤੀ ਹੈ ਪਰ ਫਾਰਸੀ ਵਲੋਂ ਆਇਆ ਹੋਣ ਕਰਕੇ ਇਸ ਦੇ ਨਾਕਾਰਾਤਮਕ ਅਰਥ ਹਨ ਜੋ ਸਭ ਜਾਣਦੇ ਹੀ ਹਨ। ਦੂਜੇ ਪਾਸੇ ਭਾਰਤੀ ਆਰੀਆਂ ਲਈ ਅਸੁਰ ਬਦੀ ਦੇ ਤੇ ਦੇਵਤੇ ਸ਼ਕਤੀ ਦੇ ਪੁੰਜ ਬਣ ਗਏ। ਅਸੁਰਾਂ ਤੇ ਦੇਵਤਿਆਂ ਵਿਚ ਯੁਧ ਹੁੰਦੇ ਸਨ। ਦੋਨਾਂ ਵਲੋਂ ਸਾਂਝੀ ਸਾਗਰ ਮੰਥਨ ਦੀ ਮਿਥ ਵੀ ਸਭ ਨੇ ਸੁਣੀ ਹੀ ਹੈ।

ਅਵੇਸਤਾ ਵਿਚ ਪਵਿਤਰ ਅਗਨੀ ਲਈ ਆਤਰ ਸ਼ਬਦ ਹੈ ਜਿਸ ਤੋਂ ਸਮੁਚੀ ਸ੍ਰਿਸ਼ਟੀ ਊਰਜਾ ਪ੍ਰਾਪਤ ਕਰਦੀ ਹੈ। ਇਹ ਸ਼ਬਦ ਮਧਕਾਲੀ ਫਾਰਸੀ ਵਿਚ 'ਆਦਰ' ਬਣਿਆ ਤੇ ਅਜੋਕੀ ਫਾਰਸੀ ਵਿਚ ਆਜ਼ਰ ਤੇ ਆਤਸ਼। ਅਸੀਂ ਪੰਜਾਬੀ ਆਤਿਸ਼ਬਾਜ਼ੀ ਵਿਚ ਇਹ ਸ਼ਬਦ ਦੇਖ ਸਕਦੇ ਹਾਂ। ਇਰਾਨ ਦੇ ਇਕ ਹਿੱਸੇ ਵਿਚ ਅੱਗ-ਰਖਿਅਕ 'ਅਥਰਵਨ' ਕਹਾਉਂਦੇ ਸਨ। ਏਧਰ ਅਥਰਵੇਦ ਦੇ ਕਰਤਾ ਤੇ ਯੱਗ ਦੀ ਰੀਤੀ ਚਾਲੂ ਕਰਨ ਵਾਲੇ ਰਿਸ਼ੀ ਦਾ ਨਾਂ ਵੀ 'ਅਥਰਵਨ' ਦੱਸਿਆ ਜਾਂਦਾ ਹੈ। ਅਥਰਵਨ ਪੁਰੋਹਿਤ ਨੂੰ ਵੀ ਆਖਦੇ ਹਨ ਜੋ ਵੈਦਿਕ ਕਾਲ ਵਿਚ ਅਗਨੀ ਅਤੇ ਸੋਮ ਦੀ ਪੂਜਾ ਕਰਦਾ ਸੀ। ਮੋਨੀਅਰ-ਵਿਲੀਅਮਜ਼ ਦਾ ਮਤ ਹੈ ਕਿ ਇਹ ਅਥਰਵਨ ਇਕ ਅਪ੍ਰਚਲਤ ਸ਼ਬਦ 'ਅਥਰ' ਤੋਂ ਬਣਿਆ ਹੋ ਸਕਦਾ ਹੈ ਜਿਸ ਦਾ ਅਰਥ ਵੀ ਅਗਨੀ ਹੈ ਤੇ ਜੋ ਅਵੇਸਤਾ ਦੇ ਆਤਰ ਦਾ ਸਕਾ ਹੋ ਸਕਦਾ ਹੈ। ਉਧਰ ਪ੍ਰਾਚੀਨ ਇਰਾਨ ਦੇ ਅਗਨੀ ਦੇ ਮੰਦਿਰਾਂ



ਨੂੰ ਆਤਸ਼ਕਦੇ ਜਾਂ ਆਤਸ਼ਗਾਹ ਵੀ ਕਿਹਾ ਜਾਂਦਾ ਸੀ। ਇਰਾਨੀ ਆਤਿਸ਼ਕਦਿਆਂ ਵਿਚ ਵੀ ਅਗਨੀ ਅਤੇ ਹੋਮ ਦੀ ਪੂਜਾ ਹੁੰਦੀ ਸੀ। ਆਤਿਸ਼ਕਦਿਆਂ ਵਿਚ ਇਕ ਵਿਸ਼ੇਸ਼ ਬੂਟੀ ਤੋਂ ਹੋਮ ਤਿਆਰ ਕਰਨ ਵਾਲਾ ਸਮਾਨ ਜਿਵੇਂ ਸਿਲਵੱਟੇ, ਪੋਣੀ ਵਗੈਰਾ ਰੱਖੇ ਜਾਂਦੇ ਸਨ। ਸੋਮ ਤੇ ਹੋਮ ਸ਼ਬਦ ਦੀ ਧੁਨੀ ਤੇ ਅਰਥ ਦੀ ਸਾਂਝ ਸਪੱਸ਼ਟ ਝਲਕਦੀ ਹੈ। ਨਸ਼ੇ ਤੇ ਧਰਮ ਦੀ ਸਾਂਝ ਕਦੀਮੀ ਰਹੀ ਹੈ, ਨਿਹੰਗਾਂ ਦੇ ਸੁੱਖੇ ਤੇ ਚਰਚਾਂ ਦੀ ਵਾਈਨ ਵੱਲ ਧਿਆਨ ਦਿਓ। ਅੱਜ ਵੀ ਅਸੀਂ ਸ਼ਰਾਬ ਨੂੰ ਸੋਮਰਸ ਆਖ ਦਿੰਦੇ ਹਾਂ।

ਪਛਮੀ ਇਰਾਨ ਦੇ ਅਗਨੀਪੂਜਾ ਸਿਰੇ ਚਾੜ੍ਹਨ ਵਾਲੇ ਪੁਰੋਹਿਤ ਦਾ ਨਾਂ ਅਥਰਵਨ ਤੋਂ ਵਖਰਾ ਹੈ। ਅਵੇਸਤਾ ਵਿਚ ਇਨ੍ਹਾਂ ਨੂੰ 'ਮੋਗੁ' ਕਿਹਾ ਗਿਆ ਹੈ ਜੋ ਲਾਤੀਨੀ ਵਿਚ ਜਾ ਕੇ ਮੇਗਸ ਬਣ ਗਿਆ। ਅਜੋਕੀ ਫਾਰਸੀ ਵਿਚ ਇਨ੍ਹਾਂ ਨੂੰ ਮੁਗ਼ ਕਿਹਾ ਜਾਂਦਾ ਹੈ। ਪੁਰਾਣੇ ਯੁਨਾਨੀ ਗ੍ਰੰਥਾਂ ਵਿਚ ਇਨ੍ਹਾਂ ਨੂੰ 'ਮਾਗੀਜ਼' ਕਿਹਾ ਗਿਆ ਹੈ। ਅੰਗਰੇਜ਼ੀ ਵਿਚ ਇਹ 'ਮੀਜਾਇ' ਬਣ ਗਏ। ਲੋਕ ਇਨ੍ਹਾਂ ਮੁਗ਼ਾਂ ਦੇ ਆਤਸ਼ਕਦਿਆਂ ਤੋਂ ਆਪਣੇ ਘਰਾਂ ਲਈ ਅੱਗ ਲੈਣ ਜਾਂਦੇ ਸਨ। ਇਨ੍ਹਾਂ ਪੁਰੋਹਿਤਾਂ ਦਾ ਲੋਕ ਜੀਵਨ 'ਤੇ ਬਹੁਤ ਅਸਰ ਤੇ ਦਬਦਬਾ ਹੁੰਦਾ ਸੀ। ਉਹ ਲੋਕਾਂ ਦੀਆਂ ਅਹੁਰਾਂ ਤੇ ਰੋਗਾਂ ਦਾ ਇਲਾਜ ਦਸਦੇ, ਉਨ੍ਹਾਂ ਦੇ ਲੜਾਈਆਂ-ਝਗੜੇ ਨਿਪਟਾਉਂਦੇ ਤੇ ਇਕ ਤਰ੍ਹਾਂ ਨਜੂਮੀਆਂ ਦਾ ਕੰਮ ਵੀ ਕਰਦੇ ਸਨ। ਉਹ ਨਿਤਪ੍ਰਤੀ ਜੀਵਨ ਦੇ ਨਿਯਮਾਂ ਦੇ ਰਖਵਾਲੇ, ਇਥੋਂ ਤੱਕ ਕਿ ਨਿਆਧੀਸ਼ ਬਣ ਬੈਠੇ। ਇਸ ਲਈ ਇਨ੍ਹਾਂ ਨੂੰ ਦਸਤੂਰ ਕਿਹਾ ਜਾਣ ਲੱਗਾ। ਇਹ ਤੱਥ ਅੱਜ ਵੀ ਭਾਰਤੀ ਪਾਰਸੀਆਂ ਦੇ ਵੱਡੇ ਪੁਰੋਹਿਤਾਂ ਦੇ ਨਾਂ ਵਿਚ ਆਉਂਦੇ ਸ਼ਬਦ 'ਦਸਤੂਰ' ਤੋਂ ਪ੍ਰਮਾਣਤ ਹੁੰਦਾ ਹੈ ਜਿਵੇਂ ਦਸਤੂਰ ਜਮਸ਼ਯਜੀ ਮਿਨੋਚਰਜੀ। ਦਸਤੂਰ ਸ਼ਬਦ ਪਹਿਲਵੀ 'ਦਸਤਬਰ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੁਨਿਆਵੀ ਕਾਇਦੇ ਕਾਨੂੰਨ ਨੂੰ ਲਾਗੂ ਕਰਾਉਣ ਵਾਲਾ। ਉਨ੍ਹਾਂ ਦੇ ਕਰਮਕਾਂਡ ਬੜੇ ਰਹੱਸਮਈ ਅਤੇ ਚਮਤਕਾਰੀ ਜਿਹੇ ਹੁੰਦੇ ਸਨ। ਪਛਮੀ ਸੰਸਾਰ ਨੇ ਉਨ੍ਹਾਂ ਨੂੰ ਜਾਦੂਗਰ ਜਿਹੇ ਸਮਝਿਆ। ਬਾਈਬਲ ਵਿਚ ਜ਼ਿਕਰ ਆਉਂਦਾ ਹੈ ਕਿ ਈਸਾ ਦੇ ਜਨਮ ਸਮੇਂ ਪੂਰਬ ਤੋਂ (3) ਸਿਆਣੇ ਬੰਦ (ਮੀਜਾਇ) ਆਪਣੇ ਆਪਣੇ ਤੁਹਫੇ ਲੈ ਕੇ ਆਏ। ਜਾਦੂ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਮੈਜਿਕ ਤੇ ਅੱਗੋਂ ਮੈਜੀਸ਼ੀਅਨ ਇਸੇ ਤੋਂ ਬਣੇ ਹਨ।

ਮੁਗ਼ਾਂ ਦੇ ਪਿਛੋਕੜ ਬਾਰੇ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਹੇਰੋਡੋਟਸ ਅਨੁਸਾਰ ਇਹ ਮੀਡਜ਼ ਦੇ ਇਲਾਕੇ ਦੇ ਕਿਸੇ ਕਬੀਲੇ ਦਾ ਨਾਂ ਹੈ ਜੋ ਪੇਸ਼ਾਵਰ ਪੁਰੋਹਿਤ ਬਣ ਗਏ। ਕੁਝ ਦਾ ਵਿਚਾਰ ਹੈ ਕਿ ਇਹ 'ਮਗਆਨੋ' ਕਹਾਉਂਦੀ ਉਸ ਧਾਰਮਕ ਜਾਤੀ ਦਾ ਨਾਂ ਹੈ ਜਿਸ ਵਿਚ ਜਰਥੁਸਤਰ ਖੁਦ ਪੈਦਾ ਹੋਏ। ਅਜਿਤ ਵਡਨੇਰਕਰ ਦਾ ਕਹਿਣਾ ਹੈ ਕਿ ਕੁਝ ਇਤਿਹਾਸਕਾਰ ਅਤੇ ਭਾਸ਼ਾ ਵਿਗਿਆਨੀ ਇਸ ਵਿਚਾਰ ਦੇ ਹਨ ਕਿ ਪ੍ਰਾਚੀਨ ਇਰਾਨੀ ਅਗਨੀ ਦੀਆਂ ਰਸਮਾਂ ਭਾਰਤੀ ਮਗਧ ਦੇ ਅਗਨੀ ਪੁਰੋਹਿਤਾਂ ਤੋਂ ਕਰਵਾਇਆ ਕਰਦੇ ਸਨ ਜੋ ਬਾਅਦ ਵਿਚ ਪੱਕੇ ਤੌਰ 'ਤੇ ਉਥੇ ਹੀ ਵਸ ਗਏ। ਇਹ ਮਗਧੀ ਬ੍ਰਾਹਮਣ ਹੋਣ ਕਾਰਨ ਮੋਗ਼ ਕਹਾਏ। ਵਡਨੇਰਕਰ ਦੀ ਆਦਤ ਹੈ ਕਿ ਬਹੁਤ ਸਾਰੀਆਂ ਗੱਲਾਂ ਵਿਚ ਭਾਰਤ ਦੇ ਯੋਗਦਾਨ ਨੂੰ ਕਈ ਵਾਰੀ ਬੇਲੋੜਾ ਚੁਕਦਾ ਰਹਿੰਦਾ ਹੈ। ਖੈਰ, ਇਹ ਵੱਡੇ ਮਸਲੇ ਹਨ। ਵਡਨੇਰਕਰ ਨੂੰ ਮੈਂ ਦੱਸਿਆ ਕਿ ਅੱਜ ਉਰਦੂ ਫਾਰਸੀ ਦੀ ਸ਼ਾਇਰੀ ਵਿਚ ਮੁਗ਼ ਦੇ ਅਰਥ ਬਦਲ ਗਏ ਹਨ। ਅੱਜ ਸ਼ਰਾਬਖਾਨੇ ਦੇ ਮਾਲਿਕ ਨੂੰ ਮੁਗ਼ ਕਿਹਾ ਜਾਂਦਾ ਹੈ। ਉਰਦੂ ਫਾਰਸੀ ਸ਼ਾਇਰੀ ਵਿਚ ਆਉਂਦੇ 'ਪੀਰੇ ਮੁਗ਼ਾਂ' ਦਾ ਮੁਢਲਾ ਅਰਥ ਭਾਵੇਂ ਵੱਡਾ ਪੁਰੋਹਿਤ ਹੈ ਪਰ ਪ੍ਰਸੰਗਕ ਅਰਥ ਸ਼ਰਾਬਖਾਨੇ ਦਾ ਵੱਡਾ ਮਾਲਕ ਬਣ ਗਿਆ ਹੈ। ਅਰਥਾਂ ਦੇ ਇਸ ਕਾਇਆਕਲਪ ਦਾ ਕਾਰਨ ਇਨ੍ਹਾਂ ਆਤਿਸ਼ਕਦਿਆਂ ਵਿਚ ਮੁਗ਼ਾਂ ਦੁਆਰਾ ਨਸ਼ੀਲੇ ਹੋਮ ਦੀ ਵਰਤੋਂ ਹੈ। ਵਡਨੇਰਕਰ ਲਈ ਇਹ ਨਵੀਂ ਗੱਲ ਸੀ। ਮੇਰੀ 'ਲਭਤ' ਤੋਂ ਨਸ਼ਿਆਏ ਨੇ ਸ਼ਿਅਰ ਝਾੜਿਆ,

ਮੋਹਤਸਿਬ ਨਾ ਫੈਂਕ, ਮੇਰੇ ਮੋਹਤਸਿਬ ਨਾ ਫੈਂਕ
ਜ਼ਾਲਿਮ ਸ਼ਰਾਬ ਹੈ, ਅਰੇ ਜ਼ਾਲਿਮ ਸ਼ਰਾਬ ਹੈ।

ਉਸ ਨੇ ਨਾਲ ਹੀ ਆਪਣੀ ਲੱਖਣਾ ਲਾਈ: ਇਹ ਪੀਰੇ ਮੁਗ਼ਾਂ ਦਰਅਸਲ ਸ਼ਰਾਬਖਾਨੇ ਦਾ ਨਹੀਂ ਬਲਕਿ ਸ਼ਰਾਬ ਦੀਆਂ ਭੱਠੀਆਂ ਦਾ ਮਾਲਿਕ ਰਿਹਾ ਹੋਵੇਗਾ। ਮੁਗ਼ ਸਿਰਫ਼ ਅਗਨੀ-ਪੁਰੋਹਿਤ ਹੀ ਨਹੀਂ ਸਨ ਬਲਕਿ ਬੜੇ ਭੂਪਤੀ, ਪਤਵੰਤੇ ਲੋਕ ਸਨ। ਅਸਚਰਜ ਨਹੀਂ ਕਿ ਸ਼ਰਾਬ ਵੀ ਅਗਨੀ ਕਰਮ ਦੀ ਹੀ ਉਪਜ ਹੈ। ਸੋ ਪਵਿਤਰ ਹੋਮ ਦਾ ਨਿਰਮਾਣ ਉਹ ਖੁਦ ਕਰਦੇ ਰਹੇ ਹੋਣਗੇ, ਚਰਚ ਵਾਈਨ ਦੀ ਤਰਜ਼ ਤੇ। ਬਾਅਦ ਵਿਚ ਮੁਗ਼ਾਂ ਦਾ ਇਕ ਵਰਗ ਸ਼ਰਾਬ ਕਢਣ ਦੇ ਕੰਮ ਵਿਚ ਹੀ ਲੱਗਾ ਰਿਹਾ।

ਵਡਨੇਰਕਰ ਦੇ ਉਪਰੋਕਤ ਸ਼ਿਅਰ ਅਤੇ ਕਿਆਸਅਰਾਈਆਂ ਪੜ੍ਹ ਕੇ ਮੈਂ ਜਵਾਬ ਵਜੋਂ ਇਸ ਲੇਖ ਦੇ ਅਰੰਭ ਵਿਚ ਦਿੱਤੀ ਰੁਬਾਈ ਲਿਖ ਭੇਜੀ। ਇਸ ਦੇ ਜਵਾਬ ਵਿਚ ਉਸ ਨੇ ਮੈਨੂੰ ਹੀ ਪੀਰੇ ਮੁਗ਼ਾਂ ਕਹਿੰਦਿਆਂ ਇਕ ਹੋਰ ਸ਼ਿਅਰ ਸੁਣਾ ਦਿੱਤਾ,

ਮੈਂ ਤੋ ਜਬ ਮਾਨੂੰ
ਕਿ ਭਰ ਦੇ ਸਾਗਰੇ-ਹਰ-ਖਾਸੋ-ਆਮ
ਯੂੰ ਤੋ ਜੋ ਭੀ ਆਇਆ,
ਪੀਰੇ ਮੁਗ਼ਾਂ ਬਨਤਾ ਗਇਆ।

ਸਾਨੂੰ ਦੋਨਾਂ ਨੂੰ ਸ਼ਿਅਰੋ ਸ਼ਾਇਰੀ ਵਿਚ ਗ਼ਲਤਾਨ ਦੇਖ ਕੇ ਚਰਚਾ 'ਚ ਸ਼ਾਮਲ ਬਾਕੀ ਸਾਥੀਆਂ ਨੇ ਸਾਨੂੰ ਹਲੂਣਿਆ ਕਿ ਇਹ ਗੰਭੀਰ ਚਰਚਾ ਦਾ ਮੰਚ ਹੈ, ਜ਼ਰਾ ਹੋਸ਼ ਕਰੋ। ਆਪਾਂ ਤਾਂ ਅੱਗੇ ਹੀ ਸ਼ਿਅਰੋ ਸ਼ਾਇਰੀ ਵਿਚ ਕਮਜ਼ੋਰ ਹਾਂ, ਬਹਾਨਾ ਮਿਲ ਗਿਆ ਤੇ ਝਟ ਹੋਸ਼ ਵਿਚ ਆ ਗਏ!

# ਧੂੜ ਵਿਚਲੇ ਕਣ

ਸਫ਼ਰ ਜ਼ਿੰਦਗੀ ਦਾ



ਵਰਿਆਮ ਸਿੰਘ ਸੰਧੂ

***ਆਪਣੀ ਸਵੈ-ਜੀਵਨੀ ਦੇ 'ਪਹਿਲੀ ਸ਼ਾਬਾਸ਼' ਨਾਂ ਦੇ ਇਸ ਅਧਿਆਇ ਵਿਚ ਵਰਿਆਮ ਸੰਧੂ ਨੇ ਆਪਣੇ ਦਿਲ ਦੇ ਵਿਹੜੇ ਵਿਚ ਪਹਿਲੀ ਵਾਰ ਉਤਰੀ ਕਵਿਤਾ ਬਾਰੇ ਗੱਲਾਂ ਕੀਤੀਆਂ ਹਨ। ਅਖ਼ਬਾਰ ਵਿਚ ਛਪੀ ਕਵਿਤਾ ਦੇਖ ਕੇ ਜਦੋਂ ਉਹਦੇ ਪਿੰਡ ਦਾ ਬਜ਼ੁਰਗ ਆਖਦਾ ਹੈ, "ਪੁੱਤਰਾ! ਨਾਂ ਕੱਢ ਦੇ ਆਪਣੇ ਪਿੰਡ ਦਾ ਤਕੜਾ ਹੋ ਕੇ...", ਤਾਂ ਉਹਦੇ ਪੈਰ ਧਰਤੀ ਉਤੇ ਨਹੀਂ ਸਨ ਲੱਗ ਰਹੇ। ਉਦੋਂ ਉਹ ਸਕੂਲ ਵਿਚ ਪੜ੍ਹਦਾ ਸੀ। ਇਹ 1958-59 ਦੀਆਂ ਗੱਲਾਂ ਹਨ। ਦਸ ਸਾਲ ਬਾਅਦ ਜਦੋਂ ਉਹ ਉਡਾਰ ਹੋਇਆ ਤਾਂ ਜੁੱਗ ਪਲਟਾਉਣ ਨਿਕਲੇ ਨੌਜਵਾਨ ਨਕਸਲੀ ਇਨਕਲਾਬਪਸੰਦਾਂ ਨਾਲ ਰਲ ਕੇ ਕਵਿਤਾ ਲਿਖਣ ਲੱਗ ਪਿਆ। ਪਿੱਛੋਂ ਉਸ ਨੇ ਕਹਾਣੀ ਦੇ ਖੇਤਰ ਵਿਚ ਜੋ ਨਾਂ ਕਮਾਇਆ, ਉਸ ਨੇ ਬਜ਼ੁਰਗ ਦੇ ਹੋਕਰੇ ਵਾਂਗ ਪਿੰਡ ਦਾ ਨਾਂ ਦੁਨੀਆਂ ਵਿਚ ਧੁਕਾ ਦਿੱਤਾ। ਉਸ ਨੇ ਕਹਾਣੀ ਵਿਚ ਅਜਿਹਾ ਰੰਗ-ਰਸ ਭਰਿਆ ਜਿਸ ਦਾ ਅਸਰ ਅਗਲੀਆਂ ਪੀੜ੍ਹੀਆਂ ਤੱਕ ਪਿਆ। ਕਹਾਣੀ ਦੇ ਇਸ ਰੰਗ ਦੇ ਬੀਜ ਦਰਅਸਲ ਉਸ ਕਵਿਤਾ ਵਿਚ ਪਏ ਸਨ ਜੋ ਉਸ ਨੇ ਆਪਣੇ ਸਾਥੀ ਵਿਦਿਆਰਥੀਆਂ ਨਾਲ ਰਲ ਕੇ ਲਿਖੀ ਸੀ ਅਤੇ ਸਕੂਲ ਦੀ ਸਟੇਜ ਤੋਂ ਗਾਈ ਸੀ। ਫਿਰ ਵਰਿਆਮ ਦਾ ਵਾਸਤਾ ਜਦੋਂ ਪੰਜਾਬੀ ਸਾਹਿਤਕ ਪੱਤਰਾਂ ਨਾਲ ਪਿਆ ਅਤੇ ਲਾਇਬ੍ਰੇਰੀ 'ਚੋਂ ਕਢਾ ਕੇ ਉਸ ਨੂੰ ਗਲਪ ਦੀਆਂ ਪੁਸਤਕਾਂ ਪੜ੍ਹੀਆਂ, ਮੁਨਸ਼ੀ ਪ੍ਰੇਮ ਚੰਦ, ਉਪਿੰਦਰ ਨਾਥ ਅਸ਼ਕ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਗੁਰਬਖ਼ਸ਼ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਜਸਵੰਤ ਸਿੰਘ ਕੰਵਲ ਆਦਿ ਲੇਖਕ ਪੜ੍ਹੇ ਤਾਂ ਉਸ ਨੂੰ ਕਵਿਤਾ ਨਾਲੋਂ ਗਲਪ ਤੇ ਵਾਰਤਕ ਵਧੇਰੇ ਖਿੱਚ ਪਾਉਣ ਲੱਗੀ। ਕਵਿਤਾ ਉਤਰਨ ਅਤੇ ਕਹਾਣੀ ਵੱਲ ਮੁੜਨ ਦਾ ਅਮਲ ਇਨ੍ਹਾਂ ਕਾਂਡਾਂ 'ਚ ਦਰਜ ਹੈ। -ਸੰਪਾਦਕ***

*ਲੜੀ ਜੋੜਨ ਲਈ ਪਿਛਲਾ ਅੰਕ ਵੇਖੋ*

### ਪਹਿਲੀ ਸ਼ਾਬਾਸ਼

ਸਾਡੇ ਪਿੰਡ ਦਾ ਹੀ ਇੱਕ ਮਾਸਟਰ ਹੁੰਦਾ ਸੀ ਲਾਲ ਸਿੰਘ ਜੋਸ਼ੀ। ਪਹਿਲਾਂ ਉਹ ਸਾਨੂੰ ਤੀਸਰੀ ਜਮਾਤ ਵਿਚ ਪੜ੍ਹਾਉਂਦਾ ਰਿਹਾ ਸੀ। ਫਿਰ ਉਸ ਦੀ ਕਿਸੇ ਹੋਰ ਪਿੰਡ ਬਦਲੀ ਹੋ ਗਈ। ਜਦੋਂ ਮੈਂ ਅਠਵੀਂ ਜਮਾਤ ਵਿਚ ਹੋਇਆ ਤਾਂ ਉਹ ਬਦਲੀ ਕਰਵਾ ਕੇ ਪਿੰਡ ਵਿਚ ਹੀ ਆਣ ਲੱਗਾ। ਉਹ ਕੁੱਝ ਸਮਾਂ ਪਹਿਲਾਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦਾ ਪ੍ਰਧਾਨ ਰਹਿ ਚੁੱਕਾ ਸੀ। ਗੁਣੀ ਬੰਦਾ ਸੀ। ਉਸ ਨੇ ਰਹਿ ਚੁੱਕੇ ਮੁੱਖ ਮੰਤਰੀ ਗੋਪੀ ਚੰਦ ਭਾਰਗੋ ਦੀ, ਉਸ ਨੂੰ ਬਤੌਰ ਟੀਚਰਜ਼ ਯੂਨੀਅਨ ਦੇ ਪ੍ਰਧਾਨ, ਲਿਖੀ ਚਿੱਠੀ ਸਾਨੂੰ ਵਿਖਾ ਕੇ ਆਪਣੇ ਮਹੱਤਵਪੂਰਨ ਬੰਦਾ ਹੋਣ ਦਾ ਅਹਿਸਾਸ ਕਰਵਾਇਆ। ਕਥਾਵਾਚਕ ਵੀ ਉਹ ਬਹੁਤ ਚੰਗਾ ਸੀ ਅਤੇ ਮੁਕਤਸਰ ਦੀ ਜੰਗ ਵਿਚ ਜਾ ਕੇ ਸ਼ਹੀਦ ਹੋਣ ਵਾਲੇ ਤੇ 'ਟੁੱਟੀ ਗੰਢਣ' ਵਾਲੇ ਏਸੇ ਪਿੰਡ ਦੇ ਭਾਈ ਮਹਾਂ ਸਿੰਘ ਦੇ ਗੁਰਦੁਆਰੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਵੀ ਉਸ ਕੋਲ ਸੀ। ਇਹ ਸਾਰੇ ਅਧਿਆਪਕ ਕੇਵਲ ਆਪਣੇ ਆਪ ਨੂੰ ਪਾਠ-ਪੁਸਤਕਾਂ ਦੀ ਪੜ੍ਹਾਈ ਕਰਵਾਉਣ ਤੱਕ ਹੀ ਸੀਮਤ ਨਹੀਂ ਸਨ ਰੱਖਦੇ ਸਗੋਂ ਇਨ੍ਹਾਂ ਦਾ ਮਕਸਦ ਹੁੰਦਾ ਸੀ ਕਿ ਉਹ ਬੱਚਿਆਂ ਨੂੰ ਜ਼ਿੰਦਗੀ ਦਾ, ਸਮਾਜ ਦਾ, ਇਤਿਹਾਸ ਦਾ, ਧਰਮ ਤੇ ਸਦਾਚਾਰ ਦਾ ਵੱਧ ਤੋਂ ਵੱਧ ਗਿਆਨ ਦੇਣ। ਉਹ ਆਪਣੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਵਿਚ ਸੱਤ ਰੰਗ ਖਿੜੇ ਵੇਖਣਾ ਚਾਹੁੰਦੇ ਸਨ। ਲਾਲ ਸਿੰਘ ਦੀ ਵੀ ਅਜਿਹੇ ਵਿਦਿਆਰਥੀ ਸਿਰਜ ਸਕਣ ਦੀ ਬੜੀ ਪ੍ਰਬਲ ਤਾਂਘ ਸੀ।

ਲਾਲ ਸਿੰਘ ਬਹੁਤ ਵਧੀਆ ਬੁਲਾਰਾ ਸੀ ਅਤੇ ਆਪਣੀਆਂ ਪ੍ਰਾਪਤੀਆਂ ਵਿਚ ਇਸ ਕੌਸ਼ਲ ਨੂੰ ਭਲੀ-ਭਾਂਤ ਸਮਝਦਾ ਸੀ; ਇਸ ਲਈ ਉਹ ਚਾਹੁੰਦਾ ਸੀ ਹਰੇਕ ਵਿਦਿਆਰਥੀ ਨੂੰ ਸਟੇਜ ਉਤੇ ਜਾ ਕੇ ਆਪਣੇ ਖ਼ਿਆਲਾਂ ਨੂੰ ਪ੍ਰਗਟਾ ਸਕਣ ਦਾ ਜੇਰਾ ਤੇ ਜਾਚ ਆਉਣੀ ਚਾਹੀਦੀ ਹੈ। ਉਸ ਨੇ ਆਉਂਦਿਆਂ ਹੀ ਮੁੱਖ-ਅਧਿਆਪਕ ਨੂੰ ਆਖ ਕੇ ਕੁੱਝ ਸਮਾਂ ਰੋਜ਼ ਹੀ ਬਾਲ-ਸਭਾ ਲਾਉਣ ਲਈ ਰਾਖਵਾਂ ਰੱਖ ਲਿਆ। ਉਸ ਨੇ ਸਕੂਲ ਦੇ ਹਰੇਕ ਵਿਦਿਆਰਥੀ ਨੂੰ ਇਸ ਇਮਤਿਹਾਨ ਵਿਚ ਪਾਉਣ ਅਤੇ ਪਾਸ ਕਰਨ ਦਾ ਇਰਾਦਾ ਕਰ ਲਿਆ। ਸਕੂਲ ਦੇ ਹਰੇਕ ਬੱਚੇ ਨੂੰ ਸਟੇਜ ਉਤੇ ਖਲੋ ਕੇ ਭਾਸ਼ਣ ਤੇ ਕਵਿਤਾ ਸੁਣਾਉਣ ਜਾਂ ਆਪਣੀ ਗੱਲ ਕਹਿਣ ਦੀ ਔਖ-ਸੌਖ ਦਾ ਸਾਹਮਣਾ ਕਰਨਾ ਹੀ ਪੈਣਾ ਸੀ। ਉਸ ਨੇ ਸ਼ੁਰੂਆਤ ਦਸਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਕੀਤੀ ਅਤੇ ਸਭ ਨੂੰ ਆਖਿਆ ਕਿ ਹਰੇਕ ਵਿਦਿਆਰਥੀ ਨੂੰ ਆਪਣੇ ਰੋਲ ਨੰਬਰ ਅਨੁਸਾਰ ਆਉਂਦੀ ਵਾਰੀ ਤੇ ਕੁੱਝ ਨਾ ਕੁੱਝ ਜ਼ਰੂਰ ਸੁਣਾਉਣਾ ਪਵੇਗਾ। ਉਨ੍ਹਾਂ ਦੀ ਹਰ ਤਰ੍ਹਾਂ ਅਗਵਾਈ ਕਰਨ ਲਈ ਉਹ ਤਿਆਰ ਸੀ। ਅੱਠ-ਦਸ ਵਿਦਿਆਰਥੀ ਰੋਜ਼ ਭੁਗਤ ਜਾਂਦੇ। ਕਈ ਡਰਦੇ, ਕੰਬਦੀਆਂ ਲੱਤਾਂ ਨਾਲ ਸਟੇਜ 'ਤੇ ਚੜ੍ਹਦੇ। ਕਈ ਥਥਲਾਉਂਦੇ, ਕਈ ਭੁੱਲ ਜਾਂਦੇ, ਕਈ ਹਿੰਮਤ ਕਰ ਕੇ ਆਪਣੀ ਵਾਰੀ ਠੀਕ-ਠਾਕ ਭੁਗਤਾ ਜਾਂਦੇ। ਜਿਨ੍ਹਾਂ ਦੀ ਵਾਰੀ ਨਾ ਹੁੰਦੀ ਉਹ ਇਸ ਸਭ ਕੁੱਝ ਦਾ ਆਨੰਦ ਮਾਣਦੇ। ਕਿਸੇ ਦੇ ਭੁੱਲਣ ਤੇ ਹੱਸਦੇ ਵੀ। ਪਰ ਜਿਨ੍ਹਾਂ ਦੀ ਵਾਰੀ ਅਗਲੇ ਦਿਨਾਂ ਵਿਚ ਆਉਣ ਵਾਲੀ ਹੁੰਦੀ ਉਨ੍ਹਾਂ ਦੇ ਸਾਹ ਸੁੱਕੇ ਰਹਿੰਦੇ ਤੇ ਆਪਣੀ ਵਾਰੀ ਭੁਗਤਾਉਣ ਦਾ ਫ਼ਿਕਰ ਲੱਗਾ ਰਹਿੰਦਾ।

ਜਦੋਂ ਅੱਠਵੀਂ ਜਮਾਤ ਦੀ ਵਾਰੀ ਸ਼ੁਰੂ ਹੋਈ ਤਾਂ ਮੈਨੂੰ ਵੀ ਚਿੰਤਾ ਨੇ ਆ ਘੇਰਿਆ। ਪ੍ਰਾਇਮਰੀ ਦਾ ਵਿਦਿਆਰਥੀ ਹੋਣ ਸਮੇਂ ਮੈਂ ਰੋਜ਼ ਸਵੇਰੇ ਪ੍ਰਾਰਥਨਾ ਵਿਚ ਕੋਈ ਨਾ ਕੋਈ ਨਵਾਂ ਲੇਖ ਯਾਦ ਕਰ ਕੇ ਸੁਣਾਉਂਦਾ ਸਾਂ। ਇਹ ਵੀ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਹੀ ਹੁੰਦਾ ਸੀ। ਇੱਕ ਤਾਂ ਮੈਂ ਦਿੱਤੀ ਚੀਜ਼ ਯਾਦ ਛੇਤੀ ਕਰ ਲੈਂਦਾ ਸਾਂ, ਦੂਜਾ ਮੈਨੂੰ ਜ਼ਰੂਰ ਭਰੋਸੇ ਨਾਲ ਬੋਲਣ ਦਾ ਅਭਿਆਸ ਹੋਵੇਗਾ ਤਦੇ ਹੀ ਤਾਂ ਇੱਕ ਵਾਰ ਸਾਡੇ ਅਧਿਆਪਕ ਇੰਦਰ ਸਿੰਘ ਨੇ ਮੇਰੇ ਬੋਲਣ ਤੇ ਖ਼ੁਸ਼ ਹੋ ਕੇ ਦੂਜੇ ਅਧਿਆਪਕ ਨੂੰ ਕਿਹਾ ਸੀ, "ਇਹ ਮੁੰਡਾ ਜਿਵੇਂ ਬੋਲਦਾ ਹੈ, ਕਿਤੇ ਵੱਡਾ ਹੋ ਕੇ ਲੀਡਰ ਨਾ ਬਣ ਜਾਵੇ!" ਤੀਜੀ ਜਮਾਤ ਵਿਚ ਸਾਂ ਜਦੋਂ ਸਕੂਲ ਇੰਸਪੈਕਟਰ ਸਕੂਲ ਦਾ ਨਿਰੀਖਣ ਕਰਨ ਆਇਆ ਤਾਂ ਉਸ ਸਾਹਮਣੇ ਆਪਣੀ ਬੋਲਣ-ਕਲਾ ਦਾ ਪ੍ਰਦਰਸ਼ਨ ਕਰਨ ਵਾਲੇ ਸਕੂਲ ਦੇ ਚੰਦ ਕੁ ਬੱਚਿਆਂ ਵਿਚ ਮੈਂ ਵੀ ਸਾਂ। ਪਰ ਹਾਈ ਸਕੂਲ ਵਿਚ ਦਾਖ਼ਲ ਹੋਣ ਤੋਂ ਬਾਅਦ ਮੇਰੀ ਇਸ ਲੁਕੀ ਯੋਗਤਾ ਨੂੰ ਕਿਸੇ ਹੁਲਾਰਾ ਨਹੀਂ ਸੀ ਦਿੱਤਾ ਤੇ ਮੇਰੇ ਅੰਦਰਲਾ ਬੇਧੜਕ ਬੁਲਾਰਾ ਕਿਧਰੇ ਸੌਂ ਗਿਆ ਸੀ। ਇਸ ਲਈ ਹੁਣ ਸਟੇਜ ਦਾ ਖ਼ੌਫ਼ ਜਾਗ ਪੈਣਾ ਬੜਾ ਸੁਭਾਵਕ ਸੀ।

ਮੇਰਾ ਜਮਾਤੀ ਅਤਰ ਸਿੰਘ ਮੇਰਾ ਨੇੜਲਾ ਮਿੱਤਰ ਵੀ ਸੀ। ਸਾਡੇ ਰੋਲ ਨੰਬਰ ਵੀ ਨੇੜੇ-ਨੇੜੇ ਸਨ। ਉਸ ਨੇ ਸੁਝਾਓ ਦਿੱਤਾ ਕਿ ਆਪਾਂ ਆਪਣੀ ਵਾਰੀ ਉਤੇ ਆਪ ਕਵਿਤਾ ਜੋੜ ਕੇ ਸੁਣਾਈਏ। ਮੈਨੂੰ ਇਹ ਗੱਲ ਅਜੀਬ ਅਤੇ ਅਲੋਕਾਰ ਲੱਗੀ। ਆਪ ਕਵਿਤਾ ਲਿਖਣ ਬਾਰੇ ਤਾਂ ਮੈਂ ਅੱਜ ਤੱਕ ਸੋਚਿਆ ਹੀ ਨਹੀਂ ਸੀ। ਉਂਜ ਅਤਰ ਸਿੰਘ ਦਾ ਸੁਝਾਓ ਰੁਮਾਂਚਿਤ ਕਰਨ ਵਾਲਾ ਸੀ। ਪਹਿਲੀ ਕਵਿਤਾ ਲਿਖਣ ਵਾਲਾ ਵੱਡਾ ਆਗੂ ਰੋਲ ਵੀ ਅਤਰ ਸਿੰਘ ਨੇ ਹੀ ਨਿਭਾਇਆ। ਉਹ ਸਾਡੇ ਕਵੀਸ਼ਰੀ ਜਥੇ ਦਾ ਲੈਕਚਰ ਦੇਣ ਵਾਲਾ 'ਜਥੇਦਾਰ' ਵੀ ਬਣਿਆ। ਮੇਰੀ ਅਤੇ ਮਹਿੰਦਰ ਦੀ ਆਵਾਜ਼ ਚੰਗੀ ਸੀ। ਵਾਰੀ ਆਉਣ ਉਤੇ ਅਸੀਂ ਡਰੇ-ਸਹਿਮੇ ਤਿੰਨੇ ਜਣੇ ਸਟੇਜ ਉਤੇ ਜਾ ਚੜ੍ਹੇ। ਅਤਰ ਸਿੰਘ ਨੇ ਛੋਟਾ ਜਿਹਾ ਲੈਕਚਰ ਝਾੜਿਆ, "ਅਧਿਆਪਕ ਸਾਹਿਬਾਨ ਅਤੇ ਭਰਾਵੋ, ਅਸੀਂ ਜਿਹੜੀ ਕਵਿਤਾ ਸੁਣਾਉਣ ਲੱਗੇ ਹਾਂ ਇਹ ਸਾਡੀ ਆਪਣੀ ਲਿਖੀ ਹੋਈ ਹੈ।" ਉਹਦਾ ਐਲਾਨ ਸੁਣ ਕੇ ਕੋਲ ਖਲੋਤੇ ਅਧਿਆਪਕਾਂ ਨੇ ਦਿਲਚਸਪੀ ਨਾਲ ਮੁਸਕਰਾ ਕੇ ਸਾਡੇ ਵੱਲ ਵੇਖਿਆ।

"ਕਵਿਤਾ ਹੈ ਵੀ ਆਪਣੇ ਸਕੂਲ ਬਾਰੇ ਅਤੇ ਇੱਥੋਂ ਦੇ ਮਾਹੌਲ ਬਾਰੇ। ਇਸ ਵਿਚ ਕੁੱਝ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਵੀ ਜ਼ਿਕਰ ਹੈ। ਜੇ ਕਿਸੇ ਨੂੰ ਕੋਈ ਗੱਲ ਚੰਗੀ ਨਾ ਲੱਗੇ ਤਾਂ ਅਸੀਂ ਪਹਿਲਾਂ ਹੀ ਮੁਆਫ਼ੀ ਮੰਗ ਲੈਂਦੇ ਹਾਂ...।"

ਅਤਰ ਸਿੰਘ ਨੇ ਭੂਮਿਕਾ ਬੰਨ੍ਹ ਕੇ ਚੰਗੀ ਉਤਸੁਕਤਾ ਪੈਦਾ ਕਰ ਦਿੱਤੀ ਸੀ। ਉਸ ਨੂੰ ਹੌਸਲੇ ਨਾਲ ਬੋਲਦਿਆਂ ਵੇਖ ਕੇ ਅਸੀਂ ਵੀ ਪੈਰ ਜਮਾ ਲਏ। ਸਾਹਮਣੇ ਕਤਾਰਾਂ ਵਿਚ ਬੈਠੇ ਮੁੰਡੇ ਧੌਣਾਂ ਚੁੱਕ ਚੁੱਕ ਕੇ ਸਾਡੇ ਵੱਲ ਵੇਖ ਰਹੇ ਸਨ।

ਅਤਰ ਸਿੰਘ ਨੇ ਲੈਕਚਰ ਖ਼ਤਮ ਕੀਤਾ ਅਤੇ ਮੈਂ ਅੱਗੇ ਲੱਗ ਕੇ ਕਵੀਸ਼ਰੀ ਦੇ ਅੰਦਾਜ਼ ਵਿਚ ਕਵਿਤਾ ਗਾਉਣੀ ਸ਼ੁਰੂ ਕੀਤੀ। ਮੁਖੜਾ ਮੈਂ ਬੋਲਦਾ ਅਤੇ ਮਗਰਲੀ ਟੇਕ ਮਹਿੰਦਰ ਦੁਹਰਾਉਂਦਾ। ਆਪਣੇ ਪਿੰਡ ਦੇ ਮਹੱਤਵ, ਖ਼ਾਸ ਖ਼ਾਸ ਥਾਵਾਂ, ਸਕੂਲ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਜ਼ਿਕਰ ਕਵਿਤਾ ਵਿਚ ਸੁਣ ਕੇ ਸਭ ਸਰੋਤੇ ਗਦਗਦ ਭਾਵਾਂ ਨਾਲ ਮੁਸਕਰਾ ਰਹੇ ਸਨ ਅਤੇ ਸਾਡੀ ਇਸ ਪੇਸ਼ਕਾਰੀ ਨੂੰ ਅਸਲੋਂ ਹੀ ਵੱਖਰੀ ਤੇ ਨਿਆਰੀ ਸਮਝ ਕੇ ਮਾਣ ਰਹੇ ਸਨ। ਕਵਿਤਾ ਮੁਕਾ ਕੇ ਅਸੀਂ 'ਫ਼ਤਹਿ' ਬੁਲਾਈ ਤਾਂ ਸਾਰਾ ਮੈਦਾਨ ਤਾੜੀਆਂ ਦੀ ਗੜਗੜਾਹਟ ਨਾਲ ਗੂੰਜਣ ਲੱਗਾ। ਸਟੇਜ ਤੋਂ ਹੇਠਾਂ ਉਤਰੇ ਤਾਂ ਵਾਰੀ ਵਾਰੀ ਸਾਰੇ ਮਾਸਟਰਾਂ ਨੇ ਅੱਗੇ ਵਧ ਕੇ ਸਾਨੂੰ ਸ਼ਾਬਾਸ਼ ਦਿੱਤੀ।

ਸਟੇਜ 'ਤੇ ਚੜ੍ਹਨ ਤੋਂ ਪਹਿਲਾਂ ਅਸੀਂ ਸਕੂਲ ਦੇ ਆਮ ਵਿਦਿਆਰਥੀ ਸਾਂ ਪਰ ਆਪਣੀ ਲਿਖੀ ਕਵਿਤਾ ਦੀ ਪੇਸ਼ਕਾਰੀ ਦੀ ਕਰਾਮਾਤ ਸੀ ਕਿ ਸਟੇਜ ਤੋਂ ਉਤਰਦਿਆਂ ਹੀ ਅਸੀਂ 'ਖ਼ਾਸ' ਵਿਦਿਆਰਥੀ ਬਣ ਗਏ ਸਾਂ। ਸਾਨੂੰ ਇਹ ਖ਼ਾਸ ਬਣ ਜਾਣਾ ਬਹੁਤ ਚੰਗਾ ਲੱਗਾ।

ਸਾਡੇ ਪਿੱਛੋਂ ਮਾਸਟਰ ਲਾਲ ਸਿੰਘ ਨੇ ਸਾਡੀ ਭਰਵੀਂ ਤਾਰੀਫ਼ ਕੀਤੀ। ਸਾਡੇ ਅੰਦਰ ਲੁਕੇ ਹੋਏ ਵੱਡੇ ਅਤੇ ਸੰਭਾਵਨਾ ਪੂਰਨ ਕਵੀ/ਲੇਖਕ ਨੂੰ ਪਛਾਣਦਿਆਂ ਇਸ ਨੂੰ ਲਗਾਤਾਰ ਜ਼ਬਾਨ ਦਿੰਦੇ ਰਹਿਣ ਲਈ ਕਿਹਾ।

ਉਤਸ਼ਾਹ ਦੇ ਹੁਲਾਰੇ ਨਾਲ ਮਸਤ ਅਸੀਂ ਤਿੰਨੇ ਛੁੱਟੀ ਹੁੰਦਿਆਂ ਹੀ ਖੇਤਾਂ ਵੱਲ ਨਿਕਲ ਗਏ। ਅਸੀਂ ਇੱਕ ਆਖ਼ਰੀ ਟੇਕ ਮਿਥ ਲਈ, ਜਿਸ ਉਤੇ ਕਵਿਤਾ ਉਸਾਰਨੀ ਸੀ, ਫਿਰ ਅਸੀਂ ਉਸ ਦੇ ਤੁਕਾਂਤ ਨਾਲ ਜੁੜਦੀਆਂ ਸਤਰਾਂ ਸੋਚਣੀਆਂ ਸ਼ੁਰੂ ਕਰ ਦਿੱਤੀਆਂ। ਜਿਸ ਦੀ ਜਿਹੜੀ ਸਤਰ ਵਧੇਰੇ ਢੁੱਕਵੀਂ ਹੁੰਦੀ, ਉਸ ਨੂੰ ਕਵਿਤਾ ਵਿਚ ਜੋੜ ਲਿਆ ਜਾਂਦਾ। ਜੇ ਕੋਈ ਮਾੜਾ ਮੋਟਾ ਕਾਵਿਕ-ਨੁਕਸ ਨਜ਼ਰ ਆਉਂਦਾ ਤਾਂ ਸਾਂਝੀ ਰਾਇ ਨਾਲ ਠੀਕ ਕਰ ਲਿਆ ਜਾਂਦਾ। ਕਵਿਤਾ ਦਾ ਮੀਟਰ ਤਾਂ ਗਿਆਨੀ ਨਿਰੰਜਣ ਸਿੰਘ ਦੁਆਰਾ ਯਾਦ ਕਰਵਾਈਆਂ ਕਵਿਤਾਵਾਂ ਸਦਕਾ ਸਾਡੇ ਧੁਰ ਅੰਦਰ ਕਿਧਰੇ ਵੱਸਿਆ ਹੋਇਆ ਸੀ। ਪਿੰਡ ਦੇ ਮੇਲਿਆਂ 'ਤੇ ਗਾਈ ਜਾਣ ਵਾਲੀ ਕਵੀਸ਼ਰੀ ਦੀ ਸੁਰ ਅਸੀਂ ਲੈਅ ਵੀ ਸਾਡੇ ਕੋਲ ਸੀ। ਅਸੀਂ ਸਤਰ ਨੂੰ ਗੁਣਗੁਣਾ ਕੇ ਵੀ ਵੇਖ ਲੈਂਦੇ। ਸ਼ਾਮ ਤੱਕ ਨਵੀਂ ਸਮੂਹਿਕ ਕਵਿਤਾ ਤਿਆਰ ਕਰ ਲਈ। ਅਗਲੇ ਦਿਨ ਅਸੀਂ ਆਪ ਮੰਗ ਕੇ ਸਮਾਂ ਲਿਆ। ਇੱਕ ਹੋਰ ਨਵੀਂ ਕਵਿਤਾ ਸੁਣ ਕੇ ਸਭ ਨੇ ਸਾਡਾ ਸਿੱਕਾ ਮੰਨ ਲਿਆ।

ਹੁਣ ਅਸੀਂ ਸਕੂਲ ਦਾ ਬੜਾ ਮਹੱਤਵਪੂਰਨ ਕਵੀਸ਼ਰੀ-ਜਥਾ ਸਾਂ। ਰੋਜ਼ ਅਸੀਂ ਸਮੂਹਕ ਤੌਰ 'ਤੇ ਨਵੀਂ ਕਵਿਤਾ ਲਿਖ ਕੇ ਲਿਆਉਂਦੇ ਅਤੇ ਬਾਲ-ਸਭਾ ਵਿਚ ਪੜ੍ਹਦੇ। ਸਕੂਲ ਦੀ ਸਟੇਜ ਉਤੇ ਸਾਡੀ ਸਰਦਾਰੀ ਨਿਰਵਿਵਾਦ ਰੂਪ ਵਿਚ ਸਥਾਪਤ ਹੋ ਗਈ। ਇੱਥੋਂ ਉਤਸ਼ਾਹ ਲੈ ਕੇ ਸਾਡੇ ਸਾਥੀਆਂ ਨੇ ਪਿੰਡ ਦੇ ਮੇਲੇ ਉਤੇ ਨਿਕਲਦੇ ਜਲੂਸ ਵਿਚ ਵੀ ਸਾਨੂੰ ਕਵਿਤਾਵਾਂ ਪੜ੍ਹਨ ਲਈ ਪ੍ਰੇਰ ਲਿਆ।

ਸਮੂਹਿਕ ਕਵਿਤਾ ਰਚਣ ਦੇ ਅਨੁਭਵ ਵਿਚੋਂ ਹੀ ਮੈਨੂੰ ਲੱਗਿਆ ਕਿ ਆਪਣੇ ਦੂਜੇ ਦੋਵਾਂ ਸਾਥੀਆਂ ਨਾਲੋਂ ਮੇਰੇ ਵਿਚ ਕਵਿਤਾ ਜੋੜਨ ਦੀ ਕਲਾ ਕੁੱਝ ਵਧੇਰੇ ਹੈ। ਜਦੋਂ ਅਸੀਂ ਕਿਸੇ ਟੇਕ ਨੂੰ ਆਧਾਰ ਬਣਾ ਕੇ ਉਸ ਨਾਲ ਜੁੜਦੀਆਂ ਸਤਰਾਂ ਸੋਚ ਰਹੇ ਹੁੰਦੇ ਤਾਂ ਮੈਨੂੰ ਵੱਡੀ ਗਿਣਤੀ ਵਿਚ ਚੰਗੀਆਂ ਕਾਵਿਕ-ਸਤਰਾਂ ਸੁੱਝਣ ਲੱਗੀਆਂ। ਹੌਲੀ ਹੌਲੀ ਮੇਰੇ ਸਾਥੀ ਇਸ ਖੇਤਰ ਵਿਚ ਮੇਰੀ ਸਰਦਾਰੀ ਮੰਨਣ ਲੱਗੇ। ਹੁਣ ਮੇਰੇ ਮਨ ਵਿਚ ਇਹ ਵੀ ਵਿਚਾਰ ਆਉਣ ਲੱਗਾ ਕਿ ਮੈਂ ਆਪ ਇਕੱਲਾ ਵੀ ਕੋਈ ਕਵਿਤਾ ਲਿਖ ਸਕਦਾ ਹਾਂ। ਇਹ 1958-59 ਦਾ ਸਾਲ ਸੀ। ਉਨ੍ਹੀਂ ਦਿਨੀਂ ਪੰਜਾਬੀ ਸੂਬੇ ਦੀ ਲਹਿਰ ਬੜੇ ਜ਼ੋਰਾਂ ਸ਼ੋਰਾਂ ਉਤੇ ਸੀ। ਅਖ਼ਬਾਰਾਂ ਵਿਚ ਇੱਕ ਕਾਲਮ 'ਕਾਵਿ-ਫੁਲਵਾੜੀ' ਛਪਦਾ ਹੁੰਦਾ, ਜਿਸ ਵਿਚ ਟੇਕ ਜਾਂ ਸਮੱਸਿਆ ਵੱਜੋਂ ਆਖ਼ਰੀ ਸਤਰ ਦਿੱਤੀ ਹੁੰਦੀ ਤੇ ਵੱਖ-ਵੱਖ ਕਵੀ ਹਰ ਹਫ਼ਤੇ ਉਸ 'ਸਮੱਸਿਆ' ਦੇ ਤੁਕਾਂਤ ਅਨੁਸਾਰ ਅੱਠ-ਅੱਠ ਦਸ-ਦਸ ਸਤਰਾਂ ਦੀ ਬੈਂਤ-ਨੁਮਾ ਕਵਿਤਾ ਲਿਖ ਕੇ ਭੇਜਦੇ। ਮੈਂ ਵੀ ਇਸ ਕਾਵਿ-ਫੁਲਵਾੜੀ ਲਈ 'ਸਮੱਸਿਆ-ਆਧਾਰਿਤ' ਕਵਿਤਾ ਲਿਖਣ ਦਾ ਮਨ ਬਣਾ ਲਿਆ। ਟੇਕ ਸੀ:

ਸੂਬਾ ਲੈਣਾ ਹੈ ਅਸਾਂ ਪੰਜਾਬੀਆਂ ਦਾ!

ਮੈਂ ਕੁੱਝ ਸਤਰਾਂ ਲਿਖ ਕੇ ਲਿਫ਼ਾਫ਼ੇ ਵਿਚ ਬੰਦ ਕਰ ਕੇ 'ਸੰਪਾਦਕ ਦੇ ਨਾਂ' ਪਾ ਦਿੱਤੀਆਂ। ਮੈਨੂੰ ਇਹ ਆਸ ਹਰਗਿਜ਼ ਨਹੀਂ ਸੀ ਕਿ ਵੱਡੇ ਵੱਡੇ ਕਵੀਆਂ ਵਿਚ ਅੱਠਵੀਂ 'ਚ ਪੜ੍ਹਦੇ ਇਸ ਵਿਦਿਆਰਥੀ ਦੀ ਕਵਿਤਾ ਵੀ ਛਪ ਜਾਵੇਗੀ। ਇਹ ਛਪ ਗਈ ਤੇ ਇਸ ਦਾ ਪਤਾ ਵੀ ਮੈਨੂੰ ਬੜੇ ਦਿਲਚਸਪ ਅੰਦਾਜ਼ ਵਿਚ ਲੱਗਾ। ਸਾਡੇ ਘਰ ਦੇ ਸੱਜੇ ਹੱਥ ਪਿੱਛੇ ਬਾਜ਼ਾਰ ਵਿਚ ਭਾਈ ਰਾਮ ਸਿੰਘ ਅਤੇ ਮਿਹਰ ਸਿੰਘ ਦੀ ਸਾਈਕਲ ਮੁਰੰਮਤ ਕਰਨ ਤੇ ਲੱਕੜ ਦੇ ਕੰਮ ਦੀ ਜਿਹੜੀ ਦੁਕਾਨ ਸੀ ਓਥੇ ਭਾਈ ਰਾਮ ਸਿੰਘ ਕੋਲ ਵੀ ਪੰਜਾਬੀ ਦੀ ਅਖ਼ਬਾਰ ਆਉਂਦੀ ਸੀ। ਬੈਠੇ ਹੋਏ ਪੰਜ-ਸੱਤ ਬੰਦਿਆਂ ਵਿਚੋਂ ਇੱਕ ਜਣਾ ਅਖ਼ਬਾਰ ਪੜ੍ਹਦਾ ਅਤੇ ਦੂਜੇ ਲੋਕ ਕੋਲ ਬੈਠ ਕੇ ਖ਼ਬਰਾਂ ਸੁਣਦੇ। ਅਖ਼ਬਾਰ ਦਾ ਵਰਕਾ ਉਥੱਲਦਿਆਂ ਪੜ੍ਹਨ ਵਾਲੇ ਦੀ ਨਜ਼ਰ ਅਚਨਚੇਤ ਕਾਵਿ-ਫੁਲਵਾੜੀ ਦੇ ਕਾਲਮ ਉਤੇ ਜਾ ਪਈ। ਓਥੇ ਕਵਿਤਾ ਹੇਠਾਂ ਮੇਰਾ ਨਾਮ ਛਪਿਆ ਹੋਇਆ ਸੀ, ਵਰਿਆਮ ਸਿੰਘ ਸੰਧੂ-ਸੁਰ ਸਿੰਘ।

ਪੜ੍ਹਨ ਵਾਲੇ ਨੇ ਆਪਣੇ ਪਿੰਡ ਦਾ ਨਾਂ ਛਪਿਆ ਵੇਖ ਕੇ ਪੁੱਛਿਆ, "ਬਈ ਆਹ ਕੌਣ ਹੋਇਆ ਆਪਣੇ ਪਿੰਡ ਦਾ ਵਰਿਆਮ ਸਿੰਘ ਸੰਧੂ...ਕਵਿਤਾ ਲਿਖਣ ਵਾਲਾ?"

ਸਾਰੇ ਸੋਚਣ ਲੱਗੇ। ਸਾਡੇ ਪਿੰਡ ਵਿਚ ਜਿੰਨੇ ਵਰਿਆਮ ਸਿੰਘ ਸਨ, ਉਨ੍ਹਾਂ ਬਾਰੇ ਜ਼ਿਕਰ ਛਿੜਿਆ। 'ਮਾਣਾਂ ਦੀ ਪੱਤੀ' ਵਾਲਾ ਵਰਿਆਮ ਕਬੱਡੀ ਦਾ ਖਿਡਾਰੀ ਸੀ, ਉਂਜ ਵੀ ਅਨਪੜ੍ਹ ਸੀ। ਉਸ ਤੋਂ ਕਵਿਤਾ ਲਿਖਣ ਦੀ ਆਸ ਹੀ ਨਹੀਂ ਸੀ ਕੀਤੀ ਜਾ ਸਕਦੀ। ਜਾਣ ਦਾ ਵੀ ਦਿਲੋਂ ਸੀ। ਪੜ੍ਹਿਆ ਲਿਖਿਆ ਸੀ ਵਰਿਆਮ ਸਿੰਘ ਥਾਣੇਦਾਰ- ਪਰ ਉਹਦਾ ਗੋਤ ਛੀਨਾ ਸੀ। ਪਿੰਡ ਵਿਚਲੇ ਸੰਧੂਆਂ ਦੇ ਘਰਾਂ ਵੱਲ ਸਭ ਦੀ ਨਜ਼ਰ ਗਈ। ਕੋਈ 'ਵਰਿਆਮ ਸਿੰਘ' ਹੈ ਹੀ ਨਹੀਂ ਸੀ। ਇਹ 'ਵਰਿਆਮ ਸਿੰਘ ਸੰਧੂ' ਸਭ ਲਈ ਬੁਝਾਰਤ ਬਣਿਆ ਹੋਇਆ ਸੀ!

ਇਸੇ ਸਮੇਂ ਮੈਂ ਸਕੂਲੋਂ ਪੜ੍ਹ ਕੇ ਘਰ ਪਰਤ ਰਿਹਾ ਸਾਂ। ਮੈਂ ਲਾਭ ਚੰਦ ਦੀ ਦੁਕਾਨ ਵਾਲੇ ਆਪਣੇ ਘਰ ਨੂੰ ਮੁੜਦੇ ਮੋੜ ਤੋਂ ਮੁੜ ਰਿਹਾ ਸਾਂ ਕਿ ਭਾਈ ਰਾਮ ਸਿੰਘ ਦੀ ਨਜ਼ਰ ਮੇਰੇ ਉਤੇ ਪਈ ਅਤੇ ਉਸ ਨੂੰ ਫੁਰਨਾ ਫੁਰਿਆ, "ਕਿਤੇ ਇਹ ਆਪਣੇ ਦੀਦਾਰ ਸੂੰਹ ਦਾ ਮੁੰਡਾ ਵਰਿਆਮ ਤਾਂ ਨਹੀਂ?"

"ਲੈ, ਰਹਿਣ ਦੇ ਰਾਮ ਸਿਆਂ...ਕਿਹੋ ਜਿਹੀਆਂ ਭੋਲੀਆਂ ਗੱਲਾਂ ਕਰਦੈਂ। ਕਿੱਥੇ ਕੱਲ੍ਹ ਦਾ ਛੋਕਰਾ ਤੇ ਕਿੱਥੇ ਅਖ਼ਬਾਰ ਵਿਚ ਕਵਿਤਾ! ਉਹਨੂੰ ਨਿਆਣੇ ਨੂੰ ਕੀ ਪਤਾ...ਇਹੋ ਜਿਹੀਆਂ ਗੱਲਾਂ ਦਾ!"

ਅਖ਼ਬਾਰ ਪੜ੍ਹਨ ਵਾਲੇ ਬਜ਼ੁਰਗ ਨੇ ਉਹਦੀ ਗੱਲ ਨੂੰ ਮਖੌਲ ਵਿਚ ਉਡਾ ਦਿੱਤਾ। ਪਰ ਭਾਈ ਰਾਮ ਸਿੰਘ ਨੇ ਸਕੂਲੋਂ ਘਰ ਨੂੰ ਤੁਰੇ ਜਾਂਦੇ ਮੇਰੇ ਇੱਕ ਜਮਾਤੀ ਨੂੰ ਮੇਰੇ ਪਿੱਛੇ ਦੌੜਾ ਦਿੱਤਾ। ਉਸ ਨੇ ਮੈਨੂੰ ਘਰ ਦੇ ਬਾਹਰਲੇ ਦਰਵਾਜ਼ੇ 'ਚ ਹੀ ਆ ਘੇਰਿਆ।

"ਤੈਨੂੰ ਬੰਦੇ ਸੱਦਦੇ ਨੇ...।"

ਮੈਂ ਉਹਦੇ ਨਾਲ ਦੁਕਾਨ ਤੇ ਪੁੱਜਾ। ਭਾਈ ਰਾਮ ਸਿੰਘ ਨੇ ਅਖ਼ਬਾਰ ਉਤੇ ਮੇਰੇ ਨਾਂ ਵਾਲੇ ਥਾਂ ਉਤੇ ਉਂਗਲ ਰੱਖੀ ਅਤੇ ਪੁੱਛਿਆ ਕਿ ਕੀ ਉਹ ਕਵਿਤਾ ਲਿਖਣ ਵਾਲਾ ਮੈਂ ਹੀ ਹਾਂ। ਆਪਣਾ ਨਾਮ ਛਪਿਆ ਵੇਖ ਕੇ ਮੇਰੀਆਂ ਅੱਖਾਂ ਵਿਚ ਚਮਕ ਆ ਗਈ। ਮੈਂ ਮਾਣ ਵਿਚ ਭਰਕੇ 'ਹਾਂ' ਵਿਚ ਸਿਰ ਹਿਲਾਇਆ ਤੇ ਸਭ ਦੇ ਚਿਹਰਿਆਂ ਵੱਲ ਵੇਖਿਆ। ਸਾਰਿਆਂ ਦੇ ਚਿਹਰਿਆਂ ਉਤੇ ਖ਼ੁਸ਼ੀ ਭਰੀ ਹੈਰਾਨੀ ਦੀ ਲਿਸ਼ਕ ਸੀ।

"ਮੈਂ ਤੁਹਾਨੂੰ ਆਖਦਾ ਨਹੀਂ ਸਾਂ!" ਭਾਈ ਰਾਮ ਸਿੰਘ ਦੇ ਬੋਲਾਂ 'ਚੋਂ ਅਮਰੀਕਾ ਲੱਭਣ ਵਰਗੀ ਖ਼ੁਸ਼ੀ ਬੋਲ ਰਹੀ ਸੀ।

"ਬੱਲੇ ਓਏ ਜਵਾਨਾਂ! ਨਹੀਂ ਓਏ ਰੀਸਾਂ ਤੇਰੀਆਂ" ਜਿਹੜੇ ਬਜ਼ੁਰਗ ਦੇ ਪਹਿਲਾਂ ਮੰਨਣ ਵਿਚ ਨਹੀਂ ਸੀ ਆ ਰਿਹਾ, ਉਸ ਨੇ ਸਟੂਲ ਤੋਂ ਉਠ ਕੇ ਮੈਨੂੰ ਆਪਣੇ ਗਲ ਨਾਲ ਲਾ ਲਿਆ ਅਤੇ ਫਿਰ ਜੱਫੀ ਵਿਚ ਲੈ ਕੇ ਜ਼ਮੀਨ ਤੋਂ ਉਚਾ ਚੁੱਕ ਦਿੱਤਾ। ਮਾਣ ਵਿਚ ਚੌੜੇ ਹੁੰਦਿਆਂ ਉਸ ਨੇ ਆਖਿਆ, "ਪੁੱਤਰਾ! ਨਾਂ ਕੱਢ ਦੇ ਆਪਣੇ ਪਿੰਡ ਦਾ ਤਕੜਾ ਹੋ ਕੇ...।"

ਮੈਂ ਜਦੋਂ ਉਨ੍ਹਾਂ ਬਜ਼ੁਰਗਾਂ ਦੀ ਟੋਲੀ ਵਿਚੋਂ ਵਾਪਸ ਪਰਤ ਰਿਹਾ ਸਾਂ ਤਾਂ ਮੇਰੇ ਪੈਰ ਧਰਤੀ ਉਤੇ ਨਹੀਂ ਸਨ ਲੱਗਦੇ। ਕੀ ਮੈਂ ਸੱਚ-ਮੁੱਚ ਕੁੱਝ ਅਜਿਹਾ 'ਵਿਸ਼ੇਸ਼' ਕੰਮ ਕਰ ਕੇ ਵਿਖਾ ਦਿੱਤਾ ਸੀ ਕਿ ਗੁਰਦੁਆਰੇ ਦਾ ਮੰਨਿਆ ਕਥਾਕਾਰ ਰਾਮ ਸਿੰਘ ਜਿਸ ਨੂੰ ਹਮੇਸ਼ਾਂ ਹੀ ਮੈਂ ਬਹੁਤ ਆਦਰ ਅਤੇ ਸ਼ਰਧਾ ਵਾਲੇ ਉਚੇ ਥਾਂ 'ਤੇ ਰੱਖਿਆ ਸੀ, ਮੇਰੇ ਇਸ ਕਾਰਜ ਨੂੰ ਫ਼ਖ਼ਰਯੋਗ ਸਮਝ ਰਿਹਾ ਸੀ। ਕੀ ਮੈਂ ਕਵਿਤਾ ਲਿਖ ਕੇ ਸੱਚਮੁੱਚ ਅਜਿਹਾ ਬੰਦਾ ਬਣਨ ਵੱਲ ਵਧ ਰਿਹਾ ਸਾਂ ਜਿਸ ਕੋਲੋਂ ਪਿੰਡ ਦੇ ਬਜ਼ੁਰਗਾਂ ਨੂੰ, ਜਿਨ੍ਹਾਂ ਵਿਚੋਂ ਕਈ ਮੇਰੇ ਪਿਤਾ ਦੀ ਉਮਰ ਤੋਂ ਵੀ ਵੱਡੇ ਸਨ; ਪਿੰਡ ਦਾ ਨਾਂ ਉਚਾ ਚੁੱਕ ਸਕਣ ਦੀ ਸਮਰੱਥਾ ਅਤੇ ਸੰਭਾਵਨਾ ਨਜ਼ਰ ਆ ਗਈ ਸੀ?

ਕੁਝ ਵੀ ਹੋਵੇ ਮੈਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਕਿ ਲੇਖਕ ਹੋਣਾ ਆਮ ਬੰਦਿਆਂ ਤੋਂ ਵੱਖਰੇ, ਵਿਸ਼ੇਸ਼ ਅਤੇ 'ਵੱਡੇ' ਹੋਣਾ ਹੁੰਦਾ ਹੈ। ਵੱਖਰਾ ਅਤੇ ਵਿਸ਼ੇਸ਼ ਬਣਨ ਦੀ ਰੀਝ ਕਿਧਰੇ ਮੇਰੇ ਅਚੇਤ ਵਿਚ ਵੱਸ ਗਈ।

**ਪੂਰਨਿਆਂ 'ਤੇ ਲਿਖਣ ਦਾ ਅਭਿਆਸ**

ਇਨ੍ਹਾਂ ਦਿਨਾਂ ਵਿਚ ਹੀ ਅਤਰ ਸਿੰਘ ਨੇ ਆਪਣੇ ਕਿਤਾਬਾਂ ਵਾਲੇ ਝੋਲੇ ਵਿਚੋਂ ਦੋ ਤਿੰਨ ਸਾਹਿਤਕ-ਮੈਗਜ਼ੀਨ ਕੱਢ ਕੇ ਵਿਖਾਏ। ਇਨ੍ਹਾਂ ਵਿਚ ਵੱਖ ਵੱਖ ਲੇਖਕਾਂ ਦੀਆਂ ਕਵਿਤਾਵਾਂ, ਕਹਾਣੀਆਂ ਤੇ ਲੇਖ ਛਪੇ ਹੋਏ ਸਨ। ਮੇਰੇ ਲਈ ਅਦਭੁੱਤ ਚੀਜ਼ ਸਨ ਇਹ ਮੈਗਜ਼ੀਨ। ਮੈਂ ਉਸ ਤੋਂ ਪੜ੍ਹਨ ਲਈ ਮੰਗੇ ਤਾਂ ਉਸ ਨੇ ਕਿਹਾ ਕਿ ਉਹ ਮੇਰੇ ਲਈ ਹੀ ਤਾਂ ਲੈ ਕੇ ਆਇਆ ਹੈ। ਉਸ ਕੋਲ ਤਾਂ ਹੋਰ ਵੀ ਇਸ ਤਰ੍ਹਾਂ ਦੇ ਬਹੁਤ ਸਾਰੇ ਪਰਚੇ ਸਨ ਪੜ੍ਹਨ ਵਾਸਤੇ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਇਹ 'ਕਾਰੂੰ ਦਾ ਖ਼ਜ਼ਾਨਾ' ਸਾਡੀ 'ਚੰਦੂ ਕੀ' ਪੱਤੀ ਦੇ ਡਾ. ਬਲਵੰਤ ਸਿੰਘ ਕੋਲੋਂ ਲੱਭਾ ਹੈ। ਬਲਵੰਤ ਸਿੰਘ ਤਾਂ ਸਾਡੇ ਸਕਿਆਂ ਵਿਚੋਂ ਹੀ ਸੀ। ਉਸ ਨੇ ਫ਼ੌਜ ਵਿਚ ਡਾਕਟਰ ਵਜੋਂ ਸੇਵਾ ਨਿਭਾਈ ਸੀ ਅਤੇ ਹੁਣ ਮੇਜਰ ਦੇ ਅਹੁਦੇ ਤੋਂ ਰਿਟਾਇਰ ਹੋਣ ਅਤੇ ਦੁਨੀਆਂ ਜਹਾਨ ਗਾਹੁਣ ਪਿੱਛੋਂ ਆਪਣੇ ਪਿੰਡ ਆਪਣੇ ਹੀ ਲੋਕਾਂ ਵਿਚ ਆ ਵੱਸਿਆ ਸੀ। ਉਸ ਵਿਚ ਫ਼ੌਜੀ ਅਫ਼ਸਰਾਂ ਵਾਲੀ ਤਾਂ ਕੋਈ 'ਫੂੰ ਫਾਂ' ਹੈ ਹੀ ਨਹੀਂ ਸੀ। ਅੰਤ ਦਾ ਮਿਲਣਸਾਰ ਅਤੇ ਗਲਜ਼ੀ।


ਭਾਵੇਂ ਅਤਰ ਸਿੰਘ ਦੀ ਪੱਤੀ ਵੀ ਉਹੋ ਹੀ ਸੀ ਪਰ ਬਲਵੰਤ ਸਿੰਘ ਤਾਂ ਸਾਡੇ ਬਹੁਤਾ ਨੇੜੇ ਸੀ। ਸਾਡੇ ਅੰਦਰਲੇ ਘਰ ਦੇ ਬਿਲਕੁਲ ਗੁਆਂਢ ਵਿਚ ਹੀ ਸੀ ਉਨ੍ਹਾਂ ਦਾ ਘਰ। ਉਸ ਦੇ ਛੋਟੇ ਭਰਾ ਤਾਰਾ ਸਿੰਘ ਦੇ ਮੁੰਡੇ ਜਸਵੰਤ ਨੂੰ ਅਸੀਂ ਆਪਣੇ ਸਕਿਆਂ ਵਿਚੋਂ ਮੇਰੇ ਮਾਮੇ ਦੀ ਧੀ ਛਿੰਦੋ ਦਾ ਰਿਸ਼ਤਾ ਕਰਵਾਇਆ ਸੀ। ਇਸ ਲਈ ਮੇਰੀ ਮਾਂ ਤੇ ਮੈਂ ਭੈਣ ਛਿੰਦੋ ਨੂੰ ਮਿਲਣ ਅਕਸਰ ਹੀ ਜਾਂਦੇ ਰਹਿੰਦੇ ਸਾਂ। ਤਾਰਾ ਸਿੰਘ ਤੇ ਬਲਵੰਤ ਸਿੰਘ ਦਾ ਵਿਹੜਾ ਸਾਂਝਾ ਸੀ। ਉਹ ਓਥੇ ਮਿਲਦਾ ਤੇ ਮੈਨੂੰ ਹੋਣਹਾਰ ਵਿਦਿਆਰਥੀ ਸਮਝ ਕੇ ਮੇਰੀ ਪੜ੍ਹਾਈ ਦਾ ਹਾਲ-ਚਾਲ ਪੁੱਛਦਾ ਰਹਿੰਦਾ। ਉਹ ਸਾਡੇ ਘਰ ਵੀ ਆਮ ਹੀ ਆਉਂਦਾ ਜਾਂਦਾ ਰਹਿੰਦਾ ਸੀ। ਮੇਰੀ ਦਾਦੀ ਨੂੰ ਉਹ 'ਚਾਚੀ' ਆਖਦਾ। ਮੈਂ ਉਸ ਨੂੰ 'ਤਾਇਆ ਜੀ' ਆਖਦਾ। ਉਨ੍ਹੀਂ ਦਿਨੀਂ ਉਹ ਮੇਰੀ ਦਾਦੀ ਦੇ ਦਮੇ ਦਾ ਇਲਾਜ ਵੀ ਕਰ ਰਿਹਾ ਸੀ। ਉਦੋਂ ਤਾਂ ਉਹ ਸਾਡੇ ਘਰ ਦਿਨ ਦੇ ਤਿੰਨ ਚਾਰ ਗੇੜੇ ਵੀ ਮਾਰਦਾ। ਪਰ ਮੈਨੂੰ ਕੀ ਪਤਾ ਸੀ ਕਿ ਇਸ ਬਜ਼ੁਰਗ

***ਬਲਵੰਤ ਸਿੰਘ ਕੋਲ ਹਰ ਮਹੀਨੇ ਕਈ ਰਸਾਲੇ ਆਉਂਦੇ ਸਨ। 'ਪ੍ਰੀਤਲੜੀ', 'ਕਵਿਤਾ', 'ਕਹਾਣੀ', 'ਫ਼ਤਹਿ' ਅਤੇ 'ਪ੍ਰੀਤਮ' ਜਿਹੇ ਅਨੇਕਾਂ ਰਸਾਲਿਆਂ ਦੀਆਂ ਉਸ ਨੇ ਪੂਰੇ ਪੂਰੇ ਸਾਲ ਦੀਆਂ ਫ਼ਾਈਲਾਂ ਬਣਾ ਕੇ ਰੱਖੀਆਂ ਹੋਈਆਂ ਹਨ। ਉਸ ਨੂੰ ਕੰਮ-ਕਾਰ ਤਾਂ ਹੈ ਕੋਈ ਨਹੀਂ ਸੀ। ਜ਼ਮੀਨ ਹਿੱਸੇ-ਠੇਕੇ 'ਤੇ ਦਿੱਤੀ ਹੋਈ ਸੀ। ਉਹ ਹਰ ਰੋਜ਼ ਸਵੇਰ ਦੀ ਰੋਟੀ-ਪਾਣੀ ਖਾ ਕੇ ਰਸਾਲੇ, ਨਵੀਂ ਖ਼ਰੀਦੀ ਕੋਈ ਪੁਸਤਕ ਅਤੇ ਮੰਗਵਾਈਆਂ ਜਾਂਦੀਆਂ ਤਿੰਨ-ਚਾਰ ਅਖ਼ਬਾਰਾਂ ਲੈ ਕੇ ਭਾਈ ਬਿਧੀ ਚੰਦ ਦੀ ਸਮਾਧ ਵਾਲੀ ਇਕਾਂਤ ਥਾਂ ਉਤੇ ਜਾ ਕੇ ਲੰਮਾ ਸਮਾਂ ਪੜ੍ਹਦਾ ਰਹਿੰਦਾ ਅਤੇ ਲੌਢੇ ਵੇਲੇ ਘਰ ਨੂੰ ਮੁੜਦਾ।***

ਕੋਲ 'ਤੋਸ਼ੇ-ਖਾਨੇ ਦੀ ਚਾਬੀ' ਹੈ! ਬਲਵੰਤ ਸਿੰਘ ਕੋਲ ਹਰ ਮਹੀਨੇ ਕਈ ਰਸਾਲੇ ਆਉਂਦੇ ਸਨ। 'ਪ੍ਰੀਤਲੜੀ', 'ਕਵਿਤਾ', 'ਕਹਾਣੀ', 'ਫ਼ਤਹਿ' ਅਤੇ 'ਪ੍ਰੀਤਮ' ਜਿਹੇ ਅਨੇਕਾਂ ਰਸਾਲਿਆਂ ਦੀਆਂ ਉਸ ਨੇ ਪੂਰੇ ਪੂਰੇ ਸਾਲ ਦੀਆਂ ਫ਼ਾਈਲਾਂ ਬਣਾ ਕੇ ਰੱਖੀਆਂ ਹੋਈਆਂ ਹਨ। ਉਸ ਨੂੰ ਕੰਮ-ਕਾਰ ਤਾਂ ਹੈ ਕੋਈ ਨਹੀਂ ਸੀ। ਜ਼ਮੀਨ ਹਿੱਸੇ-ਠੇਕੇ 'ਤੇ ਦਿੱਤੀ ਹੋਈ ਸੀ। ਉਹ ਹਰ ਰੋਜ਼ ਸਵੇਰ ਦੀ ਰੋਟੀ-ਪਾਣੀ ਖਾ ਕੇ ਰਸਾਲੇ, ਨਵੀਂ ਖ਼ਰੀਦੀ ਕੋਈ ਪੁਸਤਕ ਅਤੇ ਮੰਗਵਾਈਆਂ ਜਾਂਦੀਆਂ ਤਿੰਨ-ਚਾਰ ਅਖ਼ਬਾਰਾਂ ਲੈ ਕੇ ਭਾਈ ਬਿਧੀ ਚੰਦ ਦੀ ਸਮਾਧ ਵਾਲੀ ਇਕਾਂਤ ਥਾਂ ਉਤੇ ਜਾ ਕੇ ਲੰਮਾ ਸਮਾਂ ਪੜ੍ਹਦਾ ਰਹਿੰਦਾ ਅਤੇ ਲੋੜ੍ਹੇ ਵੇਲੇ ਘਰ ਨੂੰ ਮੁੜਦਾ।

ਮੇਰੇ ਤੇ ਅਤਰ ਸਿੰਘ ਲਈ ਬਲਵੰਤ ਸਿੰਘ ਦਾ ਪੜ੍ਹਨ-ਖ਼ਜ਼ਾਨਾ ਲੱਭ ਜਾਣਾ ਘਰ ਵਿਚ ਹੀ ਗੰਗਾ ਮਿਲ ਜਾਣ ਦੇ ਸਾਮਾਨ ਸੀ। ਡਾਕਟਰ ਨੇ ਸਾਡੀ ਪੜ੍ਹਨ-ਰੁਚੀ ਨੂੰ ਵਡਿਆਇਆ, ਹੁਲਾਰਿਆ ਅਤੇ ਸ਼ਾਬਾਸ਼ ਦਿੱਤੀ। ਉਸ ਦਾ ਆਦੇਸ਼ ਸੀ ਕਿ ਅਸੀਂ ਪਹਿਲੇ ਰਸਾਲੇ ਪੜ੍ਹ ਕੇ ਵਾਪਸ ਕਰ ਦਿਆ ਕਰੀਏ ਅਤੇ ਹੋਰ ਨਵੇਂ ਲੈ ਜਾਇਆ ਕਰੀਏ। ਅਸੀਂ ਇਨ੍ਹਾਂ ਪਰਚਿਆਂ ਦੀਆਂ ਪੁਰਾਣੀਆਂ ਫ਼ਾਈਲਾਂ ਵੀ ਪੜ੍ਹੀਆਂ। ਹਰ ਮਹੀਨੇ ਨਵੇਂ ਪਰਚਿਆਂ ਦੇ ਡਾਕ ਵਿਚ ਆਉਣ ਅਤੇ ਡਾਕਟਰ ਵੱਲੋਂ ਪਹਿਲਾਂ ਪੜ੍ਹੇ ਜਾਣ ਤੇ ਫਿਰ ਉਨ੍ਹਾਂ ਦੀ ਸਾਡੇ ਲਈ ਵਿਹਲੇ ਹੋਣ ਦੀ ਉਡੀਕ ਕਰਦੇ ਰਹਿੰਦੇ। ਕਿਸੇ ਨਸ਼ੇੜੀ ਨੂੰ ਵੀ ਸਾਡੇ ਪੁਸਤਕਾਂ-ਰਿਸਾਲੇ ਪੜ੍ਹਨ ਦੇ ਨਸ਼ੇ ਨਾਲੋਂ ਵੱਧ ਨਸ਼ੇ ਦੀ ਹੋਰ ਕੀ ਤਲਬ ਹੁੰਦੀ ਹੋਵੇਗੀ!

ਨਵੇਂ ਪੁਰਾਣੇ ਲੇਖਕਾਂ ਨੂੰ ਹਰ ਮਹੀਨੇ ਛਪਦਿਆਂ ਵੇਖ ਕੇ ਮੇਰੇ ਮਨ ਵਿਚ ਵੀ ਇਨ੍ਹਾਂ ਪਰਚਿਆਂ ਵਿਚ ਛਪਣ ਦੀ ਰੀਝ ਜਾਗ ਪਈ। ਪਰ ਮੈਨੂੰ ਇਨ੍ਹਾਂ ਵਿਚ ਕੌਣ ਛਾਪੂ? ਪਹਿਲਾਂ ਮੈਂ ਇਸ ਪੱਧਰ ਦੀ ਚੀਜ਼ ਲਿਖਣ ਦੇ ਯੋਗ ਅਤੇ ਸਮਰੱਥ ਤਾਂ ਹੋ ਜਾਵਾਂ! ਪਹਿਲਾਂ ਹੋਰਨਾਂ ਨੂੰ ਪੜ੍ਹ ਅਤੇ ਜਾਣ




***ਗੁਰਬਖ਼ਸ਼ ਸਿੰਘ ਪ੍ਰੀਤਲੜੀ***

ਤਾਂ ਲਵਾਂ ਕਿ ਉਹ ਕਿਵੇਂ ਲਿਖਦੇ ਨੇ!

ਛੁੱਟੀ ਵਾਲੇ ਕਿਸੇ ਦਿਨ ਘਰ ਦੇ ਖੇਤੀਬਾੜੀ ਦੇ ਕੰਮ ਵਿਚ ਹੱਥ ਵਟਾਉਣ ਲਈ ਮੇਰੀ ਡਿਊਟੀ ਬਹੁਤੀ ਖੂਹ ਵਾਹੁਣ ਦੀ ਹੁੰਦੀ। ਮੈਂ ਬੋਤੀ ਲੈ ਜਾਂਦਾ, ਖੂਹ 'ਤੇ ਜੋੜਦਾ, ਉਸ ਨੂੰ ਖੋਪੇ ਲਾਉਂਦਾ ਅਤੇ ਟਿੱਚਕਰ ਮਾਰ ਕੇ ਤੋਰ ਦਿੰਦਾ। ਆਪ ਹੱਥ ਵਿਚ ਨਵਾਂ ਨਾਵਲ ਲੈ ਕੇ ਨੇੜੇ ਹੀ ਖੂਹ ਉਤਲੇ ਵੱਡ ਆਕਾਰੀ ਪਿੱਪਲਾਂ-ਬੋਹੜਾਂ ਦੀ ਸੰਘਣੀ ਛਾਂ ਹੇਠਾਂ ਕੋਈ ਕੱਪੜਾ ਵਿਛਾ ਕੇ ਬੈਠ ਜਾਂਦਾ ਤੇ ਹੱਥਲੀ ਕਿਤਾਬ ਦੇ ਪੰਨਿਆਂ ਵਿਚ ਗਵਾਚ ਜਾਂਦਾ। ਕਦੀ ਕਦੀ ਮਾਲ-ਡੰਗਰ ਖੇਤਾਂ ਵਿਚ ਫਿਰਾਉਣ ਲਈ ਲੈ ਕੇ ਜਾਣਾ ਪੈਂਦਾ ਤਾਂ ਵੀ ਮੇਰੇ ਹੱਥ ਵਿਚ ਕਿਤਾਬ ਹੁੰਦੀ। ਕਿਤਾਬਾਂ ਵਿਚੋਂ ਹਰ ਪਲ ਨਵੀਂ ਤੋਂ ਨਵੀਂ ਜ਼ਿੰਦਗੀ ਦੇ ਝਲਕਾਰੇ ਮਿਲਦੇ। ਵੱਖ ਵੱਖ ਮਨੁੱਖਾਂ ਦੇ ਸੁਭਾ ਅਤੇ ਵਤੀਰੇ ਦੀ ਚੰਗਿਆਈ, ਦੋਰੰਗੀ, ਦੁਬਿਧਾ ਸਮੇਤ ਉਨ੍ਹਾਂ ਅੰਦਰ ਵੱਸਦੇ ਬਹੁ-ਬਿਧ ਰਾਂਗਲੇ ਸੰਸਾਰ ਦੀ ਸੋਝੀ ਪੈਂਦੀ। ਕੋਈ ਪਾਤਰ ਚੰਗਾ ਲੱਗਦਾ, ਕੋਈ ਬਹੁਤ ਬੁਰਾ। ਪਹਿਲਾਂ ਪੜ੍ਹਦਾ ਤੇ ਫਿਰ ਪੜ੍ਹੇ ਬਾਰੇ ਕਿੰਨ੍ਹਾ ਕਿੰਨ੍ਹਾ ਚਿਰ ਸੋਚਦਾ ਰਹਿੰਦਾ। ਕਾਲੇ ਅੱਖਰਾਂ 'ਚੋਂ ਕੋਈ ਦੁਨੀਆਂ ਉਠ ਕੇ ਮੇਰੇ ਮਨ-ਮਸਤਕ ਵਿਚ ਵੱਸ ਜਾਂਦੀ। ਅਤਰ ਸਿੰਘ ਤੇ ਮੈਂ ਪੜ੍ਹੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਆਪਣੇ ਮਨ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਆਪਸ ਵਿਚ ਚਰਚਾ ਵੀ ਕਰਦੇ ਰਹਿੰਦੇ।

ਜਦੋਂ ਨਵੀਂ ਕਿਤਾਬ ਮੇਰੇ ਹੱਥ 'ਚ ਆਉਂਦੀ ਤਾਂ ਮੇਰਾ ਚਾਅ ਠੱਲ੍ਹਿਆ ਨਾ ਜਾਂਦਾ। ਪਰ ਕਿਤਾਬ ਮੁੱਕ ਜਾਣ ਤੋਂ ਬਾਅਦ ਜਿੰਨਾ ਚਿਰ ਨਵੀਂ ਕਿਤਾਬ ਜਾਂ ਹੋਰ ਕੋਈ ਪੜ੍ਹਨ-ਸਮੱਗਰੀ ਹੱਥ ਨਾ ਆ ਜਾਂਦੀ, ਓਨਾ ਚਿਰ ਮੈਂ ਵਿਗੋਚਿਆ ਜਿਹਾ ਰਹਿੰਦਾ। ਕਿਤਾਬਾਂ ਤਾਂ ਮੇਰੇ ਸਾਹ ਸਨ, ਮੇਰੀ ਜ਼ਿੰਦਗੀ ਸਨ।

ਮੈਨੂੰ ਇੱਕ ਤਰ੍ਹਾਂ ਪੜ੍ਹਨ ਦਾ ਝੱਲ ਜਿਹਾ ਹੋ ਗਿਆ। ਸਕੂਲ ਦੀ ਲਾਇਬ੍ਰੇਰੀ ਵਿਚੋਂ ਉਸ ਵੇਲੇ ਦੇ ਪੰਜਾਬੀ ਅਤੇ ਹਿੰਦੀ ਵਿਚ ਛਪਦੇ ਸਾਰੇ ਪ੍ਰਮੁੱਖ ਲੇਖਕਾਂ ਦੇ ਨਾਵਲ ਅਤੇ ਕਹਾਣੀਆਂ ਕਢਵਾ ਕੇ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇੱਕ ਦੋ ਕਿਤਾਬਾਂ ਕਢਵਾਉਣੀਆਂ, ਪੜ੍ਹਨੀਆਂ, ਵਾਪਸ ਕਰਨੀਆਂ ਅਤੇ ਹੋਰ ਨਵੀਆਂ ਕਢਵਾ ਲੈਣੀਆਂ। ਸਾਰੀ ਲਾਇਬ੍ਰੇਰੀ ਦੀਆਂ ਸਾਰੀਆਂ ਕਿਤਾਬਾਂ ਇੱਕੋ ਵਾਰ ਪ੍ਰਾਪਤ ਕਰਨ ਤੇ ਇਕੋ ਸਾਹੇ ਹੀ ਪੜ੍ਹ ਲੈਣ ਦਾ ਲਾਲਚ 'ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਕੋਲੋਂ ਇਕੋ ਵਾਰ ਸਾਰੇ ਆਂਡੇ ਲੈ ਲੈਣ ਦੇ ਲਾਲਚ ਤੱਕ ਵਧ ਚੁੱਕਾ ਸੀ।'

ਫਿਰ ਅਤਰ ਸਿੰਘ ਨੇ ਹੀ ਇੱਕ ਤਰਕੀਬ ਸੋਚੀ। ਨਵਾਂ ਹੀ ਨਿਯੁਕਤ ਹੋ ਕੇ ਆਇਆ ਸਾਡਾ ਪ੍ਰਭਾਕਰ ਮਾਸਟਰ ਹੰਸ ਰਾਜ ਹਿਮਾਚਲ ਦਾ ਰਹਿਣ ਵਾਲਾ ਸੀ। ਉਸ ਨੂੰ ਲਾਇਬ੍ਰੇਰੀ ਦਾ ਨਵਾਂ ਚਾਰਜ ਦਿੱਤਾ ਗਿਆ। ਹੰਸ ਰਾਜ ਪੰਜਾਬੀ ਪੜ੍ਹਨੀ ਨਹੀਂ ਸੀ ਜਾਣਦਾ। ਅਸੀਂ ਸੋਚੀ ਤਰਕੀਬ ਅਨੁਸਾਰ ਕੋਈ ਪੁਸਤਕ ਲਾਇਬ੍ਰੇਰੀ 'ਚੋਂ ਕਢਵਾਉਣੀ। ਪੜ੍ਹਨ ਤੋਂ ਪਿੱਛੋਂ ਉਸ ਕਿਤਾਬ ਦੀ ਟਾਈਟਲ ਵਾਲੀ ਜਿਲਦ ਉਖਾੜ ਲੈਣੀ ਅਤੇ ਜਿਲਦ ਵਿਚ ਕੋਈ ਹੋਰ ਪਿਛਲੀ ਜਮਾਤ ਦੀ ਓਡੇ ਕੁ ਆਕਾਰ ਦੀ ਕਿਤਾਬ ਲੇਵੀ ਨਾਲ ਜੋੜ ਦੇਣੀ। ਪ੍ਰਭਾਕਰ ਨੂੰ ਦਿਖਾਉਣੀ। ਉਸ ਨੇ ਟਾਈਟਲ ਵੇਖ ਕੇ ਆਖਣਾ, "ਠੀਕ ਹੈ! ਅਲਮਾਰੀ 'ਚ ਰੱਖ ਦਿਓ ਅਤੇ ਹੋਰ ਮਨ-ਪਸੰਦ ਕਿਤਾਬ ਲੈ ਲਓ।" ਉਸ ਨੂੰ ਸਾਡੇ 'ਤੇ ਅਜਿਹੀ ਕਰਤੂਤ ਕਰਨ ਦਾ ਕੋਈ ਸ਼ੱਕ ਹੈ ਹੀ ਨਹੀਂ ਸੀ। ਇਸ ਸਮੇਂ ਤੱਕ ਅਸੀਂ ਸਕੂਲ ਦੇ ਬਹੁਤ 'ਲਾਇਕ ਅਤੇ ਹੋਣਹਾਰ' ਵਿਦਿਆਰਥੀਆਂ ਵਿਚ ਗਿਣੇ ਜਾਣ ਲੱਗੇ ਸਾਂ। ਉਂਜ ਵੀ ਉਹ ਸਾਡੇ ਪੜ੍ਹਨ ਦੇ ਸ਼ੌਕ ਨੂੰ ਸਨੇਹ ਅਤੇ ਪ੍ਰਸ਼ੰਸਾ ਦੀਆਂ ਨਜ਼ਰਾਂ ਨਾਲ ਦੇਖਦਾ ਸੀ।

ਇੰਜ ਸਾਡੇ ਘਰ ਚੋਰੀ ਕੀਤੀਆਂ ਪੁਸਤਕਾਂ ਦੀ ਲਾਇਬ੍ਰੇਰੀ ਬਣਦੀ ਰਹੀ ਅਤੇ ਸਕੂਲ ਦੀ ਲਾਇਬ੍ਰੇਰੀ ਵਿਚ ਰੱਦੀ ਇਕੱਠੀ ਹੁੰਦੀ ਰਹੀ। ਬਹੁਤ ਸਾਲਾਂ ਪਿੱਛੋਂ ਕਿਤੇ ਪ੍ਰਭਾਕਰ ਨੂੰ ਇਸ ਗੱਲ ਦਾ ਪਤਾ ਲੱਗਾ। ਉਦੋਂ ਤੱਕ ਮੈਂ ਪੜ੍ਹ ਕੇ ਮਾਸਟਰ ਲੱਗ ਚੁੱਕਾ ਸਾਂ। ਪ੍ਰਭਾਕਰ ਹੰਸ ਰਾਜ ਨੂੰ ਇਹ ਨਹੀਂ ਸੀ ਪਤਾ ਕਿ ਇਹ ਕਾਰਾ ਮੇਰਾ ਅਤੇ ਅਤਰ ਸਿੰਘ ਦਾ ਹੈ। ਉਸ ਵੇਲੇ ਦੀਆਂ ਕੀਮਤਾਂ ਅਨੁਸਾਰ ਅਜਿਹੀਆਂ ਚੋਰੀ ਹੋਈਆਂ ਕਿਤਾਬਾਂ ਦੀ ਕੀਮਤ ਲਗਭਗ ਦੋ-ਢਾਈ ਹਜ਼ਾਰ ਰੁਪਏ ਬਣਦੀ ਸੀ। ਪ੍ਰਭਾਕਰ ਰਿਟਾਇਰ ਹੋਣ ਤੱਕ ਮੇਰੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚ ਹੀ ਪੜ੍ਹਾਉਂਦਾ ਰਿਹਾ ਅਤੇ ਲਾਇਬ੍ਰੇਰੀ ਦਾ ਚਾਰਜ ਵੀ ਉਸ ਕੋਲ ਹੀ ਰਿਹਾ। ਅਜਿਹੀ 'ਅਧੂਰੀ' ਲਾਇਬ੍ਰੇਰੀ ਹੋਰ ਕੋਈ ਵੀ ਅਧਿਆਪਕ ਲੈਣ ਲਈ ਤਿਆਰ ਨਹੀਂ ਸੀ। ਆਖ਼ਰ ਜਦੋਂ ਤਬਦੀਲ ਹੋ ਕੇ ਸੁਰ ਸਿੰਘ ਦੇ ਹਾਈ ਸਕੂਲ ਵਿਚ ਪ੍ਰਭਾਕਰ ਦਾ ਕੁਲੀਗ ਬਣ ਕੇ ਪੜ੍ਹਾਉਣ ਜਾ ਲੱਗਾ ਤਾਂ ਮੈਂ ਉਸ ਕੋਲ ਆਪਣੀ ਗ਼ਲਤੀ ਤਸਲੀਮ ਕੀਤੀ। ਉਨ੍ਹਾਂ ਸਾਰੀਆਂ ਕਿਤਾਬਾਂ ਦੀ ਉਸ ਨਾਲ ਰਲ ਕੇ ਸੂਚੀ ਤਿਆਰ ਕਰਵਾਈ ਜੋ ਗੁੰਮ ਹੋ ਚੁੱਕੀਆਂ ਸਨ। ਫਿਰ ਹੈੱਡਮਾਸਟਰ ਪਿਆਰੇ ਲਾਲ ਕੋਲੋਂ, ਸਾਰੀ ਗੱਲ ਦੱਸ ਕੇ, 'ਸਿਓਂਕ ਖਾ ਗਈ' ਲਿਖਵਾ ਕੇ ਇਹ ਕਿਤਾਬਾਂ ਕਟਵਾਈਆਂ। ਇਹ ਮੇਰੀ ਜ਼ਿੰਦਗੀ ਦੀ ਪਹਿਲੀ ਅਤੇ ਆਖ਼ਰੀ ਚੋਰੀ ਸੀ।

ਦਸਵੀਂ ਤੱਕ ਮੈਂ ਲਾਇਬ੍ਰੇਰੀ ਵਿਚ ਸ਼ਾਮਿਲ ਹਿੰਦੀ, ਪੰਜਾਬੀ ਦੇ ਸਭ ਪ੍ਰਮੁੱਖ ਲੇਖਕ ਪੜ੍ਹ ਲਏ। ਇਨ੍ਹਾਂ ਵਿਚ ਮੁਨਸ਼ੀ ਪ੍ਰੇਮ ਚੰਦ, ਉਪਿੰਦਰ ਨਾਥ ਅਸ਼ਕ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਗੁਰਬਖ਼ਸ਼ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਜਸਵੰਤ ਸਿੰਘ ਕੰਵਲ ਆਦਿ ਸ਼ਾਮਿਲ ਸਨ। ਨਾਲ ਨਾਲ ਉਦੋਂ ਛਪਦੇ ਸਾਹਿਤਕ ਮੈਗਜ਼ੀਨ ਡਾਕਟਰ ਬਲਵੰਤ ਸਿੰਘ ਕੋਲੋਂ ਲੈ ਕੇ ਵੀ ਅਤੇ ਆਪ ਖ਼ਰੀਦ ਕੇ ਵੀ ਪੜ੍ਹਨੇ ਜਾਰੀ ਰੱਖੇ। ਜਿਹੜੇ ਰਿਸਾਲੇ ਜਾਂ ਕਿਤਾਬਾਂ ਮੈਂ ਪੜ੍ਹਦਾ ਉਹ ਸਾਰੇ ਮੇਰਾ ਪਿਤਾ ਵੀ ਪੜ੍ਹਦਾ। ਉਸ ਨੂੰ ਵੀ ਜਿੱਥਰੋਂ ਕੋਈ ਚੰਗੀ ਕਿਤਾਬ ਲੱਭਦੀ ਤਾਂ ਪੜ੍ਹਨ ਲਈ ਲੈ ਆਉਂਦਾ।

ਪੜ੍ਹੇ ਹੋਏ ਲੇਖਕਾਂ ਦਾ ਮੇਰੇ ਉਤੇ ਬਹੁਤ ਹੀ ਗੂੜ੍ਹਾ ਅਤੇ ਡੂੰਘਾ ਅਸਰ ਸੀ। ਉਨ੍ਹਾਂ ਦੀਆਂ ਲਿਖਤਾਂ ਦਾ ਆਦਰਸ਼ਵਾਦ ਜਿੱਥੇ ਮੈਨੂੰ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕਰ ਰਿਹਾ ਸੀ, ਓਥੇ ਉਨ੍ਹਾਂ ਲੇਖਕਾਂ ਦਾ ਬਹੁਤ ਹੀ ਉਚਾ-ਸੁੱਚਾ ਅਤੇ ਮਣਯੋਗ ਬਿੰਬ ਵੀ ਮੇਰੇ ਮਨ-ਮਸਤਕ ਵਿਚ ਉਕਰਿਆ ਗਿਆ ਸੀ। ਅਜਿਹੀਆਂ ਚੰਗੀਆਂ ਲਿਖਤਾਂ ਲਿਖਣ ਵਾਲੇ ਅਤੇ ਆਪਣੀਆਂ ਕਲਮਾਂ ਨਾਲ ਹਰ ਵਾਰ ਨਵਾਂ ਸੰਸਾਰ ਸਿਰਜ ਲੈਣ ਵਾਲੇ ਇਹ ਲੋਕ ਕਿਸੇ ਹੋਰ ਹੀ ਧਰਤੀ ਦੇ ਵਾਸੀ ਲੱਗਣ ਲੱਗੇ। ਉਚੇ-ਉਚੇ, ਸੁੱਚੇ-ਸੁੱਚੇ! ਮੇਰੇ ਬਾਲ ਮਨ ਵਿਚ ਤਾਂਘ ਪੈਦਾ ਹੋਈ ਕਿ ਕਾਸ਼! ਕਿਤੇ ਮੈਂ ਵੀ ਇਨ੍ਹਾਂ ਲੇਖਕਾਂ ਵਾਂਗ ਪੜ੍ਹਿਆ ਜਾਵਾਂ! ਜਿਵੇਂ ਇਹ ਮੈਨੂੰ ਚੰਗੇ ਚੰਗੇ ਲੱਗਦੇ ਨੇ, ਕਿਸੇ ਹੋਰ ਪੜ੍ਹਨ ਵਾਲੇ ਨੂੰ ਮੈਂ ਵੀ ਇੰਜ ਹੀ ਚੰਗਾ ਚੰਗਾ ਲੱਗਾਂ! ਮੇਰਾ ਇਨ੍ਹਾਂ ਹਸਤੀਆਂ ਨੂੰ ਮਿਲਣ ਅਤੇ ਵੇਖਣ ਨੂੰ ਜੀਅ ਕਰਦਾ। ਕੀ ਇਹ ਵੀ ਸਧਾਰਨ ਆਦਮੀਆਂ ਵਾਂਗ ਹੀ ਦਿਸਦੇ ਹੋਣਗੇ! ਕਿੰਨੇ ਕਰਮਾਂ ਵਾਲੇ ਅਤੇ ਮਹਾਨ ਸਨ ਉਹ ਲੇਖਕ ਜਿਹੜੇ ਆਪਣੇ ਪਾਠਕਾਂ ਦੇ ਦਿਲਾਂ ਵਿਚ ਘਰ ਬਣਾ ਕੇ ਬੈਠ ਜਾਂਦੇ ਹਨ ਅਤੇ ਉਨ੍ਹਾਂ ਦੇ ਚੇਤਿਆਂ ਵਿਚ ਸਦਾ ਜਿਊਂਦੇ ਰਹਿੰਦੇ ਹਨ।

ਬੰਦੇ ਦਾ ਮਰਨ ਨੂੰ ਜੀਅ ਨਹੀਂ ਕਰਦਾ। ਸ਼ਹੀਦਾਂ ਬਾਰੇ ਵੀ ਕਿਹਾ ਜਾਂਦਾ ਹੈ ਕਿ ਕਿਸੇ ਵਿਸ਼ੇਸ਼ ਮਕਸਦ ਦੀ ਪ੍ਰਾਪਤੀ ਲਈ ਆਪਣੀ ਮਰਜ਼ੀ ਨਾਲ ਆਪਣੀ ਜਾਨ ਦੀ ਬਾਜ਼ੀ ਲਾਉਂਦੇ ਸਮੇਂ ਵੀ ਉਨ੍ਹਾਂ ਦੇ ਮਨ ਵਿਚ ਸੂਖ਼ਮ ਜਿਹਾ ਇਹ ਅਹਿਸਾਸ ਹੁੰਦਾ ਹੈ ਕਿ ਉਹ ਭਾਵੇਂ ਮਰ ਤਾਂ ਜਾਣਗੇ ਪਰ ਮਰਨ ਤੋਂ ਬਾਅਦ ਆਪਣੇ ਲੋਕਾਂ ਦੇ ਦਿਲਾਂ ਵਿਚ ਜ਼ਰੂਰ ਜਿਊਂਦੇ ਰਹਿਣਗੇ। ਉਹ ਮਰ ਕੇ ਵੀ ਮਰਨ ਨਹੀਂ ਲੱਗੇ। ਉਨ੍ਹਾਂ ਦਿਨਾਂ ਵਿਚ ਹੀ ਮੈਂ ਕਿਧਰੇ ਪੜ੍ਹਿਆ-ਸੁਣਿਆਂ, 'ਜੇ ਮਰਨ ਤੋਂ ਬਾਅਦ ਵੀ ਜਿਊਂਦੇ ਰਹਿਣਾ ਚਾਹੁੰਦੇ ਹੋ ਤਾਂ ਜਾਂ ਤਾਂ ਕੋਈ ਇਹੋ ਜਿਹਾ ਕੰਮ ਕਰ ਜਾਓ ਜੋ ਤੁਹਾਡੇ ਮਰਨ ਤੋਂ ਬਾਅਦ ਲਿਖਿਆ ਜਾ ਸਕੇ ਅਤੇ ਜਾਂ ਅਜਿਹਾ ਲਿਖ ਜਾਓ ਜੋ ਤੁਹਾਡੇ ਮਰਨ ਤੋਂ ਪਿੱਛੋਂ ਪੜ੍ਹਿਆ ਜਾ ਸਕੇ।'


ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਜਿੱਥੇ 'ਕੁਝ ਕਰਨ ਲਈ' ਪ੍ਰੇਰਦੀਆਂ ਸਨ, ਓਥੇ ਆਪਣੇ ਵਰਗਾ 'ਸਿਰਜਕ' ਬਣ ਕੇ 'ਸਦਾ ਲਈ ਜਿਊਂਦੇ ਰਹਿਣ ਦਾ ਜੁਗਾੜ ਕਰ ਜਾਣ' ਦਾ ਸੁਨੇਹਾ ਵੀ ਦਿੰਦੀਆਂ ਸਨ।

ਦਸਵੀਂ ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਤਾਂ ਮੈਂ ਨਿੱਠ ਕੇ ਕੁੱਝ ਲਿਖਣ ਬਾਰੇ ਸੋਚਿਆ। ਮੈਨੂੰ ਕਵਿਤਾ ਨਾਲੋਂ ਗਲਪ ਵਧੇਰੇ ਖਿੱਚ ਪਾਉਂਦੀ ਸੀ। ਬਤੌਰ ਪਾਠਕ, ਕਵਿਤਾ ਮੈਨੂੰ ਪਲ-ਛਿਣ ਲਈ ਪ੍ਰਭਾਵਿਤ ਕਰਦੀ ਸੀ, ਕੇਵਲ ਉਦੋਂ ਹੀ, ਜਦੋਂ ਮੈਂ ਕਵਿਤਾ ਪੜ੍ਹ ਜਾਂ ਸੁਣ ਰਿਹਾ ਹੋਵਾਂ ਜਦ ਕਿ ਚੰਗੀ ਕਹਾਣੀ ਤੇ ਚੰਗਾ ਨਾਵਲ ਪੜ੍ਹਨ ਦਾ ਨਸ਼ਾ ਕਈ ਦਿਨਾਂ ਤੱਕ ਚੜ੍ਹਿਆ ਰਹਿੰਦਾ। ਮਨ ਉਤੇ ਚਿਰ-ਸਥਾਈ ਪ੍ਰਭਾਵ ਪਾਉਣ ਵਾਲੀ ਅਸਲੀ ਵਿਧਾ ਤਾਂ ਨਾਵਲ ਹੀ ਲੱਗਦਾ ਸੀ ਪਰ ਕਹਾਣੀ ਵੀ ਤਾਂ ਇਸੇ ਮੰਜ਼ਿਲ ਦਾ ਇੱਕ ਪੜਾਅ ਸੀ। ਪਰ ਕਹਾਣੀ ਲਿਖਣੀ ਬੜੀ ਔਖੀ ਲੱਗਦੀ। ਕਾਗਜ਼ ਫੜ ਕੇ ਲਿਖਣਾ ਸ਼ੁਰੂ ਕਰਦਾ ਤਾਂ ਸ਼ਬਦ ਨਾ ਔੜਦੇ। ਜੇ ਕੁੱਝ ਲਿਖਦਾ ਵੀ ਤਾਂ ਲਿਖੇ ਸ਼ਬਦ ਜਚਦੇ ਨਾ। ਲਿਖਿਆ ਹੋਇਆ ਵਾਕ ਹਾਸੋਹੀਣਾ ਜਿਹਾ ਲੱਗਦਾ। ਮੈਂ ਵਰਕੇ ਪਾੜ ਪਾੜ ਕੇ ਸੁੱਟੀ ਜਾਂਦਾ। ਗੱਲ ਮੇਰੀ ਪਕੜ ਵਿਚ ਨਾ ਆਉਂਦੀ। ਉਂਜ ਵੀ ਅੰਦਰੇ ਅੰਦਰ ਮਹਿਸੂਸ ਹੁੰਦਾ ਕਿ ਜਿਸ ਗੱਲ, ਪਾਤਰ ਜਾਂ ਘਟਨਾ ਬਾਰੇ ਮੈਂ ਲਿਖਣ ਲੱਗਾ ਹਾਂ ਉਸ ਨਾਲ ਜੁੜੇ ਹੋਰ ਅਨੇਕਾਂ ਸਮਾਜਕ-ਸਭਿਆਚਾਰਕ ਜਾਂ ਆਰਥਕ-ਰਾਜਨੀਤਕ ਪਹਿਲੂਆਂ ਦੀ ਮੈਨੂੰ ਮੁਕੰਮਲ ਅਤੇ ਪ੍ਰਮਾਣਿਕ ਜਾਣਕਾਰੀ ਨਹੀਂ। ਇਸ ਭਰੋਸੇਯੋਗ ਜਾਣਕਾਰੀ ਤੋਂ ਬਿਨਾਂ ਲਿਖੀ ਲਿਖਤ ਬਨਾਵਟੀ ਅਤੇ ਕੱਚੀ ਹੋਵੇਗੀ। ਮਸਲਨ ਲਿਖਦਿਆਂ ਲਿਖਦਿਆਂ ਜੇਲ੍ਹ, ਕਚਹਿਰੀ, ਥਾਣੇ, ਹਸਪਤਾਲ ਆਦਿ ਦਾ ਜ਼ਿਕਰ ਆਉਂਦਾ ਤਾਂ ਮੇਰੇ ਕੋਲ ਸਿਰਫ਼ ਕਿਤਾਬੀ ਗਿਆਨ ਹੀ ਹੁੰਦਾ। ਲਿਖਦਾ ਲਿਖਦਾ ਮੈਂ ਇਨ੍ਹਾਂ ਥਾਂਵਾਂ ਵਿਚ ਵੜਦਾ ਤਾਂ ਮੇਰੇ ਪੈਰ ਚੱਲਣੋਂ ਰੁਕ ਜਾਂਦੇ। ਕਲਮ ਖਲੋ ਜਾਂਦੀ।

ਮੇਰਾ ਪਾਤਰ ਕਿਸੇ ਦੁਰਘਟਨਾ ਵਿਚ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਸ਼ਹਿਰ ਦੇ ਵੱਡੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਓਥੇ ਵਾਰਡ ਹਨ, ਮਰੀਜ਼ ਹਨ, ਨਰਸਾਂ ਹਨ, ਡਾਕਟਰ ਹਨ, ਦਵਾਈਆਂ ਹਨ, ਉਨ੍ਹਾਂ ਦਵਾਈਆਂ ਦੇ ਨਾਂ ਹਨ। ਹਸਪਤਾਲ ਦਾ ਸਮੁੱਚਾ ਮਾਹੌਲ ਹੈ। ਪਰ ਮੈਂ ਤਾਂ ਸ਼ਹਿਰ ਦਾ ਕੋਈ ਹਸਪਤਾਲ ਵੇਖਿਆ ਹੀ ਨਹੀਂ ਸੀ ਹੋਇਆ। ਉਸ ਮਾਹੌਲ ਦਾ ਮੈਨੂੰ ਕੋਈ ਅਨੁਭਵ ਹੀ ਨਹੀਂ ਸੀ। ਹਸਪਤਾਲ ਦਾ ਚਿਤਰ ਤਾਂ ਮੈਂ ਹੋਰਨਾਂ ਕਿਤਾਬਾਂ ਵਿਚ ਪੜ੍ਹੇ-ਵੇਖੇ ਦ੍ਰਿਸ਼ਾਂ ਅਨੁਸਾਰ ਹੀ ਚਿਤਰ ਸਕਦਾ ਸਾਂ। ਇਹ ਤਾਂ ਅਣਜਾਣੀ ਧਰਤੀ 'ਤੇ ਪੈਰ ਰੱਖਣ ਵਾਲੀ ਗੱਲ ਸੀ। ਲੱਗਦਾ, ਜੇ ਕੁੱਝ ਗ਼ਲਤ-ਮਲਤ ਲਿਖਿਆ ਗਿਆ ਤਾਂ ਪੜ੍ਹਨ ਵਾਲੇ ਮੇਰੇ ਬਾਰੇ ਕੀ ਸੋਚਣਗੇ! ਦੋ ਸਫ਼ੇ ਲਿਖ ਵੀ ਲੈਂਦਾ ਤਾਂ ਜਾਪਦਾ ਐਵੇਂ ਝੂਠ ਬੋਲਿਆ ਹੈ।

ਕਵਿਤਾ ਤਾਂ ਖ਼ਿਆਲਾਂ ਨੂੰ ਤਰਤੀਬ ਦੇ ਕੇ ਤੁਕ ਨਾਲ ਤੁਕ ਜੋੜ ਕੇ ਲਿਖਣ ਦੀ ਜਾਚ ਆ ਗਈ ਸੀ। ਪਰ ਕਹਾਣੀ ਲਿਖਣਾ ਤਾਂ ਬਹੁਤ ਔਖਾ ਕੰਮ ਸੀ। ਚੰਗਾ ਖ਼ਿਆਲ ਸੋਚਣਾ ਅਤੇ ਚੰਗੀ ਸ਼ਾਇਰੀ ਕਰਨੀ ਵੀ ਭਾਵੇਂ ਡਾਢਾ ਔਖਾ ਕੰਮ ਸੀ ਪਰ ਉਸ ਵਿਚ ਚੌਗਿਰਦੇ ਦੀ ਵਿਸ਼ਾਲ ਅਤੇ ਡੂੰਘੀ ਜਾਣਕਾਰੀ ਦੀ ਘਾਟ ਨੂੰ ਲੁਕਾ ਲੈਣ ਦੀ ਗੁੰਜਾਇਸ਼ ਸੀ। ਪਰ ਗਲਪ ਲਿਖਣ ਲੱਗਿਆਂ ਤਾਂ ਹਰੇਕ ਵਾਕ ਮੇਰੀ ਸੀਮਤ ਜਾਣਕਾਰੀ ਤੇ ਸਮਝ ਦੀ ਚੁਗਲੀ ਖਾਂਦਾ ਲੱਗਦਾ ਸੀ। ਫਿਰ ਵੀ ਮੈਂ ਯਤਨ ਨਾ ਛੱਡਿਆ। ਨਾਲ ਦੇ ਨਾਲ ਮੈਂ ਇਤਿਹਾਸ ਅਤੇ ਆਮ ਜਾਣਕਾਰੀ ਦੀਆਂ ਕਿਤਾਬਾਂ ਵੀ ਪੜ੍ਹਨ ਲੱਗਾ। ਪਰ ਕਹਾਣੀ ਲਿਖ ਲੈਣਾ ਮੇਰੇ ਲਈ ਜੰਗ ਜਿੱਤ ਲੈਣ ਵਰਗੀ ਵੰਗਾਰ ਸੀ।

ਆਖ਼ਰਕਾਰ ਬੜੀ ਜੱਦੋ-ਜਹਿਦ ਤੋਂ ਬਾਅਦ ਮੈਂ ਪਹਿਲੀ ਕਹਾਣੀ ਮੁਕੰਮਲ ਕਰ ਹੀ ਲਈ। ਇਸ ਦਾ ਨਾਂ ਸੀ 'ਭੈਣ-ਭਰਾ'। ਮੈਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਮੇਰੀ ਇਹ ਲਿਖਤ ਕਿਸੇ ਮਿਆਰੀ ਸਾਹਿਤਕ ਪਰਚੇ ਵਿਚ ਛਪ ਜਾਵੇਗੀ। ਓਥੇ ਤਾਂ ਵੱਡੇ ਲੇਖਕ ਛਪਦੇ ਸਨ। ਵੱਡੇ ਨਾਮ ਵਾਲੇ। ਮੈਨੂੰ ਆਪਣੇ ਕੱਚੇ-ਪਨ ਦਾ ਅੰਦਰੇ-ਅੰਦਰ ਅਹਿਸਾਸ ਸੀ। ਕਹਾਣੀ ਲਿਖ ਕੇ ਮੈਂ ਕਿਸੇ ਪੰਜਾਬੀ ਦੇ ਅਖ਼ਬਾਰ ਨੂੰ ਭੇਜ ਦਿੱਤੀ। 'ਜਥੇਦਾਰ' ਸੀ ਸ਼ਾਇਦ ਅਖ਼ਬਾਰ ਦਾ ਨਾਮ।



***ਨਾਨਕ ਸਿੰਘ***

ਮੇਰੀ ਪਹਿਲੀ ਕਵਿਤਾ ਵਾਂਗ ਹੀ ਪਹਿਲੀ ਕਹਾਣੀ ਛਪ ਜਾਣ ਦੀ ਖ਼ਬਰ ਵੀ ਕਿਸੇ ਹੋਰ ਕੋਲੋਂ ਹੀ ਮਿਲੀ। ਸੁਨਿਆਰਿਆਂ ਦਾ ਮੁੰਡਾ ਬਲਵਿੰਦਰ ਮੇਰਾ ਮਿੱਤਰ ਸੀ। ਅਸੀਂ ਦੋਵੇਂ ਮੀਂਹ ਪੈਣ ਪਿੱਛੋਂ ਪਿੰਡ ਦੇ ਨੇੜਲੇ ਖੇਤਾਂ ਵਿਚ ਸੈਰ ਕਰਦੇ ਫਿਰਦੇ ਸਾਂ ਜਦ ਉਸ ਨੇ ਦੱਸਿਆ ਕਿ 'ਵਰਿਆਮ ਸਿੰਘ ਸੰਧੂ' ਨਾਂ ਦੇ ਕਿਸੇ ਬੰਦੇ ਦੀ ਕਹਾਣੀ ਛਪੀ ਹੈ ਅਖ਼ਬਾਰ ਵਿਚ, ਜਿਸ ਨਾਲ ਪਿੰਡ ਦਾ ਨਾਂ 'ਸੁਰ ਸਿੰਘ' ਵੀ ਲਿਖਿਆ ਹੋਇਆ ਹੈ। ਉਸ ਦੇ ਚਾਚੇ ਦੀ ਦੁਕਾਨ 'ਤੇ ਆਉਂਦੀ ਸੀ ਅਖ਼ਬਾਰ। ਉਸ ਨੂੰ ਮੇਰੇ ਕਵਿਤਾ ਹੀ ਲਿਖਦੇ ਹੋਣ ਦਾ ਤਾਂ ਇਲਮ ਸੀ ਪਰ ਮੇਰੇ ਕਹਾਣੀ ਲਿਖਣ ਬਾਰੇ ਉਸ ਦੇ ਵੀ ਚਿੱਤ-ਖ਼ਿਆਲ ਵਿਚ ਨਹੀਂ ਸੀ ਅਤੇ ਉਹ ਵੀ ਅਖ਼ਬਾਰ ਵਿਚ ਛਪਣ-ਯੋਗ ਕਹਾਣੀ! ਮੇਰਾ ਲਿਖਿਆ ਕਵਿਤਾ ਦਾ ਟੋਟਾ ਅਖ਼ਬਾਰ ਵਿਚ ਛਪੇ ਨੂੰ ਤਾਂ ਹੁਣ ਚਿਰ ਹੋ ਗਿਆ ਸੀ।

ਉਸ ਨੂੰ ਦੱਸਿਆ ਕਿ ਉਹ ਕਹਾਣੀ ਤਾਂ ਮੇਰੀ ਹੀ ਸੀ। ਉਹ ਚੱਲ ਕੇ ਮੈਨੂੰ ਅਖ਼ਬਾਰ ਦੇਵੇ। ਅਸੀਂ ਉਸ ਦੇ ਚਾਚੇ ਦੀ ਦੁਕਾਨ 'ਤੇ ਗਏ। ਅਖ਼ਬਾਰ ਵੇਖੀ ਤਾਂ ਮੈਨੂੰ ਚਾਅ ਚੜ੍ਹ ਗਿਆ। ਉਪਰ ਇੱਕ ਪਾਸੇ ਖ਼ੂਬਸੂਰਤ ਔਰਤ ਦਾ ਚਿਹਰਾ ਬਣਿਆ ਹੋਇਆ ਸੀ ਅਤੇ ਉਸ ਦੇ ਸੰਘਣੇ ਕਾਲੇ ਵਾਲ ਪਿੱਛੇ ਨੂੰ ਉਡਦੇ ਦਿਖਾਈ ਦਿੰਦੇ ਸਨ। ਇਨ੍ਹਾਂ ਕਾਲੇ ਵਾਲਾਂ 'ਤੇ ਬਾਰੀਕ ਚਿੱਟੇ ਅੱਖਰਾਂ ਵਿਚ 'ਕਹਾਣੀ' ਲਿਖਿਆ ਹੋਇਆ ਸੀ। ਅੱਗੇ ਕਹਾਣੀ ਦਾ ਨਾਂ ਸੀ ਮੋਟੇ ਅੱਖਰਾਂ ਵਿਚ-'ਭੈਣ-ਭਰਾ'। ਮੇਰੀ ਕਹਾਣੀ ਨੇ ਅਖ਼ਬਾਰ ਦਾ ਪੂਰਾ ਸਫ਼ਾ ਮੱਲਿਆ ਹੋਇਆ ਸੀ। ਉਹ ਅਖ਼ਬਾਰ ਮੈਂ ਘਰ ਲਿਆ ਕੇ ਦਿਖਾਈ। ਮੇਰੇ ਪਿਓ ਨੇ ਵੀ ਉਹ ਕਹਾਣੀ ਪੜ੍ਹੀ। ਅੱਧਾ ਕੁ ਮਾਣ ਨਾਲ ਅਤੇ ਅੱਧਾ ਕੁ ਮਜ਼ਾਕ ਜਿਹੀ ਨਾਲ "ਹੂੰਅ!" ਕਹਿ ਕੇ ਮੁਸਕਰਾਇਆ; ਜਿਵੇਂ ਕਹਿ ਰਿਹਾ ਹੋਵੇ, "ਚੰਗਾ ਹੋਇਆ ਤੂੰ ਕਹਾਣੀ ਲਿਖ ਲਈ ਪਰ ਇਸ ਵਿਚ ਹੈ ਕੀ ਕਹਾਣੀ ਵਾਲਾ!"

ਪਰ ਮੇਰੇ ਲਈ ਤਾਂ ਇਹ ਡਾਢੀ ਖ਼ੁਸ਼ੀ ਦੀ ਗੱਲ ਸੀ। ਮੈਂ ਅਖ਼ਬਾਰ ਸਾਹਮਣੇ ਰੱਖ ਕੇ ਵਾਰ ਵਾਰ ਆਪਣੇ ਛਪੇ ਨਾਮ ਵੱਲ ਵੇਖ ਰਿਹਾ ਸਾਂ ਅਤੇ ਆਪਣੇ ਆਪ ਨੂੰ ਪੁੱਛ ਰਿਹਾ ਸਾਂ ਕਿ ਕੀ ਸੱਚਮੁੱਚ ਮੇਰਾ ਹੀ ਨਾਮ ਛਪਿਆ ਹੈ? ਤੁਕਬੰਦ ਕਵਿਤਾ ਲਿਖਣੀ ਮੈਨੂੰ ਸੌਖੀ ਲੱਗਦੀ ਸੀ, ਪਰ ਕਹਾਣੀ ਲਿਖਣੀ ਡਾਢੀ ਮੁਸ਼ਕਿਲ। ਹੁਣ ਮੈਂ ਇਹ ਮੁਸ਼ਕਿਲ ਪਾਰ ਕਰ ਲਈ ਸੀ। ਹੁਣ ਮੈਂ ਮਹੀਨੇ ਵਿਚ ਦੋ ਦੋ ਤਿੰਨ ਤਿੰਨ ਕਹਾਣੀਆਂ ਲਿਖਣ ਲੱਗਾ। ਜਿਹੜੀ ਕਹਾਣੀ ਲਿਖਦਾ, ਅਖ਼ਬਾਰ ਵਿਚ ਛਪ ਜਾਂਦੀ। ਸਾਹਿਤਕ ਮਾਸਿਕ-ਪੱਤਰਾਂ ਵਿਚ ਮੈਂ ਉਨ੍ਹਾਂ ਨੂੰ ਭੇਜਦਾ ਹੀ ਨਹੀਂ ਸਾਂ। ਅਖ਼ਬਾਰ ਵਿਚ ਛਪਣ ਦਾ ਲਾਲਚ ਇਸ ਕਰ ਕੇ ਵੀ ਸੀ ਕਿ ਪਿੰਡ ਵਿਚ ਅਖ਼ਬਾਰਾਂ ਆਉਂਦੀਆਂ ਹੋਣ ਕਰ ਕੇ ਪਿੰਡ ਦੇ ਪੜ੍ਹੇ ਲਿਖੇ ਲੋਕਾਂ ਤੱਕ ਮੇਰਾ ਨਾਮ ਜਾਂਦਾ, ਉਨ੍ਹਾਂ ਵਿਚ ਮੇਰਾ ਮਹੱਤਵ ਵਧਦਾ। ਇੱਕ ਮੱਸ-ਫੁੱਟ ਮੁੰਡਾ ਪਿੰਡ ਦੇ ਪਤਵੰਤਿਆਂ ਦੀ ਨਜ਼ਰ ਵਿਚ ਵਿਸ਼ੇਸ਼ ਦਿੱਸਣ ਲੱਗ ਪਿਆ ਸੀ। ਉਹ ਮੈਨੂੰ ਰੋਕ ਰੋਕ ਕੇ ਮੇਰੀ ਲਿਖਤ ਪੜ੍ਹੇ ਹੋਣ ਦਾ ਜ਼ਿਕਰ ਮੇਰੇ ਨਾਲ ਸਾਂਝਾ ਕਰਦੇ। ਸ਼ਬਾਸ਼ ਦਿੰਦੇ।

ਉਦੋਂ ਅਖ਼ਬਾਰ ਕਿਸੇ ਦਿਨ-ਦਿਹਾਰ ਜਾਂ ਗੁਰਪੁਰਬ 'ਤੇ ਚਾਲੀ-ਚਾਲੀ, ਪੰਜਾਹ-ਪੰਜਾਹ ਸਫ਼ਿਆਂ ਦੇ ਵਿਸ਼ੇਸ਼ ਐਡੀਸ਼ਨ ਛਾਪਦੇ ਸਨ। ਮੈਂ ਇਨ੍ਹਾਂ ਮੌਕਿਆਂ ਉਤੇ ਗੁਰੂਆਂ ਬਾਰੇ ਜਾਂ ਉਸ ਵਿਸ਼ੇਸ਼ ਦਿਨ ਬਾਰੇ ਕੋਈ ਨਾ ਕੋਈ ਲੇਖ ਲਿਖ ਕੇ ਭੇਜ ਦਿੰਦਾ। ਇਸ ਨਾਲ ਪਿੰਡ ਵਿਚ ਮੇਰੀ 'ਸਿਆਣਪ' ਦਾ ਹੋਰ ਵੀ ਰੋਹਬ ਪੈਂਦਾ। ਇਹ ਕੋਈ ਘੱਟ ਮਾਣ ਵਾਲੀ ਗੱਲ ਸੀ! ਉਨ੍ਹਾਂ ਦੇ ਪਿੰਡ ਦਾ ਪੁੱਤ ਉਨ੍ਹਾਂ ਦੇ ਪਿੰਡ ਦੇ ਨਾਂ ਨੂੰ ਦੂਰ ਦੂਰ ਤੱਕ ਪਹੁੰਚਾ ਰਿਹਾ ਸੀ! ਉਦੋਂ ਮੈਂ ਆਪਣੇ ਨਾਮ ਦੇ ਨਾਲ ਪਿੰਡ ਦਾ ਨਾਮ ਜ਼ਰੂਰ ਲਿਖਦਾ ਸਾਂ। ਇੱਕ ਵਾਰ ਮੈਂ ਆਪਣੇ ਕਲਮੀ-ਨਾਂ (ਵਰਿਆਮ ਸਿੰਘ ਸੰਧੂ-ਸੁਰ ਸਿੰਘ) ਦੀ ਬਹੁਤੀ ਲੰਬਾਈ ਮਹਿਸੂਸ ਕਰਦਿਆਂ ਆਪਣੇ ਪਿੰਡ ਦਾ ਨਾਂ ਆਪਣੇ ਨਾਂ ਦੇ ਨਾਲ ਨਾ ਲਿਖਿਆ। ਉਸ ਵੇਲੇ ਦੇ ਪਿੰਡ ਦੇ ਸਰਪੰਚ ਸੇਵਾ ਸਿੰਘ ਨੇ ਮੈਨੂੰ ਬਾਜ਼ਾਰ ਵਿਚ ਰੋਕ ਕੇ ਆਖਿਆ, "ਕੱਲ੍ਹ ਤੂੰ ਅਖ਼ਬਾਰ ਵਿਚ ਆਪਣੇ ਨਾਂ ਨਾਲ ਪਿੰਡ ਦਾ ਨਾਂ ਕਿਉਂ ਨਹੀਂ ਸੀ ਲਿਖਿਆ? ਜਦੋਂ ਵੀ ਲਿਖੇਂ- ਆਪਣੇ ਨਾਂ ਨਾਲ ਪਿੰਡ ਦਾ ਨਾਮ ਲਿਖਣਾ ਨਾ ਭੁੱਲੀਂ...ਇਸ ਤਰ੍ਹਾਂ ਬੰਦੇ ਦੇ ਨਾਲ ਨਾਲ ਪਿੰਡ ਦਾ ਵੱਜ ਵੀ ਬਣਦੈ!"

ਕਵਿਤਾ ਲਿਖਣੀ ਵੀ ਮੈਂ ਨਹੀਂ ਸੀ ਛੱਡੀ। ਜਿੱਥੇ ਕਹਾਣੀਆਂ ਮੈਂ ਅਖ਼ਬਾਰਾਂ ਵਿਚ ਛਪਣ ਲਈ ਭੇਜਦਾ, ਓਥੇ ਕਵਿਤਾਵਾਂ 'ਫ਼ਤਹਿ', 'ਪ੍ਰੀਤਮ', 'ਕਹਾਣੀ' ਆਦਿ ਪਰਚਿਆਂ ਨੂੰ ਭੇਜਦਾ। ਇੱਕ ਵਾਰ 'ਕਹਾਣੀ' ਵਿਚ ਇੱਕੋ ਸਫ਼ੇ ਉਤੇ ਖੱਬੇ ਪਾਸੇ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਚਾਰ ਰੁਬਾਈਆਂ ਛਪੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਮੇਰੀਆਂ ਚਾਰ ਰੁਬਾਈਆਂ। ਸੋਲਾਂ ਸਾਲ ਦੇ ਮੁੰਡੇ ਲਈ ਇਹ ਕੋਈ ਘੱਟ ਮਾਣ ਵਾਲੀ ਗੱਲ ਨਹੀਂ ਸੀ। ਉਨ੍ਹਾਂ ਵਿਚੋਂ ਇੱਕ ਰੁਬਾਈ ਮੈਨੂੰ ਹੁਣ ਵੀ ਯਾਦ ਹੈ,

ਬੱਦਲ ਆਇਆ, ਘਟਾਂ ਕਾਲੀਆਂ,
ਪੈਲਾਂ ਪਾਉਂਦੇ ਮੋਰ।
ਓਸ ਕੁੜੀ ਦੇ ਨੈਣ ਨਸ਼ੀਲੇ,
ਹੈ ਮਸਤਾਨੀ ਤੋਰ।
ਉਹ ਹੱਸਦੀ ਪਰ ਮੈਂ ਹਾਂ ਰੋਂਦੀ,
ਇਸ ਦਾ ਭੇਤ ਮੈਂ ਜਾਣਾਂ
ਉਸ ਦਾ ਪ੍ਰੀਤਮ ਕੋਲ ਓਸ ਦੇ,
ਦੂਰ ਮੇਰਾ ਚਿੱਤ-ਚੋਰ।

ਲੇਖਕ ਬਣਨ ਦਾ ਮੇਰੇ ਉਤੇ ਅਜਿਹਾ ਭੂਤ ਸਵਾਰ ਹੋਇਆ ਕਿ ਮੈਂ ਹਰ ਸਮੇਂ ਕਿਸੇ ਕਵਿਤਾ ਜਾਂ ਕਹਾਣੀ ਦਾ ਪਲਾਟ ਸੋਚ ਰਿਹਾ ਹੁੰਦਾ ਜਾਂ ਕੋਈ ਕਵਿਤਾ-ਕਹਾਣੀ ਲਿਖ ਰਿਹਾ ਹੁੰਦਾ। ਕਵਿਤਾਵਾਂ ਅਤੇ ਕਹਾਣੀਆਂ ਇਸ ਕਰ ਕੇ ਵੀ ਲਿਖੀ ਜਾਂਦਾ ਕਿ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਇਨ੍ਹਾਂ ਦੀ ਖ਼ਪਤ ਨਾਲ ਦੀ ਨਾਲ ਹੁੰਦੀ ਜਾਂਦੀ ਸੀ ਅਤੇ ਉਸ ਉਪਰੰਤ ਰਚਨਾ ਛਪੀ ਦੇਖ ਕੇ ਲੋੜੀਂਦਾ ਹੁਲਾਰਾ ਵੀ ਮਿਲਦਾ ਰਹਿੰਦਾ ਸੀ। ਉਂਜ ਮੇਰਾ ਨਾਵਲ ਲਿਖਣ ਨੂੰ ਜੀ ਕਰਦਾ। ਜਾਪਦਾ ਕਿ ਜਿਵੇਂ ਨਾਵਲ ਲਿਖ ਕੇ ਹੀ ਰੂਹ ਨੂੰ ਰੱਜ ਮਿਲ ਸਕਦਾ ਹੈ। ਨਾਵਲ ਛੋਹ ਵੀ ਲਿਆ ਅਤੇ ਲਗਭਗ ਕਾਪੀ ਦਾ ਛੇ ਕੁ ਸੌ ਸਫ਼ਾ ਲਿਖ ਮਾਰਿਆ। ਕੁੱਝ ਚਿਰ ਪਿੱਛੋਂ ਜਲੰਧਰੋਂ ਛਪਦੇ 'ਨਵੀਂ ਦੁਨੀਆਂ' ਨਾਂ ਦੇ ਹਫ਼ਤਾਵਾਰੀ ਸਾਹਿਤਕ ਪਰਚੇ ਵਿਚ 'ਪਹੁ-ਫੁਟਾਲਾ' ਦੇ ਨਾਮ ਹੇਠਾਂ ਇਸ ਨਾਵਲ ਦੀਆਂ ਚੌਤੀ ਕਿਸ਼ਤਾਂ ਛਪੀਆਂ। ਉਸ ਪਰਚੇ ਵਿਚ ਕਹਾਣੀਆਂ ਵੀ ਮੇਰੀਆਂ ਬਹੁਤ ਛਪੀਆਂ।

ਅਸਲ ਵਿਚ ਮੈਂ ਇਨ੍ਹਾਂ ਦਿਨਾਂ ਵਿਚ ਲਿਖਣ ਦਾ ਅਭਿਆਸ ਕਰ ਰਿਹਾ ਸਾਂ। ਇੱਕ ਸਿਖਾਂਦਰੂ ਬੱਚੇ ਵਾਂਗ ਪੂਰਨਿਆਂ 'ਤੇ ਲਿਖ ਲਿਖ ਕੇ ਸਫ਼ੇ ਕਾਲੇ ਕਰ ਰਿਹਾ ਸਾਂ। ਮੇਰੀ ਜੀਵਨ-ਦ੍ਰਿਸ਼ਟੀ ਅਤੇ ਸ਼ਿਲਪ-ਦ੍ਰਿਸ਼ਟੀ ਅਜੇ ਧੁੰਦਲਕੇ ਵਿਚੋਂ ਰਸਤਾ ਲੱਭ ਰਹੀ ਸੀ। ਵਿਚਾਰਧਾਰਕ ਤੌਰ ਉਤੇ ਮੈਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਜਸਵੰਤ ਸਿੰਘ ਕੰਵਲ ਤੋਂ ਪ੍ਰਭਾਵਿਤ ਸਾਂ। ਪਰ ਲਿਖਦੇ ਸਮੇਂ ਮੇਰੀਆਂ ਰਚਨਾਵਾਂ ਵਿਚ ਨਾਨਕ ਸਿੰਘ ਦਾ 'ਆਦਰਸ਼ਵਾਦ', ਗੁਰਬਖ਼ਸ਼ ਸਿੰਘ ਦਾ 'ਰੁਮਾਂਸਵਾਦ', ਜਸਵੰਤ ਸਿੰਘ ਕੰਵਲ ਦਾ 'ਪ੍ਰਗਤੀਵਾਦ', ਕਰਤਾਰ ਸਿੰਘ ਦੁੱਗਲ ਦਾ 'ਮਨੋਵਿਗਿਆਨ' ਆਪਸ ਵਿਚ ਘੁਲ ਮਿਲ ਜਾਂਦੇ। ਕਹਾਣੀਆਂ ਦੇ ਪਲਾਟ ਤਾਂ ਮੇਰੇ ਆਪਣੇ ਹੀ ਸੋਚੇ ਬਣਾਏ ਜਾਂ ਜ਼ਿੰਦਗੀ 'ਚੋਂ ਲਏ ਹੁੰਦੇ ਪਰ ਜਦੋਂ ਉਹ ਰਚਨਾ ਦੇ ਰੂਪ ਵਿਚ ਢਲ ਕੇ ਸਾਹਮਣੇ ਆਉਂਦੇ ਤਾਂ ਉਪਰੋਕਤ ਲੇਖਕ ਕਿਤੇ ਨਾ ਕਿਤੇ ਵਿਚੋਂ ਬੋਲਣ ਲੱਗ ਪੈਂਦੇ।

ਮੈਂ ਅਜੇ ਸੁਤੰਤਰ 'ਵਰਿਆਮ ਸਿੰਘ ਸੰਧੂ' ਨਹੀਂ ਸਾਂ ਬਣ ਸਕਿਆ।

***(ਚਲਦਾ)***

# ਹਿੰਦੁਸਤਾਨੀ ਕਿਸਾਨ !

**ਦੁਨੀਆਂ ਭਰ ਵਿਚ ਜਿਥੇ ਵੀ ਹਿੰਦੋਸਤਾਨੀ ਬੈਠੇ ਹਨ, ਉਹ ਆਪਣੇ ਮੁਲਕ ਦੀ ਆਜ਼ਾਦੀ ਲਈ ਬੇ-ਬਹਾ ਕੁਰਬਾਨੀਆਂ ਕਰਨ ਵਾਲੀ ਗਦਰ ਪਾਰਟੀ ਦੀ ਸ਼ਤਾਬਦੀ ਮਨਾਉਣ ਵਾਲੇ ਹਨ, ਪਰ ਕੁਝ ਕੁ ਖ਼ੁਦਗਰਜ਼ ਤੇ ਬੇਈਮਾਨ ਬੰਦੇ ਗ਼ਦਰ ਪਾਰਟੀ ਦੇ ਮਹਾਨ ਸੂਰਮਿਆਂ ਬਾਰੇ ਤੱਥਾਂ ਨੂੰ ਤੋੜ-ਮਰੋੜ ਕੇ ਚਿੱਕੜ ਉਛਾਲ ਰਹੇ ਹਨ। ਅਜਿਹੀ ਹੀ ਕੋਝੀ ਹਰਕਤ ਭਾਰਤੀ ਜਨਤਾ ਪਾਰਟੀ ਅਤੇ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਵੀ ਕੀਤੀ ਗਈ ਸੀ। ਉਸ ਸਰਕਾਰ ਨੇ ਤਾਂ ਗ਼ਦਰ ਪਾਰਟੀ ਦੇ ਯੋਧਿਆਂ ਨੂੰ ਦੇਸ਼ ਭਗਤ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਗ਼ਦਰ ਪਾਰਟੀ ਨੂੰ ਇਨਕਲਾਬੀ ਲੀਹਾਂ 'ਤੇ ਤੋਰਨ ਦਾ ਵੱਡਾ ਕੰਮ ਲਾਲਾ ਹਰਦਿਆਲ ਨੇ ਹੀ ਕੀਤਾ ਸੀ। ਡੀ. ਬੈਰੀ ਅਨੁਸਾਰ, "ਹਰਦਿਆਲ, ਚਿੰਤਕ ਅਤੇ ਇਨਕਲਾਬੀ ਸੀ। ਅੱਧੋਰਾਣੀ ਪੱਗ, ਮੋਢਿਆਂ ਤੋਂ ਢਿਲਕਵਾਂ ਖਸਿਆਨਾ ਜਿਹਾ ਝੱਗਾ ਅਤੇ ਘਸੇ ਹੋਏ ਬੂਟ, ਬਹੁਤ ਹੀ ਸਾਦਾ ਪਹਿਰਾਵਾ। ਉਹ ਆਪਣੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਵਿਚ ਉਨ੍ਹਾਂ ਵਰਗਾ ਹੋ ਕੇ ਵਿਚਰਿਆ। ਉਹ ਉਨ੍ਹਾਂ ਦਾ ਪੱਕਾ ਸਾਥੀ ਸੀ।"**

**ਗ਼ਦਰ ਪਾਰਟੀ ਦੇ ਬਾਈ-ਲਾਅ ਨੰਬਰ 15 ਵਿਚ ਖਾਸ ਮੱਦ ਹੈ, "ਜਨਰਲ ਸੈਕਟਰੀ ਗ਼ਦਰ ਪਾਰਟੀ ਦਾ ਬਾਨੀ ਹੋਣ ਕਰਕੇ ਹਮੇਸ਼ਾ ਪਾਰਟੀ ਦਾ ਜਨਰਲ ਸਕੱਤਰ ਰਹੇਗਾ ਅਤੇ ਇੰਤਜ਼ਾਮੀਆ ਕਮੇਟੀ ਵਿਚ ਪਾਸ ਹੋ ਚੁੱਕੇ ਕਿਸੇ ਵੀ ਸਵਾਲ ਨੂੰ ਦੁਬਾਰਾ ਪੇਸ਼ ਕਰ ਸਕੇਗਾ ਤੇ ਹਾਲਾਤ ਮੁਤਾਬਕ ਉਸ ਕੋਲੋਂ ਸਲਾਹ ਮਸ਼ਵਰਾ ਲਿਆ ਦਿੱਤਾ ਜਾਵੇਗਾ।"**

**ਅਖੌਤੀ ਜਿਹੇ ਕਿਸਮ ਦੇ ਬੁੱਧੀਜੀਵੀ ਜਿਹੜੇ ਇਹ ਆਖਦੇ ਫਿਰਦੇ ਹਨ ਕਿ ਗ਼ਦਰ ਪਾਰਟੀ ਦੇ ਕੋਈ ਬਾਈ-ਲਾਅ ਹੀ ਨਹੀਂ ਸਨ, ਅਸੀਂ ਕੁਝ ਕੁ ਬਾਈ-ਲਾਅਜ਼ ਦੀ ਫੋਟੋ ਕਾਪੀ ਅਤੇ ਲਾਲਾ ਹਰਦਿਆਲ ਦਾ ਕਿਸਾਨਾਂ ਬਾਰੇ ਲਿਖਿਆ ਲੇਖ ਇਥੇ ਛਾਪ ਰਹੇ ਹਾਂ। ਪਾਠਕ ਆਪ ਹੀ ਅੰਦਾਜ਼ਾ ਲਾ ਲੈਣਗੇ ਕਿ ਝੂਠ ਤੇ ਸੱਚ ਕੀ ਹੈ। ਕੌਣ ਦੇਸ਼ ਭਗਤ ਸੀ ਤੇ ਕੌਣ ਗ਼ੱਦਾਰ?**

***-ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ, ਫੋਨ:661-331-5651***

## ਲਾਲਾ ਹਰਦਿਆਲ

ਹਿੰਦੁਸਤਾਨ ਵਿਚ ਸਭ ਤੋਂ ਦਿਲਚਸਪ ਮੇਰੇ ਵਾਸਤੇ ਤਾਂ ਹਿੰਦੁਸਤਾਨੀ ਕਿਸਾਨੀ ਹੀ ਹੈ। ਮੈਂ ਸਾਧੂ ਅਤੇ ਸਵਾਮੀ ਨੂੰ ਭੀ ਉਸ ਤੋਂ ਉਚਾ ਦਰਜਾ ਨਹੀਂ ਦੇ ਸਕਦਾ ਕਿਉਂਕਿ ਉਹ ਉਸ ਨੂੰ ਭੀ ਰੋਟੀ ਦਿੰਦਾ ਹੈ। ਸ਼ਹਿਰ ਦੇ ਹੁਨਰ ਪੇਸ਼ਾ ਲੋਕਾਂ, ਜੁਲਾਹੇ ਤੇ ਮੋਚੀ, ਮਿਸਤਰੀ ਤੇ ਲੁਹਾਰ, ਟੀਨਸਾਜ਼, ਤਰਖਾਣ ਤੇ ਰਾਜ ਦਾ ਕਿਸਾਨ ਦੇ ਬਾਅਦ ਦੂਜਾ ਦਰਜਾ ਹੈ। ਉਨ੍ਹਾਂ ਦੇ ਕੰਮ ਦੇਖ ਕੇ ਮੈਂ ਉਨ੍ਹਾਂ ਤੇ ਲੱਟੂ ਹੋ ਜਾਂਦਾ ਹਾਂ।

ਤੀਜੀ ਸਭ ਤੋਂ ਜ਼ਰੂਰੀ ਅਤੇ ਫਾਇਦੇਮੰਦ ਜਮਾਤ ਇਨ੍ਹਾਂ ਗ਼ੈਰ-ਹੁਨਰਮੰਦ ਮਜ਼ਦੂਰਾਂ ਯਾਨਿ ਭੰਗੀ, ਕਹਾਰ ਪਾਲਕੀ ਚੁੱਕਣ ਵਾਲੇ, ਰਸੋਈਏ, ਖ਼ਾਨਸਾਮੇ ਸਾਈਸਾਂ ਅਤੇ ਕੁਲੀਆਂ ਦੀ ਹੈ। ਹਿੰਦੁਸਤਾਨ ਦੇ ਇਹ ਨਿਚਲੇ ਤਬਕੇ ਦੇ ਅਣਗਿਣਤ ਲੋਕੀਂ ਹੁਣ ਜ਼ੰਜੀਰਾਂ ਤੋੜ ਸੁੱਟਣਾ ਚਾਹੁੰਦੇ ਹਨ। ਇਨ੍ਹਾਂ ਮਜ਼ਦੂਰਾਂ ਦੇ ਰਾਜ ਵਿਚ ਤਾਂ ਮੁਰਦਨੀ ਵਰਗੀ ਚੁੱਪ ਵਰਤੀ ਹੋਈ ਹੈ। ਕਿਸਾਨ, ਮਜ਼ਦੂਰ ਅਤੇ ਨੌਕਰ ਸਭੇ ਗੂੰਗੇ ਹਨ। ਉਨ੍ਹਾਂ ਨੂੰ ਕੌਣ ਆਵਾਜ਼ ਦੇਵੇ? ਕਿਹੜਾ ਕਵੀ ਉਨ੍ਹਾਂ ਦੀ




*ਲਾਲਾ ਹਰਦਿਆਲ*

ਕਵਿਤਾ ਕਹੇਗਾ? ਉਨ੍ਹਾਂ ਦੀ ਰਮਾਇਣ ਅਤੇ ਮਹਾਂਭਾਰਤ ਕੌਣ ਲਿਖੇਗਾ? ਹਿੰਦੁਸਤਾਨ ਵਿਚ (ਹੁਣ) ਸੱਚੇ ਅਸਲੀ ਕਵੀ ਦੀ ਲੋੜ ਹੈ ਕਿਉਂਕਿ ਲੋਕੀਂ, ਆਮ ਜਨਤਾ ਤਾਂ ਦੂਰ ਝੌਂਪੜਿਆਂ ਅਤੇ ਛੱਪਰਾਂ ਹੇਠ ਰਹਿੰਦੀ ਹੈ, ਮਹੱਲਾਂ ਅਤੇ ਬੰਗਲਿਆਂ ਵਿਚ ਨਹੀਂ।

ਮੈਂ ਇਨ੍ਹਾਂ ਵੱਲ ਹੀ ਇੰਨਾ ਕਿਉਂ ਝੁਕ ਗਿਆ ਹਾਂ? ਸੋਹਣੇ ਅਤੇ ਸਾਫ਼ ਕੱਪੜੇ ਵਾਲੇ ਜੈਂਟਲਮੈਨਾਂ ਵੱਲ (ਮੈਂ) ਕਿਉਂ ਨਹੀਂ ਧਿਆਨ ਦਿੰਦਾ ਜਿਹੜੇ ਰੌਲਾ ਪਾ ਪਾ ਕੇ ਕੰਨ ਖਾ ਰਹੇ ਹਨ। ਇਸ ਦੀ ਵਜ੍ਹਾ ਸਾਫ਼ ਹੈ। ਆਮ ਹਿੰਦੁਸਤਾਨੀ ਤਾਂ ਇਹ ਮਜ਼ਦੂਰ ਹਨ। ਕੁਝ ਰਾਜੇ ਭੀ ਹਨ, ਕੁਝ ਮਹਾਰਾਜੇ ਭੀ, ਕੁਝ ਗ੍ਰੈਜੂਏਟ ਵੀ ਹਨ। ਕੁਝ ਵਕੀਲ ਭੀ, ਕੁਝ ਸ਼ਾਹਕਾਰ ਭੀ ਹਨ ਤੇ ਕੁਝ ਡਾਕਟਰ ਭੀ। ਕੁਝ ਸਾਧੂ ਭੀ ਹਨ ਤੇ ਕੁਝ ਪੰਡਤ ਭੀ ਪਰ ਕਿਸਾਨ ਅਤੇ ਮਜ਼ਦੂਰ ਤਾਂ ਅਣਗਿਣਤ ਹਨ, ਕਰੋੜਾਂ ਹਨ। (ਮੇਰੇ ਲਈ) ਉਹ ਸਭ ਤੋਂ ਉਤੇ ਹਨ।

ਭਾਰਤ ਦੀ ਦੌਲਤ ਪੈਦਾ ਕਰਨ ਵਾਲੇ ਭੀ ਤਾਂ ਇਹ ਗਰੀਬ ਮਜ਼ਦੂਰ ਅਤੇ ਕਿਸਾਨ ਹੀ ਹਨ। ਸਾਲ ਦੇ ਸਾਲ ਉਹ ਲਹੂ ਪਸੀਨਾ ਇਕ ਕਰਕੇ ਕੰਮ ਕਰਦੇ ਜਾਂਦੇ ਸਭਨਾਂ ਵਾਸਤੇ ਘਰ ਬਣਾਉਂਦੇ ਹਨ, ਸੜਕਾਂ ਬਣਾਉਂਦੇ ਹਨ, ਬੱਘੀਆਂ ਬਣਾਉਂਦੇ ਹਨ, ਸਭ ਨੂੰ ਰੋਟੀ ਦਿੰਦੇ ਹਨ। ਮੀਂਹ ਹਨ੍ਹੇਰੀ ਵਿਚ, ਧੁੱਪ ਛਾਂ ਵਿਚ, ਸਰਦੀ ਗਰਮੀ ਵਿਚ, ਉਹ ਵਿਚਾਰੇ ਮਿਹਨਤ ਕਰੀ ਜਾਂਦੇ ਹਨ। ਇਸ ਤਰ੍ਹਾਂ (ਇਹ ਲੋਕ) ਸਮਾਜ ਦੀਆਂ ਸਭ ਜ਼ਰੂਰਤਾਂ ਪੂਰੀਆਂ ਕਰਦੇ ਹਨ। ਇਸ ਸ੍ਰਿਸ਼ਟੀ ਦੇ ਅੰਨ ਦਾਤਾ ਵਿਸ਼ਨੂੰ ਭਗਵਾਨ ਤਾਂ ਇਹ ਕਿਸਾਨ ਹੀ ਹਨ। (ਇਹ) ਜ਼ਿੰਦਗੀ ਅਤੇ ਸ਼ਕਤੀ ਦਾ ਉਹ ਮੰਬਾ ਹਨ ਜਿਥੋਂ ਲੋਕਾਂ ਨੂੰ ਜ਼ਿੰਦਗੀ ਅਤੇ ਸ਼ਕਤੀ ਮਿਲਦੀ ਹੈ। ਕਿਸਾਨ ਸੂਰਜ ਹੈ, ਦੂਜੇ ਮਜ਼ਦੂਰ ਪੇਸ਼ਾ ਲੋਕ ਸਿਤਾਰੇ ਤੇ ਸਿਆਰੇ ਹਨ ਜਿਹੜੇ ਉਸ ਦੇ ਪ੍ਰਕਾਸ਼ ਨਾਲ ਚਮਕਦੇ ਹਨ। ਪੰਡਿਤਾਂ ਤੇ ਪ੍ਰਚਾਰਕਾਂ, ਵਕੀਲਾਂ ਤੇ ਸ਼ਾਹੂਕਾਰਾਂ, ਰਾਜਿਆਂ ਤੇ ਮਹਾਰਾਜਿਆਂ ਤੋਂ ਉਚੀ ਜ਼ਿੰਦਗੀ ਹੈ ਉਸ ਕਿਸਾਨ ਦੀ ਜੋ ਉਨ੍ਹਾਂ ਸਭਨਾਂ ਨੂੰ ਰੋਟੀ ਦੇਣ ਵਾਲਾ ਹੈ।

ਹੁਨਰਮੰਦ ਲੋਕੀਂ ਉਸੇ ਦੇ ਸ਼ੁਰੂ ਕੀਤੇ ਹੋਏ ਕੰਮ ਨੂੰ ਪੂਰਿਆਂ ਕਰ ਦਿੰਦੇ ਹਨ। ਉਹ ਉਸ ਦੀ ਪੈਦਾ ਕੀਤੀ ਹੋਈ ਕਪਾਹ, ਕੱਚੇ ਚਮੜੇ, ਲੱਕੜ ਦੇ ਸ਼ਹਤੀਰ ਤੇ ਖਾਣਾਂ ਵਿਚੋਂ ਨਿਕਲੀਆਂ ਹੋਈਆਂ ਬੇਸ਼ੁਮਾਰ ਧਾਤਾਂ ਨੂੰ ਬੜਾ ਸੁੰਦਰ ਅਤੇ ਫਾਇਦੇਮੰਦ ਬਣਾ ਦਿੰਦਾ ਹੈ। ਉਸ ਦੀਆਂ ਹੁਨਰਮੰਦ ਉਂਗਲੀਆਂ ਸਾਨੂੰ ਕੱਪੜਾ, ਘਰ, ਹੋਲਡਰ, ਬਰਤਨ, ਸ਼ੀਸ਼ਾ, ਜੁੱਤੀ ਆਦਿ ਸਭੇ ਜ਼ਰੂਰੀ ਚੀਜ਼ਾਂ ਦੇ ਕੇ ਸਾਨੂੰ ਤਹਿਜ਼ੀਬ-ਯਾਫ਼ਤਾ ਬਣਾ ਦਿੰਦੀਆਂ ਹਨ। ਇਹ ਹੁਨਰਮੰਦ ਲੋਕੀਂ ਤਾਂ ਚੰਗੇ ਭਲੇ ਜਾਦੂਗਰ ਹਨ।


ਗ਼ੈਰ-ਹੁਨਰਮੰਦ ਲੋਕੀਂ ਸਮਾਜ ਜਾਂ ਸੁਸਾਇਟੀ ਦੀ ਜਿੰਦ-ਜਾਨ ਹਨ। ਜੇ ਭੰਗੀ ਨਾ ਹੋਣ ਤਾਂ ਸ਼ਹਿਰ ਦੀ ਕੀ ਹਾਲਤ ਹੋ ਜਾਵੇ? ਜੇ ਡੋਲੀਆਂ ਚੁੱਕਣ ਵਾਲੇ ਨਾ ਹੋਣ ਤਾਂ ਲੇਡੀਆਂ ਕੀ ਕਰਨ? ਅਸਲ ਵਿਚ ਤਾਂ ਭੰਗੀ ਸੁਸਾਇਟੀ ਦਾ ਮਾਲਕ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਉਸ ਨੂੰ ਇਸ ਗੱਲ ਦਾ ਪਤਾ ਨਹੀਂ। ਭੰਗੀ ਚਾਹਵੇ ਤਾਂ ਹਫ਼ਤੇ ਦੇ ਅੰਦਰ ਅੰਦਰ ਕਿਸੇ ਭੀ ਰਾਜੇ ਨੂੰ ਆਪਣੇ ਪੈਰੀਂ ਡੇਗ ਸਕਦਾ ਹੈ।


ਮੇਰੀਆਂ ਇਹ ਗੱਲਾਂ ਸੁਣ ਕੇ ਸੋਹਣੇ-ਸੋਹਣੇ ਕੱਪੜੇ ਪਾਉਣ ਵਾਲੇ, ਇਤਰ ਫ਼ਲੇਲ ਮਲਣ ਵਾਲੇ, ਹੱਸ ਹੱਸ ਕੇ ਗੱਲਾਂ ਕਰਨ ਵਾਲੇ, ਆਰਾਮਪਸੰਦ ਹਿੰਦੁਸਤਾਨੀ ਮੈਥੋਂ ਨਾਰਾਜ਼ ਨਾ ਹੋ ਜਾਣ ਕਿ ਮੈਂ ਇਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਮਿਲਣਾ ਚਾਹੁੰਦਾ ਹਾਂ। ਪੜ੍ਹੇ-ਲਿਖੇ ਗ੍ਰੈਜੂਏਟ ਭੀ ਤੜਫ ਨਾ ਉਠਣ ਜਦੋਂ ਉਹ ਇਹ ਸੁਣਨ ਕਿ ਕਿਸਾਨ ਉਨ੍ਹਾਂ ਨਾਲੋਂ ਜ਼ਿਆਦਾ ਕੀਮਤੀ ਅਤੇ ਜ਼ਰੂਰੀ ਆਦਮੀ ਹੈ। ਮੈਂ ਸਮਾਜ ਨੂੰ ਥੱਲੇ ਖਲੋ ਕੇ ਜੜ੍ਹਾਂ ਤੋਂ ਦੇਖਦਾ ਹਾਂ ਤੇ ਉਹ ਉਪਰੋਂ ਦੇਖਦੇ ਹਨ। ਉਹ ਰਾਜੇ ਅਤੇ ਦੌਲਤਮੰਦ ਲੋਕਾਂ ਨੂੰ ਪਹਿਲਾ ਦਰਜਾ ਦਿੰਦੇ ਹਨ, ਮੈਂ ਦੌਲਤ ਕਮਾਉਣ ਵਾਲੇ ਮਜ਼ਦੂਰ ਨੂੰ ਪਹਿਲਾ ਦਰਜਾ ਦਿੰਦਾ ਹਾਂ। ਉਹ ਮਹਿਲਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਪਹਿਲਾਂ ਗਿਣਦੇ ਹਨ, ਮੈਂ ਉਨ੍ਹਾਂ ਮਹਿਲਾਂ ਨੂੰ ਬਣਾਉਣ ਵਾਲੇ ਮਜ਼ਦੂਰਾਂ ਨੂੰ ਪਹਿਲਾ ਦਰਜਾ ਦਿੰਦਾ ਹਾਂ। ਮੈਂ ਤਾਂ ਉਨ੍ਹਾਂ ਕਰੋੜਾਂ ਮਜ਼ਦੂਰਾਂ ਦਾ ਵਕੀਲ ਹਾਂ ਅਤੇ ਉਨ੍ਹਾਂ ਦੇ ਪੱਖ ਦੀਆਂ ਹੀ ਗੱਲਾਂ ਕਰਾਂਗਾ।

ਜ਼ਰਾ ਧਿਆਨ ਕਰਨ ਵਾਲੀ ਗੱਲ ਹੈ ਕਿ ਹਿੰਦੁਸਤਾਨ ਦੀ ਤਵਾਰੀਖ ਅਤੇ ਰਵਾਇਤਾਂ ਵਿਚ ਮਜ਼ਦੂਰ ਅਤੇ ਕਿਸਾਨ ਨੂੰ ਬਹੁਤ ਨੀਵਾਂ ਥਾਂ ਦਿੱਤਾ ਗਿਆ ਹੈ। ਖ਼ਬਰੇ ਕਿੰਨੇ ਲੱਖਾਂ ਬਰਸ ਤੋਂ ਉਨ੍ਹਾਂ ਨਾਲ ਇਹ ਜ਼ੁਲਮ ਅਸੀਂ ਕਰਦੇ ਚਲੇ ਆਏ ਹਾਂ। ਚੌਂਹ ਵਰਣਾਂ ਦਾ ਢੌਂਗ ਖੜ੍ਹਾ ਕੀਤਾ ਗਿਆ। ਬ੍ਰਾਹਮਣ ਅਤੇ ਕਸ਼ੱਤਰੀ ਨੂੰ ਗ਼ਰੀਬ ਮਜ਼ਦੂਰ ਤੇ ਕਿਸਾਨ ਦੇ ਸਿਰ 'ਤੇ ਬਿਠਾ ਦਿੱਤਾ ਗਿਆ। ਇਸ ਤੋਂ ਵੱਧ ਹੋਰ ਜ਼ੁਲਮ ਕੀ ਹੋ ਸਕਦਾ ਸੀ? ਸਾਡੇ ਲੋਕੀਂ ਇਸ ਵੰਡ ਦੀ ਬੜੀ ਤਾਰੀਫ਼ ਕਰਦੇ ਹੋਏ ਆਪਣੇ ਬਜ਼ੁਰਗਾਂ ਦੀ ਅੰਨ੍ਹੇਵਾਹ ਤਾਰੀਫ਼ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਵਿਚ ਕਿੱਡੀ ਭਾਰੀ ਬੇਇਨਸਾਫੀ ਕੀਤੀ ਗਈ ਹੈ।

ਇਸ ਵੰਡ ਨੇ ਜੋ ਨੁਕਸਾਨ ਕੀਤਾ ਹੈ, ਉਸ ਵੱਲ ਦੇਖਦਿਆਂ ਕੋਈ ਭੀ ਸਮਝ ਸਕਦਾ ਹੈ ਕਿ ਇਹ ਇਨਸਾਫ਼ ਅਤੇ ਅਕਲ ਦੇ ਬਿਲਕੁਲ ਵਿਰੁਧ ਹੈ। ਮੈਂ ਅੱਜ ਕੌਮੀ ਇਤਿਹਾਦ ਦੇ ਨਾਂਉਂ ਉਤੇ ਇਸ ਫ਼ਿਰਕੇਵਾਰ ਜਥੇਬੰਦੀ ਵਿਰੁਧ ਦੁਹਾਈ ਨਹੀਂ ਮਚਾਉਣ ਲੱਗਾ, ਇਸ ਵੇਲੇ ਤਾਂ ਸਿਰਫ਼ ਇਸ ਦੇ ਬੁਰੇ ਅਸਰ ਵੱਲ ਇਸ਼ਾਰਾ ਕਰਾਂਗਾ ਜੋ ਬ੍ਰਾਹਮਣ ਅਤੇ ਕਸ਼ੱਤਰੀ ਨੂੰ ਗ਼ਰੀਬ ਅਤੇ ਮਜ਼ਦੂਰ ਦੇ ਸਿਰ 'ਤੇ ਬਿਠਾਉਣ ਦਾ ਹੁੰਦਾ ਹੈ। ਅਸੀਂ ਉਨ੍ਹਾਂ ਨੂੰ ਹਮੇਸ਼ਾ ਇਹ ਦੱਸਦੇ ਹਾਂ ਕਿ ਤੁਹਾਡਾ ਦਰਜਾ ਨੀਵਾਂ ਹੈ, ਤੁਸੀਂ ਸਾਥੋਂ ਨੀਵੇਂ ਹੋ, ਇਹ ਗੱਲ ਵਾਰ ਵਾਰ ਸੁਣ ਕੇ ਉਹ ਵਿਚਾਰਾ ਆਪਣੀਆਂ ਨਜ਼ਰਾਂ ਵਿਚ ਆਪ ਹੀ ਡਿੱਗ ਜਾਂਦਾ ਹੈ। ਉਸ ਦੇ ਹਿਰਦੇ ਵਿਚ ਖ਼ੁਦਦਾਰੀ ਦਾ ਭਾਵ ਭੀ ਨਹੀਂ ਰਹਿੰਦਾ।

ਦਿਲ 'ਤੇ ਬਿਠਾਏ ਗਏ ਖ਼ਿਆਲਾਤ ਦਾ ਅਸਰ ਭੀ ਹਿਪਨੋਟਿਜ਼ਮ ਵਾਂਗੂੰ ਹੋਇਆ ਕਰਦਾ ਹੈ। ਸਾਨੂੰ ਹੁਣ ਕੌਮ ਦੇ ਸੋਚਣ ਦਾ ਹੀ ਰੁਖ਼ ਬਦਲ ਦੇਣਾ ਚਾਹੀਦਾ ਹੈ। ਕੌਮ ਤੋਂ ਮੁਰਾਦ ਕਿਸਾਨ ਤੇ ਮਜ਼ਦੂਰ ਤੋਂ ਹੈ। ਰਾਜਿਆਂ, ਬ੍ਰਾਹਮਣਾਂ, ਸ਼ਾਹੂਕਾਰਾਂ ਵਿਚ ਜਾ ਕੇ ਇਹ ਪ੍ਰਚਾਰ ਕਰਨ ਦੀ ਲੋੜ ਨਹੀਂ। ਗ੍ਰੈਜੂਏਟ ਇਹ ਸੁਣਨਾ ਭੀ ਪਸੰਦ ਨਹੀਂ ਕਰੇਗਾ ਕਿ ਤਰਖਾਣ ਉਸ ਨਾਲੋਂ ਵਧੀਕ ਜ਼ਰੂਰੀ ਆਦਮੀ ਹੈ। ਉਸ ਨੂੰ ਤਾਂ ਉਸ ਦੀ ਡਿਗਰੀ ਨੇ ਅੰਨ੍ਹਾ ਬਣਾਇਆ ਹੋਇਆ ਹੈ। ਰਾਜਾ ਬਾਜ਼ਾਰ ਵਿਚ ਜਾ ਕੇ ਲੁਹਾਰ ਦੇ ਸਾਹਮਣੇ ਝੁਕਣ ਤੋਂ ਤਾਂ ਰਿਹਾ। ਉਸ ਦਾ ਬੜਾ ਭਾਰੀ ਮਹੱਲ ਉਸ ਨੂੰ ਸੱਚਾਈ


ਜਨਰਲ ਸੈਕ੍ਰਟੀ ਪਾਰਟੀ ਦਾ ਬਾਨੀ ਹੋਣ ਕਰਕੇ ਹਮੇਸ਼ਾ ਵਾਸਤੇ ਗ਼ਦਰ ਪਾਰਟੀ ਦਾ ਜਨਰਲ
ਸੈਕ੍ਰਟੀ ਰਹੇਗਾ, ਅਤੇ ਇ: ਕ: ਵਿੱਚ ਪਾਸ ਹੋ ਚੁੱਕੇ ਕਿਸੇ ਸਵਾਲ ਨੂੰ ਦੁਬਾਰਾ ਪੇਸ਼ ਕਰ ਸਕੇਗਾ,
ਅਤੇ ਹਾਲਾਤ ਦੇ ਮੁਤਾਬਕ ਉਨਾਂ ਤੋਂ ਸਲਾਹ ਮਸ਼ਵਰਾ ਲਿਆ ਦਿੱਤਾ ਜਾਵੇਗਾ, ਇਹ ਖਾਸ [illegible]
[illegible] ਸਿਰਫ਼ ਮੌਜੂਦਾ ਜਨਰਲ ਸੈਕ੍ਰਟੀ ਨੂੰ ਹੀ ਦਿੱਤੀ ਗਈ ਹੈ,



ਤੀਕ ਨਹੀਂ ਪੁੱਜਣ ਦਿੰਦਾ। ਇਹ ਗੱਲਾਂ ਤਾਂ ਜਾ ਕੇ ਕਿਸਾਨ ਅਤੇ ਮਜ਼ਦੂਰ ਨੂੰ ਹੀ ਦੱਸਣ ਵਾਲੀਆਂ ਹਨ। ਉਹ ਹੀ ਦਿਲ ਖੋਲ੍ਹ ਕੇ ਇਨ੍ਹਾਂ ਨੂੰ ਸੁਣੇਗਾ, ਉਹ ਹੀ ਖ਼ੁਸ਼ੀ ਨਾਲ ਇਨ੍ਹਾਂ ਨੂੰ ਕਬੂਲ ਕਰੇਗਾ। ਉਸ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਉਸ ਦਾ ਦਰਜਾ ਤੀਜਾ ਨਹੀਂ, ਪਹਿਲਾ ਹੈ। ਨਹੀਂ ਜੀ, ਉਸ ਨੂੰ ਸਮਝਾ ਦੇਣਾ ਚਾਹੀਦਾ ਹੈ ਕਿ ਸਭ ਕੁਝ ਉਹ ਹੈ, ਉਸ ਦੇ ਬਿਨਾ ਕੋਈ ਕੁਝ ਭੀ ਨਹੀਂ। ਜਦ ਉਸ ਨੂੰ ਇਹ ਪਤਾ ਲੱਗ ਜਾਵੇਗਾ ਕਿ ਉਹ ਹੀ ਸੰਸਾਰ ਵਿਚ ਸਭ ਤੋਂ ਵੱਡਾ ਆਦਮੀ ਹੈ, ਤਦ ਹੀ ਉਸ ਵਿਚ ਖ਼ੁਦਦਾਰੀ ਦਾ ਭਾਵ ਜਾਗ ਉਠੇਗਾ ਅਤੇ ਉਹ ਫਿਰ ਹੀ ਆਦਮੀ ਬਣ ਸਕੇਗਾ। ਫਿਰ ਉਹ ਇਨ੍ਹਾਂ ਹਰਾਮਖ਼ੋਰ ਸਾਧੂਆਂ ਤੇ ਫ਼ਕੀਰਾਂ, ਵਕੀਲਾਂ ਤੇ ਮਹਾਜਨਾਂ ਅੱਗੇ ਮੱਥਾ ਨਾ ਰਗੜਿਆ ਕਰੇਗਾ। ਹੁਣ ਜ਼ਮਾਨਾ ਆ ਗਿਆ ਹੈ ਕਿ ਅਸੀਂ ਪਿਛਲੀ ਗ਼ੈਰ-ਮੁਨਸਿਫ਼ਾਨਾਂ ਕਾਰਵਾਈ ਦਾ ਕੁਫ਼ਾਰਾ ਕਰੀਏ। ਹੁਣ ਨਵੀਂ ਤਰ੍ਹਾਂ ਦੇ ਖ਼ਿਆਲਾਤ ਲੋਕਾਂ ਦੇ ਦਿਲਾਂ ਵਿਚ ਭਰਨੇ ਚਾਹੀਦੇ ਹਨ।

ਹਿੰਦੂਆਂ ਦੇ ਦਿਮਾਗ ਵਿਚ ਤਾਂ ਰਾਜੇ-ਮਹਾਰਾਜੇ ਬੁਰੀ ਤਰ੍ਹਾਂ ਘੁਸਤੇ ਹੋਏ ਹਨ। ਛੋਟੇ ਜਿਹੇ ਬੱਚੇ ਨੂੰ ਹੀ ਜਦ ਕਹਾਣੀ ਸੁਣਾਈ ਜਾਂਦੀ ਹੈ ਤਾਂ ਉਹ ਇਥੋਂ ਹੀ ਸ਼ੁਰੂ ਹੁੰਦੀ ਹੈ ਕਿ ਇਕ ਸੀ ਰਾਜਾ, ਇਕ ਸੀ ਰਾਣੀ! ਕਿਸ ਤਰ੍ਹਾਂ ਸ਼ੁਰੂ ਵਿਚ ਹੀ ਦਿਮਾਗ ਗੰਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ!!

ਕਿਸਾਨ ਦੇ ਦਿਲ ਉਤੇ ਜੋ ਇਨ੍ਹਾਂ ਪਾਖੰਡੀ ਸਾਧੂਆਂ ਨੇ ਰੋਹਬ ਪਾਇਆ ਹੋਇਆ ਹੈ, ਉਹ ਕਿਸੇ ਕੋਲੋਂ ਘੱਟ ਨੁਕਸਾਨਦੇਹ ਤਾਂ ਨਹੀਂ। ਬੁੱਧ ਧਰਮ ਨੇ ਤਾਂ ਫ਼ਸਲਾਂ ਬੀਜਣ, ਮਕਾਨ ਬਣਾਉਣ ਅਤੇ ਸਫ਼ਾਈ ਕਰਨ ਆਦਿ ਨੂੰ ਵੀ ਦੁਨਿਆਵੀ ਧੰਦੇ ਕਹਿ ਕੇ ਬੁਰਾ-ਭਲਾ ਕਹਿ ਛੱਡਿਆ ਅਤੇ 'ਧਰਮਾਤਮਾ' ਬਣਨ ਵਾਲੇ ਇਨ੍ਹਾਂ ਕੰਮਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗ ਪਏ। ਇਹੋ ਜਿਹੀਆਂ ਨਿਕੰਮੀਆਂ ਗੱਲਾਂ ਨੇ ਹੀ ਤਾਂ ਮਿਹਨਤ ਦੀ ਪਵਿੱਤਰਤਾ ਦਾ ਨਾਸ਼ ਕਰ ਦਿੱਤਾ ਅਤੇ ਅੱਜ ਮਜ਼ਦੂਰ ਅਤੇ ਕਿਸਾਨ ਆਪਣੇ ਪੇਸ਼ੇ ਕੋਲੋਂ ਆਪ ਹੀ ਸ਼ਰਮਿੰਦਾ ਹੋ ਜਾਂਦਾ ਹੈ। ਪਿਛਲੇ ਜ਼ਮਾਨੇ ਦੀ ਕਵਿਤਾ ਅਤੇ ਕਿਤਾਬਾਂ ਵਿਚ ਭੀ ਕਿਸਾਨ ਨੂੰ ਨੀਵਾਂ ਦਰਜਾ ਦਿੱਤਾ ਗਿਆ ਅਤੇ ਮੁਫ਼ਤ ਖੋਰੇ ਪੰਡਤਾਂ ਨੂੰ ਉਨ੍ਹਾਂ ਦੇ ਸਿਰ 'ਤੇ ਬਿਠਾ ਦਿੱਤਾ ਗਿਆ। ਇਸ ਦਾ ਬੁਰਾ ਅਸਰ ਹੋਇਆ।

ਇਹ ਨਿਕੰਮੇ ਸਾਧੂ ਭੀ ਤਾਂ ਫਿਰ ਰਾਜਿਆਂ ਦਵਾਲੇ ਹੀ ਇਕੱਠੇ ਹੋਏ ਰਹਿੰਦੇ ਹਨ। ਕਈ ਮਸ਼ਹੂਰ ਸਾਧੂ ਤਾਂ ਰਾਜਿਆਂ ਪਾਸ ਗਏ (ਹੀ) ਇਸੇ ਕਰਕੇ ਸਨ ਕਿ ਸਮਾਜਿਕ ਸੁਧਾਰ ਕਰਨ ਦੀ ਅਸਲੀ ਥਾਂ ਉਹ ਹੈ। ਦੇਖੋ ਨਾ, ਪਖੰਡ ਕਰਨਾ ਕਿ ਸਾਰੇ ਸੰਸਾਰ ਦਾ ਤਿਆਗ ਕਰ ਦਿੱਤਾ ਹੈ ਤੇ ਫਿਰ ਮਜ਼ਦੂਰ ਦੀ ਝੌਂਪੜੀ ਵੱਲ ਨਾ ਜਾ ਕੇ ਮਹਿਲਾਂ ਵੱਲ ਨੂੰ ਤੁਰ ਪੈਣਾ। ਜਦ ਤਿਆਗੀਆਂ ਦਾ ਇਹ ਹਾਲ ਹੋਵੇ, ਤਦ ਮੁਲਕ ਦੀ ਬਦਨਸੀਬੀ ਹੀ ਸਮਝਣੀ ਚਾਹੀਦੀ ਹੈ।

ਬਾਕੀ ਸੁਧਾਰਕ ਭੀ ਤਾਂ ਵਿਚਕਾਰਲੇ ਦਰਜੇ ਦੇ ਲੋਕਾਂ ਵਿਚ ਹੀ ਪ੍ਰਚਾਰ ਕਰਨ ਦਾ ਯਤਨ ਕਰਦੇ ਹਨ। ਕਿਸੇ ਨੇ ਐਵੇਂ ਤਾਂ ਨਹੀਂ ਸੀ ਕਿਹਾ ਕਿ ਦੌਲਤ ਹਰ ਚੰਗੀ ਚੀਜ਼ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਵਿੱਦਿਆ ਅਤੇ ਇਖ਼ਲਾਕ ਦਾ ਮੌਕਾ ਭੀ ਅਮੀਰਾਂ ਨੂੰ ਹੀ ਮਿਲ ਸਕਦਾ ਹੈ। ਹੋਰ ਤਾਂ ਹੋਰ, ਜਦ ਸਾਧੂ ਸੰਨਿਆਸੀ ਹੀ ਵਕੀਲਾਂ ਤੇ ਸ਼ਾਹੂਕਾਰਾਂ ਵੱਲ ਝੁਕਣ ਲੱਗ ਪਏ, ਤਦ ਗਰੀਬਾਂ ਦਾ ਤਾਂ ਖ਼ੁਦਾ ਹੀ ਰਾਖਾ! (ਫਿਰ) ਉਹ ਤਾਂ ਵਿਚਾਰੇ ਇਵੇਂ ਹੀ ਗੁਲਾਮੀ ਵਿਚ ਫਸੇ ਰਹਿਣਗੇ!!

ਸਾਰੀਆਂ ਨਵੀਆਂ ਤਹਿਰੀਕਾਂ ਵਿਚ ਅਮੀਰਾਂ ਦੀ ਹੀ ਆਵਾਜ਼ ਦਾ ਜ਼ੋਰ ਹੁੰਦਾ ਹੈ। ਕਾਂਗਰਸ ਦੀ ਮੰਗ ਭੀ ਤਾਂ ਇਹੋ ਹੀ ਹੈ ਕਿ ਅਮੀਰਾਂ ਨੂੰ ਰਾਜ ਵਿਚ ਹਿੱਸਾ ਮਿਲੇ। ਸਕੂਲ ਭੀ ਹਜ਼ਾਰਾਂ ਖੁੱਲ੍ਹਦੇ ਹਨ। ਰਾਜੇ-ਮਹਾਰਾਜੇ ਇਨ੍ਹਾਂ ਗ਼ਰੀਬ ਕਿਸਾਨਾਂ ਦੇ ਲਹੂ ਦੀ ਕਮਾਈ ਵਿਚੋਂ ਹਜ਼ਾਰਾਂ ਰੁਪਏ ਇਨ੍ਹਾਂ ਲਈ ਦਾਨ ਕਰ ਦਿੰਦੇ ਹਨ। ਉਥੇ ਭੀ ਅਮੀਰਾਂ ਦੇ ਲੜਕੇ ਹੀ ਪੜ੍ਹ ਸਕਦੇ ਹਨ। ਕਈ ਲੜਕੇ ਬਾਹਰ ਪੜ੍ਹਨ ਵਾਸਤੇ ਘੱਲੇ ਜਾਂਦੇ ਹਨ, ਕੇਵਲ ਇਸ ਵਾਸਤੇ ਕਿ ਅਮੀਰ ਹੋਰ ਧਨ ਕਮਾ ਸਕਣ। ਗ਼ਰੀਬ ਕਿਸਾਨ ਇਨ੍ਹਾਂ ਕੰਮਾਂ ਵਾਸਤੇ ਧਨ ਦਿੰਦੇ ਹਨ ਪਰ ਉਨ੍ਹਾਂ ਨੂੰ ਫ਼ਾਇਦਾ ਕੁਝ ਭੀ ਨਹੀਂ ਹੁੰਦਾ। ਪੰਜਾਬ ਅਤੇ ਮਹਾਰਾਸ਼ਟਰ ਦੇ ਕਈ ਤਿਆਗੀ ਵੀਰਾਂ ਦੇ ਜੀਵਨ, ਵਿੱਦਿਆ ਲਈ ਲੱਗ ਗਏ ਪਰ ਉਨ੍ਹਾਂ ਦੀ ਵਾਗਡੋਰ ਭੀ ਖ਼ੁਦਗਰਜ਼ ਅਮੀਰ ਲੋਕਾਂ ਦੇ ਹੱਥ ਵਿਚ ਹੀ ਰਹੀ। ਕੀ ਫ਼ਾਇਦਾ ਇਹੋ ਜਿਹੀ ਵਿੱਦਿਆ ਦਾ ਜਿਸ ਤੋਂ ਸਿਰਫ਼ ਕਲਰਕ ਅਤੇ ਵਕੀਲ ਹੀ ਪੈਦਾ ਕੀਤੇ ਜਾ ਸਕਣ? ਕੀ ਇਹ ਕਰਦੀ ਹੈ? ਕਿਸਾਨ ਨੂੰ ਇਸ ਸਭ ਤੋਂ ਕੀ ਫ਼ਾਇਦਾ?

ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਆਪਣੇ-ਆਪ (ਨੂੰ) ਬੜੇ ਗਰਮ ਖ਼ਿਆਲੀਏ ਕਹਿਣ ਵਾਲੇ ਲੋਕ ਭੀ ਕਿਸਾਨਾਂ ਵੱਲ ਧਿਆਨ ਨਹੀਂ ਦਿੰਦੇ। ਸ਼ਾਇਦ ਉਹ ਐਸੀ ਕੌਮੀ ਗਵਰਨਮੈਂਟ ਦੇ ਸੁਫ਼ਨੇ ਦੇਖ ਰਹੇ ਹਨ ਜਿਸ ਵਿਚ ਰਾਜਿਆਂ ਦਾ ਜ਼ੋਰ ਹੋਵੇਗਾ, ਜਾਂ ਜੇ ਉਹ ਜ਼ਰਾ ਜ਼ਿਆਦਾ ਪੰਚਾਇਤੀ ਖ਼ਿਆਲ ਦੇ ਹਨ ਤਾਂ ਸੋਚਦੇ ਹੋਣਗੇ ਕਿ ਪ੍ਰਤੀਨਿਧ ਰਾਜ ਹੋਵੇਗਾ ਜਿਸ ਵਿਚ ਵਕੀਲਾਂ ਅਤੇ ਸ਼ਾਹੂਕਾਰਾਂ ਦਾ ਜ਼ੋਰ ਰਹੇਗਾ। ਅਸਲੀ ਹਿੰਦੁਸਤਾਨੀ ਲੋਕੀਂ ਦੂਰ ਝੌਂਪੜੀਆਂ ਵਿਚ ਰਹਿੰਦੇ ਹਨ। ਉਨ੍ਹਾਂ ਵੱਲ ਕੋਈ ਧਿਆਨ ਹੀ ਨਹੀਂ ਦਿੰਦਾ। ਸਾਡੇ ਦਿਮਾਗ ਵੀ ਖ਼ੂਬ ਹਨ। ਅਸੀਂ ਹਿੰਦੁਸਤਾਨ ਦੀ ਹਾਲਤ ਉਤੇ ਨਿਗਾਹ ਮਾਰਦੇ ਹਾਂ ਤਾਂ ਸਾਡਾ ਵਿਚਾਰ ਉਸ ਲਕੀਰ 'ਤੇ ਆ ਕੇ ਰੁਕ ਜਾਂਦਾ ਹੈ ਜਿਹੜੀ ਸੋਹਣੇ ਕੱਪੜਿਆਂ ਵਾਲਿਆਂ ਨੂੰ ਗਰੀਬ ਕਿਸਾਨਾਂ ਕੋਲੋਂ ਵੱਖਰਾ ਕਰਦੀ ਹੈ ਪਰ ਜਿਥੇ ਅਸੀਂ ਰੁਕ ਜਾਂਦੇ ਹਾਂ, ਉਥੋਂ ਅਸਲੀ ਲੋਕੀਂ ਚੱਲਦੇ ਹਨ। ਉਹ, ਅਸੀਂ ਤਾਂ ਝੂਠੇ ਦੇਵਤਿਆਂ ਦੀ ਪੂਜਾ ਕਰਦੇ ਹਾਂ। ਇਹ ਅਮੀਰ ਆਦਮੀ ਤਾਂ ਨਕਲੀ ਸਿੱਕੇ ਹਨ। ਮਾਨਵ ਸਮਾਜ ਦੀ ਵਿਗੜੀ ਹੋਈ ਅਤੇ ਝੂਠੀ ਤਸਵੀਰ ਹਨ। ਆਮ ਲੋਕੀਂ ਇਹ ਨਹੀਂ, ਉਹ ਤਾਂ ਦੂਰ ਖੇਤਾਂ ਵਿਚ, ਕਾਰਖਾਨਿਆਂ ਵਿਚ ਜਿਵੇਂ ਕਿਵੇਂ ਦਿਨ ਕੱਟ ਰਹੇ ਹਨ। ਮੋਤੀ ਤਾਂ ਸਮੁੰਦਰ ਦੀ ਤਹਿ ਵਿਚ ਪਏ ਹੋਏ ਹਨ। ਇਹ ਤਾਂ ਘਾਸ ਫੂਸ ਹੀ ਉਪਰ ਤਰ ਰਹੀ ਹੈ।

ਹਿੰਦੁਸਤਾਨੀ ਮਜ਼ਦੂਰ ਦੀ ਅੱਜ ਬੜੀ ਬੁਰੀ ਹਾਲਤ ਹੈ। ਗ਼ਰੀਬੀ ਦੀ ਹੱਦ ਨਹੀਂ। ਕਿਸਾਨ ਉਤੇ ਟੈਕਸ ਵਧੇਰੇ ਹਨ। ਵਿਚਾਰੇ ਨੂੰ ਪੇਟ ਭਰ ਖਾਣ ਨੂੰ ਭੀ ਨਹੀਂ ਮਿਲਦਾ। ਤਨ ਢਕਣ ਨੂੰ ਕੱਪੜਾ ਤੀਕ ਨਹੀਂ ਮਿਲਦਾ। ਪਲੇਗ ਅਤੇ ਕੈਹਤ ਦਾ ਸਭ ਤੋਂ ਪਹਿਲਾ ਸ਼ਿਕਾਰ ਉਹ ਹੀ ਹੁੰਦਾ ਹੈ। ਰਾਜਾ ਭੀ ਉਸ ਦਾ ਖ਼ੂਨ ਚੂਸਦਾ ਹੈ। ਸਰਕਾਰੀ ਹੁਕਮ ਨੂੰ ਭੀ ਉਹੋ ਹੀ ਖਲੋਂਦਾ ਹੈ। ਜ਼ਿਮੀਦਾਰ ਅਲੱਗ ਉਸ ਨੂੰ ਲੁੱਟ ਲੈ ਜਾਂਦੇ ਹਨ। ਵਕੀਲ, ਸੂਦਖ਼ੋਰ, ਸਾਧੂ ਅਤੇ ਪਾਦਰੀ ਅਲੱਗ ਆਪਣੀ 'ਸੇਵਾ' ਦੇ ਬਦਲੇ ਦੇ ਬਹਾਨੇ ਉਸ ਦਾ ਰਹਿੰਦਾ-ਖੂੰਹਦਾ ਖ਼ੂਨ ਚੂਸ ਜਾਂਦੇ ਹਨ। ਪਿਛੋਂ ਉਸ ਪਾਸ, ਆਪਣੇ ਅਤੇ ਆਪਣੇ ਬੱਚਿਆਂ ਵਾਸਤੇ ਬਾਕੀ ਕੀ ਰਹਿੰਦਾ ਹੈ?

ਤੇ ਜਦ ਉਹ ਆਪਣੇ ਖੇਤ ਦੇ ਕਿਨਾਰੇ 'ਤੇ ਖਲੋਂਦਾ ਹੈ, ਤਦ ਉਸ ਦੇ ਚਿਹਰੇ 'ਤੇ ਹਜ਼ਾਰਾਂ ਵਰ੍ਹਿਆਂ ਦਾ ਗਮ ਅਤੇ ਪਿੱਠ 'ਤੇ ਦੁਨੀਆਂ ਭਰ ਦਾ ਭਾਰ ਤੇ ਰਾਜ ਪਿਆ ਹੁੰਦਾ ਹੈ। ਹਿੰਦੁਸਤਾਨ ਦੀ ਬਦਕਿਸਮਤੀ, ਬਦਹਾਲੀ ਅਤੇ ਬਦਨਸੀਬੀ ਤੇ ਨਿਰਾਸ਼ਾ ਦੀ ਉਹ ਪ੍ਰਤੱਖ ਮੂਰਤੀ ਹੈ। ਉਹ ਆਪਣੇ ਦਰਦ ਵਿਚ ਭੀ ਖ਼ਾਮੋਸ਼ ਖਲੋਤਾ ਹੈ। ਉਸ ਨੂੰ ਅੱਜ ਆਪਣੇ ਦੁਖ ਦਾ ਭੀ ਪੂਰਾ ਅਨੁਭਵ ਨਹੀਂ ਹੁੰਦਾ। ਉਹ ਬਾਹਰਲੀ ਦੁਨੀਆਂ ਵਾਸਤੇ ਮੁਰਦੇ ਸਾਮਾਨ ਹੋ ਚੁੱਕਾ ਹੈ। ਉਸ ਨੂੰ ਤਹਿਜ਼ੀਬ ਅਤੇ ਤਰੱਕੀ ਦਾ ਕੁਝ ਵੀ ਪਤਾ ਨਹੀਂ। ਆਹ! ਅੱਜ ਕਿਹੜਾ ਕਵੀ ਉਸ ਦਾ ਦਰਦ ਭਰਿਆ ਗੀਤ ਲਿਖੇ ਅਤੇ ਕਿਹੜਾ ਗਵੱਈਆ ਉਸ ਨੂੰ ਦਰਦ ਭਰੀ ਆਵਾਜ਼ ਨਾਲ ਗਾ ਦੇਵੇ ਅਤੇ ਇਸ ਸ਼ਾਂਤੀ ਸੰਸਾਰ ਦੀ ਸ਼ਾਂਤੀ ਭੰਗ ਕਰਕੇ ਉਸ ਦਾ ਦਰਦ ਫ਼ੈਲਾ ਦੇਵੇ?

ਉਹ ਮਰਸੀਆ ਕਿੰਨਾ ਦਰਦਨਾਕ ਹੋਵੇਗਾ, ਕਿਸੇ ਨੇ ਕਿਥੇ ਓਡਾ ਦਰਦਨਾਕ ਗੀਤ ਸੁਣਿਆ ਹੋਵੇਗਾ? ਯਤੀਮ ਅਤੇ ਵਿਧਵਾ ਦੀ ਚੀਕ-ਪੁਕਾਰ ਭੀ ਉਸ ਦੀ ਆਵਾਜ਼ ਵਿਚ ਬੱਚੇ ਦੀਆਂ ਸਿਸਕੀਆਂ ਵਾਂਗੂੰ ਲੋਪ ਹੋ ਜਾਵੇਗੀ। ਇਕ ਵਾਰ ਕਿਸਾਨ ਬੋਲੇ ਤਾਂ ਸਹੀ! ਆਪਣੇ ਦਰਦ ਦੀ ਕਹਾਣੀ ਸੁਣਾਵੇ ਤਾਂ ਸਹੀ!! ਫਿਰ ਦੇਖੋ, ਅੱਜ ਕੱਲ੍ਹ ਦੇ ਕਵੀ ਤੇ ਤੁਕਵੰਦ ਕਿਸ ਤਰ੍ਹਾਂ ਮੂੰਹ ਲੁਕਾਈ ਫਿਰਦੇ ਹਨ? ਹਿੰਦੁਸਤਾਨ ਦੀ ਬੜੀ ਕਵਿਤਾ ਤਾਂ ਹਾਲੇ ਲਿਖਣੀ ਬਾਕੀ ਹੈ। ਸ਼ਹਿਰ ਦੇ ਹੁਨਰਮੰਦ ਅਤੇ ਗ਼ੈਰ-ਹੁਨਰਮੰਦ, ਮਜ਼ਦੂਰ ਅਤੇ ਪਿੰਡਾਂ ਦੇ ਕਿਸਾਨ ਅਤਿ ਗਰੀਬੀ ਵਿਚ ਦਿਨ ਕੱਟ ਰਹੇ ਹਨ। ਉਹ ਸੰਗਠਿਤ ਨਹੀਂ। ਉਨ੍ਹਾਂ ਨੂੰ ਸੰਗਠਿਤ ਕਰੋ। ਉਨ੍ਹਾਂ ਵਿਚ ਖ਼ੁਦਦਾਰੀ ਪੈਦਾ ਕਰੋ। ਉਨ੍ਹਾਂ ਵਿਚ ਆਪਣੀ ਹਸਤੀ ਨੂੰ ਸਮਝਣ ਦੀ ਸ਼ਕਤੀ ਪੈਦਾ ਕਰੋ।

ਇਹ ਕੰਮ ਚੋਣਵੀਆਂ ਪੜ੍ਹੀਆਂ-ਲਿਖੀਆਂ ਹਸਤੀਆਂ ਹੀ ਕਰਿਆ ਕਰਦੀਆਂ ਹਨ। ਇਸ ਗੱਲ ਵਾਸਤੇ ਮਾਨਵ ਸਮਾਜ ਹਮੇਸ਼ਾ ਫ਼ਖ਼ਰ ਕਰ ਸਕੇਗਾ ਕਿ ਹੁਣ ਤੀਕ ਜਿਤਨੇ ਭੀ ਗਰੀਬਾਂ ਦੇ ਹਮਦਰਦ ਪੈਦਾ ਹੋਏ, ਜਿਨ੍ਹਾਂ ਨੇ ਭੀ ਉਨ੍ਹਾਂ ਵਾਸਤੇ ਆਵਾਜ਼ ਉਠਾਈ, ਉਹ ਇਨ੍ਹਾਂ ਅਮੀਰਾਂ ਵਿਚੋਂ ਹੀ ਸਨ।

*(ਅਗਲੇ ਸਫੇ 'ਤੇ ਜਾਰੀ)*

ਪਾਕਿਸਤਾਨੀ ਉਰਦੂ ਕਹਾਣੀ

# ਗਮ ਸੇ ਨਜਾਤ ਪਾਏਂ ਕਿਊਂ

***ਸ਼ਮੀਮ ਹੈਦਰ ਦੀ ਇਹ ਕਹਾਣੀ ਜਿੰਨੀ ਸਾਧਾਰਨ ਜਾਪਦੀ ਹੈ, ਇਸ ਦੀਆਂ ਗੁੰਝਲਾਂ ਉਨੀਆਂ ਹੀ ਜ਼ਿਆਦਾ ਅਤੇ ਬਾਰੀਕ ਹਨ। ਇਸ ਵਿਚ ਤਣਾਅ ਦਾ ਭਾਂਡਾ ਵਾਰ ਵਾਰ ਉਛਲਦਾ ਹੈ। ਕਹਾਣੀ ਵਿਚ ਮਨੁੱਖੀ ਸੁਭਾਅ ਦੀਆਂ ਪਰਤਾਂ ਹੌਲੀ ਹੌਲੀ ਖੁੱਲ੍ਹਦੀਆਂ ਜਾਂਦੀਆਂ ਹਨ। ਕਹਾਣੀ ਵਿਚ ਵਿਛੀਆਂ ਕਈ ਲੜੀਆਂ ਆਖਰਕਾਰ ਜਦੋਂ ਇਕ ਥਾਂ ਸਿਮਟਦੀਆਂ ਹਨ ਤਾਂ ਦਰਦ ਰਿਸਣਾ ਸ਼ੁਰੂ ਹੋ ਜਾਂਦਾ ਹੈ। ਇਹ ਬੇਆਵਾਜ਼ ਦਰਦ ਬਹੁਤ ਅਛੋਪਲੇ ਜਿਹੇ ਤੁਹਾਡੀ ਘਨੇੜੀ ਚੜ੍ਹ ਕੇ ਤੁਹਾਨੂੰ ਅਤੇ ਤੁਹਾਡੀ ਸੋਚ ਨੂੰ ਆਪਣੇ ਹਿਸਾਬ ਨਾਲ ਹੱਕਣਾ ਅਰੰਭ ਕਰ ਦਿੰਦਾ ਹੈ। ਕਹਾਣੀ ਦੀ ਮੁੱਖ ਪਾਤਰ ਨਾਲ ਹਮਦਰਦੀ ਇਸ ਅਮਲ ਵਿਚੋਂ ਹੀ ਪੈਦਾ ਹੁੰਦੀ ਹੈ। -ਸੰਪਾਦਕ***

ਸਰ, ਕੱਲ੍ਹ ਪਹਿਲੇ ਦਿਨ ਕਲਾਸ ਵਿਚ ਤੁਹਾਥੋਂ ਬਿਨਾਂ ਸਾਰੇ ਪ੍ਰੋਫ਼ੈਸਰਾਂ ਨੇ ਇੰਟਰੋਡਕਸ਼ਨ ਕਰਨ ਲਈ ਕਿਹਾ ਸੀ ਪਰ ਤੁਸੀਂ ਆਉਂਦਿਆਂ ਹੀ ਉਰਦੂ ਗ਼ਜ਼ਲ ਦੇ ਇਤਿਹਾਸ ਉਪਰ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ। ਮੰਨਿਆ ਕਿ ਲੋਕ ਤੁਹਾਡੇ ਅਥਾਹ ਗਿਆਨ ਤੇ ਪੜ੍ਹਾਉਣ ਢੰਗ ਦੀ ਕਦਰ ਕਰਦੇ ਨੇ ਪਰ ਦਸ ਸਾਲ ਵਿਚ ਆਪਣੇ ਵਿਸ਼ੇ ਵਿਚ ਮੁਹਾਰਤ ਹਾਸਲ ਕਰ ਲੈਣੀ ਕੋਈ ਬਹੁਤੀ ਵੱਡੀ ਗੱਲ ਨਹੀਂ। ਮੇਰੀ ਦਾਦੀ ਦਾ ਤੋਤਾ ਬੜਾ ਹੀ ਸਾਫ ਬੋਲਦਾ ਸੀ।...ਤੇ ਉਸ ਨੇ ਬਹੁਤ ਸਾਰੇ ਸ਼ਬਦ ਦੋ ਸਾਲਾਂ ਵਿਚ ਹੀ ਸਿੱਖ ਲਏ ਸਨ। ਉਂਜ ਕਲਾਸ ਦਾ ਵਾਤਾਵਰਨ ਰਤਾ ਅਸੁਖਾਵਾਂ ਤੇ ਓਪਰਾ ਰਿਹਾ ਸੀ। ਜੇ ਸਾਡੇ ਵਿਚਕਾਰ ਇਹੋ ਓਪਰਾਪਨ ਰਿਹਾ ਤਾਂ

**ਸ਼ਮੀਮ ਹੈਦਰ**
**ਅਨੁਵਾਦ:ਮਹਿੰਦਰ ਬੇਦੀ, ਜੈਤੋ**

ਮੇਰਾ ਖ਼ਿਆਲ ਏ, ਅਸੀਂ ਕੁਝ ਵੀ ਹਾਸਲ ਨਹੀਂ ਕਰ ਸਕਾਂਗੇ। ਸਿੱਖਿਆ ਪਿਆਰ ਤੇ ਭਰੱਪਣ ਦਾ ਦੂਸਰਾ ਨਾਂ ਏਂ...। ਤੁਹਾਡਾ ਕੀ ਖ਼ਿਆਲ ਹੈ ਸਰ?

ਪ੍ਰੋਫ਼ੈਸਰ ਨਦੀਮ ਫਾਰੂਕੀ ਨੇ ਅੱਜ ਦੀ ਡਾਕ ਦਾ ਤੀਸਰਾ ਖ਼ਤ ਪੜ੍ਹਿਆ ਤੇ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਬਿੰਦ ਦਾ ਬਿੰਦ ਸੋਚਿਆ, "ਅਜਿਹੀਆਂ ਕੋਝੀਆਂ ਹਰਕਤਾਂ ਆਮ ਕੁੜੀਆਂ ਚੰਗੇ ਨੰਬਰਾਂ ਖਾਤਰ ਜਾਂ ਆਪਣਾ ਸਿੱਕਾ ਜਮਾਉਣ ਲਈ ਕਰਦੀਆਂ ਨੇ।" ਪਿਛਲੇ ਦਸ ਸਾਲ ਵਿਚ ਇੰਜ ਕਈ ਵਾਰ ਹੋਇਆ ਸੀ। ਉਨ੍ਹਾਂ ਅੱਖਾਂ ਬੰਦ ਕਰ ਲਈਆਂ ਤੇ ਅਗਲੀ ਕਲਾਸ ਦੇ ਲੈਕਚਰ ਬਾਰੇ ਸੋਚਣ ਲੱਗ ਪਏ।

ਸਰ, ਪਹਿਲਾਂ ਤਾਂ ਧੰਨਵਾਦ...ਤੁਸਾਂ ਮੇਰੇ ਖ਼ਤ ਉਪਰ ਧਿਆਨ ਤਾਂ ਦਿੱਤਾ। ਭਾਵੇਂ ਦੋ ਚਾਰ ਵਾਕ ਹੀ ਬੋਲੇ ਸਨ, "ਮੈਨੂੰ ਇੰਟਰੋਡਕਸ਼ਨ ਵਿਚ ਵਿਸ਼ਵਾਸ ਨਹੀਂ। ਅਸਲ ਵਿਚ ਵਿਦਿਆਰਥੀ, ਇਕ ਸਾਲ ਵਿਚ ਹੀ ਆਪਣੀਆਂ ਖੂਬੀਆਂ, ਬੇਵਕੂਫੀਆਂ ਜਾਂ ਸ਼ਰਾਰਤਾਂ ਸਦਕਾ, ਮੇਰੇ ਸਾਹਮਣੇ ਇੰਨਾ ਖੁੱਲ੍ਹ ਜਾਂਦਾ ਹੈ ਕਿ ਕਈ ਵਾਰੀ ਮੈਨੂੰ ਉਸ ਦੇ ਨਾਂ ਤੋਂ ਬਿਨਾਂ, ਹੋਰ ਵੀ ਕਈ ਕੁਝ ਦੱਸਣਾ ਪੈਂਦਾ ਏ ਉਹਨੂੰ। ਨਾਲੇ ਕਿਸੇ ਦਾ ਨਾਂ ਪਤਾ ਲੱਗ ਜਾਣ ਨਾਲ ਤਾਂ ਜਾਣ-ਪਛਾਣ ਨਹੀਂ ਹੋ ਜਾਂਦੀ...। ਚੱਲੋ ਮੰਨ ਲਿਆ। ਹੁਣ ਮੈਨੂੰ ਤੁਸੀਂ ਕਿਸ ਖਾਨੇ ਵਿਚ ਰੱਖੋਗੇ? ਪਰ ਤੁਹਾਨੂੰ ਇਹ ਜਾਣਨ ਲਈ ਵੀ ਤਾਂ ਇਕ ਸਾਲ ਚਾਹੀਦਾ ਹੋਵੇਗਾ। ਮੈਂ ਕਈ ਅਜਿਹੇ ਬੰਦਿਆਂ ਬਾਰੇ ਸੁਣਿਆਂ ਏ ਜਿਹੜੇ ਚਿਹਰਾ ਦੇਖ ਕੇ ਅੰਤਰ-ਮਨ ਦੀਆਂ ਬੁੱਝ ਲੈਂਦੇ ਨੇ। ਚਿਹਰੇ ਪੜ੍ਹਨਾ ਵੀ ਇਕ ਇਲਮ ਹੈ ਨਾ ਸਰ? ਤੁਹਾਡਾ ਕੀ ਵਿਚਾਰ ਏ ਸਰ?"

ਪ੍ਰੋਫ਼ੈਸਰ ਨੇ ਇਸ ਖ਼ਤ ਦੇ ਕੁਝ ਵਧੇਰੇ ਹੀ ਟੁਕੜੇ ਕਰ ਦਿੱਤੇ ਸਨ। ਉਨ੍ਹਾਂ ਚਪੜਾਸੀ ਨੂੰ ਚਾਹ ਲਿਆਉਣ ਦਾ ਹੁਕਮ ਦਿੱਤਾ ਤੇ ਕੋਈ ਕਿਤਾਬ ਪੜ੍ਹਨ ਲੱਗ ਪਏ।

ਇਸ ਵਾਰੀ ਉਨ੍ਹਾਂ ਖ਼ਤ ਦੀ ਲਿਖਾਵਟ ਪਛਾਣ ਕੇ ਹੀ ਪਾੜ ਦਿੱਤਾ ਸੀ।

"ਸਰ, ਮੈਂ ਮਹਿਸੂਸ ਕੀਤਾ ਹੈ ਕਿ ਜਦੋਂ ਤੁਸੀਂ ਰਤਾ ਜਜ਼ਬਾਤੀ ਹੋ ਕੇ ਬੋਲਦੇ ਹੋ ਤਾਂ ਲੈਕਚਰ ਵਿਚ ਕੁਝ ਵਧੇਰੇ ਹੀ ਨਿਖਾਰ ਆ ਜਾਂਦਾ ਹੈ। ਉਂਜ ਆਪਣੇ ਵਿਸ਼ੇ 'ਤੇ ਤੁਸੀਂ ਰਤਾ ਰੁਕ ਰੁਕ ਕੇ, ਬੜੇ ਠਰ੍ਹਮੇ ਨਾਲ ਬੋਲਦੇ ਹੋ। ਮਨੁੱਖ ਦੇ ਸੁਭਾਅ ਅਤੇ ਸਦਾਚਾਰ ਉਪਰ ਤੁਹਾਡਾ ਛੋਟਾ ਜਿਹਾ ਭਾਸ਼ਨ, ਸਫਲਤਾ ਦੀ ਟੀਸੀ ਤੋਂ ਵੀ ਰਤਾ ਸਿਰ ਕੱਢਵਾਂ ਹੀ ਸੀ। ਤੁਹਾਡੀ ਗਲਤਫਹਿਮੀ ਦੂਰ ਕਰ ਦੇਵਾਂ ਕਿ ਮੈਨੂੰ ਮਾਰਕਸ ਪੜ੍ਹਨ ਲਈ ਤੁਹਾਡੀ ਮਿਹਰ-ਦ੍ਰਿਸ਼ਟੀ ਦੀ ਕੋਈ ਲੋੜ ਨਹੀਂ ਤੇ ਨਾ ਹੀ ਇਹ ਕੋਈ ਇਸ਼ਕ-ਮਾਸ਼ੂਕੀ ਦਾ ਚੱਕਰ ਹੈ। ਉਂਜ ਹਉਮੈ ਦੇ ਕਿਲੇ ਦਾ ਬੁਜ਼ਦਿਲ ਕੈਦੀ, ਕਦੀ ਦਲੇਰ ਜਾਂ ਸਨੇਹੀ ਨਹੀਂ ਹੋ ਸਕਦਾ ਪਰ ਮੈਨੂੰ ਤਾਂ ਕਿਵੇਂ ਨਾ ਕਿਵੇਂ, ਤੁਹਾਨੂੰ ਇਕ ਸਾਲ ਤਕ ਬਰਦਾਸ਼ਤ ਕਰਨਾ ਹੀ ਪਏਗਾ।"

"ਉਪਰ ਉਹੀ ਕੁਝ ਲਿਖ ਰਹੀ ਹਾਂ ਜਿਹੜਾ ਸ਼ਾਇਦ ਤੁਸੀਂ ਬਗ਼ੈਰ ਪੜ੍ਹੇ ਹੀ ਪਾੜ ਕੇ ਸੁੱਟ ਦਿੱਤਾ ਸੀ। ਅਸਲ ਵਿਚ ਮੇਰੇ ਪਹਿਲੇ ਖ਼ਤ ਜਾਂ ਉਸ ਦੀ ਆਖ਼ਰੀ ਟੋਕ ਦਾ ਕੋਈ ਪ੍ਰਤੀਕਰਮ, ਕੱਲ੍ਹ ਤੁਹਾਡੇ ਚਿਹਰੇ ਉਤੇ ਨਹੀਂ ਸੀ ਦਿਸਿਆ। ਸੋ, ਮੈਂ ਸਮਝ ਗਈ ਕਿ ਤੁਸੀਂ ਲਿਖਤ ਪਛਾਣ ਕੇ ਹੀ ਖ਼ਤ ਪਾੜ ਦਿੱਤਾ ਹੋਵੇਗਾ। ਮੇਰੇ ਵਿਚਾਰ ਵਿਚ ਇਹੀ ਤੁਹਾਡੀ ਸਭ ਤੋਂ ਵੱਡੀ ਕਮਜ਼ੋਰੀ ਹੈ ਕਿ ਤੁਸੀਂ ਥੋੜ੍ਹਾ ਜਿਹਾ ਵੀ ਮਾਨਸਿਕ ਦਬਾਅ ਨਹੀਂ ਝੱਲ ਸਕਦੇ। ਇਸ ਲਈ ਮੈਂ ਲਿਖਾਵਟ ਬਦਲ ਕੇ ਲਿਖ ਰਹੀ ਹਾਂ। ਸਰ, ਮੈਨੂੰ ਲਿਖਾਵਟ ਬਦਲ ਕੇ ਲਿਖਣ ਦਾ ਬੜਾ ਹੀ ਤਜਰਬਾ ਹੈ। ਆਪਣੇ ਇਸ ਸ਼ੌਕ ਦੀ ਪੂਰਤੀ ਲਈ ਮੈਂ ਪੂਰੇ ਪੰਜ ਸਾਲ ਮਿਹਨਤ ਕੀਤੀ ਹੈ...ਹੁਣ ਤੁਸੀਂ ਆਪਣੇ ਸਾਰੇ ਖ਼ਤ ਪਾੜ ਕੇ ਸੁੱਟ ਦਿਆ ਕਰੋਗੇ ਜਾਂ ਫਿਰ ਇਹ ਖ਼ਤ ਵੀ ਤੁਹਾਨੂੰ ਪੜ੍ਹਨੇ ਹੀ ਪੈਣਗੇ। ਕਿਉਂ?

ਬੜਾ ਮਜ਼ਾ ਆ ਰਿਹਾ ਸੀ ਜਦੋਂ ਤੁਸੀਂ ਹਉਮੈ, ਕਿਲਾ, ਬੁਜ਼ਦਿਲ, ਦਲੇਰ, ਸਨੇਹੀ ਆਦਿ ਸ਼ਬਦਾਂ ਦਾ ਇਤਿਹਾਸਕ ਪਿਛੋਕੜ ਬਿਆਨ ਕਰ ਰਹੇ ਸੀ ਕਿ ਕਿਹੜਾ ਸ਼ਬਦ ਕਿੰਨਾ ਹਾਲਾਤ ਵਿਚ ਬਣਦਾ-ਵਿਗੜਦਾ ਜਾਂ ਟੁੱਟਦਾ-ਭੱਜਦਾ ਹੋਇਆ, ਉਰਦੂ ਭਾਸ਼ਾ ਵਿਚ ਆਇਆ ਏ ਤੇ ਵਾਕ ਵਿਚ ਕਿੰਜ ਵਰਤਿਆ ਜਾਏ ਤਾਂ ਫੱਬਦਾ ਏ! ਮੈਨੂੰ ਤੁਹਾਡੀ ਠੋਸ ਤੇ ਜਜ਼ਬਾਤੀ ਜਾਣਕਾਰੀ ਦਾ ਬੜਾ ਹੀ ਲਾਭ ਹੋਇਆ ਹੈ...ਪਰ ਸਾਰੀ ਕਲਾਸ ਤੁਹਾਨੂੰ ਸ਼ਬਦ-ਜਾਲ ਵਿਚ ਉਲਝਿਆ ਦੇਖ ਕੇ ਹੈਰਾਨ ਸੀ।...ਤੇ ਸ਼੍ਰੀਮਾਨ ਜੀਓ, ਮੈਨੂੰ ਸਮਝ ਨਹੀਂ ਆ ਰਿਹਾ ਕਿ ਤੁਹਾਨੂੰ ਕਿੰਜ ਵਿਸ਼ਵਾਸ ਦਿਵਾਇਆ ਜਾਏ ਕਿ ਇਹ ਖ਼ਤ ਕਿਸੇ ਮੰਜ਼ਿਲ ਤਕ ਪਹੁੰਚਣ ਲਈ ਡੰਗੋਰੀਆਂ ਵਰਗਾ ਸਹਾਰਾ ਨਹੀਂ। ਨਾਲੇ ਤੁਹਾਨੂੰ ਤਾਂ ਆਪਣੇ ਆਪ ਉਤੇ ਪੂਰਾ ਯਕੀਨ ਹੈ ਕਿ ਤੁਸੀਂ ਕੋਈ ਅਜਿਹੀ ਮੰਜ਼ਿਲ ਨਹੀਂ, ਜਿੱਥੇ ਨਿੱਜੀ ਚੱਸ ਜਾਂ ਲਾਲਚ ਦੀ ਹਵਾ ਵੀ ਪੁੱਜ ਸਕੇ! ਫਿਰ ਤੁਸੀਂ ਸੰਤੁਸ਼ਟ ਕਿਉਂ ਨਹੀਂ? ਇਹ ਭੜਕਾਹਟ ਕਿਉਂ? ਅਸਲ ਵਿਚ ਇਹੀ ਤੁਹਾਡੀ ਮਜਬੂਰੀ ਹੈ ਕਿ ਤੁਸੀਂ ਮਾਨਸਿਕ ਹਮਲੇ ਦਾ ਮੋੜਵਾਂ ਜਵਾਬ ਦਿੱਤੇ ਬਗ਼ੈਰ ਸ਼ਾਂਤ ਨਹੀਂ ਹੋ ਸਕਦੇ। ਇਕ ਗੱਲ ਤੁਹਾਡੀ ਜਾਣਕਾਰੀ ਲਈ ਅਰਜ਼ ਕਰਾਂ...ਮੈਂ ਤੁਹਾਡੇ ਦਸ-ਸਾਲਾ ਆਧਿਅਪਕ-ਜੀਵਨ ਦੇ ਅਸੂਲਾਂ ਤੋਂ ਪੂਰੀ ਤਰ੍ਹਾਂ ਜਾਣੂ ਹਾਂ। ਮੈਂ ਇਹ ਵੀ ਜਾਣਦੀ ਹਾਂ ਕਿ ਤੁਹਾਡੇ ਬੂਹੇ ਉਤੇ ਲੋੜਵੰਦ ਲੋਕਾਂ ਦੇ ਨੰਬਰ ਕਦੀ ਵਧਾਏ ਨਹੀਂ ਗਏ, ਕੱਟੇ ਹੀ ਗਏ ਨੇ। ਹੁਣ ਤੁਸੀਂ ਆਪ ਹੀ ਸੋਚੋ, ਭਲਾ ਕਿਹੜਾ ਮੂਰਖ, ਮੰਦਭਾਗਾ ਹੋਏਗਾ ਜਿਹੜਾ ਤੁਹਾਨੂੰ ਕਹਿਣ ਆਏਗਾ, 'ਜਾਂਦੀਏ ਬਲਾਏ...', ਪਰ ਫਿਰ ਵੀ ਸਰ...ਜੇ ਕਦੀ ਇਹ ਹੱਥ ਆਪਣੇ ਸੁਆਰਥ ਲਈ ਤੁਹਾਡੇ ਮੂਹਰੇ ਅੱਡਿਆ ਜਾਏ ਤਾਂ ਕੱਟ ਕੇ ਆਪਣੇ ਅਸੂਲਾਂ ਦੇ ਅਜਾਇਬ ਘਰ ਵਿਚ ਸਜਾ ਲੈਣਾ ਤਾਂਕਿ ਕਹਿ ਸਕੋ ਕਿ ਗਿਆਰ੍ਹਵੇਂ ਸਾਲ, ਤੁਸੀਂ ਨੰਬਰ ਨਹੀਂ, ਹੱਥ ਹੀ ਕੱਟ ਲਿਆ ਸੀ...। ਗਿਆਨ-ਵਿਖਿਆਨ ਦੇ ਖੇਤਰ ਦੇ ਬੇਤਾਜ ਬਾਦਸ਼ਾਹ! ਤੁਸੀਂ ਆਪਣੇ ਜੀਵਨ ਦੇ ਪੰਤਾਲੀ ਪਤਝੜ ਦੇਖ ਚੁੱਕੇ ਹੋ। ਆਪਣੇ ਇੰਨੇ ਲੰਮੇ ਤਜਰਬੇ ਤੋਂ ਤੁਸੀਂ ਮੇਰੇ ਇਸ ਖ਼ਤ ਜਾਂ ਅੱਗੇ ਤੋਂ ਲਿਖੇ ਕਿਸੇ ਵੀ ਖ਼ਤ ਦੀ ਲਿਖਾਵਟ ਦਾ ਕੋਈ ਆਪਸੀ ਮੇਲ ਬਿਠਾ ਸਕੋ ਤਾਂ ਮੰਨ ਜਾਵਾਂ। ਤੁਸੀਂ ਇੰਜ ਕਰ ਹੀ ਨਹੀਂ ਸਕਦੇ। ਮੈਨੂੰ ਤੁਹਾਡੀ ਇਕ ਹੋਰ ਆਦਤ ਦਾ ਵੀ ਪਤਾ ਹੈ...ਜੇ ਤੁਸੀਂ ਖ਼ਤ ਖੋਲ੍ਹ ਲਵੋ ਤਾਂ ਪੜ੍ਹਦੇ ਜ਼ਰੂਰ ਹੋ।

ਤੁਸੀਂ ਠੀਕ ਹੀ ਸਮਝਿਆ ਹੈ...ਜ਼ਿੰਦਗੀ ਦੇ ਪੰਤਾਲੀ 'ਪਤਝੜ' ਮੈਂ ਵਿਅੰਗ ਵਜੋਂ ਹੀ ਲਿਖਿਆ ਸੀ। ਉਂਜ ਐਮ.ਏ. ਭਾਗ ਪਹਿਲਾ ਦੀ ਇਹ ਵਿਦਿਆਰਥਣ ਇੰਨਾ ਤਾਂ ਜਾਣਦੀ ਹੀ ਹੈ ਕਿ ਮੁਹਾਵਰਾ 'ਬਹਾਰ' ਦਾ ਹੁੰਦਾ ਹੈ ਪਰ ਤੁਹਾਡਾ ਇਹ ਆਖਣਾ...'ਵਿਅੰਗ ਦਾ ਇਹ ਘਟੀਆ ਤਰੀਕਾ ਚੰਦ ਉਤੇ ਥੁੱਕਣ ਵਾਲੀ ਗੱਲ ਹੈ', ਬਿਲਕੁਲ ਫੱਬਿਆ ਨਹੀਂ...ਇੰਜ ਲੱਗਾ ਜਿਵੇਂ ਇਹ ਮੁਹਾਵਰਾ ਕਿਸੇ ਸਹੇਲੀ ਜਾਂ ਸਾਥੀ ਵਿਦਿਆਰਥੀ ਨੇ ਵਰਤਿਆ ਹੋਵੇ। ਸਰ, ਪ੍ਰੋਫ਼ੈਸਰ ਅਤੇ ਸਟੂਡੈਂਟ ਵਿਚ ਮਾੜਾ-ਮੋਟਾ ਫਰਕ ਤਾਂ ਹੋਣਾ ਚਾਹੀਦਾ ਏ। ਜਿਸ ਬੰਦੇ ਨੇ ਪੱਚੀ ਸਾਲ ਬਹਾਰ ਦਾ ਮੂੰਹ ਨਾ ਦੇਖਿਆ ਹੋਵੇ ਤੇ ਉਹੀ ਹੋਰਾਂ ਨੂੰ ਬਹਾਰਾਂ ਬਾਰੇ ਸਮਝਾਉਣ ਲੱਗ ਪਏ ਤਾਂ ਸਰੋਤਿਆਂ ਦਾ ਕੀ ਹਾਲ ਹੋਏਗਾ ਭਲਾ? 'ਬਹਾਰ' ਦੇ ਸ਼ਬਦੀ ਅਰਥ ਭਾਵੇਂ ਕੁਝ ਵੀ ਹੋਣ ਪਰ ਮੇਰੀ ਨਜ਼ਰ ਵਿਚ ਹਰਿਆਲੀ ਤੇ ਵੇਲ-ਬੂਟੇ, ਮੀਂਹ ਤੇ ਧਰਤੀ, ਹਵਾ ਤੇ ਸਰਸਰਾਹਟ ਹੀ ਹੈ। ਕਿਸੇ ਤਪਦੇ ਰੇਗਿਸਤਾਨ ਵਿਚ ਜੇ ਕੋਈ ਬੂਟਾ ਆਪਣੇ ਆਪ ਨੂੰ ਕਚਨਾਰ ਸਮਝ ਬੈਠੇ ਤਾਂ ਕੀ ਫਾਇਦਾ?"

ਪ੍ਰੋਫ਼ੈਸਰ ਨੇ ਖ਼ਤ ਪੜ੍ਹ ਕੇ ਸਿਰ ਉਤੇ ਹੱਥ ਫੇਰਦਿਆਂ ਸੋਚਿਆ, "ਇਹ ਕੁੜੀ, ਕੌਣ ਹੋ ਸਕਦੀ ਏ?" ਉਨ੍ਹਾਂ ਦੇ ਤਜਰਬੇ ਨੇ ਇਕ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਲਿਖਾਵਟ ਭਾਵੇਂ ਬਦਲੀ ਹੋਈ ਹੈ ਪਰ ਹੈ ਕਿਸੇ ਕੁੜੀ ਦੀ ਹੀ। ਉਹ ਕੌਣ ਹੋ ਸਕਦੀ ਹੈ? ਸੁਸ਼ਮਾ! ਬੜੀ ਬੇਸ਼ਰਮ ਏ। ਮੇਰੇ ਵੱਲ ਘੂਰ ਘੂਰ ਕੇ ਵਿਹੰਦੀ ਰਹਿੰਦੀ ਏ। ਨਕਹਤ! ਉਸ ਬਾਰੇ ਤਾਂ ਸੁਣਨ ਵਿਚ ਆਉਂਦਾ ਏ ਕਿ ਉਹ ਕਲੀਮ ਨਾਲ...। ਮਹੇਸ਼! ਉਹ ਘੁੰਨੀ ਜਿਹੀ ਰਬੜ ਦੀ ਗੁੱਡੀ ਵਰਗੀ ਸੰਗਊ ਕੁੜੀ ਤਾਂ ਸ਼ੋਅ ਕੇਸ ਵਿਚ ਸਜਾ ਕੇ ਰੱਖਣ ਵਾਲੀ ਏ। ਨਹੀਂ, ਉਹ ਨਹੀਂ ਹੋ ਸਕਦੀ। ਫਰੀਦਾ! ਹਾਂ, ਇਹ ਰਤਾ ਚਲਾਕ ਏ। ਵਾਰੀ ਵਾਰੀ ਉਲਟੇ-ਪੁਲਟੇ ਸਵਾਲ ਪੁੱਛਦੀ ਰਹਿੰਦੀ ਏ। ਅਚਾਨਕ ਕਦੀ ਨਜ਼ਰ ਮਿਲ ਜਾਏ ਤਾਂ ਮੁਸਕਰਾਉਣ ਲੱਗ ਪੈਂਦੀ ਏ। ਨਾਜੀ...ਨਸ਼ਾਤ...ਆਂਚਲ...ਸੁਬਾ...ਸਫ਼ੀਆ...ਕਿਹੜੀ ਹੋਈ? ਛੱਡੋ ਜੀ, ਮੈਂ ਵੀ ਕਿੱਧਰ ਉਲਝ ਗਿਆਂ। ਧਿਆਨ ਹੀ ਨਾ ਦਿਆਂ। ਆਪੇ ਸਮੁੰਦਰ ਦੀ ਝੱਗ ਵਾਂਗ ਬੈਠ ਜਾਏਗੀ ਪਰ...ਹੋਈ ਕਿਹੜੀ?

"ਸਰ, ਕੱਲ੍ਹ ਕਲਾਸ ਵਿਚ ਤੁਹਾਡੀਆਂ ਨਜ਼ਰਾਂ ਕਿਸੇ ਨੂੰ ਲੱਭ ਰਹੀਆਂ ਸਨ...ਸ਼ਾਇਦ ਖ਼ਤ ਲਿਖਣ ਵਾਲੀ ਨੂੰ ਪਰ ਮੈਂ ਸੰਤੁਸ਼ਟ ਹਾਂ ਕਿਉਂਕਿ 'ਜੋਤਿਸ਼' ਤੁਹਾਡਾ ਵਿਸ਼ਾ ਨਹੀਂ। ਇਹ ਤਾਂ ਅਹਿਸਾਸ ਤੇ ਅਨੁਭਵ ਦੀਆਂ ਬਾਤਾਂ ਨੇ, ਤੇ ਜਿਹੜਾ ਬੰਦਾ ਇਸ ਪੱਖੋਂ ਕੋਰਾ ਹੋਵੇ...ਖ਼ੈਰ ਸਰ, ਇਹ ਤਾਂ ਦੱਸੋ ਕਿ ਜਿਸ ਨੇ ਆਪਣੇ ਚੌਹੀਂ ਪਾਸੀਂ ਇਕੱਲ ਰੂਪੀ ਲਛਮਣ ਰੇਖਾ ਖਿੱਚੀ ਹੋਈ ਹੋਵੇ, ਉਹ ਕਿਵੇਂ ਜਾਣ ਸਕਦਾ ਹੈ ਕਿ ਚਿਹਰੇ ਵੀ ਬੋਲਦੇ ਨੇ, ਤੇ ਚੁੱਪ ਵਿਚ ਕੁਰਲਾਹਟ ਵੀ ਹੁੰਦੀ ਏ। ਬਾਹਰੀ ਦੁਨੀਆਂ ਵਿਚ ਦੁੱਖ-ਦਰਦ, ਦਿਲ-ਮੁਹੱਬਤ ਤੇ ਚਾਹਤ ਵਰਗੀਆਂ ਚੀਜ਼ਾਂ ਵੀ ਹੁੰਦੀਆਂ ਨੇ। ਮੈਂ ਤੁਹਾਡੀ ਸੀਮਿਤ ਜ਼ਿੰਦਗੀ ਵਿਚ ਕੋਈ ਝਰੋਖਾ ਲੱਭਣ ਦੀ ਕੋਸ਼ਿਸ਼ ਕਰ ਰਹੀ ਹਾਂ। ਕਿਸੇ ਦੇ ਗੁੱਝੇ ਭੇਤ ਜਾਣਨਾ ਮੇਰੀ 'ਹਾਬੀ' ਹੈ।"

"ਪ੍ਰੋਫ਼ੈਸਰ, ਤੁਹਾਡੀ ਬੀਤੀ ਹੋਈ ਜ਼ਿੰਦਗੀ ਦੇ ਕੁਝ ਪੰਨੇ ਪੜ੍ਹਨ ਦਾ ਮੌਕਾ ਮਿਲਿਆ...ਕੋਈ ਰਵਾਇਤੀ ਕਹਾਣੀ ਹੀ ਹੈ। ਤੁਹਾਡਾ ਮਾਮਲਾ ਵੀ ਦੁਨੀਆਂ ਦੇ ਹੋਰ ਆਸ਼ਕ-ਮਾਸ਼ੂਕ ਦੇ ਮਾਮਲਿਆਂ ਨਾਲੋਂ ਬਹੁਤਾ ਵੱਖਰਾ ਨਹੀਂ। ਬੱਸ, ਥੋੜ੍ਹਾ ਜਿਹਾ ਫਰਕ ਹੈ।...ਤੁਹਾਡੇ ਆਦਰਸ਼ ਨੇ ਤੁਹਾਡੀ ਖਾਤਰ ਜਾਨ ਦੇ ਦਿੱਤੀ...ਆਪਣੇ ਬਾਪ ਦੀ ਖ਼ਾਨਦਾਨੀ ਨੱਕ ਹੇਠ ਪਵਿੱਤਰਤਾ ਚੁੱਪ-ਚਾਪ ਕਤਲ ਹੋ ਗਈ।...ਤੇ ਕਹਾਣੀ ਮੁੱਕ ਗਈ। ਸਰ, ਇਕ ਸੱਚੀ ਗੱਲ ਆਖਣ ਦਾ ਹੌਸਲਾ ਕਰ ਰਹੀ ਹਾਂ, ਤੁਹਾਡੇ ਜਿਉਣ ਦਾ ਕੋਈ ਹੱਜ ਹੈ? ਇਸ ਮਹਾਨ ਕੁਰਬਾਨੀ ਪਿੱਛੋਂ ਤੁਹਾਨੂੰ ਵੀ ਮਰ ਜਾਣਾ ਚਾਹੀਦਾ ਸੀ, ਜਾਂ ਫਿਰ ਪਾਗਲ ਹੀ ਹੋ ਜਾਂਦੇ। ਆਪਣੇ ਆਪ ਨੂੰ ਕਿਸੇ ਖਾਸ ਹੱਦਬੰਦੀ ਵਿਚ ਰੱਖ ਕੇ ਮਸ਼ੀਨੀ ਜੀਵਨ ਜਿਉਣਾ! ਸਭ ਦਿਖਾਵੇ ਦੀਆਂ ਗੱਲਾਂ ਨੇ। ਇਨ੍ਹਾਂ ਨਾਲ ਕੀ ਫਰਕ ਪੈਂਦਾ ਹੈ? ਤੁਸੀਂ ਜਿਉ ਤਾਂ ਰਹੇ ਹੋ ਨਾ? ਇਉਂ ਆਪਣੀ ਸ਼ਖਸੀਅਤ ਨੂੰ ਲਾਪ੍ਰਵਾਹੀ ਦੀ ਸੂਲੀ ਉਤੇ ਲਟਕਾ ਕੇ ਜਾਂ ਆਪਣੇ ਆਪ ਨੂੰ ਖੁੜਾਂ ਵਿਚ ਰੱਖ ਕੇ, ਕੀ ਤੁਸੀਂ ਸਮਝਦੇ ਹੋ ਕਿ ਉਸ ਮਹਾਨ ਕੁਰਬਾਨੀ ਦਾ ਲਗਾਨ ਦੇ ਰਹੇ ਹੋ? ਜਾਂ ਆਪਣੀ ਜਵਾਨੀ ਨੂੰ ਬੇਅਸੂਲੀ ਖ਼ਾਨਗਾਹ ਵਿਚ ਸਜਾ ਕੇ ਉਸ ਅਲ੍ਹੜ ਜਵਾਨ ਰੂਹ ਨੂੰ ਸ਼ਰਧਾਂਜਲੀ ਅਰਪਤ ਕਰ ਰਹੇ ਹੋ? ਇਹ ਫਾਲਤੂ ਗੱਲਾਂ ਨੇ, ਕੋਰੀ ਬਕਵਾਸ। ਜਵਾਨੀ ਲੁਟਾ ਦਿੱਤੀ ਹੈ ਤਾਂ ਬੜਾ ਤੀਰ ਮਾਰਿਆ ਹੈ! ਜਨਾਬ ਪਿਆਰ ਵਿਚ ਤਾਂ ਦੀਨ-ਈਮਾਨ ਲੁਟਾਏ ਜਾਂਦੇ ਨੇ। ਜਵਾਨੀ ਲੁਟਾ ਦਿਓਗੇ, ਬੁੱਢੇ ਹੋ ਜਾਓਗੇ ਪਰ ਜਿਉਂਦੇ ਤਾਂ ਫਿਰ ਵੀ ਰਹੋਗੇ ਨਾ। ਭਾਵੇਂ ਆਪਣੇ ਸਰੀਰ ਰੂਪੀ ਮਕਬਰੇ ਵਿਚ ਹੀ ਸਹੀ। ਜਿਉਂਦੇ ਬੰਦੇ ਦੀ ਕਹਾਣੀ, ਕਹਾਣੀ ਨਹੀਂ ਹੁੰਦੀ। ਅਸਲ ਕਹਾਣੀ ਤਾਂ ਮੌਤ ਤੋਂ ਪਿੱਛੋਂ ਸ਼ੁਰੂ ਹੁੰਦੀ ਏ। ਇੰਜ ਕਰਨਾ ਹੀ ਹੈ ਤਾਂ ਆਪਣੇ ਆਪ ਨੂੰ ਦੇਹ ਦੇ ਮਕਬਰੇ ਵਿਚ ਹੀ ਨਹੀਂ, ਜਾਂ ਲੋੜਾਂ ਤੇ ਖੁੜਾਂ ਦੀ ਕਤਲਗਾਹ ਵਿਚ ਹੀ ਨਹੀਂ ਸਗੋਂ ਪਿਆਰ ਤੇ ਬ੍ਰਿਹਾ ਦੀ ਕਬਰ ਵਿਚ ਜਾ ਕੇ ਦੇਖੋ, ਸ਼ਾਂਤੀ ਹੀ ਸ਼ਾਂਤੀ ਮਿਲੇਗੀ ਪਰ ਇੰਜ ਕਰਨ ਲਈ ਹਿੰਮਤ, ਹੌਸਲੇ ਤੇ ਦਿਲ-ਗੁਰਦੇ ਦੀ ਲੋੜ ਹੁੰਦੀ ਹੈ, ਨਦੀਮ ਸਾਹਬ! ਮੇਰੀ ਰਾਏ ਏ ਕਿ ਹੁਣ ਤੁਸੀਂ ਏਸ ਕਵਚ ਨੂੰ ਲਾਹ ਦਿਓ।"

"ਸਰ, ਤੁਸੀਂ ਪ੍ਰੇਸ਼ਾਨ ਜਿਹੇ ਰਹਿਣ ਲੱਗ ਪਏ ਹੋ। ਮੈਂ ਸ਼ਰਮਿੰਦਾ ਹਾਂ ਕਿਉਂਕਿ ਮੇਰੇ ਖ਼ਤਾਂ ਦੀ ਸੱਚਾਈ ਨੇ ਤੁਹਾਨੂੰ ਤੜਫਾ ਤੇ ਉਲਝਾ ਦਿੱਤਾ ਹੈ। ਇਸੇ ਕਰਕੇ ਤੁਸੀਂ ਕਲਾਸ ਨਹੀਂ ਲਈ। ਮੈਂ ਵਚਨ ਦਿੰਦੀ ਹਾਂ ਕਿ ਅੱਗੇ ਤੋਂ ਖ਼ਤ ਨਹੀਂ ਲਿਖਾਂਗੀ। ਤੁਸੀਂ ਆਪਣੀ ਮਰਜ਼ੀ ਮੁਤਾਬਿਕ ਜ਼ਿੰਦਗੀ ਜਿਉਣ ਦੇ ਆਦੀ ਹੋ ਚੁੱਕੇ ਹੋ। ਮੈਨੂੰ ਇੰਜ ਕਰਨ ਦਾ ਕੋਈ ਹੱਕ ਨਹੀਂ, ਬੱਸ ਹਮਦਰਦੀ ਹੈ।"

"ਤੁਹਾਡੇ ਨਾਲ ਵਾਅਦਾ ਕੀਤਾ ਸੀ, ਅੱਗੇ ਤੋਂ ਖ਼ਤ ਨਹੀਂ ਲਿਖਾਂਗੀ ਪਰ ਤੁਹਾਡੇ ਭੋਲੇ-ਭਾਲੇ ਵਾਕਾਂ ਨੇ ਕਿ ਕਦੀ ਕਦੀ ਆਦਮੀ ਨੂੰ ਕਿਸੇ ਚੀਜ਼ ਦੀ ਆਦਤ ਜਿਹੀ ਹੋ ਜਾਂਦੀ ਹੈ, ਉਹ ਨਾ ਮਿਲੇ ਤਾਂ ਥੁੜ ਮਹਿਸੂਸ ਹੁੰਦੀ ਹੈ ਜਿਵੇਂ ਸਿਗਰਟ ਦੀ, ਸਵੇਰ ਦੀ ਸੈਰ ਦੀ, ਇੱਥੋਂ ਤੱਕ ਕਿ ਕਿਸੇ ਖਾਸ ਆਦਮੀ ਨਾਲ ਗੱਪਾਂ ਮਾਰਨ ਜਾਂ ਕੋਈ ਚਿੱਠੀ-ਪੱਤਰ ਪੜ੍ਹਨ ਦੀ ਆਦਤ। ਮੇਰੀਆਂ ਉਂਗਲਾਂ ਦੀ ਫੜਕਣ ਨੇ ਮੈਨੂੰ ਮਜਬੂਰ ਕਰ ਦਿੱਤਾ।

ਸਰ, ਮੇਰੀ ਇਕ ਛੋਟੀ ਜਿਹੀ ਇੱਛਾ ਏ ਕਿ ਤੁਸੀਂ ਕਲਾਸ ਵਿਚ ਆਪਣੇ ਵਾਲ ਵਾਹ ਕੇ ਰਤਾ ਬਣ-ਠਣ ਕੇ ਆਇਆ ਕਰੋ।"

"ਨਹੀਂ, ਮੈਂ ਗਲਤ ਹੀ ਲਿਖ ਦਿੱਤਾ ਸੀ। ਹੁਣ ਧਿਆਨ ਦਿੱਤਾ ਏ ਕਿ ਮੈਨੂੰ ਤੁਹਾਡੇ ਖੁਸ਼ਕ ਤੇ ਉਲਝੇ ਹੋਏ ਵਾਲ ਹੀ ਚੰਗੇ ਲੱਗਦੇ ਨੇ। ਚੰਗਾ ਹੀ ਹੋਇਆ ਕਿ ਤੁਸੀਂ ਮੇਰੀ ਇੱਛਾ ਨੂੰ ਕੋਈ ਮਹੱਤਵ ਨਹੀਂ ਦਿੱਤਾ। ਸਰ, ਤੁਸੀਂ ਸੈਂਟ ਕਿਹੜਾ ਵਰਤਦੇ ਹੋ? ਜਦੋਂ ਮੈਂ ਤੁਹਾਡੇ ਕੋਲੋਂ ਲੰਘਦੀ ਹਾਂ ਤਾਂ ਪਲ-ਛਿਣ ਲਈ ਖੁਸ਼ਬੂ ਜਿਹੀ ਮਹਿਸੂਸ ਹੁੰਦੀ ਹੈ। ਜੇ ਤੁਹਾਡੇ ਕੋਲ ਰੁਕ ਜਾਵਾਂ ਤਾਂ ਲੋਪ ਹੋ ਜਾਂਦੀ ਹੈ। ਮੇਰਾ ਜੀਅ ਕਰਦਾ ਹੈ ਕਿ ਉਸ ਪਲ-ਛਿਣ ਦੀ ਖੁਸ਼ਬੂ ਲਈ ਵਾਰੀ ਵਾਰੀ ਤੁਹਾਡੇ ਨੇੜਿਓਂ ਲੰਘਾਂ। ਕਈ ਵਾਰੀ ਇੰਜ ਕੀਤਾ ਵੀ ਹੈ। ਇਹ ਮੈਂ ਉਂਜ ਹੀ ਲਿਖ ਦਿੱਤਾ ਹੈ, ਕੋਈ ਡੂੰਘਾ ਅਰਥ ਨਾ ਕੱਢ ਬਹਿਣਾ ਕਿਧਰੇ। ਅੱਛਾ, ਤੁਸੀਂ ਟਾਈ ਕਿਉਂ ਨਹੀਂ ਲਾਉਂਦੇ?"

"ਇਹ ਵੀ ਚੰਗਾ ਹੀ ਹੋਇਆ ਕਿ ਤੁਸੀਂ ਟਾਈ ਨਹੀਂ ਲਾਈ। ਦਰਅਸਲ, ਅਜੇ ਮੈਂ ਆਪ ਵੀ ਸ਼ਸ਼ੋਪੰਜ ਵਿਚ ਪਈ ਹੋਈ ਹਾਂ ਕਿ ਮੈਨੂੰ ਤੁਹਾਡੇ ਕਿਹੜੀ ਚੀਜ਼ ਪਾਈ ਚੰਗੀ ਲੱਗੇਗੀ? ਟਾਈ ਲਾ ਕੇ ਤਾਂ ਆਦਮੀ ਦੀ ਓਰਿਜਨੈਲਟੀ ਹੀ ਖਤਮ ਹੋ ਜਾਂਦੀ ਹੈ। ਮੈਨੂੰ ਕਢਾਈ ਵਾਲਾ ਕੁੜਤਾ ਪਜਾਮਾ ਸੋਹਣਾ ਲੱਗਦਾ ਹੈ...ਨਹੀਂ, ਨਹੀਂ...ਸਫੈਦ ਚਮਕੀਲੀ ਪੈਂਟ-ਸ਼ਰਟ...ਇਹ ਵੀ ਨਹੀਂ। ਸਰ, ਬੱਸ ਤੁਸੀਂ ਜਿਹੜਾ ਗਰੇ ਕਲਰ ਦਾ ਸੂਟ ਅਤੇ ਗਲੇ ਵਿਚ ਲਾਲ ਮਫ਼ਲਰ ਬੰਨ੍ਹਦੇ ਹੋ ਨਾ, ਉਹੀ ਜਚਦਾ ਏ। ਤੁਸੀਂ ਮੁਸਕਰਾ ਰਹੇ ਹੋ, ਬਸ ਇਸੇ ਮੁਸਕਰਾਹਟ ਨੂੰ ਜੀਵਨ ਦਾ ਅੰਗ ਬਣਾ ਲਵੋ।"

"ਤੁਹਾਡੇ ਕਾਲੇ ਬੂਟਾਂ ਦੀ ਪਾਲਿਸ਼ ਫਿੱਟ ਗਈ ਏ। ਅੱਜ ਤੁਹਾਡੇ ਸੱਜੇ ਹੱਥ ਦੀ ਤੀਸਰੀ ਉਂਗਲ ਉਪਰ ਪੱਟੀ ਕਿਉਂ ਬੱਝੀ ਸੀ? ਸ਼ੇਵ ਕਰਨ ਲੱਗਿਆਂ ਬਲੇਡ ਵੱਜ ਗਿਆ ਹੋਵੇਗਾ...ਘੱਟੋਘਟ ਸ਼ੇਵ ਤਾਂ...।"

"ਸਰ...ਕੁਝ ਪਤਾ ਏ ਤੁਹਾਨੂੰ...ਲਾਈਟ ਗਰੀਨ ਸ਼ਰਟ ਦੇ ਉਪਰਲੇ ਤਿੰਨ...ਲੋਪ ਹੋ ਚੁੱਕੇ ਨੇ।"

"ਅੱਜ ਪਤਾ ਨਹੀਂ ਕਿਉਂ, ਮਨ ਨੂੰ ਤਲਖੀ ਲੱਗੀ ਹੋਈ ਏ। ਚਾਰ ਦਿਨ ਬਾਅਦ ਕਾਲਜ ਪੰਦਰਾਂ ਦਿਨਾਂ ਲਈ ਬੰਦ ਹੋ ਜਾਣੇ ਨੇ। ਮੈਂ ਸੋਚ ਰਹੀ ਹਾਂ, ਇਹ...ਪੰਦਰਾਂ ਦਿਨ...ਉਫ਼! ਮੈਨੂੰ ਕੀ ਹੋ ਗਿਆ ਸੀ? ਦੋ ਤਿੰਨ ਲਾਈਨਾਂ ਵਿਚ ਫਿਰ ਲਕੀਰਾਂ ਹੀ ਮਾਰ ਦਿੱਤੀਆਂ ਨੇ। ਰੱਬ ਦੀ ਸਹੁੰ, ਇੰਜ ਅਣਜਾਣੇ ਵਿਚ ਹੀ ਹੋ ਗਿਆ ਏ, ਬਿਲਕੁਲ ਅਚਨਚੇਤ, ਪਤਾ ਨਹੀਂ ਕਿਉਂ?"

"ਨਦੀਮ...ਪ੍ਰੋਫੈਸਰ...ਮੇਰਾ ਪ੍ਰੋਫ਼ੈਸਰ...ਫਾਰੂਕੀ...ਖ਼ਤ...ਉਫ਼! ਸਰ, ਇਹ ਖ਼ਤ...ਕੀ ਹੋ ਗਿਆ ਏ ਮੈਨੂੰ? ਲਿਖਣ ਲੱਗਿਆਂ ਦਿਮਾਗ ਵਿਚ 'ਸਾਂ-ਸਾਂ' ਹੋਣ ਲੱਗ ਪੈਂਦੀ ਏ... ਮਾਨਸਿਕ ਤਣਾਅ ਵਧ ਗਿਆ...ਇਸ ਲਈ ਕੱਲ੍ਹ ਕਾਲਜ ਵੀ ਨਹੀਂ ਆ ਸਕੀ।"

ਪ੍ਰੋਫ਼ੈਸਰ ਨਦੀਮ ਫਾਰੂਕੀ ਨੇ ਇਹ ਟੁੱਟੇ-ਫੁੱਟੇ ਵਾਕ ਪੜ੍ਹੇ। ਉਨ੍ਹਾਂ ਦੇ ਮੱਥੇ ਉਤੇ ਦੋ ਵਾਰ ਤਿਉੜੀਆਂ ਪਈਆਂ ਤੇ ਲੋਪ ਹੋ ਗਈਆਂ। ਫਿਰ ਉਨ੍ਹਾਂ ਹਾਜ਼ਰੀ ਰਜਿਸਟਰ ਚੁੱਕ ਕੇ ਦੇਖਿਆ ਕਿ ਕੱਲ੍ਹ ਕੌਣ ਕੌਣ ਗੈਰ-ਹਾਜ਼ਰ ਸੀ। ਬੁੱਲ੍ਹਾਂ ਉਤੇ ਮੁਸਕਾਨ ਖਿੱਲਰ ਗਈ ਤੇ ਫਿਰ ਉਹ ਸ਼ਾਂਤ ਹੋ ਗਏ। ਉਨ੍ਹਾਂ ਸੋਚਿਆ, ਕੱਲ੍ਹ ਕਹਿ ਦਿਆਂਗਾ, ਖ਼ਤ ਦੇ ਨਾਲ ਨਾਲ ਲਿਖਣ ਵਾਲੀ ਦੀ ਆਦਤ ਪਾਉਣ ਨੂੰ ਵੀ ਜੀਅ ਕਰਦਾ ਹੈ!

ਦੂਜੇ ਦਿਨ ਸਾਰੇ ਕਾਲਜ ਵਿਚ ਮਹੇਸ਼ ਦੇ ਪਾਗਲ ਹੋ ਜਾਣ ਦੀ ਖ਼ਬਰ ਫੈਲੀ ਹੋਈ ਸੀ। ਪ੍ਰੋਫ਼ੈਸਰ ਨਦੀਮ ਦੇ ਦਿਮਾਗ ਵਿਚ ਉਸ 'ਘੁੰਨੀਂ ਜਿਹੀ ਰਬੜ ਦੀ ਗੁੱਡੀ ਵਰਗੀ ਸੰਗਾਊ ਕੁੜੀ ਜਿਹੜੀ ਕਿਸੇ ਸ਼ੋਅ ਕੇਸ ਵਿਚ ਸਜਾ ਕੇ ਰੱਖਣ ਵਾਲੀ ਸੀ'...ਮਹੇਸ਼ ਦੀ ਸ਼ਕਲ ਉਭਰ ਆਈ। ਉਹ ਸਟਾਫ ਰੂਮ ਵਿਚ ਜਾ ਕੇ ਸੋਫੇ ਉਤੇ ਜਾ ਬੈਠੇ, ਐਨਕ ਲਾਹੀ ਤੇ ਅੱਖਾਂ ਦੇ ਹੰਝੂ ਰੁਮਾਲ ਵਿਚ ਬੋਚ ਲਏ।

## *ਹਿੰਦੁਸਤਾਨੀ ਕਿਸਾਨ!*

*(ਪਿਛਲੇ ਸਫੇ ਤੋਂ ਜਾਰੀ)*

ਇਸ਼ਕ (ਮੁਹੱਬਤ) ਨਾ ਪੁੱਛੇ ਜਾਤ ਮੁਹੱਬਤ-ਲੋਕਾਂ ਦੀ ਮੁਹੱਬਤ-ਜਮਾਇਤੀ ਅਤੇ ਫਿਰਕੇਦਾਰ ਦੀਵਾਰ ਨੂੰ ਪਾਰ ਕਰ ਜਾਂਦੀ ਹੈ। ਜਿਹੜੇ ਭਲੇ ਲੋਕੀਂ ਇਨ੍ਹਾਂ ਗਰੀਬਾਂ ਦੇ ਸੁੱਖ ਦੇ, ਇਨ੍ਹਾਂ ਦੀ ਆਜ਼ਾਦੀ ਦੇ ਸੁਫ਼ਨੇ ਦੇਖਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਹੀ ਭਰਾ ਤੰਗ ਕਰਦੇ ਹਨ, ਸਜ਼ਾਵਾਂ ਦਿੰਦੇ ਹਨ ਪਰ ਉਹ ਭੀ (ਹੁਣ) ਸਮਝ ਚੁੱਕੇ ਹਨ ਕਿ ਸਾਰੀ ਤਹਿਜ਼ੀਬ ਅਤੇ ਤਰੱਕੀ ਦਾ ਮੂਲ ਇਹ ਮਜ਼ਦੂਰ ਹੀ ਹਨ। ਉਹ ਵਿਚਾਰਾ ਸਕੂਲ ਤਾਂ ਬਣਾਉਂਦਾ ਹੈ ਪਰ ਖੁਦ ਸਕੂਲ ਵਿਚ ਨਹੀਂ ਜਾ ਸਕਦਾ। ਉਹ ਨੇਕ ਦਿਲ ਲੋਕੀਂ ਦਿਲ ਦੇ ਅੰਦਰ ਹੀ ਅੰਦਰ ਕਿਸਾਨ ਦੇ ਸ਼ੁਕਰ ਗੁਜ਼ਾਰ ਹੋ ਜਾਂਦੇ ਹਨ ਅਤੇ ਉਸ ਦੀ ਆਜ਼ਾਦੀ ਵਾਸਤੇ ਕੋਸ਼ਿਸ਼ ਸ਼ੁਰੂ ਕਰ ਦਿੰਦੇ ਹਨ। ਉਹ ਹਰਾਮਖ਼ੋਰ ਲੋਕਾਂ ਨਾਲੋਂ ਵੱਖਰੇ ਹੋ ਕੇ ਮਜ਼ਦੂਰਾਂ ਵਿਚ ਜਾ ਮਿਲਦੇ ਹਨ। ਇਹੋ ਜਿਹੇ ਹੀ ਦਲੇਰ ਮਰਦ ਅਤੇ ਔਰਤਾਂ ਇਨ੍ਹਾਂ ਗ਼ਰੀਬਾਂ ਦੇ ਰਾਖੇ ਹਨ।

ਜਿਨ੍ਹਾਂ ਲੋਕਾਂ ਦੇ ਦਿਲ ਵਿਚ ਇਨ੍ਹਾਂ ਗ਼ਰੀਬਾਂ ਦੀ ਸੇਵਾ ਦਾ ਭਾਵ ਹੋਵੇ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਭੀ ਗ਼ਰੀਬ ਬਣਨ। ਅਗਰ ਕਿਸਾਨ ਦੀ ਮਦਦ ਕਰਨ ਦਾ ਇਰਾਦਾ ਹੈ ਤਾਂ ਜਾਓ, ਪਿੰਡਾਂ ਵਿਚ ਜਾ ਕੇ ਕਿਸਾਨ ਦੇ ਨਾਲ ਰਹੋ, ਉਸ ਦੇ ਨਾਲ ਹੀ ਰਲ ਕੇ ਸੁੱਕੀ-ਮਿੱਸੀ ਰੋਟੀ ਖਾਓ, ਫਟੇ ਪੁਰਾਣੇ ਕੱਪੜੇ ਪਾਓ, ਉਨ੍ਹਾਂ ਦੀ ਗੰਵਾਰੂ ਭਾਸ਼ਾ ਵਿਚ ਗੱਲਾਂ ਕਰੋ। ਸ਼ੌਕੀਨ, ਜੈਂਟਲਮੈਨ ਬਣ ਕੇ ਉਨ੍ਹਾਂ ਦੇ ਪਾਸ ਨਾ ਜਾਓ। ਕਾਂਗਰਸ ਅਤੇ ਕਾਨਫਰੰਸ ਦੇ ਪਲੇਟਫਾਰਮਾਂ 'ਤੇ ਖਲੋ ਕੇ ਉਨ੍ਹਾਂ ਨੂੰ ਉਪਦੇਸ਼ ਨਾ ਕਰੋ। ਆਪਣੇ ਰੇਸ਼ਮੀ ਅਤੇ ਸੋਹਣੇ-ਸੋਹਣੇ ਕਪੜੇ ਲਾਹ ਦਿਓ। ਪਿੰਡਾਂ ਵਿਚ ਜਾਓ। ਪਿੰਡ-ਪਿੰਡ ਘੁੰਮ ਕੇ ਕਿਸਾਨਾਂ ਨੂੰ ਸੰਗਠਤ ਕਰੋ। ਗਲੀ-ਗਲੀ ਘੁੰਮ ਕੇ ਗ਼ਰੀਬ ਮਜ਼ਦੂਰਾਂ ਦੀ ਤਨਜ਼ੀਮ ਕਰੋ। ਉਨ੍ਹਾਂ ਨੂੰ ਜਥੇਬੰਦ ਕਰੋ। ਰਾਜੇ, ਵਜ਼ੀਰ, ਵਕੀਲ ਅਤੇ ਐਡੀਟਰ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਸਕਦੇ।

ਜੇ ਅਜੇ ਸਾਡੇ ਵਿਚ ਕੋਈ ਸੱਚੇ ਇਨਸਾਨ ਹਨ ਜਿਨ੍ਹਾਂ ਦੇ ਦਿਲ ਵਿਚ ਇਨ੍ਹਾਂ ਗਰੀਬਾਂ ਦੇ ਵਾਸਤੇ ਕੁਝ ਦਰਦ ਹੈ ਤਾਂ ਉਹ ਉਠਣ। ਅਮੀਰਾਂ ਦੇ ਰਾਜਸੀ ਹੱਕਾਂ ਲਈ ਉਹ ਝਗੜੇ ਕਰ-ਕਰ ਕੇ ਆਪਣੇ ਜੀਵਨ ਬਰਬਾਦ ਨਾ ਕਰਨ। ਆਮ ਲੋਕਾਂ ਦੀ ਤਰੱਕੀ ਲਈ ਸਭ ਕੁਝ ਕੁਰਬਾਨ ਕਰ ਦੇਣ। ਇਨ੍ਹਾਂ ਹਰਾਮਖ਼ੋਰਾਂ, ਗ਼ਰੀਬਾਂ ਦਾ ਖ਼ੂਨ ਚੂਸਣ ਵਾਲੇ ਮੋਟੇ ਢਿੱਡਾਂ ਵਾਲਿਆਂ ਦਾ ਸਾਥ ਛੱਡ ਕੇ ਪਿੰਡਾਂ ਨੂੰ ਜਾਓ। ਉਹ ਦੇਖੋ, ਖੇਤ ਦੇ ਕੰਢੇ ਖਲੋਤਾ ਕਿਸਾਨ ਕਹਿ ਰਿਹਾ ਹੈ, "ਮੇਰੇ ਲਈ ਕਦੋਂ ਪ੍ਰਕਾਸ਼ ਆਵੇਗਾ। ਮੇਰੀ ਦੁਨੀਆਂ ਦਾ ਅੰਧਕਾਰ ਕਦੋਂ ਮਿਟੇਗਾ?"

# ਮਾੜੇ ਗੀਤਾਂ ਦੇ ਅਸਰ ਹੇਠ ਇੱਜ਼ਤਾਂ 'ਤੇ ਹਮਲੇ ਸ਼ੁਰੂ

ਪਿਛਲੇ ਦਿਨੀਂ ਸਰਹਾਲੀ ਲਾਗਲੇ ਪਿੰਡ ਦੀ ਖ਼ਬਰ ਸਾਰਿਆਂ ਨੇ ਪੜ੍ਹੀ ਹੀ ਹੋਣੀ ਏ। ਕਾਲਜ ਜਾਂਦੀ ਇਕ ਬੱਚੀ ਨੂੰ ਮੁਸ਼ਟੰਡਿਆਂ ਨੇ ਬੱਸ 'ਚੋਂ ਖਿੱਚ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ। ਬੱਸ ਚੜ੍ਹਾਉਣ ਗਈ ਮਾਂ ਦੁਹਾਈ ਪਾਉਂਦੀ ਰਹੀ ਕਿ ਮੇਰੀ ਧੀ ਨਾਲ ਏਦਾਂ ਨਾ ਕਰੋ ਪਰ ਮੁਸ਼ਟੰਡਿਆਂ 'ਤੇ ਕੋਈ ਅਸਰ ਨਾ ਹੋਇਆ। ਹੌਸਲਾ ਦੇਖੋ, ਬੱਚੀ ਦੇ ਘਰ ਜਾ ਕੇ ਉਹਨੂੰ ਚੁੱਕ ਲਿਜਾਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਸ਼ਾਮ ਨੂੰ ਜਦੋਂ ਬੱਚੀ ਪੜ੍ਹ ਕੇ ਘਰ ਪਰਤੀ ਤਾਂ ਪਤਾ ਲੱਗਾ ਕਿ ਉਸ ਦੀ ਇੱਜ਼ਤ ਨਾਲ ਖੇਡਣ ਦੇ ਚਾਹਵਾਨ ਘਰ ਤੱਕ ਪਹੁੰਚ ਗਏ ਨੇ ਤਾਂ ਉਸ ਨੇ ਇੱਜ਼ਤ ਗੁਆਉਣ ਨਾਲੋਂ ਜਾਨ ਗੁਆਉਣੀ ਚੰਗੀ ਸਮਝੀ, ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ ਤੇ ਹੁਣ ਕਿਹਾ ਜਾ ਰਿਹੈ ਕਿ ਧੱਕੇਸ਼ਾਹੀ ਕਰਨ ਵਾਲਿਆਂ 'ਤੇ ਪਰਚਾ ਦਰਜ ਹੋ ਚੁੱਕੈ।

ਜਲੰਧਰ ਦੇ ਇਕ ਕਸਬੇ 'ਚ ਮੁੰਡੇ ਨੇ ਆਪਣੀ ਦੋਸਤ ਨੂੰ ਮਿਲਣ ਲਈ ਸੱਦਿਆ ਤੇ ਕਾਰ 'ਚ ਬਿਠਾ ਕੇ ਕਮਰੇ 'ਚ ਲੈ ਗਿਆ। ਉਥੇ ਬੈਠੇ ਕਈ ਦੋਸਤ ਸ਼ਰਾਬ ਦੇ ਨਸ਼ੇ 'ਚ ਪਹਿਲਾਂ ਹੀ ਧੁੱਤ ਸਨ ਤੇ ਉਨ੍ਹਾਂ ਕੁੜੀ ਨੂੰ ਵੀ ਸ਼ਰਾਬ ਪਿਲਾਉਣ ਮਗਰੋਂ ਉਸ ਨਾਲ ਸਮੂਹਿਕ ਤੌਰ 'ਤੇ ਜਬਰ-ਜਿਨਾਹ ਕੀਤਾ।

ਇਕ ਹੋਰ ਖ਼ਬਰ ਮੁਤਾਬਕ ਗਰੀਬ ਮਾਪਿਆਂ ਦੀ ਧੀ ਦੀ ਡੋਲੀ ਤੁਰਨ ਲਈ ਤਿਆਰ ਸੀ ਤੇ ਇਕ 'ਮਿਰਜ਼ਾ' ਕੁਝ ਦੋਸਤਾਂ ਨਾਲ ਉਥੇ ਆ ਧਮਕਿਆ। ਲਾੜੇ ਤੇ ਉਸ ਦੇ ਲਫੰਡਰ ਸਾਥੀਆਂ ਨੇ ਬਰਾਤੀਆਂ ਨੂੰ ਵਾਪਸ ਜਾਣ ਲਈ ਆਖਿਆ। ਉਹਨੇ ਇਹ ਵੀ ਕਿਹਾ ਕਿ ਉਸ ਦੀ ਪ੍ਰੇਮਿਕਾ ਨੂੰ ਕੋਈ ਹੋਰ ਵਿਆਹੁਣ ਆਵੇਗਾ ਤਾਂ ਉਹ ਉਸ ਦਾ ਘਰ ਬਰਬਾਦ ਕਰ ਦੇਵੇਗਾ। ਧਮਕੀ ਸੁਣ ਕੇ ਹੋਣ ਵਾਲਾ ਸਹੁਰਾ ਪਰਿਵਾਰ ਕੁੜੀ ਵਾਲਿਆਂ ਨਾਲੋਂ ਰਿਸ਼ਤਾ ਤੋੜ ਕੇ ਨੱਠ ਗਿਆ।

ਇਹ ਤਿੰਨੇ ਖ਼ਬਰਾਂ ਪਿਛਲੇ ਇਕ ਹਫ਼ਤੇ ਦੌਰਾਨ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ। ਸਭ ਵਿਚ ਧੱਕਾ ਕੁੜੀਆਂ ਨਾਲ ਹੀ ਹੋਇਆ ਤੇ ਧੱਕਾ ਕਰਨ ਵਾਲੇ ਉਹ ਨੇ, ਜਿਨ੍ਹਾਂ ਨੂੰ ਕਿਸੇ ਦਾ ਕੋਈ ਡਰ ਨਹੀਂ, ਜਿਨ੍ਹਾਂ ਲਈ ਕੁੜੀਆਂ ਸਿਰਫ਼ ਭੋਗਣ ਵਾਲੀ ਸ਼ੈਅ ਨੇ, ਕੁੜੀਆਂ ਚੁੱਕ ਲਿਜਾਣਾ ਆਪਣਾ ਹੱਕ ਸਮਝਦੇ ਨੇ, ਜਿਹੜੀ ਕੁੜੀ ਨੂੰ ਇੱਜ਼ਤ ਪਿਆਰੀ ਏ, ਉਹ ਖ਼ੁਦਕੁਸ਼ੀ ਕਰ ਲਵੇ ਤੇ ਜੀਹਨੂੰ ਜਾਨ ਨਾਲ ਪਿਆਰੀ ਹੈ, ਉਹ ਉਨ੍ਹਾਂ ਦੇ ਰਾਹ ਵਿਚ ਨਾ ਆਵੇ। ਇਨ੍ਹਾਂ ਤਿੰਨਾਂ ਘਟਨਾਵਾਂ ਨੂੰ ਅਜੋਕੇ ਗਾਣਿਆਂ ਨਾਲ ਮਿਲਾ ਕੇ ਦੇਖੋ। ਕੁਝ ਸਮਾਂ ਪਹਿਲਾਂ ਇੱਕ ਗਾਣਾ ਆਮ ਵੱਜਦਾ ਰਿਹੈ, 'ਨੀਂ ਤੈਨੂੰ ਚੁੱਕ ਕੇ ਮੋਟਰ 'ਤੇ ਲੈ ਜਾਣਾ।' ਸ਼ਰੇਆਮ ਗੁੰਡਾਗਰਦੀ ਬਿਆਨ ਕਰਦੇ ਇਸ ਗੀਤ ਵਿਚ ਉਹੀ ਕੁਝ ਕਿਹਾ ਗਿਆ ਸੀ, ਜੋ ਸਰਹਾਲੀ ਲਾਗਲੇ ਪਿੰਡ 'ਚ ਵਾਪਰਿਆ। ਇਹ ਗੀਤ ਸੁਣ ਕੇ ਪੰਜਾਬ ਦੇ ਕਿਸੇ ਮਾਈ ਦੇ ਲਾਲ ਨੇ ਗਾਇਕ ਜਾਂ ਗੀਤਕਾਰ ਦੇ ਵਿਚ ਚਪੇੜਾਂ ਨਹੀਂ ਮਾਰੀਆਂ, ਜਿਵੇਂ ਮਹਿੰਗਾਈ ਤੋਂ ਅੱਕੇ ਇਕ ਗੱਭਰੂ ਨੇ ਸ਼ਰਦ ਪਵਾਰ ਦੇ ਜੜ੍ਹੀਆਂ।



*ਹਨੀ ਸਿੰਘ*

ਪੜ੍ਹਦੀ ਨੂੰ ਚੁੱਕ ਕੇ ਲੈ ਜਾਣ, ਗਿੱਧੇ 'ਚ ਬੋਲੀਆਂ ਪਾਉਂਦੀ ਦਾ ਕਲਾਵਾ ਭਰ ਲੈਣ, ਰਾਹ ਜਾਂਦੀ ਨੂੰ ਘੇਰਨ ਤੇ ਘਰਦਿਆਂ ਦੇ ਥੂਕ ਸੌਂ ਜਾਣ 'ਤੇ ਕੰਧ ਟੱਪ ਮੁਟਿਆਰ ਦੇ ਘਰ ਪਹੁੰਚਣ ਵਾਲੀ ਗੁੰਡਾ ਸੋਚ ਦਾ ਖੁਲਾਸਾ ਕਰਦੇ ਕਿੰਨੇ ਹੀ ਗੀਤ ਸਾਡੇ ਸਾਹਮਣੇ ਹਨ। ਏਦਾਂ ਦੇ ਉਜੱਡ ਕਲਾਕਾਰਾਂ 'ਤੇ ਨਾ ਸੁਣਨ ਵਾਲਿਆਂ ਨੂੰ ਕਦੇ ਹਰਖ ਆਇਆ ਤੇ ਨਾ ਹੀ ਮੀਡੀਆ ਨੇ ਇਨ੍ਹਾਂ ਦੀ ਵਿਰੋਧਤਾ ਕੀਤੀ। ਜਗ ਜਾਣਦੈ ਕਿ ਨਵਾਂ ਖ਼ੂਨ ਇਨ੍ਹਾਂ ਕਲਾਕਾਰਾਂ ਨੂੰ ਆਪਣੇ ਰਾਹ ਦਸੇਰੇ ਮੰਨਦੈ, ਫਿਰ ਇਹ ਵੀ ਤਾਂ ਹੋ ਸਕਦੈ ਕਿ ਕਲਾਕਾਰਾਂ ਵੱਲੋਂ ਗੁੰਡਿਆਂ ਤੇ ਮਾੜਿਆਂ ਨੂੰ 'ਬਹਾਦਰ' ਬਣਾ ਕੇ ਪੇਸ਼ ਕਰਨ ਦਾ ਅਸਰ ਕਬੂਲਦਿਆਂ ਹੀ ਅੱਜ ਦੇ ਵਿਹਲੜ ਕੁੜੀਆਂ ਦਾ 'ਸ਼ਿਕਾਰ' ਕਰਨ ਨੂੰ ਫਿਰਦੇ ਹੋਣ।

ਜਲੰਧਰ ਲਾਗੇ ਸਮੂਹਿਕ ਜਬਰ ਜਿਨਾਹ ਦੀ ਜੋ ਘਟਨਾ ਸਾਹਮਣੇ ਆਈ, ਇਹਦੇ ਨਾਲ ਮਿਲਦੇ- ਜੁਲਦੇ ਗਾਣਿਆਂ ਦੀ ਸੂਚੀ ਵੀ ਛੋਟੀ ਨਹੀਂ। ਚੌਥਾ ਪੈਗ ਲਾ ਕੇ ਬਾਂਹ ਫੜਨ ਤੇ ਮੁਟਿਆਰ ਨੂੰ ਗੀਤ ਜ਼ਰੀਏ ਇੱਕ ਰਾਤ ਗੁਜ਼ਾਰਨ ਦੀ ਸੁਲ੍ਹਾ ਮਾਰਨ ਵਾਲੇ ਕਿੰਨੇ ਹੀ ਗਾਣੇ ਸਾਹਮਣੇ ਆਏ ਤੇ ਭੇਡਾਂ ਵਰਗੀ ਭੀੜ 'ਚੋਂ ਇੱਕ ਜਣਾ ਵੀ ਗਾਇਕ ਖਿਲਾਫ਼ ਇਹ ਕਹਿਣ ਲਈ ਖੜ੍ਹਾ ਨਹੀਂ ਹੋਇਆ ਕਿ ਇਹ ਪੰਜਾਬ ਏ, ਦਿੱਲੀ ਦੀ ਜੀ.ਬੀ. ਰੋਡ ਨਹੀਂ।

ਇਸੇ ਤਰ੍ਹਾਂ ਵਿਆਹ ਦੇ ਸ਼ਗਨ ਮਨਾਉਂਦੇ ਪਰਿਵਾਰ ਨੂੰ ਕੱਖੋਂ ਹੌਲੇ ਕਰਨ ਵਾਲੀ ਖ਼ਬਰ ਕਈ ਗਾਣਿਆਂ ਦਾ ਚੇਤਾ ਕਰਾ ਦਿੰਦੀ ਏ। 'ਕਿਵੇਂ ਲੈਜੂ ਕੋਈ ਵਿਆਹ ਕੇ ਤੈਨੂੰ ਹਾਣਦੇ', 'ਤੈਨੂੰ ਲੈਜਾਂਗੇ ਸੋਹਣੀਏ ਛਵੀਆਂ ਗੰਡਾਸਿਆਂ ਦੀ ਛਾਂ ਕਰਕੇ', 'ਡੋਲੀ ਕਿਤੇ ਤੇਰੀ ਹੋਰ ਜੇ ਤੁਰਗੀ, ਲਾਸ਼ਾਂ ਦੇ ਲਾਦੂੰ ਢੇਰ ਕੁੜੇ' ਜਿਹੇ ਗੀਤ ਇਸ ਖ਼ਬਰ ਨਾਲ ਮਿਲਦੇ-ਜੁਲਦੇ ਨੇ ਕਿ ਨਹੀਂ, ਤੁਸੀਂ ਆਪ ਸੋਚ ਲਵੋ। ਜਿਨ੍ਹਾਂ-ਜਿਨ੍ਹਾਂ ਇਹ ਗਾਏ, ਓਨਾ ਨੂੰ 'ਸ਼ਾਬਾਸ਼' ਆਖਿਆ ਗਿਆ ਤੇ ਹੁਣ ਜਦੋਂ ਗਾਣਿਆਂ ਨਾਲ ਮਿਲਦੀਆਂ-ਜੁਲਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਨੇ ਤਾਂ ਸਭ ਨੂੰ ਧੱਕੇ ਦਾ ਸ਼ਿਕਾਰ ਹੋਣ ਵਾਲੇ ਪਰਿਵਾਰਾਂ ਨਾਲ ਹਮਦਰਦੀ ਏ, ਸਭ ਮਹਿਸੂਸ ਕਰਦੇ ਨੇ ਕਿ ਗੁੰਡਾਗਰਦੀ ਕਰਨ ਵਾਲਿਆਂ ਦੀ ਪਿੱਠ ਲਾਲ ਹੋਣੀ ਚਾਹੀਦੀ ਏ, ਪੁਲਿਸ ਸਮਾਜ ਦੀ ਸੁਰੱਖਿਆ ਨਹੀਂ ਕਰਦੀ, ਅਮਨ-ਕਾਨੂੰਨ ਦੀ ਢਿੱਲ ਨੇ ਇੱਜ਼ਤਾਂ ਨਾਲ ਖੇਡਣ ਵਾਲਿਆਂ ਦੇ ਹੌਸਲੇ ਬੁਲੰਦ ਕੀਤੇ ਨੇ, ਗਾਉਣ ਵਾਲਿਆਂ ਮੁੰਡੀਰ ਨੂੰ ਵਰਗਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

ਸਾਡਾ ਸਵਾਲ ਹੈ ਕਿ ਕੀ ਸਮਾਜ ਦੀ ਸੁਰੱਖਿਆ ਕਰਨਾ ਸਿਰਫ਼ ਪੁਲਿਸ ਦਾ ਫ਼ਰਜ਼ ਹੈ, ਕੀ ਇੱਜ਼ਤਾਂ ਨਾਲ ਖੇਡਣ ਵਾਲਿਆਂ ਦੀ ਵਕਾਲਤ ਦੇ ਦੋਸ਼ 'ਚ ਸਿਰਫ਼ ਚਿੱਟੀਆਂ ਤੇ ਨੀਲੀਆਂ ਪੱਗਾਂ ਵਾਲੇ ਹੀ ਕਸੂਰਵਾਰ ਨੇ? ਅਸੀਂ ਸਭ ਮਰ ਗਏ ਹਾਂ, ਜਾਂ ਇਹ ਸੋਚਦੇ ਹਾਂ ਕਿ ਸਾਡੀ ਧੀ ਤਾਂ ਵਿਆਹੀ ਗਈ ਏ, ਦੂਜੇ ਦੀ ਨਾਲ ਸਾਡਾ ਕੀ ਸਰੋਕਾਰ? ਕੀ ਅਸੀਂ ਕੰਨਾਂ 'ਚ ਕੌੜਾ ਤੇਲ ਪਾ ਲਿਐ ਕਿ ਮਾੜੇ ਬੋਲਾਂ ਵੱਲ ਗੌਰ ਨਹੀਂ ਕਰਨੀ? ਕੀ ਸਾਡੀਆਂ ਅੱਖਾਂ ਨੇ ਦੇਖਣਾ ਬੰਦ ਕਰ ਦਿੱਤੈ ਕਿ ਸਾਡੇ ਬੈਡਰੂਮਾਂ ਤੱਕ ਕਿਹੜੇ ਲੋਕਾਂ ਦੀ ਪਹੁੰਚ ਹੋ ਰਹੀ ਏ? ਕੀ ਸਾਡੇ ਵੰਗਾਂ ਪਾਈਆਂ ਨੇ ਕਿ ਗਿਣੇ-ਚੁਣੇ ਮੁਸ਼ਟੰਡਿਆਂ ਨੂੰ ਸਬਕ ਸਿਖਾਉਣ ਤੋਂ ਅਸਮਰੱਥ ਹਾਂ?

ਕੋਈ ਵੇਲਾ ਸੀ ਜਦੋਂ ਗੀਤਾਂ 'ਚੋਂ ਪੂਰੇ ਪੰਜਾਬ ਦੇ ਦਰਸ਼ਨ ਹੋ ਜਾਂਦੇ ਸਨ। ਉਦੋਂ ਰੋਮਾਂਚਕਤਾ 'ਚੋਂ ਅੱਯਾਸ਼ੀ ਨਹੀਂ, ਕਲਾ ਝਲਕਦੀ ਸੀ। ਉਦੋਂ ਵਜਦ 'ਚ ਆਇਆਂ ਨੂੰ ਨੱਚਣ ਲਈ ਮਜਬੂਰ ਹੋਣਾ ਪੈਂਦਾ ਸੀ, ਬੰਦੂਕਾਂ, ਗੰਡਾਸੇ, ਤਲਵਾਰਾਂ ਚੁੱਕਣ ਲਈ ਨਹੀਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜੀਆਂ ਗੱਲਾਂ ਸੁਣ ਕੇ ਆਪਣੇ ਪੰਜਾਬ 'ਤੇ ਮਾਣ ਹੁੰਦਾ ਸੀ ਪਰ ਅੱਜ ਕੀ ਹੋ ਰਿਹੈ, ਅੱਜ ਪੰਜਾਬੀਆਂ ਦੀਆਂ ਕੇਹੀਆਂ ਤਸਬੀਹਾਂ ਪੇਸ਼ ਹੋ ਰਹੀਆਂ ਨੇ? ਜਿਹੜੀ ਗੱਲ ਦੀ ਜਾਣਕਾਰੀ ਨਹੀਂ ਹੁੰਦੀ, ਉਹਨੂੰ ਗੀਤਾਂ ਜ਼ਰੀਏ ਪੇਸ਼ ਕਰਕੇ ਜਵਾਨੀ ਨੂੰ ਉਸ ਵਾਂਗ ਕਰਨ ਦੇ ਗੁਰ ਸਿਖਾਏ ਜਾ ਰਹੇ ਨੇ ਤੇ ਜਦੋਂ ਨੌਜਵਾਨ ਗੁੰਮਰਾਹ ਹੋ ਕੇ ਮਾੜੀ ਘਟਨਾ ਨੂੰ ਅੰਜਾਮ ਦਿੰਦੇ ਨੇ ਤਾਂ ਗਾਇਕ ਪੱਲਾ ਝਾੜਦੇ ਨੇ ਕਿ ਅਸੀਂ ਤਾਂ ਵਪਾਰੀ ਹਾਂ, ਸਾਡੀਆਂ ਗੱਲਾਂ 'ਤੇ ਅਮਲ ਕਰਨਾ ਜ਼ਰੂਰੀ ਨਹੀਂ।

ਯਾਦ ਕਰੋ, ਜਦੋਂ 'ਚੱਕ ਲਓ ਰਿਵਾਲਵਰ ਰਫ਼ਲਾਂ ਕਬਜ਼ਾ ਲੈਣਾ ਏ' ਗੀਤ ਆਇਆ ਸੀ, ਤੇ ਖੁੱਲ੍ਹੀਆਂ ਜੀਪਾਂ ਵਿਚ ਅਵਾਰਾਗਰਦੀ ਕਰਨ ਵਾਲੇ ਵਿਗੜੈਲ ਕਾਕਿਆਂ ਦੇ ਗਰੁਪਾਂ ਨੇ ਲੋਕਾਂ ਦਾ ਜਿਊਣਾ ਦੁੱਭਰ ਕਰ ਛੱਡਿਆ ਸੀ। ਹੁਣ ਰੈਪ ਜ਼ਰੀਏ ਕਿਹਾ ਜਾ ਰਿਹੈ ਕਿ ਫਰੈਸ਼ ਕੁੜੀ ਕਿਤੇ ਨਹੀਂ ਮਿਲਦੀ, ਸੈਕਿੰਡ ਮਾਲ ਏ ਤੇ ਜਿਹੜੀ ਚੁੱਕ ਸਕਦੇ ਓ, ਚੁੱਕ ਲਵੋ ਤਾਂ ਕੀ ਅਸੀਂ ਇਸ ਗੱਲ ਦੀ ਉਡੀਕ ਕਰ ਰਹੇ ਹਾਂ ਕਿ ਜਦੋਂ ਸਾਡੀਆਂ ਧੀਆਂ, ਭੈਣਾਂ ਚੁੱਕ ਹੋਈਆਂ, ਬਾਅਦ 'ਚ ਖ਼ਬਰਾਂ ਛਪੀਆਂ ਤਾਂ ਅਸੀਂ ਅਫ਼ਸੋਸ ਪ੍ਰਗਟਾਵਾਂਗੇ ਕਿ ਸਮਾਜ 'ਚ ਬਹੁਤ ਕੁਝ ਮਾੜਾ ਵਾਪਰਨ ਲੱਗ ਪਿਐ, ਪੁਲਿਸ ਕੁਝ ਨਹੀਂ ਕਰਦੀ, ਲੋਕਤੰਤਰ ਦਾ ਘਾਣ ਹੋ ਰਿਹੈ।

ਸਭ ਕੁਝ ਸਾਡੇ ਨੱਕ ਥੱਲੇ ਹੋ ਰਿਹੈ। ਦੋ ਹਫ਼ਤੇ ਪਹਿਲਾਂ ਕਾਲਜ 'ਚੋਂ ਬਾਹਰ ਨਿਕਲੀਆਂ ਕੁੜੀਆਂ ਨੂੰ ਘੇਰ ਕੇ ਖੜ੍ਹੇ ਮੁਸ਼ਟੰਡੇ ਕਹਿ ਰਹੇ ਸਨ, 'ਨੀਂ ਮੈਂ ਤੇਰੀ ਲੈ ਲਵਾਂ...ਨੀਂ ਮੈਂ ਤੇਰੀ ਲਵਾਂ...', ਕੁੜੀਆਂ ਨੀਵੀਂ ਪਾ ਅੱਗੇ ਲੰਘਣ ਲੱਗੀਆਂ ਤਾਂ ਮੁਸ਼ਟੰਡਿਆਂ ਆਖਿਆ, 'ਗੁੱਸਾ ਕਿਉਂ ਕਰਦੇ ਓ ਮਾਲਕੋ, ਅਸੀਂ ਤਾਂ 'ਫੋਟੋ' ਲੈਣ ਬਾਰੇ ਕਹਿ ਰਹੇ ਹਾਂ', ਤੇ ਇਹ ਸਭ ਕਹਿਣ ਦਾ ਤਰੀਕਾ ਕੀਹਨੇ ਸਿਖਾਇਆ। ਇਹ ਉਸੇ ਹਨੀ ਸਿੰਘ ਨੇ ਸਿਖਾਇਐ, ਜੀਹਦੇ ਗਾਣੇ ਤੁਹਾਡੇ ਬੈਡਰੂਮਾਂ 'ਚ ਵੀ ਚੱਲਦੇ ਨੇ, ਤੁਹਾਡੀਆਂ ਧੀਆਂ-ਧਿਆਣੀਆਂ ਵੀ ਦੇਖਦੀਆਂ ਨੇ, ਪਰ ਅਸੀਂ ਉਡੀਕ 'ਚ ਹਾਂ ਕਿ ਜਦੋਂ ਕੋਈ ਸਾਡੀ ਨੂੰ ਕਹੇਗਾ, ਉਦੋਂ ਵੇਖ ਲਵਾਂਗੇ।

ਜਿਹੜੇ ਲੋਕ 'ਇੱਜ਼ਤਦਾਰ' ਹੋਣ ਦਾ ਭਰਮ ਪਾਲੀ ਫਿਰਦੇ ਨੇ, ਉਨ੍ਹਾਂ ਦੀ ਸਥਿਤੀ ਬਿਲਕੁਲ ਉਵੇਂ ਹੈ, ਜਿਵੇਂ ਬਿੱਲੀ ਵੱਲ ਦੇਖ ਕਬੂਤਰ ਅੱਖਾਂ ਬੰਦ ਕਰ ਲੈਂਦਾ ਹੈ। ਉਨ੍ਹਾਂ ਦੇ ਘਰਾਂ ਵਿਚਲੇ ਟੀ.ਵੀ. 'ਤੇ ਗੁੰਡਾਗਰਦੀ ਦਾ ਨੰਗਾ ਨਾਚ ਚੱਲਦਾ ਹੈ, ਉਨ੍ਹਾਂ ਦੀ ਔਲਾਦ ਨੂੰ ਵਰਗਲਾਇਆ ਜਾ ਰਿਹੈ, ਉਨ੍ਹਾਂ ਦੇ ਜਵਾਨ ਬੱਚਿਆਂ ਨੂੰ ਨਸ਼ੇ 'ਚ ਟੁੰਨ ਰਹਿਣ ਦੀ ਸਿੱਖਿਆ ਦਿੱਤੀ ਜਾ ਰਹੀ ਏ ਤੇ ਉਹ ਵਹਿਮ 'ਚ ਫਿਰਦੇ ਨੇ ਕਿ ਗਾਣਿਆਂ ਦਾ ਅਸਰ ਉਨ੍ਹਾਂ ਦੇ ਨਿਆਣਿਆਂ 'ਤੇ ਨਹੀਂ, ਹੋਰਾਂ 'ਤੇ ਪੈਂਦਾ ਹੋਵੇਗਾ।

ਹੈਰਾਨੀ ਦੀ ਗੱਲ ਹੈ ਕਿ ਪੰਜਾਬੀਆਂ ਦੀ ਜਿਸ ਗ਼ੈਰਤ ਦੇ ਚਰਚੇ ਬਾਕੀ ਸੂਬਿਆਂ ਦੇ ਲੋਕ ਵੀ ਕਰਦੇ ਸਨ, ਅੱਜ ਉਹ ਬਿਲਕੁਲ ਮਰ ਚੁੱਕੀ ਏ। ਉਹੀ ਪੰਜਾਬੀ, ਜਿਹੜੇ ਕਿਸੇ ਵੇਲੇ ਸ਼ਰੀਕ ਦੀ ਟਿੱਚਰ ਤੱਕ ਬਰਦਾਸ਼ਤ ਨਹੀਂ ਕਰਦੇ ਸਨ, ਅੱਜ ਕਲਾਕਾਰਾਂ ਵੱਲੋਂ ਸ਼ਰੇਆਮ ਕੀਤੀਆਂ ਜਾ ਰਹੀਆਂ ਟਿੱਚਰਾਂ ਮੂਹਰੇ ਬੇਵੱਸ ਨੇ।

ਹੋਰ ਹੈਰਾਨੀ ਦੀ ਗੱਲ ਇਹ ਕਿ ਜਿਹੜੇ ਪੰਜਾਬੀ ਆਪਣੀ ਤਨਖ਼ਾਹ 'ਚ ਮਾਮੂਲੀ ਵਾਧੇ ਲਈ ਸੜਕਾਂ 'ਤੇ ਆ ਖੜ੍ਹੋਂਦੇ ਨੇ, ਸਰਕਾਰੀ ਨੀਤੀਆਂ ਖਿਲਾਫ਼ ਨਾਅਰੇ ਲਾਉਂਦਿਆਂ ਸੰਘ ਪਾੜ ਬੈਠਦੇ ਨੇ, ਮੰਗਾਂ ਨਾ ਮੰਨੀਆਂ ਜਾਣ ਤੱਕ ਮਰਨ ਵਰਤ ਰੱਖਣ ਦਾ ਡਰਾਵਾ ਦਿੰਦੇ ਨੇ, ਉਨ੍ਹਾਂ ਨੇ ਅੱਜ ਤੱਕ ਔਲਾਦ ਨੂੰ ਵਰਗਲਾਉਣ ਅਤੇ ਸੱਭਿਆਚਾਰਕ ਵਿਰਸੇ ਦੀ ਮਿੱਟੀ ਪੁੱਟਣ ਵਾਲੇ ਗਾਇਕਾਂ, ਗੀਤਕਾਰਾਂ ਖਿਲਾਫ਼ ਕਦੇ ਸੜਕਾਂ 'ਤੇ ਆਉਣ ਦਾ ਵਕਤ ਨਹੀਂ ਕੱਢਿਆ। ਜੇ ਮਾੜਾ ਗਾਉਣ ਵਾਲਿਆਂ ਖਿਲਾਫ਼ ਝੰਡਾ ਨਾ ਚੁੱਕਿਆ ਗਿਆ ਤਾਂ ਇਹ ਤੁਹਾਡੀਆਂ-ਸਾਡੀਆਂ ਕੁੜੀਆਂ ਦੇ ਨਾਂ ਲੈ-ਲੈ ਗਾਉਣਾ ਸ਼ੁਰੂ ਕਰ ਦੇਣਗੇ। ਹੋ ਸਕਦੈ ਉਨ੍ਹਾਂ ਨੂੰ ਮਾਪਿਆਂ ਨਾਲ ਧੋਖਾ ਕਰਨ ਦੇ ਅਜਿਹੇ ਗੁਰ ਸਿਖਾਉਣ ਲੱਗਣ, ਜਿਨ੍ਹਾਂ ਬਾਰੇ ਹਾਲੇ ਤੱਕ ਸਾਨੂੰ-ਤੁਹਾਨੂੰ ਕੋਈ ਜਾਣਕਾਰੀ ਨਹੀਂ। ਜੇ ਗ਼ਲਤ ਗਾਉਣ ਵਾਲੇ 2-4 ਨੂੰ ਸਟੇਜ 'ਤੇ ਹੀ ਸਬਕ ਸਿਖਾ ਦਿੱਤਾ ਜਾਵੇ ਤਾਂ ਹਲਕਾ ਗਾ ਕੇ ਮਸ਼ਹੂਰੀ ਦੇ ਚਾਹਵਾਨ ਬਾਕੀਆਂ ਦੇ ਹੌਸਲੇ ਟੁੱਟ ਜਾਣਗੇ ਪਰ ਦੇਖਣਾ ਇਹ ਹੈ ਕਿ ਬਿੱਲੀ ਗਲ ਟੱਲੀ ਕੌਣ ਬੰਨ੍ਹਦਾ ਹੈ?

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

## ਸਾਡੇ ਗਾਇਕਾਂ ਨੂੰ ਸੁਧਾਰ ਸਕਦੇ ਹਨ ਪਰਦੇਸੀ ਪੰਜਾਬੀ

ਇਹਦੇ ਵਿਚ ਕੋਈ ਸ਼ੱਕ ਨਹੀ ਕਿ ਪੰਜਾਬ ਦੀ ਖੁਸ਼ਹਾਲੀ ਵਿਚ ਪਰਦੇਸੀਂ ਵੱਸਦੇ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਅੱਜ ਪੰਜਾਬ ਵਿਚ ਵਿਆਹਾਂ 'ਤੇ ਹੋਣ ਵਾਲੇ ਖਰਚਿਆਂ ਅਤੇ ਡੀ ਜੇ ਦੀ ਧਮਾਲ ਅਤੇ ਹੋਰ ਚਮਕ-ਦਮਕ ਸਾਡੇ ਮਿਹਨਤ ਨਾਲ ਕਮਾਏ ਡਾਲਰਾਂ ਅਤੇ ਪੌਂਡਾਂ ਦੀ ਹੀ ਦੇਣ ਹੈ। ਮੈਂ ਗੱਲ ਕਰਨ ਜਾ ਰਿਹਾ ਹਾਂ ਸਾਡੇ ਪੰਜਾਬੀ ਗਾਇਕਾਂ ਦੀ, ਜਿਨ੍ਹਾਂ ਨੂੰ ਅਸੀਂ ਹਮੇਸ਼ਾ ਹੀ ਪਲਕਾਂ 'ਤੇ ਬਿਠਾਇਆ ਹੈ ਅਤੇ ਸਾਡੇ ਇਸੇ ਪਿਆਰ ਸਦਕਾ ਇਹ ਗਾਇਕ ਜਹਾਜ਼ਾਂ ਅਤੇ ਮਹਿੰਗੀਆਂ ਕਾਰਾਂ ਵਿਚ ਘੁੰਮਦੇ ਹਨ। ਅਸੀਂ ਮਹਿੰਗੀਆਂ ਟਿਕਟਾਂ ਖਰੀਦ ਕੇ ਇਨ੍ਹਾਂ ਦੇ ਸ਼ੋਅ ਦੇਖਣ ਜਾਂਦੇ ਹਾਂ ਅਤੇ ਲੱਖਾਂ ਰੁਪਏ ਦੇ ਕੇ ਵਿਆਹ-ਸ਼ਾਦੀਆਂ 'ਤੇ ਬੁਲਾਉਂਦੇ ਹਾਂ ਪਰ ਇਹ ਹੀ ਗਾਇਕ ਗਾਇਕੀ ਦੇ ਨਾਂ 'ਤੇ ਅਜਿਹਾ ਲੱਚਰ ਅਤੇ ਹਲਕੇ ਪੱਧਰ ਦਾ ਗਾਉਂਦੇ ਅਤੇ ਦਿਖਾਉਂਦੇ ਹਨ ਕਿ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ।

ਕੁਝ ਸਾਲ ਪਹਿਲਾਂ ਪੰਜਾਬੀ ਗਾਇਕ ਦਲਜੀਤ ਜਦੋਂ ਨਵਾਂ ਨਵਾਂ ਅਮਰੀਕਾ ਸ਼ੋਅ ਕਰਨ ਆਇਆ ਤਾਂ ਉਸ ਦੀ ਕਾਰਗੁਜ਼ਾਰੀ ਦੇਖ ਕੇ ਨਿਊ ਯਾਰਕ ਤੋਂ ਛਪਦੇ ਇਕ ਅਖਬਾਰ ਨੇ ਲਿਖਿਆ ਕਿ ਇਹ ਮੁੰਡਾ ਪੰਜਾਬੀਆਂ ਦੇ ਮਾਣ ਗੁਰਦਾਸ ਮਾਨ ਦੀ ਗਾਇਕੀ ਦਾ ਵਾਰਿਸ ਬਣੇਗਾ। ਕਾਸ਼! ਇਹ ਭਵਿਖਵਾਣੀ ਸੱਚ ਹੁੰਦੀ। ਉਸੇ ਦਲਜੀਤ ਨੇ ਅੱਗੇ ਜਾ ਕੇ ਜੋ ਗੰਦ ਪਾਇਆ, ਉਹ ਸਭ ਨੂੰ ਪਤਾ ਹੈ। ਉਸ ਨੇ ਇਕ ਗੀਤ ਗਾਇਆ, 'ਜਦੋਂ ਪੰਗਾ ਪੈ ਜਾਏ।' ਉਸ ਵਿਚ ਰੈਪ ਕੀਤਾ ਗਿਆ ਜਿਸ ਦੇ ਬੋਲ ਸਨ, ਚਾਚੇ ਤਾਏ ਸਾਡੇ ਘਰ ਲੱਸੀ ਲੈਣ ਆਉਂਦੇ, ਜਿਹੜੇ ਲੈਂਦੇ ਪੰਗਾ ਆਪਣੀ ਭੈ...। ਅਮਰੀਕਾ ਦੇ ਕਾਲਿਆਂ ਦੀ ਗਾਇਕੀ ਦਾ ਇਹ ਗੰਦਾ ਤਜਰਬਾ ਪਹਿਲੀ ਵਾਰ ਇਸ ਦਲਜੀਤ ਨੇ ਕਰਨ ਦੀ ਹਿੰਮਤ ਕੀਤੀ।

ਜ਼ਿਕਰਯੋਗ ਹੈ ਕਿ ਕਾਲਿਆਂ ਦੇ ਰੈਪ ਮਿਊਜ਼ਿਕ ਵਿਚ ਇਸ ਤਰੀਕੇ ਨਾਲ ਗਾਲ੍ਹਾਂ ਕੱਢੀਆਂ ਹੁੰਦੀਆਂ ਹਨ ਕਿ ਗਾਲ੍ਹ ਵਾਲੀ ਥਾਂ ਆਵਾਜ਼ ਦੱਬ ਦਿੱਤੀ ਹੈ ਪਰ ਨਾਲ ਨਾਲ ਗਾਉਣ ਵਾਲੇ ਦੇ ਮੂੰਹੋਂ ਉਹ ਗਾਲ੍ਹ ਆਪ ਮੁਹਾਰੇ ਨਿੱਕਲ ਜਾਂਦੀ ਹੈ ਅਤੇ ਸੁਣਨ ਵਾਲੇ ਨੂੰ ਸਮਝ ਲੱਗ ਜਾਂਦੀ ਹੈ। ਫਿਰ ਇਸ ਦਲਜੀਤ ਨੇ ਗੀਤ ਗਾਇਆ, ਲੱਕ ਟਵੰਟੀ ਏਟ ਕੁੜੀ ਦਾ, ਫੋਰਟੀ ਸੈਵਨ ਵੇਟ ਕੁੜੀ ਦਾ। ਅਸੀਂ ਗੀਤ ਦਾ ਵਿਰੋਧ ਕਰਨ ਦੀ ਥਾਂ ਇਸ ਨੂੰ ਖੂਬ ਸੁਣਿਆ ਅਤੇ ਪਸੰਦ ਕੀਤਾ। ਇਸ ਗਾਇਕ ਦਾ ਹੌਸਲਾ ਹੋਰ ਵੱਧ ਗਿਆ ਅਤੇ ਇਸ ਨੇ ਗੀਤ ਗਾ ਦਿਤਾ, "ਨੀ ਤੂੰ ਪੰਦਰਾਂ ਸਾਲਾਂ ਤੋਂ ਅਜੇ ਘੱਟ ਸੋਹਣੀਏ, ਕਿਵੇਂ ਸਹਿਲੇਂਗੀ ਪਿਆਰ ਵਾਲੀ ਸੱਟ ਸੋਹਣੀਏ।" ਇਸ ਗੀਤ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਕੁਝ ਗੈਰਤਮੰਦ ਪੰਜਾਬੀਆਂ ਦੀ ਨੀਂਦ ਖੁੱਲ੍ਹੀ ਅਤੇ ਉਨ੍ਹਾਂ ਨੂੰ ਲੱਗਿਆ ਕਿ ਗੱਲ ਹੱਦੋਂ ਵੱਧ ਗਈ ਹੈ। ਉਨ੍ਹਾਂ ਨੇ ਆਪੋ-ਆਪਣੇ ਢੰਗ ਨਾਲ ਇਸ ਦਾ ਵਿਰੋਧ ਕੀਤਾ। ਇਸ ਵਿਰੋਧ ਨੇ ਉਸ ਗਾਇਕ ਨੂੰ ਮਜਬੂਰ ਕਰ ਦਿਤਾ ਤੇ ਉਸ ਨੂੰ ਇਸ ਗਾਣੇ ਦੀ ਐਡ ਰੋਕਣੀ ਪਈ ਅਤੇ ਸੀ ਡੀ ਰਿਲੀਜ਼ ਨਹੀਂ ਹੋ ਸਕੀ। ਇਸੇ ਗੱਲ ਨੇ ਮੈਨੂੰ ਸਤਰਾਂ ਲਿਖਣ ਲਈ ਮਜਬੂਰ ਕੀਤਾ।

ਸੋ, ਗੈਰਤਮੰਦ ਪੰਜਾਬੀਆਂ ਨੂੰ ਮੇਰੀ ਅਪੀਲ ਹੈ ਕਿ ਅਜਿਹੇ ਗਾਇਕਾਂ ਦਾ ਡਟ ਕੇ ਵਿਰੋਧ ਕੀਤਾ ਜਾਵੇ ਅਤੇ ਛਿੱਤਰ ਮਾਰੇ ਜਾਣ ਜਿਹੜੇ ਸਾਡੇ ਵਿਰਸੇ ਅਤੇ ਸਾਡੀਆਂ ਧੀਆਂ-ਭੈਣਾਂ ਦਾ ਅਕਸ ਵਿਗਾੜਦੇ ਹਨ। ਅਜਿਹਾ ਕੋਈ ਗਾਇਕ ਜਦੋਂ ਵੀ ਬਾਹਰ ਸ਼ੋਅ ਕਰਨ ਆਵੇ ਤਾਂ ਉਸ ਦਾ ਵਿਰੋਧ ਕੀਤਾ ਜਾਵੇ। ਪ੍ਰੋਮੋਟਰ ਨੂੰ ਮਜਬੂਰ ਕਰ ਦਿੱਤਾ ਜਾਵੇ ਕਿ ਉਹ ਅਜਿਹੇ ਗਾਇਕ ਦਾ ਸ਼ੋਅ ਨਾ ਕਰਵਾਵੇ। ਇਹ ਬੇਨਤੀ ਮੈਂ ਸਿਰਫ ਪਰਦੇਸੀਆਂ ਨੂੰ ਹੀ ਕਿਉਂ ਕਰ ਰਿਹਾ ਹਾਂ? ਕਾਰਨ ਹੈ ਕਿ ਸਾਡੇ ਦਿਲਾਂ ਵਿਚ ਜਿੰਨਾ ਪਿਆਰ ਸਾਡੀ ਮਾਂ ਬੋਲੀ ਲਈ, ਸਾਡੇ ਸਭਿਆਚਾਰ ਲਈ ਜਾਂ ਸਾਡੇ ਧਰਮ ਲਈ ਹੈ, ਉਨਾ ਪਿਆਰ ਜਾਂ ਸਤਿਕਾਰ ਪੰਜਾਬ ਵਿਚ ਰਹਿਣ ਵਾਲਿਆਂ ਦੇ ਦਿਲਾਂ ਵਿਚ ਨਹੀਂ।

-ਦੀਪ ਮੰਗਲੀ, ਫੋਨ:917-254-6768

## ਮਾਣਕ:ਗਾਇਕੀ ਦੇ ਅਰਸ਼ ਦਾ ਧਰੂ ਤਾਰਾ ਟੁੱਟਿਆ

ਨਿੰਮਾ ਡੱਲੇਵਾਲਾ

ਕੁਲਦੀਪ ਮਾਣਕ ਯਾਨਿ ਪੰਜਾਬੀ ਗਾਇਕੀ ਦੀ ਮਾਲਾ ਦਾ ਉਹ ਮਣਕਾ ਜਿਸ ਦੀ ਚਮਕ ਗਿਣਵੇਂ-ਚੁਣਵੇਂ ਮਣਕਿਆਂ ਵਿਚ ਉਪਰ ਆਉਂਦੀ ਹੈ; ਜਿਸ ਦਾ ਗਾਉਣ ਦਾਦੇ ਦੇ ਵਕਤਾਂ ਤੋਂ ਸ਼ੁਰੂ ਹੋਇਆ ਅਤੇ ਉਸ ਦੇ ਪੋਤੇ ਦੇ ਸਰੀਰ ਵਿਚ ਸਾਹ ਮੁੱਕਣ ਨਾਲ ਭਾਵੇਂ ਸਮਾਪਤ ਹੋ ਗਿਆ ਪਰ ਉਸ ਮਹਾਨ ਗਾਇਕ ਨੇ ਹਮੇਸ਼ਾ ਆਪਣੇ ਸੱਚੇ-ਸੁੱਚੇ ਗੀਤਾਂ ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ। ਪਿੰਡ ਜਲਾਲ ਵਿਚ 15 ਸਤੰਬਰ 1949 ਵਿਚ ਪੈਦਾ ਹੋਇਆ ਸਾਡਾ ਕੁਲਦੀਪ ਮਾਣਕ 17 ਸਾਲ ਦੀ ਉਮਰ ਵਿਚ ਹੀ ਗਾਇਕੀ ਦੀ ਵੱਖਰੀ ਪਗਡੰਡੀ ਬਣਾ ਕੇ ਤੁਰ ਪਿਆ ਸੀ। ਲੁਧਿਆਣੇ ਸ਼ਹਿਰ ਜਾ ਕੇ ਉਸ ਨੇ ਕਈ ਤੱਤੇ-ਠੰਢੇ ਵਕਤਾਂ ਦਾ ਸਾਹਮਣਾ ਕੀਤਾ। ਉਹਦੀ ਗਾਇਕੀ ਅਤੇ ਬੁਲੰਦ ਆਵਾਜ਼ ਨੇ ਹਰ ਮਾੜੇ ਵਕਤ ਦੀ ਵੇਰੀ ਢਾਹ ਸੁੱਟੀ। ਉਸ ਦੀ ਆਵਾਜ਼ ਦੀ ਉਚਾਈ ਸਾਡੇ ਸੰਗੀਤ ਦੀਆਂ ਸੁਰਾਂ ਤੋਂ ਵੀ ਉਚੀ ਸੀ, ਤੇ ਉਤੋਂ ਮਿਲ ਗਏ ਦੇਵ ਥਰੀਕੇ ਵਾਲੇ ਦੇ ਵਧੀਆ ਗੀਤ ਜਿਨ੍ਹਾਂ ਨੂੰ ਗਾ ਕੇ ਮਾਣਕ 'ਕਲੀਆਂ ਦਾ ਬਾਦਸ਼ਾਹ' ਬਣ ਗਿਆ।

ਪੰਜਾਬ ਦੀ ਸ਼ਾਨ ਗੁਰਦਾਸ ਮਾਨ ਨੇ ਵੀ ਸੱਚ ਹੀ ਕਿਹਾ ਹੈ, 'ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ, ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ'। ਨਵੀਂ ਪੀੜ੍ਹੀ ਦੇ ਗਾਇਕ ਜੈਜ਼ੀ ਬੈਂਸ ਜਿਸ ਨੇ ਆਪਣੀ ਸ਼ਾਗਿਰਦੀ ਦਾ ਸਿਲਾ ਮਾਣਕ ਦੇ ਅਖੀਰਲੇ ਦਿਨਾਂ ਵਿਚ ਮੋੜਿਆ, ਨਾਲ ਵੀ ਮਾਣਕ ਦਾ ਇਕ ਗੀਤ ਹੈ, 'ਇਕ ਆਖਿਰ ਬਣ ਕੇ ਰਹਿ ਗਿਆ' ਜਿਸ ਵਿਚ ਮਾਣਕ ਦਾ ਬੇਟਾ ਯੁਧਵੀਰ ਮਾਣਕ ਵੀ ਹੈ। ਇਹ ਗੀਤ ਅੱਜਕੱਲ੍ਹ ਚੱਲ ਵੀ ਰਿਹਾ ਹੈ। ਇਸ ਨੂੰ ਅਸੀਂ ਮਾਣਕ ਦੀ ਆਖਰੀ ਨਿਸ਼ਾਨੀ ਵੀ ਕਹਿ ਸਕਦੇ ਹਾਂ।

ਹੁਣ ਚੱਲਦੀ ਗੱਲ ਦਾ ਰਤਾ ਕੁ ਰੁਖ ਬਦਲੀਏ...ਮਾਣਕ ਸ਼ਾਇਦ ਹਾਲੇ ਕੁਝ ਸਾਲ ਹੋਰ ਵੀ ਅਲਵਿਦਾ ਨਾ ਆਖਦੇ ਇਸ ਰੰਗੀਲੀ ਦੁਨੀਆ ਨੂੰ, ਪਰ ਉਨ੍ਹਾਂ ਨੂੰ ਮਾਰ ਗਿਆ ਔਲਾਦ ਦਾ ਦੁੱਖ। ਮਾਣਕ ਦਾ ਮੁੰਡਾ ਯੁੱਧਵੀਰ ਮਾਣਕ ਕਿੰਨੇ ਹੀ ਮਹੀਨੇ ਹਸਪਤਾਲ ਵਿਚ ਗੁੰਮ-ਸੁੰਮ ਰਿਹਾ ਜਿਸ ਦੇ ਬਚਣ ਦੀ ਆਸ ਵੀ ਨਹੀਂ ਸੀ। ਇਹ ਚਿੰਤਾ ਉਸ ਨੂੰ ਮੌਤ ਦੇ ਹੋਰ ਵੀ ਨਜ਼ਦੀਕ ਲੈ ਗਈ ਪਰ ਸ਼ੁਕਰ ਹੈ ਰੱਬ ਦਾ ਕਿ ਯੁਧਵੀਰ ਮਾਣਕ ਪੂਰੇ



ਪੰਜਾਬ ਦੀਆਂ ਦੁਆਵਾਂ ਸਦਕਾ ਰਾਜ਼ੀ ਹੋ ਗਿਆ ਹੈ।

ਅੱਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਮੈਨੂੰ ਮਾਣਕ ਦੇ ਗੋਡਿਆਂ ਨੂੰ ਹੱਥ ਲਾਉਣ ਦਾ ਮੌਕਾ ਮਿਲਿਆ। ਮੈਨੂੰ ਵੀ ਗਾਉਣ ਤੇ ਲਿਖਣ ਦਾ ਬੜਾ ਸ਼ੌਕ ਸੀ ਜਿਹੜਾ ਬਾਹਰ ਆਣ ਕੇ ਕੁਝ ਫਿੱਕਾ ਪੈ ਗਿਆ। ਭੁਪਿੰਦਰ ਗਿੱਲ ਜਿਹੜਾ ਅੱਜ ਗਾਇਕੀ ਵਿਚ ਮੱਲਾਂ ਮਾਰ ਗਿਆ ਹੈ, ਉਸ ਵੇਲੇ ਉਹ ਵੀ ਸੰਘਰਸ਼ ਕਰਦਾ ਸੀ। ਉਸ ਦੀ ਤੀਜੀ ਕੈਸਿਟ 'ਦੋ ਦਿਨ ਬਣੀ ਮਾਸ਼ੂਕ ਦਾ ਇਤਬਾਰ ਨਾ ਕਰੀਏ' ਰੋਪੜ ਆਈ.ਟੀ.ਆਈ. ਵਿਚ ਕੁਲਦੀਪ ਮਾਣਕ ਨੇ ਰਿਲੀਜ਼ ਕੀਤੀ ਸੀ। ਇਸ ਵਿਚ ਮੇਰਾ ਗੀਤ ਵੀ ਸੀ। ਮੇਰੇ ਲਈ ਹੋਰ ਵੀ ਖ਼ੁਸ਼ੀ ਵਾਲਾ ਦਿਨ ਉਦੋਂ ਬਣਿਆ ਜਦੋਂ ਭੁਪਿੰਦਰ ਗਿੱਲ ਨੇ ਕੈਸਿਟ ਵਿਚਲੇ ਗੀਤਕਾਰਾਂ ਨਾਲ ਮੈਨੂੰ ਸਟੇਜ 'ਤੇ ਬੁਲਾਇਆ। ਉਸ ਵਕਤ ਕੁਲਦੀਪ ਮਾਣਕ ਤੇ ਕਾਂਗਰਸ ਦੇ ਨੇਤਾ ਭੁਪੇਸ਼ ਸ਼ਰਮਾ ਨੇ ਕਿਸੇ ਨੂੰ ਭੇਜ ਕੇ ਮੈਨੂੰ ਕੋਲ ਬੁਲਾਇਆ ਤੇ ਮੱਤ ਦਿੱਤੀ ਕਿ ਤੁਸੀਂ ਲਿਖਦੇ ਹੋ, ਜੇ ਵਧੀਆ ਲਿਖੋਗੇ ਤਾਂ ਹੋਰ ਵੀ ਵਧੀਆ ਗੱਲ ਬਣ ਜਾਏਗੀ।

ਪੰਜਾਬ, ਪੰਜਾਬੀ ਤੇ ਪੰਜਾਬੀ ਸਭਿਆਚਾਰ ਨੂੰ ਕਲੀਆਂ ਦੇ ਬਾਦਸ਼ਾਹ ਦੇ ਤੁਰ ਜਾਣ ਦਾ ਪਿਆ ਘਾਟਾ ਹਮੇਸ਼ਾ ਹੀ ਰੜਕਦਾ ਰਹੇਗਾ, ਇਹ ਘਾਟਾ ਕਦੀ ਵੀ ਪੂਰਾ ਨਹੀਂ ਹੋਵੇਗਾ ਕਿਉਂਕਿ ਮਾਣਕ ਸਾਹਿਬ ਲੱਚਰਤਾ ਤੋਂ ਕੋਹਾਂ ਦੂਰ ਸਨ,

ਦੀਦਾਰ, ਮਾਣਕ ਤੇ ਯਮਲਾ,
ਨਾ ਮੁੜ ਜੰਮਣਾ ਬਿੰਦਰਖੀਆ
ਭਾਵੇਂ ਗਾਇਕ ਨਵੇਂ ਨਿੱਤ ਜੰਮਦੇ ਨੇ,
ਜਿਵੇਂ ਜੰਮਦੀਆਂ ਨੇ ਮੱਖੀਆਂ।
ਇਨ੍ਹਾਂ ਵਰਗਾ ਗਾਇਕ
ਕਿਸੇ ਮਾਂ ਦੁਬਾਰਾ ਨਾ ਜਣਨਾ
ਇਹੀ ਚਿੰਤਾ ਸਭਿਆਚਾਰ ਕਰੇ
ਕਿਸੇ ਨੇ ਮਾਣਕ ਨਹੀਂ ਬਣਨਾ।

ਦੋ ਦਸੰਬਰ ਵਾਲੇ ਦਿਨ ਕੁਲਦੀਮ ਮਾਣਕ ਨੂੰ ਲੁਧਿਆਣੇ ਤੋਂ ਜੱਦੀ ਪਿੰਡ ਜਲਾਲ (ਬਠਿੰਡਾ) ਲਿਜਾਇਆ ਗਿਆ ਤਾਂ ਅੰਤਿਮ ਵਿਦਾਇਗੀ ਦੀ ਰਸਮ ਵੇਲੇ ਪੂਰੇ ਪਿੰਡ ਵਿਚ ਸੋਗ ਦੀ ਲਹਿਰ ਸੀ। ਉਨ੍ਹਾਂ ਨੂੰ ਮੁਸਲਿਮ ਰੀਤੀ-ਰਿਵਾਜ਼ਾਂ ਮੁਤਾਬਕ ਦਫ਼ਨਾਇਆ ਗਿਆ। ਉਸ ਵੇਲੇ ਜਾਪਦਾ ਸੀ ਜਿਵੇਂ ਮਾਣਕ ਸਾਹਿਬ ਚੁੱਪ ਧਾਰ ਕੇ ਵੀ ਕਹਿ ਰਹੇ ਹੋਣ-ਅਲਵਿਦਾ...ਅਲਵਿਦਾ...ਅਲਵਿਦਾ...!

# ਸਾਰਾ ਬ੍ਰਹਿਮੰਡ ਹੀ 'ਕੰਸੰਟ੍ਰੇਟਿਡ ਸਾਊਂਡ' ਹੈ-ਸੋਹਨ ਕਾਦਰੀ

***ਪ੍ਰਸਿੱਧ ਚਿੱਤਰਕਾਰ ਅਤੇ ਕਵੀ ਸੋਹਨ ਕਾਦਰੀ ਦਾ ਜਨਮ 2 ਨਵੰਬਰ 1932 ਨੂੰ ਪਿੰਡ ਚਾਚੋਕੀ (ਨੇੜੇ ਫਗਵਾੜਾ) ਹੋਇਆ। ਉਸ ਨੇ ਵਿਦਿਆ ਰਾਮਗੜ੍ਹੀਆ ਕਾਲਜ ਤੋਂ ਮੁਕੰਮਲ ਕੀਤੀ ਅਤੇ ਆਰਟ ਦਾ ਡਿਪਲੋਮਾ ਸ਼ਿਮਲੇ ਤੋਂ ਕੀਤਾ। ਕੁਝ ਦੇਰ ਰਾਮਗੜ੍ਹੀਆ ਕਾਲਜ ਵਿਚ ਪੜ੍ਹਾਇਆ। ਜਲੰਧਰ ਵਿਚ ਫੋਟੋਗ੍ਰਾਫੀ ਕੀਤੀ ਤੇ ਫਿਰ ਦੇਸ਼-ਵਿਦੇਸ਼ ਵਿਚ ਆਪਣੇ ਚਿੱਤਰਾਂ ਦੀਆਂ ਨੁਮਾਇਸ਼ਾਂ ਲਾਉਂਦਾ ਹੋਇਆ, ਡੈਨਮਾਰਕ ਵਿਚ ਪੱਕੇ ਤੌਰ 'ਤੇ ਰਹਿਣ ਲੱਗ ਪਿਆ। ਸੋਹਨ ਕਾਦਰੀ ਦੇ ਚਿੱਤਰ ਅਤੇ ਕਵਿਤਾ ਰਵਾਇਤਾਂ ਨੂੰ ਤੋੜਦੇ ਹਨ। 2 ਮਾਰਚ 2011 ਨੂੰ ਕੈਨੇਡਾ ਵਿਚ ਉਸ ਦੀ ਮੌਤ ਹੋ ਗਈ। 17 ਅਗਸਤ 2003 ਨੂੰ ਨਿਊ ਯਾਰਕ ਵਿਚ ਸੋਹਣ ਕਾਦਰੀ ਨਾਲ ਕੀਤੀ ਲੰਬੀ ਮੁਲਾਕਾਤ ਦੇ ਕੁਝ ਅੰਸ਼।***

ਸੋਹਨ ਕਾਦਰੀ ਦੀ ਦਿੱਖ ਵਿਲੱਖਣ ਸੀ। ਦਿੱਖ, ਨਿਰੀ ਸਰੀਰਕ ਨਹੀਂ, ਉਸ ਦੇ ਚਿੱਤਰਾਂ ਦੀ, ਉਸ ਦੀ ਕਵਿਤਾ ਦੀ, ਉਸ ਦੇ ਜੀਵਨ ਦੀ, ਉਸ ਦੇ ਰਹਿਣ ਸਹਿਣ ਦੀ ਅਤੇ ਉਸ ਦੇ ਵਿਚਾਰਾਂ ਦੀ।

ਨਿਊ ਯਾਰਕ ਵਿਚ ਹਰੇਕ ਆਦਮੀ ਦੀ ਦਿੱਖ

**ਸੁਰਿੰਦਰ ਸੋਹਲ**
ਫੋਨ:646-220-2586

ਪਿਘਲ ਜਾਂਦੀ ਹੈ ਪਰ ਇਥੋਂ ਦੀਆਂ ਗਲੀਆਂ ਵਿਚ ਤੁਰਿਆ ਫਿਰਦਾ ਸੋਹਨ ਕਾਦਰੀ ਬਿਲਕੁਲ ਅਲਗ ਨਜ਼ਰ ਆ ਰਿਹਾ ਸੀ। ਉਸ ਦਾ ਲਿਬਾਸ, ਉਸ ਦੇ ਪਿਛਾਂਹ ਨੂੰ ਵਾਹੇ ਹੋਏ ਵਾਲ। ਸ਼ੇਵ ਕੀਤੀ ਹੋਈ ਦਾਹੜੀ ਪਰ ਠੋਡੀ ਤੋਂ ਉਪਰ ਤੇ ਹੇਠਲੇ ਬੁੱਲ੍ਹ ਤੋਂ ਹੇਠਾਂ ਚੰਦ ਕੁ ਵਾਲ। ਸਫ਼ੈਦ ਦੰਦਾਂ, ਮਸੂੜਿਆਂ ਵਿਚ ਸੁਲਫ਼ਾ ਪੀ ਪੀ ਕੇ ਫੈਲੀ ਕਾਲਖ। ਉਸ ਦੀ ਵਿਲੱਖਣ ਦਿੱਖ ਸੀ।

ਉਸ ਦਾ ਪਿੰਡ ਚਾਚੋਕੀ ਦੇ ਨੇੜੇ ਮੰਢਾਲੀ ਹੈ। ਪਿੰਡ ਚਾਚੋਕੀ ਅਹਿਮਦ ਅਲੀ ਸ਼ਾਹ ਕਾਦਰੀ ਦਾ ਰੋਜ਼ਾ ਹੈ। ਜਦੋਂ ਕਾਦਰੀ ਦੇ ਮਨ ਨੂੰ ਉਦਾਸੀ ਘੇਰਾ ਪਾਉਂਦੀ ਤਾਂ ਉਹ ਇਬਾਦਤਗਾਹ ਵਿਚ ਜਾ ਬੈਠਦਾ। ਉਥੋਂ ਹੀ ਸੋਹਨ ਨੇ ਆਪਣੇ ਨਾਂ ਨਾਲ 'ਕਾਦਰੀ' ਜੋੜ ਲਿਆ। ਸਾਈਂ ਜੀ ਅਕਸਰ ਆਖਦੇ, 'ਬੇਟੇ ਸ਼ੀਸ਼ਾ ਲੈ ਲਉ ਤੇ ਬੈਠ ਜਾਉ। ਬਸ ਆਪਣਾ ਮੂੰਹ ਦੇਖ ਲਉ।'

ਉਦੋਂ ਸੋਹਨ ਨੂੰ ਇਨ੍ਹਾਂ ਗੱਲਾਂ ਦੀ ਕਦੋਂ ਸਮਝ ਆਉਂਦੀ ਸੀ। ਪਰ ਹੌਲੀ ਹੌਲੀ 'ਸ਼ੀਸ਼ੇ' ਦੇ ਅਰਥ ਸਮਝ ਲੱਗੇ। 'ਆਪਣਾ ਮੂੰਹ ਦੇਖਣ' ਦੀ ਰਮਜ਼ ਸਮਝ ਆਈ। ਹੌਲੀ ਹੌਲੀ ਧਿਆਨ ਲਗਾਉਣ ਦੀ ਜਾਚ ਆ ਗਈ। ਯੋਗਾ ਕਰਨ ਦਾ ਮਹੱਤਵ ਸਮਝ ਆਇਆ। ਆਖ਼ਰੀ ਦਮ ਤੱਕ ਸੋਹਨ ਕਾਦਰੀ ਸਵੇਰੇ ਉਠ ਕੇ ਅੱਧਾ ਪੌਣਾ ਘੰਟਾ ਯੋਗਾ ਕਰਦਾ ਰਿਹਾ।

ਆਪਣੇ ਭਟਕਦੇ ਮਨ ਨੂੰ ਰੀਝਾਉਣ ਲਈ ਸੋਹਨ ਨੇ ਫੋਟੋਗ੍ਰਾਫ਼ੀ ਕਰਨੀ ਸ਼ੁਰੂ ਕਰ ਦਿੱਤੀ। ਇਕ ਦੋਸਤ ਨੂੰ ਆਪਣਾ ਉਸਤਾਦ ਬਣਾਇਆ। ਜਲੰਧਰ ਵਿਚ ਸਟੂਡੀਓ ਖੋਲ੍ਹ ਲਿਆ। ਫੋਟੋਗ੍ਰਾਫ਼ੀ ਵਿਚ ਉਸ ਨੇ ਚੰਗੀ ਮੁਹਾਰਤ ਹਾਸਿਲ ਕਰ ਲਈ। ਉਸ ਦਾ ਚੰਗਾ ਨਾਂ ਹੋ ਗਿਆ। ਰਘੂਰਾਏ ਵਰਗੇ ਵੱਡੇ ਵੱਡੇ ਫੋਟੋਗ੍ਰਾਫ਼ਰਾਂ ਨਾਲ ਉਸ ਦੀ ਵਾਕਫ਼ੀਅਤ ਹੋ ਗਈ। ਸ਼ਿਮਲੇ ਉਸ ਨੇ ਪੰਜ ਸਾਲ ਆਰਟ ਪੜ੍ਹਿਆ। ਫਿਰ ਪਿੰਡ ਆ ਕੇ ਆਪਣਾ ਨਵਾਂ ਘਰ ਬਣਾਇਆ। ਉਸ ਵਿਚ ਸਟੂਡੀਓ ਬਣਾਇਆ। ਉਸ ਸਟੂਡੀਓ ਵਿਚ ਹੀ ਸ਼ਿਵ ਕੁਮਾਰ ਰਹਿੰਦਾ ਰਿਹਾ। ਸ਼ਿਵ ਕੁਮਾਰ ਨੂੰ ਮਿਲਣ ਉਸੇ ਸਟੂਡੀਓ ਵਿਚ ਅੰਮ੍ਰਿਤਾ ਪ੍ਰੀਤਮ, ਮੁਲਕ ਰਾਜ ਆਨੰਦ, ਜਸਵੰਤ ਸਿੰਘ ਕੰਵਲ, ਬਲਰਾਜ ਸਾਹਨੀ, ਜਗਜੀਤ ਸਿੰਘ ਆਨੰਦ ਹੋਰੀਂ ਆਉਂਦੇ ਰਹੇ। ਸੋਹਨ ਕਾਦਰੀ ਦਾ ਇਹ ਸਟੂਡੀਓ ਸਾਹਿਤਕ ਮਹਿਕ ਨਾਲ ਭਰਿਆ ਰਹਿੰਦਾ।



*ਖੱਬਿਓਂ-ਸੁਰਿੰਦਰ ਸੋਹਲ, ਡਾ. ਗੁਰਬਚਨ, ਸੋਹਨ ਕਾਦਰੀ, ਡਾ. ਕਾਨਾ ਸਿੰਘ, ਮਨਮੋਹਨ ਬਾਵਾ, ਉਂਕਾਰਪ੍ਰੀਤ ਸਿੰਘ ਅਤੇ ਨਾਟਕਕਾਰ ਅਮਰਜੀਤ ਸਿੰਘ। (ਚੰਡੀਗੜ੍ਹ 1997 ਨਾਟਕਕਾਰ ਅਮਰਜੀਤ ਸਿੰਘ ਦੇ ਘਰ ਦੇ ਸਾਹਮਣੇ)*

ਸ਼ਿਵ ਕੁਮਾਰ ਦੀਆਂ ਪਹਿਲੀਆਂ ਤਿੰਨ ਕਿਤਾਬਾਂ ਸੋਹਨ ਕਾਦਰੀ ਨੇ ਡਿਜ਼ਾਈਨ ਕੀਤੀਆਂ। ਸੋਹਨ ਕਾਦਰੀ ਸ਼ਿਵ ਕੁਮਾਰ ਦੀ ਨਵੀਂ ਰਚੀ ਕਵਿਤਾ ਦੇ ਪਲੇਠੇ ਸਰੋਤਿਆਂ ਵਿਚੋਂ ਇਕ ਸੀ। ਸ਼ਿਵ ਦੀ ਕਵਿਤਾ ਸੁਣ ਕੇ ਉਸ ਦੇ ਬਾਰੇ ਵਿਚਾਰ ਪ੍ਰਗਟ ਕਰਦਾ। ਸ਼ਿਵ ਰਾਤ ਨੂੰ ਜਾਂ ਤੜਕੇ ਨੂੰ ਰਚੀ ਕਵਿਤਾ ਉਠ ਕੇ ਪਹਿਲਾਂ ਸੋਹਨ ਕਾਦਰੀ ਨੂੰ ਸੁਣਾਉਂਦਾ।


***

ਸੋਹਨ ਕਾਦਰੀ ਕਹਿੰਦਾ ਸੀ, 'ਮੇਰੀ ਕਵਿਤਾ ਵੀ ਪੇਂਟਿੰਗ ਵਰਗੀ ਹੈ ਤੇ ਪੇਂਟਿੰਗ ਕਵਿਤਾ ਵਰਗੀ। ਦੋਹਾਂ ਵਿਚ ਫਰਕ ਨਹੀਂ। ਕੋਈ ਵਲਵਲਾ, ਕੋਈ ਫਲਾਈਂਗ ਇਮੇਜ ਹੁੰਦੀ ਹੈ। ਕਦੇ ਕਦੇ ਰੰਗਾਂ ਦੀ ਪਕੜ ਵਿਚ ਆ ਜਾਂਦੇ ਹਨ। ਕਦੇ ਸ਼ਬਦਾਂ ਦੀ ਪਕੜ ਵਿਚ। ਬਸ ਏਨਾ ਹੀ ਫ਼ਰਕ ਹੈ। ਜੇ ਕੋਈ ਜਾਣ ਬੁਝ ਕੇ ਕਵਿਤਾ 'ਚ ਕਹੀ ਜਾਣ ਵਾਲੀ ਗੱਲ ਨੂੰ ਪੇਂਟਿੰਗ ਰਾਹੀਂ ਕਹਿਣ ਦੀ ਕੋਸ਼ਿਸ਼ ਕਰੇ ਜਾਂ ਪੇਂਟਿੰਗ 'ਚ ਕਹੀ ਜਾਣ ਵਾਲੀ ਗੱਲ ਨੂੰ ਕਵਿਤਾ ਵਿਚ ਕਹਿਣ ਦੀ ਕੋਸ਼ਿਸ਼ ਕਰੇ ਤਾਂ ਇਹ ਕਵਿਤਾ ਅਤੇ ਚਿੱਤਰਕਾਰੀ, ਦੋਹਾਂ ਨਾਲ ਅਨਿਆਂ ਹੈ। ਕਵਿਤਾ ਅਤੇ ਪੇਂਟਿੰਗ ਪਿਛੇ ਇਕੋ ਸ਼ਕਤੀ ਕੰਮ ਕਰਦੀ ਹੈ। ਸਿਰਫ਼ ਪ੍ਰਗਟਾਵੇ ਹੀ ਦੋ ਹੁੰਦੇ ਹਨ। ਅਸਲ ਵਿਚ ਦੋ ਵੀ ਨਹੀਂ ਹੁੰਦੇ, ਇਕ ਹੀ ਹੁੰਦਾ ਹੈ। ਤੁਸੀਂ ਪੇਂਟਿੰਗ ਪੜ੍ਹ ਵੀ ਸਕਦੇ ਹੋ। ਕਵਿਤਾ ਨੂੰ ਦੇਖ ਵੀ ਸਕਦੇ ਹੋ।'

***

ਮੈਂ ਸੋਹਣ ਕਾਦਰੀ ਨੂੰ ਪੁੱਛਿਆ, 'ਡਾਟ (ਬਿੰਦੂ) ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ?' ਤਾਂ ਉਸ ਨੇ ਕਿਹਾ, 'ਨਾਦ ਬਿੰਦੂ ਬਹੁਤ ਪੁਰਾਤਨ ਹੈ। ਸਾਰਾ ਬ੍ਰਹਿਮੰਡ ਹੀ 'ਕੰਸੰਟ੍ਰੇਟਿਡ ਸਾਊਂਡ' ਹੈ। ਇਸ ਟੇਬਲ ਵਿਚ ਵੀ ਵਾਈਬ੍ਰੇਸ਼ਨ ਹੈ, ਪਰ ਕੰਸੰਟ੍ਰੇਟਿਡ ਹੋਈ ਹੋਈ। ਨਾਦ ਬਿੰਦੂ ਬੀਜ ਹੈ। ਬੀਜ ਵਿਚੋਂ ਦਰਖ਼ਤ ਬਣਦਾ ਹੈ। ਦਰਖ਼ਤ ਨੂੰ ਫੁੱਲ ਹੁੰਦੇ ਹਨ। ਪੱਤੇ ਹੁੰਦੇ ਹਨ। ਦਰਖ਼ਤ ਫਿਰ ਬੀਜ ਪੈਦਾ ਕਰਦਾ ਹੈ। ਸਾਰੇ ਪੌਦੇ ਕੀ ਕਰ ਰਹੇ ਹਨ? ਆਪਣਾ ਬੀਜ ਪੈਦਾ ਕਰ ਰਹੇ ਹਨ। ਫੁੱਲ ਫੱਲ ਤਾਂ ਆਪਾਂ ਨੂੰ ਨਜ਼ਰ ਆਉਂਦੇ ਹਨ। ਉਹ ਤਾਂ ਯਾਤਰਾ ਦਾ ਇਕ ਪੜਾਅ ਹਨ। ਪੌਦੇ ਦਾ ਮਕਸਦ ਫੁੱਲ ਬਣਾਉਣਾ ਨਹੀਂ। ਪੌਦੇ ਦਾ ਉਦੇਸ਼ ਤਾਂ ਬੀਜ ਪੈਦਾ ਕਰਨਾ ਹੈ। ਇਕ ਚੱਕਰ ਹੈ ਇਹ। ਬੀਜ ਮੁੜ ਕੇ ਬੀਜ ਬਣਨਾ ਚਾਹੁੰਦਾ ਹੈ। ਫੁੱਲ, ਫਲ, ਪੱਤੇ, ਖ਼ੁਸ਼ਬੂ ਇਹ ਤਾਂ ਰਾਹ ਵਿਚ ਆਏ ਪੜਾਅ ਹਨ। ਬੀਜ, ਬਿੰਦੂ ਪੈਦਾ ਕਰਨ ਲਈ ਕੁਦਰਤ ਵਿਚ ਏਨੇ ਇੰਤਜ਼ਾਮ ਹਨ। ਹਰ ਫੁੱਲ ਅੰਮ੍ਰਿਤ ਪੈਦਾ ਕਰਦਾ ਹੈ ਤਾਂ ਕਿ ਤਿਤਲੀ ਆਵੇ, ਉਸ ਦਾ ਬੀਜ ਚੁੱਕ ਲੈ ਜਾਵੇ। ਪੌਦਾ ਸਿਰਫ਼ ਸ਼ਹਿਦ ਬਣਾਉਣ ਲਈ ਤਾਂ ਫੁੱਲ ਪੈਦਾ ਨਹੀਂ ਕਰਦਾ ਜਾਂ ਤਿਤਲੀ ਨੂੰ ਖ਼ੁਸ਼ ਕਰਨ ਲਈ ਫੁੱਲ ਨਹੀਂ ਖਿੜਾਉਂਦਾ। ਉਹ ਤਾਂ ਇਸ ਲਈ ਕਰਦਾ ਹੈ ਕਿ ਤਿਤਲੀ ਆਵੇ, ਉਸ ਦੇ ਕਣ ਚੁੱਕ ਕੇ ਕਿਸੇ ਮਾਦਾ ਕਣ ਉਤੇ ਰੱਖ ਦੇਵੇ ਤਾਂ ਕਿ ਬੀਜ ਬਣਨ ਦੀ ਪ੍ਰਕਿਰਿਆ ਚਾਲੂ ਰਹੇ। ਕੁਦਰਤ ਆਪਣੇ ਆਪ ਇਹ ਕਰ ਰਹੀ ਹੈ। ਗਰਮੀਆਂ ਨੂੰ ਪਿੰਡਾਂ ਵਿਚ ਫੰਬੇ ਜਿਹੇ ਉਡਦੇ ਦੇਖੇ ਹੋਣੇ ਨੇ। ਮਾਈ ਬੁੱਢੀ ਦਾ ਝਾਟਾ। ਇਹ ਵੀ ਕੁਦਰਤ ਦਾ ਇਕ ਇੰਤਜ਼ਾਮ ਹੈ। ਉਹਦੇ ਵਿਚ ਬੀਜ ਹੁੰਦਾ ਹੈ। ਜੇ ਦਰਖ਼ਤ ਦੇ ਥੱਲੇ ਉਹ ਬੀਜ ਡਿੱਗ ਪਿਆ, ਉਸ ਨੇ ਪਨਪਣਾ ਨਹੀਂ। ਕੁਦਰਤ ਨੇ ਉਸ ਨੂੰ ਅਜਿਹੇ ਪਰ ਲਾ ਦਿੱਤੇ ਕਿ ਉਹ ਮੁਨਾਸਿਬ ਥਾਂ 'ਤੇ ਜਾ ਸਕੇ। ਸਜਾਵਟ ਵਾਸਤੇ ਥੋੜੋ ਫੰਬੇ ਲਾਏ ਹਨ। ਸਾਰੀ ਬੀਜ ਦੀ ਕਹਾਣੀ ਹੈ। ਸਾਰਾ ਬ੍ਰਹਿਮੰਡ ਬਿੰਦੂ ਦੀ ਕਹਾਣੀ ਹੈ। ਮੁੜ ਕੇ ਬਿੰਦੂ ਬਣਨ ਦੀ ਕਹਾਣੀ ਹੈ। ਅਸਲ ਯਾਤਰਾ ਤਾਂ ਬਿੰਦੂ ਤੋਂ ਬਿੰਦੂ ਤੱਕ ਹੈ। ਬਾਕੀ ਸਭ ਪੜਾਅ ਹਨ।'

ਮੈਂ ਸੋਹਨ ਕਾਦਰੀ ਦੇ ਚਿੱਤਰ ਦੇਖੇ। ਉਸ ਦੀਆਂ ਕਵਿਤਾਵਾਂ ਪੜ੍ਹੀਆਂ। ਬਹੁਤ ਕੁਝ ਸੀ ਜੋ



*ਸੋਹਨ ਕਾਦਰੀ*

ਸਮਝ ਤੋਂ ਬਾਹਰਾ ਸੀ। ਮੈਂ ਆਪਣਾ ਖ਼ਦਸ਼ਾ ਕਾਦਰੀ ਕੋਲ ਜ਼ਾਹਰ ਕੀਤਾ ਤਾਂ ਬੋਲਿਆ, "ਤੂੰ ਹੀ ਨਹੀਂ ਬਹੁਤ ਸਾਰੇ ਪੰਜਾਬੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਮੇਰੀ ਪੇਂਟਿੰਗ ਦੀ ਸਮਝ ਨਹੀਂ ਲੱਗੀ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਵਿਚ ਅਜੇ ਪੇਂਟਿੰਗ ਨੂੰ ਸਮਝਣ-ਸਮਝਾਉਣ ਲਈ ਕੋਈ ਯੋਗ ਯਤਨ ਨਹੀਂ ਹੋਏ ਕਿ ਅਸੀਂ ਵਿਜ਼ੂਅਲ ਆਰਟ ਨੂੰ ਸੋਭਾ ਸਿੰਘ ਤੋਂ ਅਗਾਂਹ ਲਿਜਾ ਕੇ ਦੇਖੀਏ। ਪੰਜਾਬੀ ਅਜੇ ਕੈਲੰਡਰ ਵਿਚ ਹੀ ਫਸੇ ਹੋਏ ਹਨ। ਪਹਿਲਾਂ ਪੰਜਾਬੀਆਂ ਦੇ ਦਿਮਾਗ਼ ਵਿਚੋਂ ਕੈਲੰਡਰ ਨਿਕਲੇ, ਫਿਰ ਕੋਈ ਬਿੰਬ ਉਸ ਵਿਚ ਵਸ ਸਕਦਾ ਹੈ। ਹੁਣ ਤਾਂ ਜਾਗ੍ਰਤੀ ਆ ਰਹੀ ਹੈ। ਚੰਡੀਗੜ੍ਹ ਆਰਟ ਦਾ ਕਾਲਜ ਹੈ। ਪਰ ਆਮ ਲੋਕਾਂ ਦਾ ਰੁਝਾਨ ਆਰਟ ਦੇ ਮਾਮਲੇ ਵਿਚ ਅਗਾਂਹਵਧੂ ਨਹੀਂ ਹੈ।

ਕਵਿਤਾ ਬਾਰੇ ਗੱਲ ਇਹ ਹੈ ਕਿ ਮੈਂ ਜਦੋਂ ਕਵਿਤਾ ਕਾਗ਼ਜ਼ 'ਤੇ ਲਿਖਦਾ ਹਾਂ। ਕੁਝ ਲਾਈਨਾਂ ਲੰਬੀਆਂ ਹੋ ਜਾਂਦੀਆਂ ਹਨ। ਮੈਨੂੰ ਲਗਦਾ ਹੈ ਕਿ ਵਰਕੇ 'ਤੇ ਕਾਲਾ ਰੰਗ ਭਾਰੂ ਹੋ ਗਿਆ ਹੈ। ਲੰਬੀਆਂ ਲਾਈਨਾਂ ਅੱਖਾਂ ਵਿਚ ਖੁੱਭਣ ਲੱਗ ਪੈਂਦੀਆਂ ਹਨ। ਮੈਂ ਲੰਬੀਆਂ ਲਾਈਨਾਂ ਮਿਟਾ ਦਿੰਦਾ ਹਾਂ। ਭਾਵੇਂ ਅਰਥ ਗੁੰਮ ਵੀ ਜਾਵੇ। ਇਸ ਕਰਕੇ ਤੁਸੀਂ ਮੇਰੀ ਕਵਿਤਾ ਪੜ੍ਹ ਕੇ ਦੇਖੋ, ਉਸ ਵਿਚੋਂ ਕੁਝ ਸ਼ਬਦ ਮਿਸ ਲਗਦੇ ਹਨ। ਪਰ ਫਿਰ ਵੀ ਮੇਰੀ ਕਵਿਤਾ ਵਿਚ ਪਾਵਰ ਹੈ। ਮੈਂ ਕਵਿਤਾ ਨੂੰ ਸੋਧਣ ਵਿਚ ਯਕੀਨ ਨਹੀਂ ਰੱਖਦਾ। ਸੋਧੀ ਹੋਈ ਰਚਨਾ ਆਮ ਤੌਰ 'ਤੇ ਮਸਨੂਈ ਹੋ ਜਾਂਦੀ ਹੈ। ਤਾਂ ਹੀ ਮੇਰੇ ਬਾਰੇ ਸਤੀ ਕੁਮਾਰ ਨੇ ਇਕ ਵਾਰ ਲਿਖਿਆ ਸੀ, "ਭਾਸ਼ਾ ਵਿਗਿਆਨੀ ਭਾਸ਼ਾ ਨੂੰ ਮੁਕੰਮਲ ਬਣਾਉਂਦੇ ਬਣਾਉਂਦੇ, ਉਸ ਦੀ ਘੰਡੀ ਘੁੱਟ ਦਿੰਦੇ ਹਨ। ਭਾਸ਼ਾ ਦੀ ਤਰਲਤਾ ਤੇ ਸਰਲਤਾ ਮਰ ਜਾਂਦੀ ਹੈ। ਇਸ ਕਰਕੇ ਮੇਰੀ ਕਵਿਤਾ ਪੜ੍ਹ ਕੇ ਭਾਸ਼ਾ ਵਿਗਿਆਨੀਆਂ ਨੂੰ ਸਿਰ ਦਰਦ ਹੋ ਸਕਦਾ ਹੈ।"

ਮੈਂ ਪੁੱਛਿਆ, "ਸੋਭਾ ਸਿੰਘ ਦੇ ਚਿੱਤਰਾਂ ਬਾਰੇ ਤੁਹਾਡੇ ਕੀ ਵਿਚਾਰ ਨੇ?"

ਸੋਹਨ ਕਾਦਰੀ ਦੱਸਣ ਲੱਗਾ, "ਸ਼ੁਰੂ ਸ਼ੁਰੂ ਵਿਚ ਮੈਂ ਸਮਝਦਾ ਸੀ ਕਿ ਆਰਟ ਸੋਭਾ ਸਿੰਘ ਤੋਂ ਸ਼ੁਰੂ ਹੋ ਕੇ ਉਸੇ 'ਤੇ ਹੀ ਖ਼ਤਮ ਹੋ ਜਾਂਦਾ ਹੈ। ਛੋਟੇ ਹੁੰਦੇ ਦੇ ਮੇਰੇ ਮੱਥੇ ਵਿਚ ਵੀ ਤਾਂ ਕੈਲੰਡਰ ਹੀ ਲਗਦੇ ਹੁੰਦੇ ਸਨ ਪਰ ਪਿੰਡ ਦੇ ਬੰਦੇ ਪਿਆਰਾ ਸਿੰਘ ਨੇ ਮੈਨੂੰ ਕਿਹਾ, 'ਮੈਂ ਤੈਨੂੰ ਸੋਭਾ ਸਿੰਘ ਨਾਲ ਤਾਂ ਮਿਲਾ ਦਿੰਦਾ ਹਾਂ। ਪਰ ਆਰਟ ਸਿਰਫ਼ ਸੋਭਾ ਸਿੰਘ ਵਾਲਾ ਹੀ ਨਹੀਂ ਹੁੰਦਾ। ਆਰਟ ਦੇ ਕਾਲਜ ਵੀ ਨੇ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਆਰਟ ਦੇ ਕਾਲਜ ਵੀ ਹੁੰਦੇ ਹਨ।"

***

ਸੋਹਨ ਕਾਦਰੀ ਆਪਣੀ ਚਿੱਤਰਕਲਾ ਵਿਚ ਬੁਰਸ਼, ਰੰਗਾਂ ਦੇ ਨਾਲ ਨਾਲ ਬਲੇਡ ਅਤੇ ਸੂਏ ਵੀ ਇਸਤੇਮਾਲ ਕਰਦਾ ਸੀ। ਉਹ ਆਖਦਾ ਸੀ, "ਬਲੇਡ ਅਤੇ ਸੂਏ ਬਹੁਤ ਘੱਟ ਵਰਤੇ ਗਏ ਹਨ। ਮੈਂ ਇਨ੍ਹਾਂ ਦੀ ਬਹੁਤ ਵਰਤੋਂ ਕੀਤੀ ਹੈ।"

ਤੁਸੀਂ ਆਪਣੀਆਂ ਤਸਵੀਰਾਂ ਵਿਚ ਕੀ ਕਹਿਣਾ ਚਾਹੁੰਦੇ ਹੋ? ਸੋਹਨ ਕਾਦਰੀ ਨੇ ਕਿਹਾ, "ਪਾਣੀ ਵਿਚ ਪੱਥਰ ਜਾਂ ਠੀਕਰੀ ਮਾਰੋ। ਲਹਿਰਾਂ ਉਤਪੰਨ ਹੁੰਦੀਆਂ ਹਨ। ਮੇਰੀਆਂ ਪੇਂਟਿੰਗਾਂ ਵਿਚ ਉਨ੍ਹਾਂ ਲਹਿਰਾਂ ਦਾ ਪ੍ਰਭਾਵ ਹੈ। ਕਦੇ ਖੇਤ ਵਿਚ ਸਿਆੜ ਵਗੇ ਦੇਖੇ ਨੇ? ਸਿਆੜ ਵਗੇ ਹੋਏ ਹਨ। ਸੂਰਜ ਚੜ੍ਹ ਰਿਹਾ। ਉਨ੍ਹਾਂ ਸਿਆੜਾਂ ਦੀ ਖ਼ੂਬਸੂਰਤੀ ਆਰਟਿਸਟ ਦੀ ਅੱਖ ਹੀ ਦੇਖ ਸਕਦੀ ਹੈ। ਆਮ ਬੰਦੇ ਤਾਂ ਸੋਚਦੇ ਹਨ, ਖੇਤ ਕਿੰਨੀ ਵਾਰੀ ਵਾਹਿਆ ਗਿਆ ਹੈ। ਇਸ ਵਿਚ ਫ਼ਸਲ ਕਿਹੋ ਜਿਹੀ ਹੋਵੇਗੀ? ਫ਼ਸਲ 'ਚੋਂ ਆਮਦਨ ਕਿੰਨੀ ਹੋਵੇਗੀ? ਪਰ ਆਰਟਿਸਟ ਦੀ ਨਜ਼ਰ ਵਿਚ ਉਨ੍ਹਾਂ ਸਿਆੜਾਂ ਦੀ ਵੀ ਤਾਂ ਖ਼ੂਬਸੂਰਤੀ ਹੈ। ਉਨ੍ਹਾਂ ਦਾ ਆਪਣਾ ਮਹੱਤਵ ਹੈ। ਬਸ ਇਹੋ ਹੀ ਵਿਜ਼ੂਅਲ ਆਰਟ ਹੁੰਦਾ ਹੈ। ਮੈਂ ਆਪਣੇ ਪਿੰਡ ਨੂੰ ਵਿਸਾਰ ਨਹੀਂ ਸਕਿਆ। ਮੇਰੀਆਂ ਤਸਵੀਰਾਂ ਨੂੰ ਇਸ ਦ੍ਰਿਸ਼ਟੀ ਤੋਂ ਦੇਖੋ। ਤੁਹਾਡੇ ਬਚਪਨ ਦੀਆਂ ਯਾਦਾਂ ਉਜਾਗਰ ਹੋ ਜਾਂਦੀਆਂ ਹਨ। ਖ਼ਾਲਸ ਦ੍ਰਿਸ਼ਟੀ ਨਾਲ ਦੇਖੋ। ਕੈਲੰਡਰਾਂ ਨੂੰ ਦਿਮਾਗ਼ ਵਿਚੋਂ ਕੱਢ ਕੇ ਹੀ ਪੇਂਟਿੰਗਾਂ ਦੇ ਸੁਹਜ ਨੂੰ ਮਾਣਿਆ ਜਾ ਸਕਦਾ ਹੈ। ਦ੍ਰਿਸ਼ਟੀ ਸਾਫ ਕਰਕੇ ਦੇਖੋ। ਹਰੇਕ ਪਾਠਕ, ਹਰੇਕ ਵਾਚਕ ਕੋਲ ਸਭ ਕੁਝ ਹੈ ਪਰ ਉਸ ਨੂੰ ਪਛਾਣਨ ਦੀ ਲੋੜ ਹੈ। ਇਕੱਲੇ ਸਿਆੜ ਦਾ ਮਹੱਤਵ ਹੈ। ਇਵੇਂ ਹਰ ਚੀਜ਼ ਮਹੱਤਵਪੂਰਨ ਹੈ। ਸਿਰਫ਼ ਆਪਣਾ ਦ੍ਰਿਸ਼ਟੀਕੋਣ ਸਾਕਾਰਾਤਮਕ ਬਣਾਉਣ ਦੀ ਜ਼ਰੂਰਤ ਹੈ।"


"ਇਸੇ ਤਰ੍ਹਾਂ ਦੇ ਆਰਟ ਨੂੰ ਹੀ ਐਬਸਟ੍ਰੈਕ (ਅਮੂਰਤ) ਆਰਟ ਕਹਿੰਦੇ ਹਨ। ਹੋਰ ਅਮੂਰਤ ਕਲਾ ਇਹ ਨਹੀਂ ਹੁੰਦੀ ਕਿ ਜੋ ਮਨ ਵਿਚ ਆਇਆ, ਚਿਤਰ ਦਿੱਤਾ ਜਾਂ ਸਿਰਜ ਦਿੱਤਾ। ਸਭ ਕੁਝ ਬ੍ਰਹਿਮੰਡ ਵਿਚ ਮੌਜੂਦ ਹੈ। ਸਿਰਫ਼ ਉਸ ਦੀ ਮੌਜੂਦਗੀ ਨੂੰ ਅਨੁਭਵ ਕਰਕੇ, ਉਸ ਨੂੰ ਆਕਾਰ ਦੇਣ ਦੀ ਲੋੜ ਹੈ। ਜਦ ਆਕਾਰ ਨਾਲ ਪਿਆਰ ਹੋ ਜਾਵੇ ਤਾਂ ਸਮਝੋ ਕਿ ਕਲਾਕਾਰ ਦੀ ਸਿਰਜਣਾ ਸਫਲ ਹੋ ਗਈ। ਕਲਾ ਕੀ ਹੈ? ਆਕਾਰ ਨਾਲ ਪਿਆਰ ਹੋ ਜਾਣਾ ਹੀ ਕਲਾ ਹੈ।"

"ਤੁਸੀਂ ਚੁਣਦੇ ਕੀ ਹੋ? ਜਿਸ ਬੰਦੇ ਨੇ ਕੋਈ ਸਵਾਦਿਸ਼ਟ ਭੋਜਨ ਦੇਖਿਆ ਹੀ ਨਾ ਹੋਵੇ, ਖਾਧਾ ਹੀ ਨਾ ਹੋਵੇ, ਉਸ ਦੀ ਥਾਲੀ ਵਿਚ ਭਾਵੇਂ ਛੱਤੀ ਪਦਾਰਥ ਪਏ ਰਹਿਣ, ਉਸ ਨੂੰ ਪਤਾ ਹੀ ਨਹੀਂ ਲਗਣਾ। ਕੋਈ ਅਨੁਭਵ ਹੋਵੇ, ਅਨੁਭਵ ਕਰਨ ਦੀ ਯੋਗਤਾ ਹੋਵੇ, ਦ੍ਰਿਸ਼ਟੀ ਹੋਵੇ, ਫਿਰ ਉਹ ਜੋ ਮਰਜ਼ੀ ਚੁਣ ਲਵੇ। ਕੁਦਰਤ ਨੇ ਤਾਂ ਮਨੁੱਖ ਦੇ ਸਾਹਮਣੇ ਖ਼ੂਬਸੂਰਤੀ ਦੇ ਅਨੰਤ ਭੰਡਾਰ ਖੋਲ੍ਹੇ ਹੋਏ ਹਨ। ਕੁਦਰਤ ਦੀ ਹਰ ਅਦਾ ਵਿਚ ਖ਼ੂਬਸੂਰਤੀ ਹੈ। ਬਸ ਉਸ ਨੂੰ ਵੇਖਣ ਵਾਲੀ ਅੱਖ ਦੀ ਲੋੜ ਹੈ।"

"ਅਸੀਂ ਧੁੰਦ ਫੈਲਾ ਖਿਲਾਰ ਰਹੇ ਹਾਂ। ਬੀਜ ਬਿੰਦੂ ਨੂੰ ਭੁੱਲ ਕੇ ਦਰਖ਼ਤ ਦੀਆਂ ਟਾਹਣੀਆਂ ਵਿਚ ਸੋਚ ਉਲਝਾ ਲੈਂਦੇ ਹਾਂ। ਪੱਤੇ, ਫੁੱਲ ਖ਼ੂਬਸੂਰਤ ਲਗਦੇ ਹਨ। ਉਨ੍ਹਾਂ ਵਿਚ ਹੀ ਫਸ ਜਾਂਦੇ ਹਾਂ। ਪਰ ਜੜ੍ਹ ਜ਼ਮੀਨ ਵਿਚ ਲੁਕੀ ਹੁੰਦੀ ਹੈ। ਬੀਜ ਉਸ ਤੋਂ ਵੀ ਥੱਲੇ ਹੁੰਦਾ ਹੈ। ਉਸ ਨੂੰ ਭੁੱਲ ਜਾਂਦੇ ਹਾਂ, ਜਿਸ 'ਚੋਂ ਦਰਖ਼ਤ ਪੈਦਾ ਹੋਇਆ ਹੈ। ਅਸਲ ਨੂੰ ਭੁੱਲ ਜਾਂਦੇ ਹਾਂ। ਰਸਤੇ ਵਿਚ ਆਏ ਪੜਾਵਾਂ ਵਿਚ ਗੁੰਮ ਜਾਂਦੇ ਹਾਂ। ਬੀਜ ਸੁੱਕਾ ਹੈ, ਛੋਟਾ ਹੈ, ਉਸ ਦਾ ਖ਼ਿਆਲ ਹੀ ਨਹੀਂ ਕਰਦੇ। ਵੱਡੇ ਸਾਰੇ ਦਰਖ਼ਤ ਨੂੰ ਦੇਖੀ ਜਾਂਦੇ ਹਾਂ।"

ਖ਼ੂਬਸੂਰਤ ਤੇ ਸਫ਼ਲ ਕਲਾ ਕ੍ਰਿਤ ਕੀ ਹੁੰਦੀ ਹੈ? ਦੇ ਜਵਾਬ ਵਿਚ ਸੋਹਨ ਕਾਦਰੀ ਨੇ ਕਿਹਾ, "ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲੀ ਕਲਾ ਹੀ ਖ਼ੂਬਸੂਰਤ ਤੇ ਸਫ਼ਲ ਕਲਾ ਹੁੰਦੀ ਹੈ। ਇਹ ਕਲਾ ਉਸ ਬੰਦੇ ਨੂੰ ਵੀ ਟੁੰਬ ਜਾਂਦੀ ਹੈ, ਜਿਸ ਨੂੰ ਕਲਾ ਦੀ ਸਮਝ ਨਾ ਵੀ ਹੋਵੇ। ਉਹ ਮੰਨਣ ਜਾਂ ਨਾ ਮੰਨਣ ਇਹ ਅਲਗ ਗੱਲ ਹੈ। ਮੈਨੂੰ ਹਰ ਉਸ ਆਦਮੀ 'ਤੇ ਯਕੀਨ ਹੈ, ਜੋ ਬਿਲਕੁਲ ਅੰਨ੍ਹਾ ਨਹੀਂ ਹੈ, ਜਿਸ ਦੀ ਅੱਖ ਖੁੱਲ੍ਹੀ ਹੈ। ਆਰਟਿਸਟ ਨੂੰ ਇਤਿਹਾਸ ਵਿਚ ਥਾਂ ਦੇਣੀ ਸਕਾਲਰਾਂ ਦਾ ਕੰਮ ਹੈ ਪਰ ਅਨੰਦ ਕਲਾ ਦੀ ਪਹਿਲੀ ਝਲਕ ਨਾਲ ਹੀ ਆ ਜਾਂਦਾ ਹੈ। ਬੱਚੇ ਨੂੰ ਵੀ, ਜਿਸ ਨੂੰ ਆਰਟ ਦਾ ਪਤਾ ਹੀ ਕੋਈ ਨਹੀਂ।"

"ਕੱਲ੍ਹ ਮੇਰਾ ਦੋਸਤ ਆਪਣੇ ਪੰਜ ਕੁ ਸਾਲ ਦੇ ਬੇਟੇ ਨੂੰ ਲੈ ਕੇ ਆਇਆ। ਔਹ ਮੇਰੀ ਪੇਂਟਿੰਗ 1974 ਦੀ ਬਣੀ ਹੋਈ ਹੈ। ਮੇਰੇ ਦੋਸਤ ਰੋਗ (ਜਿਸ ਦੇ ਘਰ ਸੋਹਨ ਕਾਦਰੀ ਨਿਊ ਯਾਰਕ ਵਿਚ ਠਹਿਰਿਆ ਕਰਦਾ ਸੀ) ਕੋਲ ਮੇਰੀਆਂ ਕਾਫੀ ਪੇਂਟਿੰਗਜ਼ ਹਨ। ਉਸ ਬੱਚੇ ਨੇ ਇਹ ਪੇਂਟਿੰਗ ਦੇਖੀ। ਬੱਚੇ ਨੇ ਪਹਿਲੀ ਹਰਕਤ ਹੀ ਪੇਂਟਿੰਗ ਨੂੰ ਛੂਹਣ ਦੀ ਕੀਤੀ। ਪਿਉ ਨੇ ਰੋਕਿਆ। ਪਰ ਮੈਂ ਕਿਹਾ,



ਛੂਹ ਲੈਣ ਦਿਉ। ਬੱਚਾ ਪੇਂਟਿੰਗ ਛੂਹ ਕੇ ਇਸ ਦਾ ਅਨੰਦ ਮਾਣਨਾ ਚਾਹੁੰਦਾ ਹੈ।"

"ਜਰਮਨੀ ਵਿਚ ਇਕ ਵਾਰੀ ਮੇਰੀ ਨੁਮਾਇਸ਼ ਸੀ। ਇਕ ਔਰਤ ਆਈ, ਆਪਣੇ ਬੱਚੇ ਨੂੰ ਲੈ ਕੇ। ਉਹ ਰੋਣ ਲੱਗ ਪਿਆ। ਦੋ ਸਾਲ ਦਾ ਬੱਚਾ ਸੀ। ਮੈਂ ਕਿਹਾ, ਇਸ ਨੂੰ ਕੁਝ ਖਾਣ ਨੂੰ ਦਿਉ। ਔਰਤ ਨੇ ਕਿਹਾ, 'ਨਹੀਂ ਇਹ ਖਾਣ ਨੂੰ ਨਹੀਂ ਮੰਗਦਾ, ਪੇਂਟਿੰਗ ਛੂਹਣਾ ਚਾਹੁੰਦਾ ਹੈ।' ਮੈਂ ਬੱਚੇ ਨੂੰ ਚੁੱਕ ਕੇ ਪੇਂਟਿੰਗ ਨੂੰ ਹੱਥ ਛੁਹਾਇਆ। ਉਹ ਚੁੱਪ ਕਰ ਗਿਆ। ਕਿਉਂਕਿ ਕੁਝ ਪੇਂਟਿੰਗਜ਼ ਸਰੀਰਕ ਸਪਰਸ਼ ਰਾਹੀਂ ਵੀ ਸੰਚਾਰ ਕਰਦੀਆਂ ਹਨ। ਇਸ ਆਰਟ ਨੂੰ 'ਸਟਾਈਲ ਕੁਆਲਟੀ' ਕਹਿੰਦੇ ਹਨ। ਮੇਰੀਆਂ ਪੇਂਟਿੰਗ ਵੀ ਫਲੈਟ ਪੇਂਟਿੰਗ ਘੱਟ ਹੁੰਦੀਆਂ ਹਨ।"

ਸੋਹਨ ਕਾਦਰੀ ਬਲੇਡ, ਸੂਏ ਸਟਾਈਲ ਕੁਆਲਟੀ ਸਿਰਜਣ ਲਈ ਕਰਦਾ ਸੀ।

## ਇਕ ਸੂਫੀ ਕਥਾ

**ਇਕ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਦੇ ਦਰ ਨੂੰ ਖਟਖਟਾਇਆ, ਅੰਦਰੋਂ ਪੁਛਿਆ ਗਿਆ, ਕੌਣ ਹੈ?**

**ਪ੍ਰੇਮੀ ਨੇ ਜੁਆਬ ਦਿੱਤਾ, "ਮੈਂ ਹਾਂ, ਤੇਰਾ ਪ੍ਰੇਮੀ।"**

**ਜੁਆਬ ਮਿਲਿਆ, "ਇਸ ਘਰ ਵਿਚ ਦੋ ਦੀ ਥਾਂ ਨਹੀਂ।"**

**ਕੁਝ ਦਿਨਾਂ ਪਿਛੋਂ ਪ੍ਰੇਮੀ ਫੇਰ ਉਸ ਦਰਵਾਜ਼ੇ 'ਤੇ ਪਰਤ ਆਇਆ।**


**ਇਸ ਵਾਰ "ਕੌਣ ਹੈ?" ਜੁਆਬ ਵਿਚ ਉਸ ਦਾ ਉਤਰ ਸੀ।**

**"ਤੂੰ ਹੀ ਏਂ।" ਤੇ ਉਹ ਬੰਦ ਦਰ ਉਸ ਲਈ ਖੁਲ੍ਹ ਗਿਆ। ਈਸ਼ਵਰ ਤੇ ਜੀਵ ਦੇ ਸਬੰਧ ਇਦਾਂ ਦੇ ਹੀ ਹੁੰਦੇ ਹਨ।**

***ਵਲੋਂ: ਪ੍ਰੋ. ਜੋਗਿੰਦਰ ਸਿੰਘ ਰਮਦੇਵ***

# ਰੌਕ ਸੰਗੀਤ ਦੀ ਨਾਬਰੀ ਵਾਲੀ ਰਵਾਇਤ ਤੇ 'ਰੌਕ ਸਟਾਰ'

*ਰੌਕ ਸੰਗੀਤ ਨਾਬਰੀ ਦਾ ਸੰਗੀਤ ਮੰਨਿਆਂ ਜਾਂਦਾ ਹੈ ਜੋ ਸੱਭਿਆਚਕ, ਸਮਾਜਿਕ ਅਤੇ ਸਿਆਸੀ ਲਹਿਰਾਂ ਦਾ ਵੱਡਾ ਹਥਿਆਰ ਰਿਹਾ ਹੈ। ਰੌਕ ਸੰਗੀਤ ਦੀ ਸ਼ੁਰੂਆਤ ਸਿਆਹਫਾਮ ਸੰਗੀਤਕਾਰ, ਗੀਤਕਾਰ ਤੇ ਗਾਇਕ ਚੱਕ ਬੈਰੀ (ਅਮਰੀਕਾ) ਨੇ ਕੀਤੀ ਸੀ। ਇਹ ਸੰਗੀਤ ਮਨੋਰੰਜਨ ਕਰਨ ਤੋਂ ਵਧੇਰੇ ਨਾਬਰ-ਆਪੇ ਦੀ ਰਵਾਇਤ ਰਿਹਾ ਹੈ। ਰੌਕ ਅਤੇ ਰੋਲ ਦੇ ਮੁੱਢਲੇ ਰੂਪ ਤੋਂ ਨਿੱਕਲ ਕੇ ਰੌਕ ਸੰਗੀਤ ਨੇ ਨਵੀਂ ਧਾਰਨਾ ਪੇਸ਼ ਕੀਤੀ। ਰਾਕ ਬੈਂਡ 'ਬੀਟਲਜ਼' ਮੁੱਢਲੇ ਦੌਰ 'ਚ ਮੁਲਾਇਮ ਰੁਮਾਂਟਿਕ ਸੰਗੀਤ ਤੋਂ ਅੱਗੇ ਵਧ ਕੇ 'ਤੇਲ ਗੀਤ' ਗਾ ਕੇ ਸਿਆਸੀ ਰੁਝਾਨ ਦਾ ਹਿੱਸਾ ਬਣਦਾ ਹੈ। ਇਹ ਗੀਤ ਸਾਮਰਾਜੀਆਂ ਦੇ ਲੋਭ ਨੂੰ ਬੇਪਰਦ ਕਰਦਾ ਹੈ। ਕਰਟ ਕੁਬੇਨ ਨਾਂ ਦਾ ਰੌਕ ਸਟਾਰ ਮਨੁੱਖ ਨੂੰ ਸੀਲ ਖਪਤਕਾਰ ਬਣਾਉਂਦੀ ਸੋਚ ਦੇ ਖ਼ਿਲਾਫ਼ ਪੈਂਤੜਾ ਲੈਂਦਾ ਹੈ। ਕੁਬੇਨ ਮੁਤਾਬਕ ਉਸਦੀ ਆਪਣੀ ਪਛਾਣ ਵੀ ਖਪਤਵਾਦੀ ਸੋਚ ਨੂੰ ਹੁਲਾਰਾ ਦੇ ਰਹੀ ਹੈ। ਕੁਬੇਨ ਦੇ ਖ਼ੁਦਕੁਸ਼ੀ ਕਰਨ ਦੇ ਕਾਰਨਾਂ 'ਚੋਂ ਇਹ ਫਿਕਰ ਵੀ ਅਹਿਮ ਮੰਨਿਆਂ ਜਾਂਦਾ ਹੈ। ਵੀਹਵੀਂ ਸਦੀ ਦੇ ਸੱਠਵੇਂ ਤੇ ਸੱਤਰਵੇਂ ਦਹਾਕੇ ਦੇ ਰੌਕ ਸਟਾਰਾਂ ਨੇ ਪ੍ਰਬੰਧ ਦੇ ਖ਼ਿਲਾਫ਼ ਖੁੱਲ੍ਹ ਕੇ ਲਿਖਿਆ ਤੇ ਗਾਇਆ। ਬੌਬ ਡਿਲਨ ਤੇ ਹੋਰ ਰੌਕ ਸਟਾਰ ਮਨੁੱਖੀ ਹਕੂਕ ਦੀਆਂ ਲਹਿਰਾਂ ਦੇ ਸਮਰਥਕ ਅਤੇ ਵੀਅਤਕਾਂਗ ਦੇ ਖ਼ਿਲਾਫ਼ ਅਮਰੀਕੀ ਨੀਤੀਆਂ ਦੇ ਸਖਤ ਵਿਰੋਧੀ ਰਹੇ।*



ਰੌਕ ਸੰਗੀਤ ਦਾ ਪਿਤਾਮਾ ਚੱਕ ਬੈਰੀ



## ਪਹਿਲੀ ਗੱਲ

ਜਤਿੰਦਰ ਮੌਹਰ
ਫੋਨ: +91 97799 34747

ਪਿਛੇ ਜਿਹੇ ਪਰਦਾਪੇਸ਼ ਹੋਈ ਫ਼ਿਲਮ 'ਰੌਕ ਸਟਾਰ' ਨੇ ਚੰਗੀ ਵਿੱਤੀ ਕਾਮਯਾਬੀ ਹਾਸਲ ਕੀਤੀ। ਫ਼ਿਲਮ ਪੜਚੋਲ ਦੇ ਕਾਲਮਾਂ 'ਚ ਰੌਕ ਸਟਾਰ ਨੂੰ ਖ਼ੂਬ ਸਲਾਹਿਆ ਗਿਆ। ਕਿਸੇ ਨੂੰ ਇਹ ਫ਼ਿਲਮ ਪੰਜਾਬੀ ਦੇ ਮਹਾਨ ਕਵੀ ਬਾਬਾ ਵਾਰਿਸ ਸ਼ਾਹ ਦੀ ਅਜੋਕੇ ਯੁੱਗ ਦੀ ਹੀਰ-ਰਾਂਝਾ ਲੱਗੀ ਤੇ ਕਿਸੇ ਨੂੰ ਇਨਕਲਾਬੀ। ਕੋਈ ਇਸ ਨੂੰ 'ਤਾਜ਼ਾ ਸੂਫ਼ੀਆਨਾ ਕਲਾਮ' ਮੰਨਦਾ ਹੈ। ਫ਼ਿਲਮ ਰਣਬੀਰ ਕਪੂਰ ਦੀ ਲਗਾਤਾਰ ਬੰਨ੍ਹ ਕੇ ਰੱਖਣ ਵਾਲੀ ਅਦਾਕਾਰੀ ਅਤੇ ਨਵੀਂ ਕੁੜੀ ਨਰਗਿਸ ਫਾਖ਼ਰੀ ਦੀ ਭੁੱਲਣਯੋਗ ਅਦਾਕਾਰੀ ਨਾਲ ਸ਼ਿੰਗਾਰੀ ਹੋਈ ਹੈ। ਫ਼ਿਲਮ ਦੇ ਹਦਾਇਤਕਾਰ ਇਮਤਿਆਜ਼ ਅਲੀ ਹਨ ਜਿਨ੍ਹਾਂ ਨੇ ਪਹਿਲਾਂ 'ਸੋਚਾ ਨਾ ਥਾ', 'ਜਬ ਵੀ ਮੈਟ', 'ਲਵ ਆਜਕੱਲ੍ਹ' ਜਿਹੀਆਂ ਰੁਮਾਂਸਵਾਦੀ ਫ਼ਿਲਮਾਂ ਬਣਾਈਆਂ ਹਨ। ਨਿੱਜੀ ਤੌਰ 'ਤੇ ਮੈਂ ਉਨ੍ਹਾਂ ਨੂੰ ਚੰਗਾ ਅਦਾਕਾਰ ਮੰਨਦਾ ਹਾਂ। ਉਹ ਚਾਲੂ ਬਾਲੀਵੁੱਡ ਮਾਰਕਾ ਫ਼ਿਲਮਾਂ 'ਚ ਰੁਮਾਂਸ ਦਾ ਮਸਾਲਾ ਨੱਕ-ਨੱਕ ਭਰਨ ਲਈ ਜਾਣੇ ਜਾਂਦੇ ਹਨ। ਅਮੀਰਜ਼ਾਦਿਆਂ/ਅਮੀਰਜ਼ਾਦੀਆਂ ਦੀਆਂ ਪ੍ਰੇਮ-ਕਹਾਣੀਆਂ 'ਤੇ ਫ਼ਿਲਮਾਂ ਬਣਾਉਣ 'ਚ ਉਨ੍ਹਾਂ ਨੂੰ ਮੁਹਾਰਤ ਹਾਸਲ ਹੈ। ਉਨ੍ਹਾਂ ਦੀਆਂ ਪਿਛਲੀਆਂ ਫ਼ਿਲਮਾਂ ਦੇਖ ਕੇ ਲਗਦਾ ਹੈ ਕਿ ਅਮੀਰ ਮੁੰਡੇ-ਕੁੜੀਆਂ ਨੂੰ ਜ਼ਿੰਦਗੀ 'ਚ ਵਿਆਹ ਕਰਵਾਉਣ ਅਤੇ 'ਸੱਚਾ ਪਿਆਰ' ਲੱਭਣ ਤੋਂ ਬਿਨਾ ਕੋਈ ਕੰਮ ਨਹੀਂ ਹੈ। ਉਹ ਜਗ੍ਹਾ-ਜਗ੍ਹਾ ਧੱਕੇ ਖਾ ਕੇ ਆਖ਼ਰ ਆਨੇ ਵਾਲੀ ਥਾਂ 'ਤੇ ਆ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ 'ਸੱਚਾ ਪਿਆਰ' ਕਰਨ ਵਾਲੀ ਅਮੀਰ ਕੁੜੀ ਮਿਲ ਜਾਂਦੀ ਹੈ। ਹਰ ਵਾਰ ਅਮੀਰ ਮਸ਼ੂਕ ਹੀ ਉਨ੍ਹਾਂ ਨੂੰ 'ਸਹੀ ਰਾਹ' ਪਾਉਣ ਦਾ ਸਬੱਬ ਬਣਦੀ ਰਹੀ ਹੈ। ਫ਼ਿਲਮ ਹਦਾਇਤਕਾਰ ਸੰਜੇ ਲੀਲ੍ਹਾ ਭੰਸਾਲੀ ਨੂੰ ਪੁੱਛਿਆ ਗਿਆ ਕਿ ਉਸਦੀਆਂ ਫ਼ਿਲਮਾਂ ਅਮੀਰ ਕਿਰਦਾਰਾਂ ਬਾਰੇ ਕਿਉਂ ਹੁੰਦੀਆਂ ਹਨ? ਉਸਦਾ ਕਹਿਣਾ ਸੀ ਕਿ ਗ਼ਰੀਬ ਮੈਨੂੰ ਕਿਰਦਾਰਾਂ ਦੇ ਰੂਪ 'ਚ ਦਿਸਦੇ ਹੀ ਨਹੀਂ ਹਨ। ਨਰਕ ਜਿਹੀ ਜ਼ਿੰਦਗੀ ਜਿਉ ਰਹੀ ਮੁਲਕ ਦੀ ਬਹੁਗਿਣਤੀ ਦੇ ਦੁੱਖਾਂ ਨੂੰ ਵਿਸਾਰ ਦੇਣ ਦਾ ਰੁਝਾਨ ਭਾਰਤੀ-ਸਿਨੇਮੇ 'ਤੇ ਲਗਾਤਾਰ ਭਾਰੂ ਹੈ। ਬਹੁਤੇ ਫ਼ਿਲਮਸਾਜ਼ ਇਸੇ ਰੁਝਾਨ ਦੀ ਨੁਮਾਇੰਦਗੀ ਕਰਦੇ ਨਜ਼ਰ ਆਉਂਦੇ ਹਨ। ਇਮਤਿਆਜ਼ ਫ਼ਿਲਮ-ਕਲਾ ਦਾ ਹੁਨਰ ਜਾਣਦਾ ਹੈ। ਫ਼ਿਲਮ ਸੰਗੀਤ ਅਤੇ ਰੂਪਕ ਪੱਖ ਦੀ ਸਮਝ ਰੱਖਦਾ ਹੈ। ਅਜਿਹੇ ਫ਼ਿਲਮਸਾਜ਼ ਸ਼ਹਿਰੀ ਮੱਧ ਵਰਗ ਦੇ ਹਰਮਨਪਿਆਰੇ ਬਣ ਜਾਂਦੇ ਹਨ। ਇਹੀ ਜਮਾਤ ਜਨਤਕ ਸਮਝ ਬਣਾਉਣ ਵਾਲੇ ਵਸੀਲਿਆਂ 'ਤੇ ਹਮੇਸ਼ਾਂ ਕਾਬਜ਼ ਰਹੀ ਹੈ। ਉਹ ਨਿਵੇਕਲੇਪਣ ਨੂੰ ਸਿਫ਼ਤ ਦੇ ਤੌਰ 'ਤੇ ਪੇਸ਼ ਕਰਦੇ ਹਨ।



ਬੌਬ ਡਿਲਨ

ਜੇ ਰੌਕ ਸੰਗੀਤ ਦੇ ਇਤਿਹਾਸ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਸਮੁੱਚੇ ਰੂਪ 'ਚ ਇਹ ਨਾਬਰੀ ਦਾ ਸੰਗੀਤ ਮੰਨਿਆਂ ਜਾਂਦਾ ਹੈ ਜੋ ਸੱਭਿਆਚਕ, ਸਮਾਜਿਕ ਅਤੇ ਸਿਆਸੀ ਲਹਿਰਾਂ ਦਾ ਵੱਡਾ ਹਥਿਆਰ ਰਿਹਾ ਹੈ। ਰੌਕ ਸੰਗੀਤ ਦੀ ਸ਼ੁਰੂਆਤ ਸਿਆਹਫਾਮ ਸੰਗੀਤਕਾਰ, ਗੀਤਕਾਰ ਤੇ ਗਾਇਕ ਚੱਕ ਬੈਰੀ (ਅਮਰੀਕਾ) ਨੇ ਕੀਤੀ ਸੀ। ਇਹ ਸੰਗੀਤ ਮਨੋਰੰਜਨ ਕਰਨ ਤੋਂ ਵਧੇਰੇ ਨਾਬਰ-ਆਪੇ ਦੀ ਰਵਾਇਤ ਰਿਹਾ ਹੈ। ਰੌਕ ਅਤੇ ਰੋਲ ਦੇ ਮੁੱਢਲੇ ਰੂਪ ਤੋਂ ਨਿੱਕਲ ਕੇ ਰੌਕ ਸੰਗੀਤ ਨੇ ਨਵੀਂ ਧਾਰਨਾ ਪੇਸ਼ ਕੀਤੀ। ਰਾਕ ਬੈਂਡ 'ਬੀਟਲਜ਼' ਮੁੱਢਲੇ ਦੌਰ 'ਚ ਮੁਲਾਇਮ ਰੁਮਾਂਟਿਕ ਸੰਗੀਤ ਤੋਂ ਅੱਗੇ ਵਧ ਕੇ 'ਤੇਲ ਗੀਤ' ਗਾ ਕੇ ਸਿਆਸੀ ਰੁਝਾਨ ਦਾ ਹਿੱਸਾ ਬਣਦਾ ਹੈ। ਇਹ ਗੀਤ ਸਾਮਰਾਜੀਆਂ ਦੇ ਲੋਭ ਨੂੰ ਬੇਪਰਦ ਕਰਦਾ ਹੈ। ਕਰਟ ਕੁਬੇਨ ਨਾਂ ਦਾ ਰੌਕ ਸਟਾਰ ਮਨੁੱਖ ਨੂੰ ਸੀਲ ਖਪਤਕਾਰ ਬਣਾਉਂਦੀ ਸੋਚ ਦੇ ਖ਼ਿਲਾਫ਼ ਪੈਂਤੜਾ ਲੈਂਦਾ ਹੈ। ਕੁਬੇਨ ਦਾ ਮੰਨਣਾ ਸੀ ਕਿ ਉਸਦੀ ਆਪਣੀ ਪਛਾਣ ਵੀ ਖਪਤਵਾਦੀ ਸੋਚ ਨੂੰ ਹੁਲਾਰਾ ਦੇ ਰਹੀ ਹੈ। ਕੁਬੇਨ ਦੇ ਖ਼ੁਦਕੁਸ਼ੀ ਕਰਨ ਦੇ ਕਾਰਨਾਂ 'ਚੋਂ ਇਹ ਫਿਕਰ ਵੀ ਅਹਿਮ ਮੰਨਿਆਂ ਜਾਂਦਾ ਹੈ। ਵੀਹਵੀਂ ਸਦੀ ਦੇ ਸੱਠਵੇਂ ਤੇ ਸੱਤਰਵੇਂ ਦਹਾਕੇ ਦੇ ਰੌਕ ਸਟਾਰਾਂ ਨੇ ਪ੍ਰਬੰਧ ਦੇ ਖ਼ਿਲਾਫ਼ ਖੁੱਲ੍ਹ ਕੇ ਲਿਖਿਆ ਤੇ ਗਾਇਆ। ਬੌਬ ਡਿਲਨ ਤੇ ਹੋਰ ਰੌਕ ਸਟਾਰ ਮਨੁੱਖੀ ਹਕੂਕ ਦੀਆਂ ਲਹਿਰਾਂ ਦੇ ਸਮਰਥਕ ਅਤੇ ਵੀਅਤਕਾਂਗ ਦੇ ਖ਼ਿਲਾਫ਼ ਅਮਰੀਕੀ ਨੀਤੀਆਂ ਦੇ ਸਖਤ ਵਿਰੋਧੀ ਰਹੇ। ਬੌਬ ਡਿਲਨ ਵਰਗਿਆਂ ਨੇ ਰੋਸ ਧਰਨਿਆਂ 'ਚ ਹਿੱਸਾ ਲਿਆ ਅਤੇ ਰੌਕ ਸੰਗੀਤ ਨੂੰ ਲੋਕਾਂ ਦੀ ਆਵਾਜ਼ ਬਣਾਇਆ। 'ਹੂ' ਵਰਗੇ ਰੌਕ ਗਵੱਈਆਂ ਨੇ ਸੱਠਵਿਆਂ 'ਚ ਆਪਣੇ ਗੀਤ ਨਾਬਰ ਮੁੰਡੇ-ਕੁੜੀਆਂ ਨੂੰ ਸਮਰਪਤ ਕੀਤੇ। ਸੰਨ 1974-76 ਦੇ ਸਾਲਾਂ 'ਚ ਪੰਕ ਰੌਕ ਨੇ ਪ੍ਰਬੰਧ ਦੇ ਖ਼ਿਲਾਫ਼ ਸਿਆਸੀ ਸੁਰ ਹੋਰ ਤਿੱਖੀ ਕੀਤੀ। ਜਮੈਕਾ ਦਾ ਬੌਬ ਮਾਰਲੇ ਗੋਰਿਆਂ ਦੀ ਸਰਦਾਰੀ ਦੇ ਮੁਕਾਬਲੇ ਸਿਆਹਫਾਮ ਬੰਦੇ ਅਤੇ ਅਫ਼ਰੀਕਾ ਦੀ ਪਛਾਣ ਦਾ ਝੰਡਾ ਬੁਲੰਦ ਕਰਦਾ ਹੈ। ਉਹ ਅਫ਼ਰੀਕਾ ਨੂੰ ਮਨੁੱਖੀ ਸੱਭਿਅਤਾ ਦਾ ਕੇਂਦਰ ਬਣਾਉਂਦਾ ਹੈ। 'ਪਿੰਕ ਫਲੌਇਡ' ਦਾ ਗੀਤ 'ਦਿ ਵਾਲ' ਲੋਕ-ਵਿਰੋਧੀ ਸਿੱਖਿਆ ਪ੍ਰਬੰਧ ਨੂੰ ਤਬਾਹ ਕਰਨ ਦਾ ਸੁਨੇਹਾ ਦਿੰਦਾ ਹੈ। ਅਜੋਕੇ ਦੌਰ 'ਚ ਪਾਕਿਸਤਾਨ ਦਾ ਲਾਲ ਬੈਂਡ ਮੁਲਕ ਦੇ ਸਮਾਜਿਕ ਅਤੇ ਸਿਆਸੀ ਹਾਲਾਤ ਨਾਲ ਲਗਾਤਾਰ ਜੁੜਦਾ ਹੈ। ਉਹ ਮੁਜਾਰਿਆਂ ਨੂੰ ਜ਼ਮੀਨਾਂ ਦੇਣ ਦੀ ਲਹਿਰ 'ਜ਼ਮੀਨੀ-ਸੁਧਾਰ ਲਈ ਲੰਬੀ ਯਾਤਰਾ' ਦਾ ਹਿੱਸਾ ਬਣਦਾ ਹੈ। ਸਮੁੱਚੇ ਰੂਪ 'ਚ ਰੌਕ ਸੰਗੀਤ ਸਮਾਜਿਕ ਨਾ-ਬਰਾਬਰੀ ਦੇ ਖ਼ਿਲਾਫ਼ ਮਨੁੱਖ ਦੀ ਆਵਾਜ਼ ਬਣਦਾ ਰਿਹਾ ਹੈ ਭਾਵੇਂ ਇਸ ਸੰਗੀਤ ਨੂੰ ਹਿੱਪੀਆਂ ਨੇ ਆਪਣੀ ਨਿੱਜੀ ਪਛਾਣ ਦੇ ਦਿਖਾਵੇ ਵਜੋਂ ਵੀ ਵਰਤਿਆ ਹੈ। ਜਿਮ ਮੌਰੀਸਨ ਹਿੱਪੀਆਂ ਦਾ ਨੁਮਾਇੰਦਾ ਗਾਇਕ ਸੀ। ਮਸਲਾ ਵਿਚਾਰਨਾ ਬਣਦਾ ਹੈ ਕਿ ਕਲਾ ਨੂੰ ਅਸੀਂ ਸਰਬੱਤ ਦੇ ਭਲੇ ਲਈ ਵਰਤਣਾ ਹੈ ਜਾਂ ਸਿਰਫ਼ ਤੇ ਸਿਰਫ਼ ਨਿੱਜਵਾਦ ਦੇ ਰਾਮ-ਰੌਲੇ ਦਾ ਸ਼ੋਰ ਬਣਾਉਣਾ ਹੈ।




ਪਿੰਕ ਫਲੌਇਡ ਬੈਂਡ

ਫ਼ਿਲਮ 'ਰੌਕ ਸਟਾਰ' ਹਰਿਆਣਵੀ ਮੁੰਡੇ ਜਨਾਰਧਨ ਜਾਖੜ ਉਰਫ਼ ਜੇ.ਜੇ ਉਰਫ਼ ਜਾਰਡਨ ਅਤੇ ਉਸਦੀ ਮਸ਼ੂਕ ਹੀਰ ਕੌਲ ਦੀ ਕਹਾਣੀ ਹੈ। 'ਰੌਕ ਸਟਾਰ' ਸਿਰਲੇਖ ਤੋਂ ਲੱਗਦਾ ਹੈ ਕਿ ਫ਼ਿਲਮ ਨਾਇਕ ਦੇ ਸੰਗੀਤਕ ਸਫ਼ਰ ਦੀ ਕਹਾਣੀ ਹੋਵੇਗੀ ਜਿਸ ਨੂੰ ਸੰਗੀਤ ਨਾਲ ਅੰਤਾਂ ਦਾ ਪਿਆਰ ਹੋਵੇਗਾ। ਕਹਾਣੀ ਮੁਤਾਬਕ ਜੇ.ਜੇ ਬਚਪਨ ਤੋਂ ਗਿਟਾਰ ਵਜਾਉਂਦਾ ਰਿਹਾ ਹੈ ਪਰ ਫ਼ਿਲਮ ਦੇਖਣ ਤੋਂ ਬਾਅਦ

## ਫ਼ਿਲਮੀ ਦੁਨੀਆਂ

ਲਗਦਾ ਹੈ ਕਿ ਉਸ ਨੂੰ ਸੰਗੀਤ ਨਾਲ ਕੋਈ ਪਿਆਰ ਨਹੀਂ ਹੈ। ਉਸ ਦਾ ਪਿਆਰ ਤਾਂ ਹੀਰ ਨਾਲ ਹੈ। ਜਦੋਂ ਹੀਰ ਦਾ ਵਿਆਹ ਹੋਇਆ ਤਾਂ ਜੇ.ਜੇ ਗਾਉਣਾ ਛੱਡ ਗਿਆ। ਘਰਦਿਆਂ ਦਾ ਘਰੋਂ ਕੱਢਿਆ ਦਰਗਾਹ 'ਚ ਪਹੁੰਚ ਗਿਆ ਤੇ ਫਿਰ ਗਾਉਣ ਲੱਗ ਪਿਆ। ਜੇ ਹੀਰ ਨਾ ਹੁੰਦੀ ਤਾਂ ਉਹ ਗਾਇਕ ਹੀ ਨਾ ਬਣਦਾ। ਜੇ ਫ਼ਿਲਮ ਦਾ ਸਿਰਲੇਖ 'ਰੌਕ ਸਟਾਰ' ਦੀ ਥਾਂ 'ਏਕ ਦੀਵਾਨਾ' ਜਾਂ 'ਏਕ ਆਸ਼ਿਕ' ਜਾਂ 'ਪਗਲਾ ਦੀਵਾਨਾ' ਹੁੰਦਾ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ। ਰੌਕ ਸਟਾਰ ਦੀ ਥਾਂ ਉਸ ਦਾ ਕਿੱਤਾ ਟਰੱਕ ਡਰਾਇਵਰੀ ਜਾਂ ਸਕੂਟਰ ਮਕੈਨਿਕੀ ਹੋਣ ਨਾਲ ਵੀ ਕੰਮ ਚਲ ਜਾਣਾ ਸੀ। ਸਵਾਲ ਹੈ ਕਿ ਰੌਕ ਸਟਾਰ ਦਾ ਸੰਗੀਤਕ ਸਫ਼ਰ ਕਿੱਥੇ ਹੈ? ਮੁੱਢਲੇ ਦੌਰ 'ਚ ਉਸ ਨੂੰ ਲੱਲੂ ਕਿਸਮ ਦਾ ਬੰਦਾ ਦਿਖਾਇਆ ਗਿਆ ਹੈ। ਉਹ ਉਸ ਵੇਲੇ ਵੀ 'ਬਰਬਾਦ ਅਲਫ਼ਾਜ਼' ਜਿਹੇ ਗੀਤ ਲਿਖ ਅਤੇ ਗਾ ਰਿਹਾ ਹੈ। ਕਾਮਯਾਬੀ ਮਿਲਣ 'ਤੇ ਵੀ ਉਸੇ ਤਰ੍ਹਾਂ ਦੇ ਗੀਤ ਗਾ ਰਿਹਾ ਹੈ। ਹੀਰ ਨਾਲ ਇਸ਼ਕ ਹੋਣ ਤੋਂ ਬਾਅਦ (ਜਿਵੇਂ ਫ਼ਿਲਮ 'ਚ ਸਿੱਧ ਕੀਤਾ ਗਿਆ ਹੈ), ਉਸਦੇ ਵਿਚਾਰਾਂ ਅਤੇ ਕਲਾ 'ਚ ਆਈ ਤਬਦੀਲੀ ਅਤੇ ਪਕਿਆਈ ਸਮਝ ਤੋਂ ਬਾਹਰ ਹੈ। ਉਹ ਸ਼ੁਰੂ ਤੋਂ ਹੀ ਅੰਤਰਜਾਮੀ ਜਾਪਦਾ ਹੈ। ਫ਼ਿਲਮ ਦੀ ਪੜਚੋਲ ਇਸ ਤਰ੍ਹਾਂ ਨਹੀਂ ਕੀਤੀ ਜਾ ਸਕਦੀ ਕਿ ਇਸ ਵਿਚ ਸੂਫ਼ੀ ਗਾਣਾ ਵੀ ਹੈ- 'ਸਾਡਾ ਹੱਕ' ਜਿਹਾ 'ਇਨਕਲਾਬੀ' ਗਾਣਾ ਵੀ ਹੈ। ਫ਼ਿਲਮ ਦੀ ਸਮੁੱਚਤਾ ਵੀ ਕੋਈ ਸ਼ੈਅ ਹੁੰਦੀ ਹੈ ਕਿ ਆਖ਼ਰ ਉਹ ਖੜ੍ਹਦੀ ਕਿੱਥੇ ਹੈ? ਇਸੇ ਰੁਝਾਨ 'ਚ ਬੱਬੂ ਮਾਨ ਵੀ 'ਸਰਕਾਰ ਵਿਰੋਧੀ ਗਾਣੇ' ਕਹਿ ਕੇ ਇਨਕਲਾਬੀ ਕਹਾਈ ਜਾਂਦਾ ਹੈ। ਉਹਨੂੰ ਪੋਰਸ, ਹਿਟਲਰ, ਬਾਬਾ ਨਾਨਕ, ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਜਗਤਾਰ ਹਵਾਰਾ, ਬੰਦਾ ਸਿੰਘ ਬਹਾਦਰ, ਮੌਤ ਦੇ ਵਪਾਰੀ ਤੇ ਅਤਿ ਦੇ ਸ਼ਿਕਾਰੀ ਸਾਰੇ ਜੱਟ ਲੱਗੀ ਜਾਂਦੇ ਨੇ ਅਤੇ ਉਹ ਸਾਰਿਆਂ ਦਾ ਜਸ਼ਨ ਮਨਾਈ ਜਾਂਦਾ ਹੈ। ਜੇ.ਜੇ ਸ਼ਹਿਨਾਈ ਵਾਦਕ ਬਣੇ ਸ਼ੰਮੀ ਕਪੂਰ ਦਾ ਮਜ਼ਾਕ ਉਡਾਉਂਦਾ ਹੈ। ਉਸਦਾ ਮੰਨਣਾ ਹੈ ਕਿ ਸ਼ਾਸਤਰੀ ਸੰਗੀਤ ਸਮਝ ਨਹੀਂ ਆਉਂਦਾ ਇਸ ਕਰਕੇ ਗਾਉਣ ਦਾ ਕੋਈ ਮਤਲਬ ਨਹੀਂ ਹੈ। ਸ਼ੰਮੀ ਕਪੂਰ ਇਸ ਗੱਲ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੰਦਾ। ਅਸਲ 'ਚ ਇਹ ਕਲਾਵਾਂ ਦੇ ਵੱਖਰੇ-ਵੱਖਰੇ ਰੂਪਾਂ ਨੂੰ ਛੁਟਿਆਉਣ ਦਾ ਯਤਨ ਹੈ। ਜੇ.ਜੇ ਦੇ ਕਿਰਦਾਰ 'ਚ ਕੋਈ ਸਿਫ਼ਤੀ ਤਬਦੀਲੀ ਨਹੀਂ ਆਉਂਦੀ। ਉਹ ਸਾਰੀ ਫ਼ਿਲਮ 'ਚ ਇਕੋ ਜਿਹਾ ਰਹਿੰਦਾ ਹੈ। ਸਮਝ ਨਹੀਂ ਆਉਂਦਾ ਕਿ ਉਸ ਨੂੰ ਗੁੱਸਾ ਕਿਸ ਗੱਲ ਦਾ ਹੈ? ਮੰਨਿਆਂ ਕਿ ਪਹਿਲਾਂ ਉਸ ਨੂੰ ਪਤਾ ਨਹੀਂ ਸੀ ਕਿ ਉਹ ਹੀਰ ਨੂੰ ਪਿਆਰ ਕਰਦਾ ਹੈ। ਜਦੋਂ ਪਤਾ ਲੱਗ ਗਿਆ ਤਾਂ ਬੋਲ ਦਿਉ। ਬਿਨਾ ਗੱਲੋਂ ਔਖਾ ਹੋਇਆ ਫਿਰਦਾ ਹੈ। ਫ਼ਿਲਮ ਦੀ ਹੀਰ ਦਾ ਬਾਬੇ ਵਾਰਸ ਦੀ ਹੀਰ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਬਾਬੇ ਵਾਰਸ ਦੀ ਹੀਰ ਸਮਾਜਿਕ, ਇਨਸਾਫ਼-ਪ੍ਰਬੰਧ (ਕਾਜ਼ੀ) ਅਤੇ ਧਾਰਮਿਕ ਦਾਬੇ (ਮੌਲਵੀ) ਦੇ ਖ਼ਿਲਾਫ਼ ਨਾਬਰੀ ਦੀ ਆਵਾਜ਼ ਬਣਦੀ ਹੈ। ਹੀਰ ਕੌਲ ਦੀ ਨਾਬਰੀ ਚੋਰੀ ਛੁਪੇ 'ਜੰਗਲੀ ਜਵਾਨੀ' ਫ਼ਿਲਮ ਦੇਖਣ ਤੱਕ ਮਹਿਦੂਦ ਹੈ। ਅੰਦਰ ਹੀ ਅੰਦਰ ਘੁਟਦੀ ਹੋਈ ਮਾਨਸਿਕ ਰੋਗੀ ਬਣਨ ਤੱਕ ਪਹੁੰਚ ਜਾਂਦੀ ਹੈ। ਦੋਵੇਂ ਮੁੱਖ ਕਿਰਦਾਰ ਸਨਕੀ ਤੇ ਮਾਨਸਿਕ ਰੋਗੀ ਲਗਦੇ ਹਨ। ਸਾਰੀ ਫ਼ਿਲਮ ਥੋਪੇ ਹੋਏ ਅਹਿਸਾਸ ਦੀ ਕਹਾਣੀ ਹੈ ਜੋ ਲਗਭਗ ਬਨਾਵਟੀ ਜਾਪਦੇ ਹਨ। ਮੂਲ ਰੂਪ 'ਚ ਫ਼ਿਲਮ ਬਾਲੀਵੁੱਡ ਮਾਰਕਾ ਮਸਾਲਾ ਫ਼ਿਲਮ ਹੈ।



ਫ਼ਿਲਮ 'ਰੌਕਸਟਾਰ' 'ਚ ਰਣਬੀਰ ਕਪੂਰ

ਰੌਕ ਸੰਗੀਤ ਨਾਲੇ ਜੁੜੇ ਬਹੁਤੇ ਗਾਇਕ ਸਿਆਸੀ ਸਮਝ ਵਾਲੇ ਬੰਦੇ ਰਹੇ ਹਨ। ਤਿੱਬਤ ਦੇ ਧੁੰਦਲੇ ਕੀਤੇ ਝੰਡਿਆਂ ਤੇ ਇਸ਼ਤਿਹਾਰਾਂ, ਕਸ਼ਮੀਰੀ ਲੋਕਾਂ ਅਤੇ ਨਿਹੰਗਾਂ ਤੋਂ 'ਸਾਡਾ ਹੱਕ, ਐਥੇ ਰੱਖ' ਦੇ ਕੁਝ ਪਲਾਂ ਲਈ ਨਾਅਰੇ ਲਵਾ ਕੇ ਕੰਮ ਨਹੀਂ ਸਾਰਿਆ ਜਾ ਸਕਦਾ। 'ਰੌਕ ਸਟਾਰ' ਦੀ ਇਨ੍ਹਾਂ ਨਾਲ ਕੀ ਤੰਦ ਜੁੜਦੀ ਹੈ? ਉਹ ਇਨ੍ਹਾਂ ਮੁੱਦਿਆਂ ਨਾਲ ਕਿਸ ਤਰ੍ਹਾਂ ਦਾ ਸੰਵਾਦ ਰਚਾਉਂਦਾ ਹੈ ਅਤੇ ਕਦੋਂ ਰਚਾਉਂਦਾ ਹੈ? ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਦਾ। ਚੀਨ ਦੇ ਖ਼ਿਲਾਫ਼ ਤਿੱਬਤੀਆਂ ਦੇ ਦ੍ਰਿਸ਼ਾਂ ਨੂੰ ਮੀਡੀਆ 'ਚ ਖ਼ੂਬ ਉਛਾਲਿਆ ਗਿਆ। ਸੈਂਸਰ ਬੋਰਡ ਨੇ ਤਿੱਬਤੀ ਵਿਰੋਧ ਦੇ ਝੰਡਿਆਂ ਨੂੰ ਧੁੰਦਲਾ ਕਰਵਾ ਦਿੱਤਾ। ਹਦਾਇਤਕਾਰ ਨੇ ਕੋਈ ਹੋ-ਹੱਲਾ ਨਹੀਂ ਕੀਤਾ ਕਿਉਂਕਿ ਇਹ ਇਸ਼ਤਿਹਾਰਬਾਜ਼ੀ ਦੀ ਮਸ਼ਕ ਤੋਂ ਵਧੇਰੇ ਕੁਝ ਨਹੀਂ ਸੀ। ਜੇ ਹਦਾਇਤਕਾਰ ਆਪਣੇ ਦ੍ਰਿਸ਼ ਬਾਬਤ ਸਿਦਕ ਰੱਖਦਾ ਹੈ ਤਾਂ ਓਹ ਦ੍ਰਿਸ਼ ਪਾਸ ਕਰਾਉਣ ਲਈ ਮੀਡੀਆ ਤੋਂ ਲੈ ਕੇ ਅਦਾਲਤ ਤੱਕ ਪਹੁੰਚ ਕਰਦਾ। ਇਮਤਿਆਜ਼ ਨੇ ਅਜਿਹੀ ਕੋਈ ਸਿਦਕਦਿਲੀ ਨਹੀਂ ਦਿਖਾਈ। ਫ਼ਿਲਮ ਦੇ ਕਿਰਦਾਰ ਇਕ ਵੀ ਜਗ੍ਹਾ ਕਿਸੇ ਸਿਆਸੀ ਬਹਿਸ ਦਾ ਹਿੱਸਾ ਨਹੀਂ ਬਣਦੇ। ਸਿਰਫ਼ ਗਾਣਾ ਗਾ ਕੇ ਡੰਗ ਟਪਾਇਆ ਗਿਆ ਹੈ। ਸਿਆਸੀ ਸਮਝ ਬਣਨ ਤੇ ਨਿਖਰਨ ਦਾ ਕੋਈ ਸਫ਼ਰ ਹੁੰਦਾ ਹੈ। ਇਹ ਸਫ਼ਰ ਫ਼ਿਲਮ 'ਚੋਂ ਗਾਇਬ ਹੈ। ਫ਼ਿਲਮ ਨਿੱਜੀ ਨਾਬਰੀ ਦਾ ਜਸ਼ਨ ਮਨਾਉਂਦੀ ਹੈ। ਅਜਿਹੀ ਨਾਬਰੀ ਪ੍ਰਬੰਧ ਨੂੰ ਹਮੇਸ਼ਾਂ ਪੁੱਗਦੀ ਰਹੀ ਹੈ। ਤੇਜਿੰਦਰਪਾਲ ਬੱਗਿਆਂ ਤੇ ਹਰਵਿੰਦਰਾਂ (ਪ੍ਰਸ਼ਾਂਤ ਭੂਸ਼ਨ, ਮੀਰ ਵਾਇਜ਼ ਉਮਰ ਫਾਰੂਕ, ਸ਼ਰਦ ਪਵਾਰ 'ਤੇ ਹਮਲਾ ਕਰਨ ਵਾਲੇ) ਨੂੰ ਮੀਡੀਆ ਵਾਰ ਵਾਰ ਦਿਖਾਉਂਦਾ ਹੈ। ਪ੍ਰਬੰਧ ਉਨ੍ਹਾਂ ਦੀ ਸਰਪ੍ਰਸਤੀ ਕਰਦਾ ਹੈ ਕਿਉਂਕਿ ਉਹ ਜੱਥੇਬੰਦਕ ਨਾਬਰੀ ਤੋਂ ਡਰਦਾ ਹੈ। ਹੱਕੀ ਮੰਗਾਂ ਲਈ ਸਮੂਹ ਦੇ ਰੂਪ 'ਚ ਆਏ ਲੋਕਾਂ ਨੂੰ ਹਮੇਸ਼ਾਂ ਕਨੂੰਨ-ਵਿਵਸਥਾ ਦੀ ਸਮੱਸਿਆ ਦੇ ਰੂਪ 'ਚ ਪੇਸ਼ ਕੀਤਾ ਜਾਂਦਾ ਹੈ।



ਬੌਬ ਮਾਰਲੇ


Vista
CCTV TECHNOLOGY
A leader of worldwide CCTV surveillance
PROFESSIONAL GRADE SECURITY SYSTEM
for
HOTELS, GAS STATIONS,
STORES, HOMES & ANY KIND OF BUSINESS.
UPGRADE PIXIM SERIES FOR FRONT DOOR @$129.00
UPGRADE ANY HD SERIES CAMERA 700 TV LINES @$49.00 EACH IN PACKAGES
3RD GENERATION ARRAY TECHNOLOGY CAMERA UPGRADATION @$89.00 EACH
WE INSTALL ANYWHERE IN USA
2 years warranty
4 Cameras with 4Ch DVR
Just @ $949.00 +TAX
Special Offer
8 Cameras with 8Ch DVR
$1799.00 Just @ +TAX
Special Offer
14 YEARS EXPERIENCE IN CCTV BUSINESS
INSTALLATION INCLUDED
Buy Online
www.eZchase.com
$2499.00 +TAX
SPECIAL OFFER
12 Cameras Packages with 16Ch DVR
$3649.00 +TAX
SPECIAL OFFER
16 Cameras Packages with 16Ch DVR
DIRECT ACCESS FROM Smart Phone
THERE IS NO PROBLEM ONLY SOLUTION
Call :- SUKHPAL@ 661-586-5080
Customer Services :- 1-800-235-1391
Email :- sales@ezchase.com
A LEADER OF WORLDWIDE CCTV SURVEILLANCE

# Union Trucking Inc.



## Wanted Owner Operators Immediately

ਬੇਏਰੀਆ ਅਤੇ ਸਟਾਕਟਨ ਏਰੀਏ ਵਿਚ
ਲੋਕਲ ਕੰਮ ਕਰਨ ਲਈ

**ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ**

- ਪੈਸੇ ਦਾ ਭੁਗਤਾਨ ਸਮੇਂ ਸਿਰ
- ਤੁਸੀਂ ਸਾਡੇ ਟਰੇਲਰ ਵੀ ਵਰਤ ਸਕਦੇ ਹੋ।



ਜੇ ਤੁਸੀਂ ਅਮਰੀਕਾ ਦੀਆਂ 48 ਸਟੇਟਾਂ ਵਿਚ ਕੰਮ ਕਰਨਾ ਚਾਹੁੰਦੇ ਹੋ ਤਾਂ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ

**ਫੋਨ:510-324-2700**

**ਯੂਨੀਅਨ ਟਰੱਕਿੰਗ ਇੰਕ**



ਸੁੱਖ ਸੰਧੂ
ਫੋਨ:510-673-4537

3995 ਸਮਿਥ ਸਟਰੀਟ, #4 ਯੂਨੀਅਨ ਸਿਟੀ, ਕੈਲੀਫੋਰਨੀਆ
Email: uniontruckinginc@gmail.com


ਹਰਜੋਗ ਪੂਨੀਆ
ਫੋਨ:510-714-6039

# GLOBAL EAGLE TRANSPORTATION INC.

## Wanted Owner Operator and Drivers Immediately

**From Oakland Port and Rail to Red Bluff, Woodland & Sacramento area**

- ➔Loads available from Oakland to Tracy and Stockton area.
- ➔Dedicated Local Container work from Oakland Port and Rail
- ➔Hook and Drop in Red Bluff, Woodland & Sac.
- ➔Paid Weekly
- ➔24 Hours Dispatch Available.



**Hook & Drop Available**

*Contact :Bobby Thiara, Jas Gill*

Toll Free Phone # 1-800-788-2993

Phone: 510-832-4444, Fax : 510-832-

*web site : www.globaleagletrans.com*